
# ਮੌਲਵੀ .ਗੁਲਾਮ ਰਸੂਲ ਆਲਮਪੁਰੀ

## ( ਸ਼ਖ਼ਸੀਅਤ ਅਤੇ ਕਲਾ )



ਮੂਲ ਲੇਖਕ:ਸਾਹਿਬਜ਼ਾਦਾ ਮਸਊਦ ਅਹਿਮਦ

ਅਨੁਵਾਦਕ: ਡਾ. ਰਹਿਮਾਨ ਅਖ਼ਤਰ

**ਮੌਲਵੀ ਗ਼ੁਲਾਮ ਰਸੂਲ ਆਲਮਪੁਰੀ**
(ਸ਼ਖ਼ਸੀਅਤ ਅਤੇ ਕਲਾ )

# ਮੌਲਵੀ ਗ਼ੁਲਾਮ ਰਸੂਲ ਆਲਮਪੁਰੀ

(ਸ਼ਖ਼ਸੀਅਤ ਅਤੇ ਕਲਾ )

**ਮੂਲ ਲੇਖਕ**
ਸਾਹਿਬਜ਼ਾਦਾ ਮਸਊਦ ਅਹਿਮਦ
**ਅਨੁਵਾਦਕ**
ਡਾ. ਰਹਿਮਾਨ ਅਖ਼ਤਰ

**ਸੰਗਮ ਪਬਲੀਕੇਸ਼ਨਜ਼, ਸਮਾਣਾ**

**Maulvi Gulam Rasool Alampuri**
by
**Sahibzada Masud Ahmed**
translated by
**Dr. Rehman Akhtar**

ISBN 978-93-83654-57-4

© Author
2014

Published by
**Sangam Publications**
Sekhon Colony, near bus stand
Samana-147101, Distt. Patiala (Pb.)
Ph. 01764-223047
Mob. 98152-43917

Printed at: Aarna Printing Solutions, Patiala
Ph. 99148-40666

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਵਿਸ਼ਾ ਸੂਚੀ

1. ਮੁੱਖ ਸ਼ਬਦ –ਫ਼ਖ਼ਰ ਜ਼ਮਾਨ 7
2. ਆਰੰਭਕ ਸ਼ਬਦ–ਸਾਹਿਬਜ਼ਾਦਾ ਮਸਊਦ ਅਹਿਮਦ 9
3. ਅਨੁਵਾਦਕ ਕੀ ਕਲਮ ਤੋਂ 11
4. ਮੌਲਵੀ ਗ਼ੁਲਾਮ ਰਸੂਲ ਆਲਮਪੁਰੀ –ਇਕ ਮਹਾਨ ਸੂਫ਼ੀ 14
5. ਜੀਵਨ ਤੇ ਸ਼ਖ਼ਸੀਅਤ 17
6. ਕੁੱਝ ਸੱਚਾਈਆਂ ਅਤੇ ਵਿਆਖਿਆਵਾਂ 21
7. ਰਿਹਾਇਸ਼ ਦਾ ਵਰਨਣ 24
8 ਬੰਸਾਵਲੀ 28
9. ਰਚਨਾਵਾਂ 29
10. ਰਚਨਾਵਾਂ ਨਾਲ ਜਾਣ ਪਛਾਣ ਅਤੇ ਉਦੇਸ਼ 36
11. ਨਵੀਨਤਾ, ਵਿਲੱਖਣਤਾ ਅਤੇ ਮਕਬੂਲੀਅਤ ਦੀ ਤੁਲਨਾ 51
12. ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਦਸ਼ਾ 60
13. ਦਾਸਤਾਨ ਅਮੀਰ ਹਮਜ਼ਾ ਅਤੇ ਵਿਸ਼ੇਸ਼ਤਾਵਾਂ 65
14. ਫ਼ਿਰਦੌਸੀ ਅਤੇ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) 79
15. ਅਹਸਨੁਲ ਕਸਸ ਦੀਆਂ ਵਿਸ਼ੇਸ਼ਤਾਵਾਂ 89
16. ਰੱਬੀ ਗਿਆਨ ਅਤੇ ਅਧਿਆਤਮਵਾਦ 113
17. ਧਾਰਮਿਕ ਹਵਾਲਿਆਂ ਨਾਲ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਸ਼ਿਅਰਾਂ ਦੀ ਪੜਚੋਲ 120
18. ਸ਼ਾਇਰੀ ਦੇ ਹਵਾਲੇ ਨਾਲ ਬਾਰਾਂਮਾਹ ਦੀਆਂ ਵਿਸ਼ੇਸ਼ਤਾਵਾਂ 128
19. ਕਲਾਤਮਕ ਜੁਗਤਾਂ–ਦਾਸਤਾਨ ਅਮੀਰ ਹਮਜ਼ਾ 131
20. ਔਰਤਾਂ ਦੀ ਸੁੰਦਰਤਾ ਤੇ ਸੁਹੱਪਣ ਦੀ ਪ੍ਰਸ਼ੰਸਾ 150
21. ਤਰੀਕਤ ਦਾ ਸਿਲਸਿਲਾ 156
22. ਉਰਦੂ ਅਤੇ ਫ਼ਾਰਸੀ ਕਲਾਮ 160
23. ਕਲਮ ਦੀ ਸ਼ਾਨ ਅਤੇ ਵਡਿਆਈ 164
24. ਜੀਵਨ ਦੀਆਂ ਕੁੱਝ ਘਟਨਾਵਾਂ 166

| | | |
|---|---|---|
| 25. | ਘਰੇਲੂ ਜੀਵਨ ਵਿੱਚ ਅਹਸਨੁਲ ਕਸਸ ਦੀ ਮਕਬੂਲੀਅਤ | 169 |
| 26. | ਮੌਲਵੀ ਸਾਹਿਬ ਦੇ ਮਜ਼ਾਰ ਤੇ ਫ਼ਾਲ ਕੱਢਣ ਦੀ ਘਟਨਾ | 171 |
| 27. | ਮੌਲਵੀ ਸਾਹਿਬ (ਰਹਿ.) ਵਿਸ਼ਵ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਦੀ ਨਜ਼ਰ ਵਿੱਚ | 173 |
| 28. | ਮੌਲਵੀ ਸਾਹਿਬ ਬਾਰੇ ਯੂਸਫ਼ ਜ਼ੁਲੈਖ਼ਾ ਦੇ ਰਚਨਹਾਰਾਂ ਅਤੇ ਦੂਜੇ ਕਵੀਆਂ ਦੀਆਂ ਰਾਵਾਂ | 184 |
| 29. | ਹਵਾਲੇ ਅਤੇ ਟਿੱਪਣੀਆਂ | 188 |
| 30. | ਪੁਸਤਕ ਸੂਚੀ | |

## ਮੁੱਖ ਸ਼ਬਦ

ਪਾਕਿਸਤਾਨੀ ਭਾਸ਼ਾਵਾਂ ਵਿੱਚ ਸਾਡੇ ਉੱਘੇ ਲੇਖਕਾਂ ਤੇ ਸਾਹਿਤਕਾਰਾਂ ਨੇ ਪਾਕਿਸਤਾਨੀ ਸਾਹਿਤ ਦੇ ਹਵਾਲੇ ਨਾਲ ਜੋ ਉੱਦਮ ਕੀਤੇ ਹਨ, ਉਹਨਾਂ ਨੂੰ ਕਿਸੇ ਵੀ ਅੰਤਰ-ਰਾਸ਼ਟਰੀ ਸਾਹਿਤ ਦੇ ਮੁਕਾਬਲੇ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਅਕਾਦਮੀ ਅਦਬੀਆਤ-ਏ-ਪਾਕਿਸਤਾਨ ਨੇ ਇਨ੍ਹਾਂ ਲੇਖਕਾਂ ਦੀਆਂ ਗਿਆਨ ਭਰਪੂਰ ਸਾਹਿਤਕ ਕਿਰਤਾਂ ਅਤੇ ਉਹਨਾਂ ਦੇ ਜੀਵਨ ਸਬੰਧੀ ਜਾਣਕਾਰੀ ਨੂੰ ਪੁਸਤਕ ਦਾ ਰੂਪ ਦੇਣ ਲਈ ਪਾਕਿਸਤਾਨੀ ਅਦਬ ਦੇ ਮਿਅਮਾਰ (ਸਾਹਿਤ ਦੇ ਉਸਰੱਈਏ) ਨਾਂ ਹੇਠ ਪ੍ਰਕਾਸ਼ਨ ਯੋਜਨਾ ਸ਼ੁਰੂ ਕੀਤੀ ਹੈ। ਜਿਸ ਦੇ ਅੰਤਰਗਤ ਪਾਕਿਸਤਾਨੀ ਭਾਸ਼ਾਵਾਂ ਦੇ ਪ੍ਰਸਿੱਧ ਲੇਖਕਾਂ ਦੀਆਂ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਜਾ ਰਹੀਆਂ ਹਨ।

ਦਿਲ ਟੁੰਬਵੀ ਸ਼ਾਇਰੀ ਰਾਹੀਂ ਤੌਹੀਦ (ਰੱਬ ਦੇ ਇਕ ਹੋਣ ਦਾ ਸੰਕਲਪ) ਅਤੇ ਤਸੱਵੁਫ਼ ਦਾ ਪ੍ਰਚਾਰ ਕਰਨ ਵਾਲੇ ਮਹਾਨ ਸੂਫ਼ੀ ਕਵੀ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੂੰ ਵਿਸ਼ਵ ਪੱਧਰ ਤੇ ਪ੍ਰਸਿੱਧੀ ਮਿਲੀ ਹੈ। ਇਸ ਗੱਲ ਦਾ ਵਰਣਨ ਪੰਜਾਬ ਯੂਨੀਵਰਸਿਟੀ ਦੇ ਬਾਨੀ ਪ੍ਰੋ. G.W. Leitner ਨੇ ਆਪਣੀ ਪ੍ਰਸਿੱਧ ਪੁਸਤਕ History Of Indigineous Education in the Punjab ਵਿੱਚ ਅਤਿਅੰਤ ਸ਼ਰਧਾ ਨਾਲ ਕੀਤਾ ਹੈ। ਆਪ ਜੀ ਦਾ ਪਵਿੱਤਰ ਮਜ਼ਾਰ ਪਿੰਡ ਆਲਮਪੁਰ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ (ਭਾਰਤ) ਵਿੱਚ ਸਥਿਤ ਹੈ। ਮੌਲਵੀ ਸਾਹਿਬ ਨੇ ਦਾਸਤਾਨ (ਕਿੱਸਾ) ਅਮੀਰ ਹਮਜ਼ਾ, ਅਹਸਨੁਲ ਕਸਸ, ਚਿੱਠੀਆਂ ਅਤੇ ਆਪਣੀਆਂ ਹੋਰ ਦੂਜੀਆਂ ਪੁਸਤਕਾਂ ਰਾਹੀਂ ਕਲਾਮ ਨੂੰ ਸਦੀਵੀ ਅਤੇ ਬੇਮਿਸਾਲ ਬਣਾ ਦਿੱਤਾ ਹੈ। ਉਹਨਾਂ ਨੇ ਆਪਣੀ ਪੁਸਤਕ ਅਹਸਨੁਲ ਕਸਸ ਰਾਹੀਂ ਸ਼ਰ੍ਹਾ ਦੀ ਪਾਬੰਦੀ ਅਤੇ ਵਿਆਖਿਆਤਮਕ ਪ੍ਰਚਾਰ ਨੂੰ ਬੜੀ ਗੰਭੀਰਤਾ ਨਾਲ ਨਿਭਾ ਕੇ ਤੌਹੀਦ (ਅਦਵੈਤਵਾਦ) ਦੀ ਜੋ ਰੌਸ਼ਨੀ ਕੀਤੀ ਹੈ, ਉਹ ਆਪਣੀ ਥਾਂ ਇਕ ਕਰਾਮਾਤ ਦਾ ਦਰਜਾ ਰੱਖਦੀ ਹੈ। ਜਿਸ ਤਰ੍ਹਾਂ ਕੁਰਆਨ ਸ਼ਰੀਫ਼ ਦੀਆਂ ਆਇਤਾਂ ਦੀ ਗਿਣਤੀ 6666 ਹੈ ਇਸੇ ਤਰ੍ਹਾਂ ਕਿੱਸਾ ਅਹਸਨੁਲ ਕਸਸ ਦੇ ਸ਼ਿਅਰਾਂ ਦੀ ਗਿਣਤੀ ਵੀ ਇੰਨੀ ਭਾਵ 6666 ਹੈ ਜੋ ਰੱਬ ਦੀ ਵਹਦਾਨੀਅਤ, ਸੱਚਾਈ, ਇਸਲਾਮ ਅਤੇ ਕਵਿਤਾਵਾਂ ਦਾ ਇਕ ਚਮਤਕਾਰ ਹੈ। ਮੌਲਵੀ ਸਾਹਿਬ ਨੇ ਆਪਣੀ ਕਲਾਤਮਕ ਸੁਗੰਧੀ ਅਤੇ ਕਲਾਮ ਰਾਹੀਂ ਸਿੱਧੇ ਰਾਹ, ਭਾਈਚਾਰੇ, ਸਬਰ ਸੰਤੋਖ ਦੀ ਸਿੱਖਿਆ, ਧਰਮ ਦਾ ਪ੍ਰਚਾਰ, ਨੈਤਿਕ ਕਦਰਾਂ ਕੀਮਤਾਂ ਦਾ ਵਿਸਥਾਰ ਕਰਕੇ ਇਸ ਸੰਸਾਰ ਨੂੰ ਪਿਆਰ, ਮੁਹੱਬਤ ਅਤੇ ਮਨੁੱਖੀ ਦੋਸਤੀ ਦੀ ਲੜੀ ਵਿੱਚ ਪਰੋਣ ਦਾ ਵੱਡਾ ਉਪਰਾਲਾ ਕੀਤਾ ਹੈ ਅਤੇ ਸੱਚਾਈ ਦੀਆਂ ਮਹਿਕਾਂ ਚਾਰ ਚੁਫੇਰੇ ਬਿਖੇਰ ਦਿੱਤੀਆਂ ਹਨ।

ਇਸ ਪ੍ਰਕਾਸ਼ਨ ਯੋਜਨਾ ਦੀ ਹੱਥਲੀ ਪੁਸਤਕ '**ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਸ਼ਖ਼ਸੀਅਤ ਅਤੇ ਔਰ ਫ਼ਨ** ਦੀ ਸਿਰਜਣਾ ਅਕਾਦਮੀ ਅਦਬੀਯਾਤ-ਏ-ਪਾਕਿਸਤਾਨ ਦੀ ਬੇਨਤੀ ਤੇ ਪ੍ਰਸਿੱਧ ਖੋਜਕਾਰ ਜਨਾਬ ਸਾਹਿਬਜ਼ਾਦਾ ਮਸਊਦ ਅਹਿਮਦ ਨੇ ਕੀਤੀ ਹੈ। ਇਸ ਪੁਸਤਕ ਦੇ ਹੋਂਦ ਵਿੱਚ ਆਉਣ ਨਾਲ ਸਾਹਿਤ ਪ੍ਰੇਮੀ ਅਤੇ ਆਮ ਪਾਠਕ 'ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਸ਼ਖ਼ਸੀਅਤ ਅਤੇ ਕਲਾ ਤੋਂ ਵਧੀਆ ਢੰਗ ਨਾਲ ਜਾਣੂ ਹੋ ਸਕਣਗੇ।

ਇਹ ਪੁਸਤਕ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਸਬੰਧ ਵਿੱਚ ਇਕ ਅਹਿਮ ਦਸਤਾਵੇਜ਼ ਦਾ ਦਰਜਾ ਰੱਖਦੀ ਹੈ। ਉਮੀਦ ਹੈ ਕਿ ਅਕਾਦਮੀ ਅਦਬੀਅਤ-ਏ-ਪਾਕਿਸਤਾਨ ਦੀ ਪ੍ਰਕਾਸ਼ਨ ਯੋਜਨਾ 'ਪਾਕਿਸਤਾਨੀ ਅਦਬ ਕੇ ਮਿਅਮਾਰ' ਦੀ ਇਕ ਕੜੀ ਤੇ ਲੜੀ ਦੀ ਪੁਸਤਕ 'ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਸ਼ਖ਼ਸੀਅਤ ਅਤੇ ਕਲਾ' ਨੂੰ ਦੇਸ਼ ਅਤੇ ਵਿਦੇਸ਼ ਵਿੱਚ ਯਕੀਨੀ ਤੌਰ ਤੇ ਪਸੰਦ ਕੀਤਾ ਜਾਵੇਗਾ।

**ਫ਼ਖ਼ਰ ਜ਼ਮਾਨ**



# ਆਰੰਭਕ ਸ਼ਬਦ

ਉੱਘੇ ਸੂਫ਼ੀ ਕਵੀ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਸ਼ਖ਼ਸੀਅਤ ਅਤੇ ਕਲਾ ਉੱਪਰ ਬਹੁਤ ਸਾਰੇ ਲੇਖਕਾਂ ਨੇ ਲੇਖ ਲਿਖੇ ਹਨ ਪ੍ਰੰਤੂ ਸਭ ਤੋਂ ਮਹੱਤਵਪੂਰਨ ਕੰਮ ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅਮ੍ਰਿਤਸਰੀ ਨੇ ਕੀਤਾ। ਫਿਰ ਉਹਨਾਂ ਤੋਂ ਬਾਅਦ ਮੁਹੰਮਦ ਆਲਮ ਕਪੂਰਥਲਵੀ ਨੇ ਸਖ਼ਤ ਮਿਹਨਤ ਅਤੇ ਦਿਲਚਸਪੀ ਨਾਲ ਮੌਲਵੀ ਸਾਹਿਬ ਦੀ ਸ਼ਖ਼ਸੀਅਤ ਅਤੇ ਕਵਿਤਾ 'ਤੇ ਖੋਜ ਕਾਰਜ ਕੀਤਾ ਹੈ। ਡਾ. ਸਾਦਿਕ ਜੰਜੂਆ ਨੇ 1983 ਈ. ਵਿੱਚ ਮੌਲਵੀ ਸਾਹਿਬ ਦੀ ਜ਼ਿੰਦਗੀ ਅਤੇ ਪੁਸਤਕਾਂ ਤੇ ਪੀ. ਐਚ. ਡੀ. ਕੀਤੀ। ਉਹਨਾਂ ਤੋਂ ਬਾਅਦ ਰੱਬ ਨੇ ਮੈਨੂੰ ਮਾਣ ਅਤੇ ਬਲ ਬਖਸ਼ਿਆ ਕਿ ਮੈਂ ਮੌਲਵੀ ਸਾਹਿਬ ਦੀ ਸ਼ਖ਼ਸੀਅਤ, ਕਲਾਮ ਅਤੇ ਦੂਸਰੀਆਂ ਪ੍ਰਾਪਤੀਆਂ ਪਾਠਕਾਂ ਸਾਹਮਣੇ ਪੇਸ਼ ਕਰਕੇ ਆਪਣਾ ਯੋਗਦਾਨ ਪਾ ਸਕਾਂ। ਯਕੀਨੀ ਤੌਰ ਤੇ ਇਹ ਕੰਮ ਰੱਬ ਦੀ ਰਹਿਮਤ ਤੋਂ ਬਿਨ੍ਹਾਂ ਸੰਭਵ ਨਹੀਂ ਅਤੇ ਇਸ ਦੇ ਲਈ ਸੱਚੀ ਲਗਨ ਦਾ ਹੋਣਾ ਬਹੁਤ ਜ਼ਰੂਰੀ ਹੈ। ਰੱਬ ਦਾ ਸ਼ੁਕਰ ਹੈ ਕਿ ਮੈਂ ਵਿਦਵਾਨਾਂ ਅਤੇ ਸਾਹਿਤ ਪ੍ਰੇਮੀਆਂ ਲਈ ਇਕ ਵੈੱਬਸਾਈਟ ਤਿਆਰ ਕਰਵਾ ਕੇ ਉਸ ਵਿੱਚ ਆਪ ਜੀ ਦਾ ਪ੍ਰਕਾਸ਼ਿਤ ਅਤੇ ਅਣਪ੍ਰਕਾਸ਼ਿਤ ਕਲਾਮ ਪਾ ਦਿੱਤਾ ਹੈ। ਇਸੇ ਤਰ੍ਹਾਂ ਇਸ ਸਾਰੇ ਕਲਾਮ ਨੂੰ ਟਾਈਪ ਕਰਵਾ ਲਿਆ ਗਿਆ ਹੈ ਜੋ ਪ੍ਰਕਾਸ਼ਨ ਦੀ ਪ੍ਰਕ੍ਰਿਆ ਵਿੱਚ ਹੈ। ਸਾਲ 1999 ਈ. ਵਿੱਚ ਮੌਲਵੀ ਸਾਹਿਬ ਦੇ ਕਲਾਮ ਅਤੇ ਸ਼ਖ਼ਸੀਅਤ ਦੇ ਬਾਰੇ ਮੈਂ ਇਕ ਕਿਤਾਬ ਸੰਪਾਦਿਤ ਕੀਤੀ ਹੈ। ਪ੍ਰੰਤੂ ਅਜੇ ਵੀ ਆਪ ਜੀ ਦੇ ਕਲਾਮ ਸਬੰਧੀ ਬਹੁਤ ਕੁਝ ਹੋਣਾ ਬਾਕੀ ਹੈ। ਹੱਥਲੀ ਪੁਸਤਕ ਨੂੰ ਤਿਆਰ ਕਰਨ ਲਈ ਜੋ ਸ਼ਾਂਤੀ ਅਤੇ ਇਕਾਗਰਤਾ ਹੋਣੀ ਚਾਹੀਦੀ ਸੀ, ਉਹ ਮੈਨੂੰ ਨਸੀਬ ਨਾ ਹੋ ਸਕੀ। ਮੌਲਵੀ ਸਾਹਿਬ ਦੀਆਂ ਰਚਨਾਵਾਂ ਅਤੇ ਕੁੱਝ ਉਨ੍ਹਾਂ ਬਾਰੇ ਪੁਸਤਕਾਂ ਹਮੇਸ਼ਾਂ ਮੇਰੇ ਅਧਿਐਨ ਵਿੱਚ ਰਹਿੰਦੀਆਂ ਹਨ। ਪ੍ਰੰਤੂ ਇੰਨੀ ਵੱਡੀ ਸ਼ਖ਼ਸੀਅਤ ਨੂੰ ਪੇਸ਼ ਕਰਨਾ ਸੌਖਾ ਨਹੀਂ ਅਤੇ ਫੇਰ ਮੇਰੇ ਵਰਗੇ ਸਧਾਰਨ ਬੰਦੇ ਦੇ ਵਸ ਦੀ ਗੱਲ ਨਹੀਂ। ਮੌਲਵੀ ਸਾਹਿਬ ਇਕ ਵੱਡੇ ਸੂਫ਼ੀ ਕਵੀ ਹਨ, ਕਵਿਤਾ ਦੀ ਜਿਸ ਵੰਨਗੀ ਵਿੱਚ ਵੀ ਮੌਲਵੀ ਸਾਹਿਬ ਦੇ ਕਲਾਮ ਨੂੰ ਪਰਖਿਆ ਜਾਵੇ ਤਾਂ ਉਹ ਕਵਿਤਾ ਦੇ ਪੇਸ਼ਵਾ (ਆਗੂ) ਨਜ਼ਰ ਆਉਂਦੇ ਹਨ। ਪੰਜਾਬ ਦੀ ਧਰਤੀ ਤੇ ਉਹਨਾਂ ਵਰਗਾ ਵੱਡਾ ਕਵੀ ਅੱਜ ਤਕ ਪੈਦਾ ਨਹੀਂ ਹੋ ਸਕਿਆ। ਉਹਨਾਂ ਦੇ ਸਬੰਧ ਵਿੱਚ ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਨੇ ਠੀਕ ਹੀ ਕਿਹਾ ਹੈ :-

"ਮੌਲਵੀ ਸਾਹਿਬ ਦੇ ਕਮਾਲਾਂ ਨੂੰ ਸਾਹਮਣੇ ਲਿਆਉਣਾ ਕਿਸੇ ਇਕ ਵਿਅਕਤੀ ਦੇ ਵਸ ਦਾ ਕੰਮ ਨਹੀਂ ਹੈ ਇਸ ਦੇ ਲਈ ਇਕ ਨਿਯਮਬੱਧ ਸੰਸਥਾ ਹੋਣੀ ਚਾਹੀਦੀ ਹੈ ਜਿਸ ਵਿੱਚ ਵਿਭਿੰਨ ਵਿਗਿਆਨ ਅਤੇ ਕਲਾ, ਨਜੂਮ, ਸੰਗੀਤ, ਵੈਦ, ਤਸੱਵੁਫ਼, ਇਤਿਹਾਸ,

ਵਿਆਖਿਆ, ਪਿੰਗਲ ਅਤੇ ਅਰੂਜ਼ ਦੇ ਮਾਹਿਰ ਇਸ ਗਿਆਨ ਅਤੇ ਵਿਗਿਆਨ ਦੀ ਲੋਅ ਵਿੱਚ ਸਬੰਧਤ ਅਹਸਨੁਲ ਕਸਸ ਦੇ ਸ਼ਿਅਰਾਂ ਦੀ ਵਿਆਖਿਆ ਲਿਖਣ। ਮੇਰੀ ਇਹ ਆਸ ਕਦੋਂ ਪੂਰੀ ਹੋਵਗੀ, ਇਸ ਸਬੰਧੀ ਇਸ ਮੌਕੇ ਕਹਿਣਾ ਔਖਾ ਹੈ।"

ਅੱਲਾਮਾ ਅਰਸ਼ੀ ਸਾਹਿਬ ਦੀ ਇਹ ਮੁਰਾਦ ਤਾਂ ਰੱਬ ਦੀ ਕ੍ਰਿਪਾ ਨਾਲ ਪੂਰੀ ਹੋ ਗਈ ਹੈ ਕਿ ਮੇਰੇ ਵਰਗੇ ਨਿਮਾਣੇ ਬੰਦੇ ਨੂੰ ਰੱਬ ਨੇ ਇਹ ਬਲ ਬਖ਼ਸ਼ਿਆ ਤਾਂ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਕੈਡਮੀ ਦੇ ਰੂਪ ਵਿੱਚ ਅਦਾਰੇ ਦੀ ਨੀਂਹ ਅੱਜ ਤੋਂ 18 ਸਾਲ ਪਹਿਲਾਂ ਰੱਖ ਦਿੱਤੀ ਸੀ। ਪਰ ਅਜੇ ਤਕ ਇਸ ਅਦਾਰੇ ਵਿੱਚ ਉਪਰੋਕਤ ਗਿਆਨ ਦੇ ਮਾਹਿਰਾਂ ਨੂੰ ਲਿਆਉਣਾ ਬਾਕੀ ਹੈ। ਮੈਂ ਜਨਾਬ ਫ਼ਖ਼ਰ ਜ਼ਮਾਨ ਦਾ ਸ਼ੁਕਰੀਆ ਅਦਾ ਕਰਦਾ ਹਾਂ ਜਿਨ੍ਹਾਂ ਇਸ ਪੁਸਤਕ ਨੂੰ ਮੁਕੰਮਲ ਕਰਨ ਦੀ ਜ਼ਿੰਮੇਵਾਰੀ ਮੈਨੂੰ ਸੌਂਪੀ। ਸ਼ਾਇਦ ਉਹਨਾਂ ਨੂੰ ਇਹ ਅਹਿਸਾਸ ਸੀ ਕਿ ਮੈਂ ਇਸ ਕਿਤਾਬ ਦੇ ਸਬੰਧ ਵਿੱਚ ਲਾਹੇਵੰਦ ਸਿੱਧ ਹੋ ਸਕਦਾ ਹਾਂ। ਸੱਚ ਮੁੱਚ ਉਹਨਾਂ ਦੀ ਇਹ ਚੋਣ ਬਿਲਕੁਲ ਸਹੀ ਹੈ ਕਿਉਂਕਿ ਜੋ ਜਾਣਕਾਰੀ ਮੌਲਵੀ ਸਾਹਿਬ ਦੀ ਸ਼ਖ਼ਸੀਅਤ ਅਤੇ ਕਲਾਮ ਬਾਰੇ ਮੈਂ ਦੇ ਸਕਦਾ ਹਾਂ ਉਹ ਸ਼ਾਇਦ ਕੋਈ ਹੋਰ ਵਿਅਕਤੀ ਨਹੀਂ ਦੇ ਸਕਦਾ। ਮੈਂ ਆਪਣੇ ਵੱਲੋਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਸਾਰੀ ਜ਼ਰੂਰੀ ਜਾਣਕਾਰੀ ਨੂੰ ਇਸ ਸੰਖੇਪ ਜਿਹੀ ਪੁਸਤਕ ਵਿੱਚ ਸਮੋ ਦਿੱਤਾ ਜਾਵੇ। ਪ੍ਰੰਤੂ ਫਿਰ ਵੀ ਜੇਕਰ ਕੋਈ ਊਣਤਾਈ ਜਾਂ ਕੋਈ ਗ਼ਲਤੀ ਨਜ਼ਰ ਆਵੇ ਤਾਂ ਉਸ ਨੂੰ ਮੇਰੀ ਸਮਝ ਦੀ ਘਾਟ ਜਾਣ ਕੇ ਮੁਆਫ਼ ਕਰ ਦਿੱਤਾ ਜਾਵੇ। ਮੈਂ ਇਸ ਪੁਸਤਕ ਵਿੱਚ ਬਹੁਤ ਸਾਰੀਆਂ ਥਾਵਾਂ ਤੇ ਪ੍ਰਸਿੱਧ ਖੋਜਕਾਰਾਂ ਦੇ ਹਵਾਲੇ ਦਿੱਤੇ ਹਨ। ਉਸ ਦਾ ਕਾਰਨ ਸੁਚੇਤ ਤੌਰ ਤੇ ਮੇਰੇ ਮਨ ਵਿੱਚ ਇਹ ਸੀ ਕਿ ਜੇਕਰ ਕੋਈ ਰਾਏ ਮੈਂ ਆਪਣੇ ਵੱਲੋਂ ਸਥਾਪਿਤ ਕਰਾਂਗਾ ਤਾਂ ਸ਼ਾਇਦ ਕੁੱਝ ਸਾਹਿਬਾਨ ਇਹ ਨਾ ਸਮਝ ਲੈਣ ਕਿ ਮੈਂ ਕੁਝ ਗੱਲਾਂ ਮੌਲਵੀ ਸਾਹਿਬ ਦੀ ਵੰਸ਼ ਨਾਲ ਸਬੰਧਿਤ ਹੋਣ ਕਰਕੇ ਸ਼ਰਧਾ ਦੇ ਵਹਾਅ ਵਿਚ ਕਹਿ ਗਿਆ ਹਾਂ। ਇਸ ਲਈ ਮੈਂ ਆਪਣੇ ਵੱਲੋਂ ਕੋਈ ਰਾਏ ਸਥਾਪਿਤ ਨਹੀਂ ਕੀਤੀ, ਸਗੋਂ ਉਹਨਾਂ ਦੇ ਕਲਾਮ ਨੂੰ ਆਪ ਦੇ ਸਾਹਮਣੇ ਲਿਆਇਆ ਹਾਂ। ਆਪ ਜੀ ਦੇ ਜੀਵਨ ਹਾਲਾਤ ਅਤੇ ਸ਼ਖ਼ਸੀਅਤ ਸਬੰਧੀ ਬਿਲਕੁਲ ਸਹੀ ਅਤੇ ਠੋਸ ਗੱਲਾਂ ਨੂੰ ਮੈਂ ਤੁਹਾਡੇ ਤਕ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਮੋਹਤਰਮਾ ਸਈਦਾ ਦੁੱਰਾਨੀ ਸਾਹਿਬਾ ਦਾ ਵੀ ਸ਼ੁਕਰੀਆ ਅਦਾ ਕਰਦਾ ਹਾਂ ਜਿਹਨਾਂ ਨੇ ਇਸ ਪੁਸਤਕ ਨੂੰ ਅੰਤਿਮ ਰੂਪ ਦੇਣ ਤਕ ਮੇਰੇ ਨਾਲ ਸੰਪਰਕ ਬਣਾਈ ਰੱਖਿਆ। ਕਿਤਾਬ ਨੂੰ ਮੁਕੰਮਲ ਕਰਨ ਲਈ ਮੈਂ ਜਿਹਨਾਂ ਦੋਸਤਾਂ ਦੀਆਂ ਪੁਸਤਕਾਂ, ਲੇਖਾਂ ਅਤੇ ਪੱਤਰਾਂ ਤੋਂ ਮਦਦ ਲਈ ਹੈ, ਉਹਨਾਂ ਦਾ ਵੀ ਸ਼ੁਕਰਗੁਜ਼ਾਰ ਹਾਂ। ਮੇਰੀ ਦੁਆ ਹੈ ਕਿ ਰੱਬ ਉਹਨਾਂ ਤੇ ਆਪਣੀ ਮਿਹਰ ਕਰੇ ਅਤੇ ਜੋ ਮਿੱਤਰ ਇਸ ਦੁਨੀਆਂ ਵਿੱਚ ਨਹੀਂ ਰਹੇ, ਉਹਨਾਂ ਨੂੰ ਇਸ ਕੰਮ ਦੇ ਬਦਲੇ ਅਜਰ ਅਤਾ ਫ਼ਰਮਾਏ।

**ਸਾਹਿਬਜ਼ਾਦਾ ਮਸਊਦ ਅਹਿਮਦ**



# ਅਨੁਵਾਦਕ ਦੀ ਕਲਮ ਤੋਂ

ਹਿੰਦੋਸਤਾਨ ਦੇ ਦੂਜੇ ਇਲਾਕਿਆਂ ਵਿਚੋਂ ਪੰਜਾਬ ਨੂੰ ਭੂਗੋਲਿਕ, ਇਤਿਹਾਸਕ, ਰਾਜਨੀਤਕ ਅਤੇ ਸੱਭਿਆਚਾਰਕ ਪੱਧਰ ਤੇ ਪੁਰਾਤਨ ਸਮਿਆਂ ਤੋਂ ਹੀ ਵਿਲੱਖਣਤਾ ਪ੍ਰਾਪਤ ਰਹੀ ਹੈ। ਸਮੇਂ-ਸਮੇਂ ਬਾਹਰਲੇ ਹਮਲਾਵਰਾਂ ਨੇ ਪੰਜਾਬੀ ਲੋਕਾਂ ਵਿਚ ਅਮਲ-ਏ-ਹਰਕਤ ਪੈਦਾ ਕਰ ਦਿੱਤੀ। ਸਿੱਟੇ ਵਜੋਂ ਬੈਰੂਨੀ ਅਤੇ ਅੰਦਰੂਨੀ ਲੋਕਾਂ ਦੇ ਮੇਲ-ਜੋਲ ਨਾਲ ਸਥਾਨਕ ਲੋਕਾਂ ਉੱਪਰ ਭਾਸ਼ਾਈ ਅਤੇ ਸੱਭਿਆਚਾਰਕ ਤੌਰ 'ਤੇ ਬਾਹਰਲੀਆਂ ਕੌਮਾਂ ਦਾ ਪ੍ਰਭਾਵ ਪਿਆ। ਇਨ੍ਹਾਂ ਹਾਲਾਤਾਂ ਵਿਚ ਜੋ ਸੱਭਿਆਚਾਰਕ ਕਦਰਾਂ-ਕੀਮਤਾਂ ਉਤਪੰਨ ਹੋਈਆਂ ਉਨ੍ਹਾਂ ਨੇ ਦੇਸ਼ ਦੇ ਦੂਜੇ ਇਲਾਕਿਆਂ ਨੂੰ ਵੀ ਪ੍ਰਭਾਵਿਤ ਕੀਤਾ ਅਤੇ ਇਨ੍ਹਾਂ ਕਦਰਾਂ-ਕੀਮਤਾਂ ਦੇ ਫੈਲਣ ਨਾਲ ਇਥੋਂ ਦੇ ਸੱਭਿਆਚਾਰ ਨੇ ਵੀ ਸਾਂਝੀਵਾਲਤਾ (Composite Culture) ਦਾ ਰੂਪ ਧਾਰਨ ਕਰ ਲਿਆ। ਭੂਗੋਲਿਕ ਪੱਧਰ ਤੇ ਜਦੋਂ ਪੰਜਾਬ ਨੂੰ ਵੇਖਦੇ ਹਾਂ ਤਾਂ ਖੁਸ਼ਹਾਲੀ ਅਤੇ ਖੁੱਲ੍ਹ ਦਿਲੀ ਉੱਭਰ ਕੇ ਸਾਹਮਣੇ ਆਉਂਦੀ ਹੈ। ਇਸ ਦਾ ਮੁੱਖ ਕਾਰਨ ਰੱਬ ਦੀ ਖ਼ਾਸ ਮਿਹਰ ਭਾਵ ਕੁਦਰਤੀ ਸਾਧਨਾਂ, ਦਰਿਆਵਾਂ ਦੇ ਵਹਿਣ ਵਾਂਗ ਸੂਫ਼ੀ, ਸੰਤਾਂ, ਪੀਰਾਂ, ਫ਼ਕੀਰਾਂ ਅਤੇ ਗੁਰੂ ਸਾਹਿਬਾਨਾਂ ਦੇ ਮਹਾਨ ਫ਼ਰਮਾਨਾਂ ਅਤੇ ਰੂਹਾਨੀ ਪੈਗ਼ਾਮਾਂ ਦਾ ਵੀ ਨਿਰੰਤਰ ਪ੍ਰਵਾਹ ਵੇਖਣ ਨੂੰ ਮਿਲਦਾ ਹੈ। ਇਸਲਾਮ ਹਿੰਦੋਸਤਾਨ ਆਇਆ ਤਾਂ ਦਰਦ ਅਤੇ ਗ਼ਮ ਦੀ ਰਵਾਇਤ ਨਾਲ ਅਸੀਂ ਵੀ ਜਾਣੂ ਹੋਏ ਭਾਵ ਪੰਜਾਬੀਆਂ ਨੂੰ ਦਰਦ ਦੇ ਇਜ਼ਹਾਰ ਲਈ ਜ਼ੁਬਾਨ ਪ੍ਰਦਾਨ ਕੀਤੀ।

ਉੱਨੀਵੀਂ ਸਦੀ ਦੇ ਅੱਧ ਤੱਕ ਪਹੁੰਚਦਿਆਂ ਪੰਜਾਬ ਵਿਚੋਂ ਸਿੱਖ ਰਾਜ ਦਾ ਪਤਨ ਹੋ ਚੁੱਕਿਆ ਸੀ। ਅੰਗਰੇਜ਼ ਪੰਜਾਬ 'ਤੇ ਪੂਰੀ ਤਰ੍ਹਾਂ ਕਾਬਜ਼ ਹੋ ਚੁੱਕੇ ਸਨ। ਈਸਾਈ ਮਿਸ਼ਨਰੀ ਇਥੋਂ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਰਹੇ ਸਨ। ਈਸਾਈ ਮਤ ਦਾ ਪ੍ਰਚਾਰ ਦਿਨੋਂ ਦਿਨ ਵੱਧ ਰਿਹਾ ਸੀ। ਫ਼ਲਸਰੂਪ ਪੰਜਾਬ ਵਿਚ ਧਾਰਮਿਕ, ਸਮਾਜਿਕ ਤੇ ਸਾਹਿਤਕ ਲਹਿਰਾਂ ਨੇ ਜਨਮ ਲੈਣਾ ਸ਼ੁਰੂ ਕਰ ਦਿੱਤਾ ਸੀ। ਇਸ ਮਾਹੌਲ ਵਿਚ ਹੀ 1849 ਈ. ਵਿਚ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਦਸੂਹਾ ਦੇ ਇਕ ਪਿੰਡ ਆਲਮਪੁਰ ਵਿਚ ਮੌਲਵੀ ਗੁਲਾਮ ਰਸੂਲ (ਰਹਿ.) ਨੇ ਜਨਮ ਲਿਆ। ਨਿੱਕੀ ਉਮਰ ਵਿਚ ਭਾਵ 1864 ਈ. (ਲਗਭਗ ਪੰਦਰਾਂ ਸਾਲ) ਦੀ ਉਮਰ ਵਿਚ ਹੀ ਮੌਲਵੀ ਸਾਹਿਬ ਨੇ ਲਿਖਣਾ ਆਰੰਭ ਕਰ ਦਿੱਤਾ ਸੀ। ਮੱਧਕਾਲੀਨ ਸਾਹਿਤ ਦੀਆਂ ਵਿਭਿੰਨ ਧਾਰਾਵਾਂ-ਸੂਫ਼ੀ ਕਾਵਿ ਧਾਰਾ, ਗੁਰਮਤਿ ਕਾਵਿ ਧਾਰਾ ਅਤੇ ਕਿੱਸਾ ਕਾਵਿ ਧਾਰਾਵਾਂ ਮਕਬੂਲ ਰਹੀਆਂ ਹਨ। ਮੌਲਵੀ ਗ਼ੁਲਾਮ ਰਸੂਲ (ਰਹਿ.) ਸੂਫ਼ੀ ਹੋਣ ਦੇ ਨਾਲ ਨਾਲ ਸੂਫ਼ੀ ਕਾਵਿ-ਸਾਹਿਤ ਦੇ ਰਚੈਤਾ ਵੀ ਸਨ। ਉਨ੍ਹਾਂ ਨੇ ਆਪਣੇ ਸੂਫ਼ੀ ਵਿਚਾਰਾਂ ਦਾ

ਪ੍ਰਚਾਰ ਤੇ ਪ੍ਰਸਾਰ ਕਿੱਸਿਆਂ ਰਾਹੀਂ ਕੀਤਾ।

ਮੌਲਵੀ ਸਾਹਿਬ ਨੇ ਸੂਫ਼ੀ ਕਾਵਿ ਨੂੰ ਕਿੱਸਾ ਕਾਵਿ ਦੇ ਬਹੁਤ ਨੇੜੇ ਲਿਆਉਣ ਦੀ ਕੋਸ਼ਿਸ ਕੀਤੀ ਜਾਪਦੀ ਹੈ। ਇਸ ਤਰ੍ਹਾਂ ਉਨ੍ਹਾਂ ਨੇ ਪੰਜਾਬੀ ਸ਼ਾਇਰੀ ਦੀ ਰਵਾਇਤ ਨੂੰ ਅੱਗੇ ਤੋਰਿਆ। ਦਾਸਤਾਨ ਅਮੀਰ ਹਮਜ਼ਾ, ਅਹਸਨੁਲ ਕਸਸ, ਸੀਹਰਫ਼ੀ, ਰੂਹੱਤਰਤੀਲ, ਮਾਆਰੀਬੁਲ ਖ਼ਾਸ਼ੀਈਨ, ਪੰਧਨਾਮਾ, ਬਾਰਾਂਮਾਹ ਆਦਿ ਉਨ੍ਹਾਂ ਦੀਆਂ ਪ੍ਰਸਿੱਧ ਤੇ ਮਹੱਤਵਪੂਰਨ ਰਚਨਾਵਾਂ ਹਨ। ਇੰਨੀਆਂ ਵੱਡੀਆਂ ਤੇ ਵੱਡੀ ਗਿਣਤੀ ਦੀਆਂ ਰਚਨਾਵਾਂ ਜੋ ਉਨ੍ਹਾਂ ਨੇ ਆਪਣੀ (43) ਸਾਲ ਦੀ ਉਮਰ ਵਿਚ ਰਚੀਆਂ, ਉਨ੍ਹਾਂ ਦੀ ਵਿਦਵਤਾ ਅਤੇ ਗਿਆਨਤਾ ਦਾ ਪ੍ਰਤੱਖ ਪ੍ਰਮਾਣ ਹਨ। ਮਸਊਦ ਸਅਦ ਸਲਮਾਨ ਨੇ ਪੰਜਾਬੀ ਵਿਚ ਸੀਹਰਫ਼ੀਆਂ ਲਿਖੀਆਂ ਸਨ ਭਾਵੇਂ ਕਿ ਉਹ ਅੱਜ ਅਲੋਪ ਹਨ। ਸੀਹਰਫ਼ੀ ਲਿਖ ਕੇ ਮੌਲਵੀ ਗ਼ੁਲਾਮ ਰਸੂਲ ਨੇ ਇਸ ਨੂੰ ਵੀ ਅੱਗੇ ਵਧਾਉਣ ਵਿਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ।

ਸੂਫ਼ੀਮਤ ਦਾ ਸਭ ਤੋਂ ਵੱਡਾ ਤੇ ਵਿਆਪਕ ਮਨੋਰਥ ਇਨਸਾਨੀਅਤ ਦਾ ਪੈਗ਼ਾਮ ਹੈ। ਰੂਹਾਨੀ ਅੰਦਾਜ਼-ਏ-ਹਯਾਤ, ਦਰਿਆ ਦਿਲੀ ਦਾ ਸੰਦੇਸ਼ ਸੂਫ਼ੀਆਂ ਦੀਆਂ ਸਿਖਿਆਵਾਂ ਵਿਚ ਮਿਲਦਾ ਹੈ। ਪੰਜਾਬੀ ਮਾਨਸਿਕਤਾ ਅਤੇ ਅਵਚੇਤਨ ਵਿਚ ਉੱਤਰੀ ਮਨੁੱਖੀ ਜੀਵਨ ਜਾਂਚ ਦਾ ਦਰਸ ਦੇਣ ਵਾਲੀ ਇਹ ਕਵਿਤਾ ਵਿਚਾਰਧਾਰਕ ਅਤੇ ਸਿਧਾਂਤਕ ਸਰੋਕਾਰਾਂ ਨਾਲ ਸਾਹਮਣੇ ਆਉਂਦੀ ਹੈ। ਮੌਲਵੀ ਗ਼ੁਲਾਮ ਰਸੂਲ (ਰਹਿ.) ਅਜਿਹਾ ਸੂਫ਼ੀ ਸ਼ਾਇਰ ਹੈ ਜਿਸ ਦੀ ਰਚਨਾ ਵਿਚ ਤੌਹੀਦ ਦਾ ਸੰਕਲਪ ਵਿਸ਼ੇਸ਼ ਤੌਰ 'ਤੇ ਨਜ਼ਰ ਪੈਂਦਾ ਹੈ। ਉਹ ਇਸਲਾਮ ਤੇ ਇਸਲਾਮੀ ਵਿਚਾਰਧਾਰਾ ਦੇ ਬੁਨਿਆਦੀ ਸੰਕਲਪਾਂ ਨੂੰ ਫਰੋਲਦੇ ਹਨ। ਮੌਲਵੀ ਸਾਹਿਬ ਦਾ ਸਮਾਂ ਸਮਾਜਿਕ ਬਦਹਾਲੀ, ਬੇਚੈਨੀ ਅਤੇ ਹਫ਼ੜਾ ਦਫੜੀ ਦਾ ਸਮਾਂ ਸੀ। ਦਮ ਤੋੜ ਰਹੀਆਂ ਭੌਤਿਕ ਦੇ ਰੂਹਾਨੀ ਕਦਰਾਂ-ਕੀਮਤਾਂ ਦੀ ਬਹਾਲੀ ਲਈ ਉਨ੍ਹਾਂ ਨੇ ਕਿੱਸਾ 'ਅਹਸਨੁਲ ਕਸਸ' ਰਚਿਆ। ਉਨ੍ਹਾਂ ਦੀ ਆਵਾਜ਼ ਪੰਜਾਬੀਆਂ ਦੀ ਪੀੜਾ ਦਾ ਬਿੰਬ ਸੀ, ਉਹ ਪੀੜਾ ਜੋ ਚੇਤੰਨ ਜੀਵਨ ਦੀ ਡੂੰਘੀ ਹਕੀਕਤ ਹੈ। ਮਨੋ ਵਿਗਿਆਨੀਆਂ ਨੇ ਇਸ ਗੱਲ ਨੂੰ ਮੰਨਿਆ ਹੈ ਕਿ ਦੁੱਖ ਦਰਦ ਮਨੁੱਖ ਦੀ ਅੰਦਰੂਨੀ ਸ਼ਕਤੀ ਨੂੰ ਜਾਗਰੂਕ ਕਰਦੇ ਹਨ।

ਇਨਸਾਨ ਅਸ਼ਰਫ ਉਲ ਮਖ਼ਲੂਕਾਤ (ਸਭ ਪ੍ਰਾਣੀਆਂ ਤੋਂ ਉੱਤਮ) ਇਸ ਕਰਕੇ ਹੈ ਕਿ ਇਸ ਦੇ ਅੰਦਰ ਗੱਲ ਕਹਿਣ ਅਤੇ ਗੱਲ ਸੁਣਨ ਦੀ ਸਲਾਹੀਅਤ ਮੌਜੂਦ ਹੈ। ਇਸ ਨਿਅਮਤ (ਦਾਤ) ਦਾ ਲਾਭ ਉਠਾਉਂਦਿਆਂ ਮੌਲਵੀ ਗ਼ੁਲਾਮ ਰਸੂਲ ਨੇ ਪੰਜਾਬੀ ਲੋਕਾਂ ਵਿਚ ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਬਿਆਨ ਕੀਤਾ ਹੈ। ਰੱਬ ਨਾਲ ਲਗਾਉ, ਰਸੂਲ ਨਾਲ ਮੁਹੱਬਤ, ਨਫ਼ਸ ਦੀ ਪਵਿੱਤਰਤਾ, ਸਬਰ ਸੰਤੋਖ, ਅਮਲ, ਦੁਨੀਆਂ ਦੀ ਨਾਸ਼ਵਾਨਤਾ ਆਦਿ ਵਿਸ਼ੇ ਉਨ੍ਹਾਂ ਦੀ ਸ਼ਾਇਰੀ ਦਾ ਨਿਚੋੜ ਹਨ। ਫ਼ਖ਼ਰ ਜ਼ਮਾਨ ਲਿਖਦੇ ਹਨ ਕਿ ਮੌਲਵੀ ਗ਼ੁਲਾਮ ਰਸੂਲ (ਰਹਿ.) ਰਚਿਤ ਕਿੱਸਾ ਅਹਸਨਲ ਕਸਸ ਨੂੰ ਕੇਂਦਰੀ ਪੰਜਾਬ ਵਿਚ ਉਹੀ ਪ੍ਰਸਿੱਧੀ ਮਿਲੀ ਹੈ ਜੋ ਪੋਠੋਹਾਰ ਦੇ ਇਲਾਕੇ ਵਿਚ ਮੀਆਂ ਮੁਹੰਮਦ ਬਖਸ਼ ਦੇ ਕਿੱਸੇ 'ਸੈਫ਼-ਉਲ-ਮਲੂਕ' ਨੂੰ। ਮੌਲਵੀ ਸਾਹਿਬ ਇਸ ਕਿੱਸੇ ਰਾਹੀਂ ਤਸੱਵੁਫ਼ (ਅਧਿਆਤਵਾਦ) ਦੇ ਗੁੱਝੇ ਭੇਦਾਂ ਦੀ ਵਿਆਖਿਆ ਕਰਕੇ ਤਹਿਆ ਖੋਲ੍ਹੀਆਂ ਹਨ। ਮੌਲਵੀ ਸਾਹਿਬ ਨੇ ਦੀਆਂ ਸਮੁੱਚੀਆਂ ਰਚਨਾਵਾਂ ਪੰਜਾਬੀ ਸਾਹਿਤ ਦਾ ਵੱਡਮੁੱਲਾ ਸਰਮਾਇਆ ਤੇ ਵਿਰਸਾ ਹਨ। ਕਵਿਤਾ ਅੰਦਰ ਮਿਠਾਸ,



ਰਵਾਨੀ, ਸੋਜ਼ ਤੇ ਤੜਪ ਦੀ ਅਵਸਥਾ ਹੈ। ਇਥੇ ਰਚਨਾਵਾਂ ਬਾਰੇ ਗੱਲ ਕਰਨੀ ਸੰਭਵ ਨਹੀਂ ਸਗੋਂ ਇਹ ਚਰਚਾ ਦਾ ਵੱਖਰਾ ਵਿਸ਼ਾ ਹੈ।

ਇਸ ਪੁਸਤਕ ਨੂੰ ਅਨੁਵਾਦ ਕਰਦਿਆਂ ਮੈਂ ਉਨ੍ਹਾਂ ਦੀ ਵਿਦਵਤਾ, ਫ਼ਾਰਸੀ, ਅਰਬੀ ਭਾਸ਼ਾਵਾਂ ਤੇ ਪਕੜ, ਉਨ੍ਹਾਂ ਦੀ ਸੰਵੇਦਨਸ਼ੀਲ ਤਬੀਅਤ ਅਤੇ ਇਨਸਾਨ ਦੋਸਤੀ ਨੂੰ ਮਹਿਸੂਸ ਕੀਤਾ ਹੈ। ਇਸ ਤੋਂ ਇਲਾਵਾ ਪਾਠਕ ਇਸ ਪੁਸਤਕ ਨੂੰ ਪੜ੍ਹਦਿਆਂ ਖ਼ੁਦ ਉਨ੍ਹਾਂ ਦੀ ਰੂਹਾਨੀ ਰਸਾਈ, ਰੂਹਾਨੀ ਇਬਾਦਤ ਅਤੇ ਰਿਆਜ਼ਤ ਨੂੰ ਖ਼ੁਦ ਹੀ ਅਨੁਭਵ ਕਰਨਗੇ।

ਨਿਰਸੰਦੇਹ ਮੌਲਵੀ ਗ਼ੁਲਾਮ ਰਸੂਲ ਇਕ ਮਹਾਨ ਪੰਜਾਬੀ ਕਲਾਸੀਕਲ ਸ਼ਾਇਰ ਹਨ, ਉਨ੍ਹਾਂ ਨੇ ਮਨੁੱਖੀ ਮਸਲਿਆਂ ਨੂੰ ਪੇਸ਼ ਕਰਨ ਚਿੰਤਨ ਅਤੇ ਕਲਾ ਦੇ ਪੱਖ ਤੋਂ ਉੱਤਮ ਰਚਨਾਵਾਂ ਤਖ਼ਲੀਕ ਕੀਤੀਆਂ ਹਨ, ਜਿਨ੍ਹਾਂ ਨੂੰ ਕੁਝ ਹੱਦ ਤੱਕ ਇਸ ਪੁਸਤਕ ਵਿਚ ਵਿਚਾਰਿਆ ਗਿਆ ਹੈ। ਇਨ੍ਹਾਂ ਨੂੰ ਹੋਰ ਅੱਗੇ ਕੰਘਾਲਣ ਅਤੇ ਸੰਭਾਲਣ ਦੀ ਜ਼ਰੂਰਤ ਹੈ। ਪੰਜਾਬੀ ਜਗਤ ਦੇ ਵਿਦਿਆਰਥੀ ਤੇ ਖੋਜਾਰਥੀ ਉਨ੍ਹਾਂ ਦੀਆਂ ਸਾਹਿਤਕ ਕਿਰਤਾਂ ਨੂੰ ਕੰਘਾਲ ਕੇ ਇਸ ਵਿਚੋਂ ਕੁੰਦਨ ਦੀ ਖੋਜ ਕਰ ਸਕਦੇ ਹਨ ਕਿਉਂਕਿ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਨਾ ਸਿਰਫ਼ ਪੰਜਾਬ ਦੇ ਕਲਚਰ ਨੂੰ ਹੀ ਅਮੀਰ ਕੀਤਾ ਹੈ ਸਗੋਂ ਆਪਣੀਆਂ ਰਚਨਾਵਾਂ ਸਦਕਾ ਵਿਸ਼ਵ ਪੱਧਰ ਉੱਤੇ ਹਿੰਦੋਸਤਾਨ ਅਤੇ ਪੰਜਾਬੀਅਤ ਨੂੰ ਪਹਿਚਾਣ ਵੀ ਦਿਵਾਈ ਹੈ।

**ਡਾ. ਰਹਿਮਾਨ ਅਖ਼ਤਰ**
**ਉਰਦੂ, ਫ਼ਾਰਸੀ ਅਤੇ ਅਰਬੀ ਵਿਭਾਗ**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**26 ਜਨਵਰੀ**, 2014

# ਮੌਲਵੀ ਗ਼ੁਲਾਮ ਰਸੂਲ ਆਲਮਪੁਰੀ –ਇਕ ਮਹਾਨ ਸੂਫ਼ੀ

ਮੇਰੇ ਪਿੰਡ ਗੋਂਦਪੁਰ (ਹੁਸ਼ਿਆਰਪੁਰ) ਤੋਂ 12 ਕੋਹ ਦੀ ਵਿਥ ਤੇ ਲਹਿੰਦੇ ਵੱਲ ਦਰਿਆ ਬਿਆਸ ਦੇ ਨੇੜੇ ਘੁੱਗ ਵੱਸਦਾ ਪਿੰਡ ਆਲਮਪੁਰ ਹੈ, ਜਿਥੋਂ ਦੇ ਜੰਮਪਲ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (1849–1892) ਦੀ ਸਾਹਿਤਕ ਤੇ ਰੂਹਾਨੀ ਸ਼ਖ਼ਸੀਅਤ ਦਾ ਸ਼ੁਮਾਰ ਦੁਨੀਆ ਦੇ ਉੱਚ ਕੋਟੀ ਦੇ ਚਾਰ ਮਹਾਨ ਸੂਫ਼ੀਆਂ ਵਿਚ ਕੀਤਾ ਜਾਂਦਾ ਹੈ। ਇਸ ਤੱਥ ਨੂੰ ਵਿਸਥਾਰ ਵਿਚ ਸਮਝਣ ਲਈ ਭਾਸ਼ਾ ਵਿਭਾਗ ਪੰਜਾਬ ਵੱਲੋਂ ਪ੍ਰਕਾਸ਼ਿਤ 900 ਕੁ ਪੰਨਿਆਂ ਦੀ 'ਅਹਸਨੁਲ ਕਸਸ' ਸਿਰਲੇਖ ਹੇਠ ਮੌਲਵੀ ਗ਼ੁਲਾਮ ਰਸੂਲ ਸੰਪੂਰਨ ਰਚਨਾਵਲੀ ਅਤੇ 'ਮੌਲਵੀ ਗ਼ੁਲਾਮ ਰਸੂਲ ਦੀਆਂ ਰਚਨਾਵਾਂ ਦਾ ਅਲੋਚਨਾਤਮਕ ਅਧਿਐਨ' ਤੋਂ ਇਲਾਵਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਪੁਸਤਕ 'ਮੌਲਵੀ ਗ਼ੁਲਾਮ ਰਸੂਲ–ਜੀਵਨ ਤੇ ਰਚਨਾ'ਦਾ ਅਧਿਐਨ ਸਾਡੀ ਸਹਾਇਤਾ ਕਰਦਾ ਹੈ।

ਮੌਲਵੀ ਗ਼ੁਲਾਮ ਰਸੂਲ ਦੁਆਰਾ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਮੌਲਵੀ ਹਾਮਦ ਸਾਹਿਬ ਤੇ ਫਿਰ ਗਿਲਜ਼ੀਆਂ ਪਿੰਡ ਦੇ ਮੌਲਵੀ ਉਸਮਾਨ ਸਾਹਿਬ ਕੋਲੋਂ ਹਾਸਲ ਕਰਨ ਤੋਂ ਬਾਅਦ ਜਲੰਧਰ ਅਤੇ ਦਿੱਲੀ ਦੇ ਉੱਚ ਅਦਾਰਿਆਂ ਜਾਂ ਮਹਾਨ ਉਸਤਾਦਾਂ ਤੋਂ ਸਿੱਖਿਆ ਪ੍ਰਾਪਤ ਕਰਨ ਦੇ ਸਮਾਚਾਰ ਮਿਲਦੇ ਹਨ। ਮਹਾਨ ਸਾਹਿਤ ਖੋਜੀ ਡਾ. ਪਿਆਰ ਸਿੰਘ ਅਨੁਸਾਰ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਨੂੰ ਦਿੱਲੀ ਦੇ ਹਜ਼ਰਤ ਖ਼ਵਾਜਾ ਨਿਜ਼ਾਮੁੱਦੀਨ ਔਲੀਆ ਦੇ ਗੱਦੀ ਨਸ਼ੀਨ ਦੇ ਸ਼ਗਿਰਦ ਹੋਣ ਦਾ ਸ਼ਰਫ਼ ਵੀ ਹਾਸਲ ਸੀ। ਮੌਲਵੀ ਸਾਹਿਬ ਨੇ ਅਧਿਆਪਨ ਦਾ ਕਿੱਤਾ ਅਪਣਾਇਆ ਅਤੇ ਉਹ ਆਲਮਪੁਰ, ਮੀਰਪੁਰ, ਮਹੇਸਰ ਅਤੇ ਬਨਿਆਲ ਆਦਿ ਥਾਵਾਂ ਤੇ ਪੜ੍ਹਾਉਂਦੇ ਰਹੇ। ਮੌਲਵੀ ਸਾਹਿਬ ਇਕ ਅਧਿਆਪਕ ਵਜੋਂ ਬਹੁਤ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲੇ ਸਨ। ਸਕੂਲ ਸਮੇਂ ਦੌਰਾਨ ਉਹ ਵਿਦਿਆਰਥੀਆਂ ਨੂੰ ਪੜ੍ਹਾਉਣ ਜਾਂ ਉਨ੍ਹਾਂ ਨੂੰ ਸਿਖਿਆ ਦੇਣ ਤੋਂ ਇਲਾਵਾ ਇਕ ਪਲ ਵੀ ਅਜਾਈਂ ਨਹੀਂ ਗਵਾਉਂਦੇ ਸਨ। ਇਹ ਗੱਲ ਅੱਜ ਵੀ ਆਲਮਪੁਰ ਨਿਵਾਸੀਆਂ ਦੇ ਦਿਲਾਂ ਵਿਚ ਸ਼ੁਭ ਯਾਦ ਵਜੋਂ ਦੁਹਰਾਈ ਜਾਂਦੀ ਹੈ ਕਿ ਇਕ ਵਾਰ ਇਕ ਅੰਗ੍ਰੇਜ਼ ਸਿੱਖਿਆ ਅਫ਼ਸਰ ਨੇ ਸਕੂਲ ਦਾ ਦੌਰਾ ਕਰਨ ਸਮੇਂ ਮੌਲਵੀ ਸਾਹਿਬ ਨੂੰ ਬੁਲਾਵਾ ਭੇਜਿਆ ਤਾਂ ਮੌਲਵੀ ਸਾਹਿਬ ਨੇ ਬੜੀ ਦ੍ਰਿੜਤਾ ਨਾਲ ਕਲਾਸ ਛੱਡ ਕੇ ਆਉਣ ਤੋਂ ਇਨਕਾਰ ਕਰ ਦਿੱਤਾ ਸੀ। ਪੰਜਾਬ ਸਰਕਾਰ ਵੱਲੋਂ ਪ੍ਰਕਾਸ਼ਤ ਪੁਸਤਕ 'ਇਨਡੀਜੀਨੀਅਸ ਐਜੂਕੇਸ਼ਨ ਇਨ ਪੰਜਾਬ' (1849–1882) ਵਿਚ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦਾ ਜ਼ਿਕਰ ਬਹੁਤ ਸਤਿਕਾਰ ਨਾਲ ਕੀਤਾ ਹੋਇਆ ਹੈ। ਉਹ ਇਲਾਕੇ ਵਿਚ ਇਕ ਮਹਾਨ ਸਿੱਖਿਆ ਸ਼ਾਸਤਰੀ ਅਤੇ ਮੌਲਵੀ ਵਜੋਂ ਸਤਿਕਾਰੇ ਜਾਂਦੇ ਸਨ।



ਮੌਲਵੀ ਸਾਹਿਬ ਦੀ ਰਿਸ਼ਤੇਦਾਰੀ ਪਿੰਡ ਧੂਤਾਂ, ਲੁਡਿਆਣੀ, ਫਾਂਬੜੇ ਅਤੇ ਸਕਰਾਲੇ ਵਿਚ ਸੀ, ਜੋ ਕਿ ਦਸੂਹਾ ਤੇ ਗੜ੍ਹਦੀਵਾਲਾ ਦੇ ਇਲਾਕੇ ਵਿਚ ਪੈਂਦੇ ਹਨ। ਦੇਸ਼ ਦੀ ਵੰਡ ਤੋਂ ਪਹਿਲਾਂ ਹਰ ਸਾਲ 24 ਫੱਗਣ ਅਤੇ ਪੰਝੀ ਤੋਂ ਸਤਾਈ ਹਾੜ੍ਹ ਤੱਕ ਉਨ੍ਹਾਂ ਦੇ ਪਿੰਡ ਆਲਮਪੁਰ ਸਥਿਤ ਮਜ਼ਾਰ ਉਪਰ ਸਲਾਨਾ ਉਰਸ ਮੁਬਾਰਕ ਮਨਾਇਆ ਜਾਂਦਾ ਸੀ। ਵੰਡ ਸਮੇਂ ਉਨ੍ਹਾਂ ਦੇ ਵਾਰਿਸ ਲਹਿੰਦੇ ਪੰਜਾਬ ਵਿਚ ਚਲੇ ਗਏ। ਉਨ੍ਹਾਂ ਦੇ ਖ਼ਾਨਦਾਨ ਵਿਚੋਂ ਸਾਹਿਬਜ਼ਾਦਾ ਮਸਊਦ ਅਹਿਮਦ ਅਤੇ ਪ੍ਰਿੰਸੀਪਲ ਹਾਸ਼ਮੀ ਸਾਹਿਬ ਪੜ੍ਹੇ ਲਿਖੇ ਨਾਮਵਰ ਲੇਖਕ ਹਨ ਜੋ ਗਾਹੇ ਬਗਾਹੇ ਚੜ੍ਹਦੇ ਪੰਜਾਬ ਵਿਚ ਆ ਕੇ ਮੌਲਵੀ ਸਾਹਿਬ ਦੇ ਮਜ਼ਾਰ ਤੇ ਹਾਜ਼ਰੀ ਦਿੰਦੇ ਰਹਿੰਦੇ ਹਨ।

ਮੌਲਵੀ ਗ਼ੁਲਾਮ ਰਸੂਲ ਧੁਰੋਂ ਵਰੋਸਾਈ ਕਾਵਿ ਪ੍ਰਤਿਭਾ ਦੇ ਮਾਲਕ ਸਨ ਜਿਨ੍ਹਾਂ ਨੇ 15 ਸਾਲ ਤੋਂ ਸਾਹਿਤ ਸਿਰਜਣਾ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਦੀਆਂ ਰਚਨਾਵਾਂ ਵਿਚ ਦਾਸਤਾਨ ਅਮੀਰ ਹਮਜ਼ਾ, ਰੂਹੱਤਰਤੀਲ, ਅਹਸਨੁਲ ਕਸਸ, ਮਸਲਾ–ਇ–ਤੌਹੀਦ, ਸੀਹਰਫ਼ੀ ਹੁਲੀਆ ਸੀਹਰਫ਼ੀ ਹੁਲੀਆ ਸ਼ਰੀਫ ਹਜ਼ੂਰ ਸਾਹਿਬ, ਬਾਰਾਂਮਾਹ, ਚਿੱਠੀਆਂ, ਸੀਹਰਫ਼ੀ ਸੱਸੀ ਪੁਨੂੰ, ਚੌਪਟਨਾਮਾ ਤੇ ਪੰਧਨਾਮਾ ਸ਼ਾਮਲ ਹਨ। ਜਿਥੇ ਫ਼ਿਰਦੌਸੀ ਨੇ 60000 ਸ਼ਿਅਰਾਂ ਵਾਲਾ ਆਪਣਾ ਸ਼ਾਹਨਾਮਾ 50 ਤੋਂ 80 ਸਾਲ ਦੀ ਪ੍ਰੌੜ ਉਮਰ ਦੌਰਾਨ 30 ਸਾਲਾਂ ਵਿਚ ਲਿਖਿਆ ਅਤੇ ਉਸਦਾ ਮਨੋਰਥ ਸਰਕਾਰੀ ਦਰਬਾਰ ਤੋਂ ਇਨਾਮ ਹਾਸਲ ਕਰਨਾ ਸੀ, ਉਥੇ ਮੌਲਵੀ ਸਾਹਿਬ ਨੇ ਜੁਆਨ ਬਰੇਸ ਵਿਚ 20000 ਸ਼ਿਅਰਾਂ ਵਾਲੀ 'ਦਾਸਤਾਨ ਅਮੀਰ ਹਮਜ਼ਾ' ਕੇਵਲ ਤਿੰਨ ਮਹੀਨਿਆਂ ਵਿਚ ਨਿਰੋਲ ਕਾਵਿ–ਆਵੇਸ਼ ਅਨੁਸਾਰ ਦੋਸਤਾਂ ਦੀ ਖ਼ੁਸ਼ੀ ਲਈ ਲਿਖੀ ਸੀ। ਸਮੁੱਚੇ ਰੂਪ ਵਿਚ ਉਨ੍ਹਾਂ ਦੀਆਂ ਰਚਨਾਵਾਂ ਨਿਰੋਲ ਸਾਹਿਤਕ ਉਦੇਸ਼ ਦੇ ਨਾਲ ਇਸਲਾਮ ਦੇ ਰੂਹਾਨੀ ਭੇਦਾਂ ਦੀ ਵਿਆਖਿਆ, ਇਤਿਹਾਸ ਦੀ ਸ਼ੁੱਧ ਚਿਤਰਕਾਰੀ, ਸਮਾਜਿਕ ਸਾਂਝੀਵਾਲਤਾ, ਗਿਆਨ, ਸਿੱਖਿਆ ਅਤੇ ਸਮਕਾਲੀ ਹਾਲਾਤ ਆਦਿ ਵਿਸ਼ਿਆਂ ਬਾਰੇ ਇਕ ਕਮਾਲ ਸ਼ਾਇਰ ਵਜੋਂ ਵਿਆਖਿਆ ਹੈ। ਖੋਜੀਆਂ ਅਨੁਸਾਰ ਆਪ ਸ਼ਿਅਰਾਂ ਦੀ ਰਚਨਾ ਇਕ ਇਲਹਾਮ ਵਾਂਗ ਕਰਦੇ ਅਤੇ ਬਾਅਦ ਵਿਚ ਸ਼ਿਅਰਾਂ ਵਿਚ ਕੋਈ ਕਾਂਟ–ਛਾਂਟ ਨਹੀਂ ਕਰਦੇ ਸਨ। ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਵਿਚ ਰਚਨਾ ਦੇ ਸਾਲ ਦਰਜ ਹਨ ਜੋ ਕਿਸੇ ਭੁਲੇਖੇ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੇ ।

ਮੌਲਵੀ ਸਾਹਿਬ ਪੜ੍ਹਾਉਣ ਤੋਂ ਬਾਅਦ ਮਸੀਤ ਵਿਚ ਇਮਾਮਤ ਕਰਨ ਅਤੇ ਅਰਬੀ ਫ਼ਾਰਸੀ ਦੀ ਸਿਖਿਆ ਦੇਣ ਤੋਂ ਇਲਾਵਾ ਉਚ ਕੋਟੀ ਦੇ ਵੈਦ ਹੋਣ ਕਾਰਨ ਰੋਗੀਆਂ ਦੇ ਅਸਾਧ ਰੋਗ ਵੀ ਦੂਰ ਕਰਿਆ ਕਰਦੇ ਸਨ। ਇੰਝ ਉਹ ਧਰਮ ਦੇ ਉਚ ਅਸੂਲਾਂ ਦੇ ਨਾਲ ਤੰਦਰੁਸਤ ਸਮਾਜ ਦੀ ਸਿਰਜਣਾ ਵੀ ਕਰ ਰਹੇ ਸਨ। ਉਨ੍ਹਾਂ ਦੀ ਰੂਹਾਨੀ ਤੇ ਮਹਾਨ ਵਿਦਵਤਾ ਵਾਲੀ ਸ਼ਖ਼ਸੀਅਤ ਸ਼ਾਗਿਰਦਾਂ ਤੇ ਸੰਗੀਆਂ ਲਈ ਇਕ ਚਾਨਣ ਮੁਨਾਰੇ ਵਾਂਗ ਸੀ। ਉਨ੍ਹਾਂ ਨੂੰ ਰੱਬ ਤੇ ਉਨ੍ਹਾਂ ਦੀ ਖ਼ਲਕਤ ਨਾਲ ਪਿਆਰ ਸੀ, ਉਹ ਰੱਬੀ ਜਿਉੜੇ ਸਨ।

ਇਹ ਸਮਾਂ ਸਿੰਘ ਸਭਾ ਲਹਿਰ ਦਾ ਸਮਾਂ ਸੀ ਜਿਸ ਦੇ ਉਦੇਸ਼ਾਂ ਵਿਚ ਪੰਜਾਬੀ ਭਾਸ਼ਾ ਵਿਚ ਰਚਨਾਵਾਂ ਕਰਨ ਦਾ ਉਦੇਸ਼ ਵੀ ਸ਼ਾਮਲ ਸੀ। ਇਸ ਲਈ ਮੌਲਵੀ ਸਾਹਿਬ ਨੇ

ਉਰਦੂ, ਫ਼ਾਰਸੀ ਅਤੇ ਅਰਬੀ ਦੇ ਵਿਦਵਾਨ ਹੁੰਦਿਆਂ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਦੀ ਸਿਰਜਣਾ ਪੰਜਾਬੀ ਵਿਚ ਕੀਤੀ।

ਹੱਥਲੀ ਪੁਸਤਕ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਅਕੈਡਮੀ ਫ਼ੈਸਲਾਬਾਦ ਦੇ ਬਾਨੀ ਸਦਰ ਤੇ ਮੌਲਵੀ ਸਾਹਿਬ ਦੇ ਪੜਦੋਹਤੇ ਸਾਹਿਬਜ਼ਾਦਾ ਮਸਊਦ ਅਹਿਮਦ ਦੀ ਉਰਦੂ ਵਿਚ ਲਿਖੀ ਪੁਸਤਕ ਦਾ ਡਾ. ਰਹਿਮਾਨ ਅਖ਼ਤਰ (ਉਰਦੂ, ਫ਼ਾਰਸੀ ਤੇ ਅਰਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਵੱਲੋਂ ਕੀਤਾ ਗਿਆ ਗੁਰਮੁਖੀ ਤਰਜਮਾ ਹੈ ਜਿਸ ਤੋਂ ਮੌਲਵੀ ਸਾਹਿਬ ਦੀ ਸਾਹਿਤਕ ਤੇ ਧਾਰਮਿਕ ਸ਼ਖ਼ਸੀਅਤ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਲੇਖਕ ਵੱਲੋਂ ਪੁਸਤਕ ਵਿਚ ਦਿੱਤੀ ਜਾਣਕਾਰੀ ਅਤੇ ਸੁੰਦਰ ਅਨੁਵਾਦ ਮੌਲਵੀ ਸਾਹਿਬ ਦੀ ਰੂਹਾਨੀ ਅਤੇ ਸਾਹਿਤਕ ਪ੍ਰਤਿਭਾ ਨੂੰ ਸਮਝਣ ਵਿਚ ਸਹਾਈ ਹੁੰਦੇ ਹਨ।

ਮੈਂ ਪੁਸਤਕ ਨੂੰ ਖ਼ੁਸ਼ ਆਮਦੀਦ ਕਹਿੰਦਾ ਹਾਂ!

**ਚੇਤਨ ਸਿੰਘ**
**ਐਡੀਸ਼ਨਲ ਡਾਇਰੈਕਟਰ**
**ਭਾਸ਼ਾ ਵਿਭਾਗ ਪੰਜਾਬ (ਪਟਿਆਲਾ)**

**26 ਜਨਵਰੀ, 2014**



# ਜੀਵਨ ਤੇ ਸ਼ਖ਼ਸੀਅਤ

**ਜਨਮ:**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) 5 ਰਬੀਉਲ ਅੱਵਲ 1265 ਹਿਜਰੀ ਮੁਤਾਬਕ 29 ਜਨਵਰੀ 1849 ਨੂੰ ਪਿੰਡ ਆਲਮਪੁਰ ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ (ਭਾਰਤ) ਵਿੱਚ ਪੈਦਾ ਹੋਏ।(2)

ਆਪ ਜੀ ਦੀ ਕੌਮ ਗੁੱਜਰ ਅਤੇ ਗੋਤ ਕਿਸਾਨਾ ਸੀ। ਆਪ ਜੀ ਦੇ ਦਾਦੇ ਦਾ ਨਾਂ ਚੌਧਰੀ ਸੁਲਤਾਨ ਅਲੀ ਅਤੇ ਦਾਦੀ ਦਾ ਨਾਂ ਹਾਜਰਾ ਬੀਬੀ ਸੀ। ਪਿਤਾ ਚੌਧਰੀ ਮੁਰਾਦ ਬਖ਼ਸ਼ ਦੇ ਦੋ ਵਿਆਹ ਹੋਏ। ਪਹਿਲਾ ਵਿਆਹ ਪਿੰਡ ਲੁਢਿਆਣੀ ਵਿੱਚ ਹੋਇਆ। ਇਸ ਪਤਨੀ ਦੇ ਕੋਈ ਸੰਤਾਨ ਪੈਦਾ ਨਾ ਹੋਈ ਅਤੇ ਦੂਜਾ ਵਿਆਹ ਪਿੰਡ ਧੂਤਾਂ ਵਿੱਚ ਖ਼ੁਦਾਦਾਦ ਦੀ ਧੀ ਰਹਿਮਤ ਬੀਬੀ ਨਾਲ ਹੋਇਆ। ਇਹੀ ਔਰਤ ਰਹਿਮਤ ਬੀਬੀ ਮੌਲਵੀ ਸਾਹਿਬ ਦੀ ਮਾਤਾ ਸੀ। ਮੌਲਵੀ ਸਾਹਿਬ ਆਪਣੇ ਮਾਂ ਪਿਉ ਦੀ ਇਕੱਲੀ ਔਲਾਦ ਸਨ। ਆਪ ਜੀ ਨੂੰ ਜਨਮ ਦੇਣ ਤੋਂ ਛੇ ਮਹੀਨੇ ਪਿੱਛੋਂ ਆਪ ਜੀ ਦੀ ਮਾਤਾ ਦੀ ਮੌਤ ਹੋ ਗਈ। ਮੌਲਵੀ ਸਾਹਿਬ ਦੀ ਉਮਰ ਅਜੇ 12 ਸਾਲ ਦੀ ਸੀ ਕਿ ਆਪ ਜੀ ਦੇ ਪਿਤਾ ਦਾ ਵੀ ਦੇਹਾਂਤ ਹੋ ਗਿਆ।

**ਸਿੱਖਿਆ:**

ਮੌਲਵੀ ਸਾਹਿਬ ਦੇ ਸਿੱਖਿਆ ਪ੍ਰਾਪਤ ਕਰਨ ਦੇ ਸਬੰਧ ਵਿੱਚ ਕੋਈ ਪਤਾ ਨਹੀਂ ਚਲਦਾ। ਪ੍ਰੰਤੂ ਇਹ ਮੰਨਣਾ ਪੈਂਦਾ ਹੈ ਕਿ ਆਪ ਜੀ ਨੂੰ ਗਿਆਨ ਰੱਬ ਨੇ ਬਖ਼ਸ਼ਿਆ ਹੋਇਆ ਸੀ ਅਤੇ ਰੱਬ ਦੀ ਆਪ ਤੇ ਇਹ ਕ੍ਰਿਪਾ ਤੇ ਮਿਹਰ ਸੀ। ਫੇਰ ਵੀ ਉਹਨਾਂ ਨੇ ਮੁੱਢਲੀ ਸਿੱਖਿਆ ਦੇ ਤੌਰ ਤੇ ਆਪਣੇ ਪਿੰਡ ਦੇ ਮੌਲਵੀ ਹਾਮਦ ਸਾਹਿਬ ਤੋਂ ਅਰਬੀ ਅਤੇ ਫ਼ਾਰਸੀ ਦੀਆਂ ਕੁੱਝ ਕਿਤਾਬਾਂ ਪੜ੍ਹੀਆਂ। ਫੇਰ ਕੁੱਝ ਸਿੱਖਿਆ ਨੇੜਲੇ ਪਿੰਡ ਗ਼ਿਲਜ਼ੀਆਂ ਦੇ ਮੌਲਵੀ ਉਸਮਾਨ ਸਾਹਿਬ ਤੋਂ ਪ੍ਰਾਪਤ ਕੀਤੀ।

ਦੁਨਿਆਵੀ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਆਪ ਜੀ ਨੇ ਮੀਰਪੁਰ ਦੇ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਵਜੋਂ 1864 ਈ. ਤੋਂ 1878 ਈ. ਤਕ 14 ਸਾਲ ਪੜ੍ਹਾਇਆ। 1878 ਈ. ਵਿੱਚ ਆਪ ਜੀ ਦਾ ਤਬਾਦਲਾ ਪਿੰਡ ਮਹੇਸਰ ਵਿਖੇ ਹੋ ਗਿਆ। ਮਹੇਸਰ ਪਿੰਡ ਆਲਮਪੁਰ ਤੋਂ ਦੋ ਮੀਲ ਦੇ ਫ਼ਾਸਲੇ 'ਤੇ ਸਥਿਤ ਹੈ। ਉੱਥੇ ਮੌਲਵੀ ਸਾਹਿਬ ਨੇ ਚਾਰ ਸਾਲ ਪੜ੍ਹਾਇਆ ਅਤੇ 1882 ਈ. ਵਿੱਚ ਨੌਕਰੀ ਤੋਂ ਅਸਤੀਫ਼ਾ ਦੇ ਕੇ ਆਲਮਪੁਰ ਆ ਗਏ। ਆਪ ਨੇ ਲਗ ਭਗ ਅਠ੍ਹਾਰਾਂ ਸਾਲ ਬਤੌਰ ਸਕੂਲ ਅਧਿਆਪਕ ਨੌਕਰੀ ਕੀਤੀ। ਜਦੋਂ ਉਹਨਾਂ ਨੇ ਅਸਤੀਫ਼ਾ ਦਿੱਤਾ ਤਾਂ ਉਸ ਸਮੇਂ ਉਹਨਾਂ ਦੀ ਉਮਰ 33 ਸਾਲ ਸੀ। ਆਪ

ਉਸ ਸਮੇਂ ਮੀਰਪੁਰ ਵਿੱਚ ਪੜ੍ਹਾਉਂਦੇ ਸੀ। ਮੀਰਪੁਰ ਵਿੱਚ ਆਪਣੇ ਪੜ੍ਹਾਉਣ ਦਾ ਵਰਣਨ ਇਸ ਤਰ੍ਹਾਂ ਕਰਦੇ ਹਨ:

*ਆਲਮਪੁਰ ਛੱਡ ਮਿਲਿਆ ਮੀਰਪੁਰਾ ਬਨਿਯਾਲ।*
*ਅਜ ਵਿੱਚ ਹੌਜ਼ ਮਦਾਈਨੇ ਮਿਲੇ ਨਾ ਲਾਲੇਵਾਲ।*

ਅਰਥ: ਆਲਮਪੁਰ ਛੱਡ ਕੇ ਮੀਰਪੁਰ ਵਿੱਚ ਬਸੇਰਾ ਕਰ ਲਿਆ ਹੈ।

**ਆਦਤਾਂ, ਸੁਭਾਅ ਅਤੇ ਮਿਲਣਸਾਰੀ:**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਚੰਗੇ ਸੁਭਾ ਦੇ ਮਾਲਕ ਸਨ। ਉਹਨਾਂ ਦੀਆਂ ਆਦਤਾਂ ਚੰਗੀਆਂ ਤੇ ਬਹੁਤ ਜ਼ਿਆਦਾ ਮਿਲਣਸਾਰ ਸਨ। ਸਾਰੀ ਉਮਰ ਕਦੇ ਵੀ ਉਹਨਾਂ ਨੂੰ ਕਿਸੇ ਗੱਲ ਜਾਂ ਵਿਅਕਤੀ 'ਤੇ ਗੁੱਸਾ ਨਹੀਂ ਆਇਆ। ਰਾਹੀਂ ਤੁਰਦੇ ਉਹਨਾਂ ਦੀਆਂ ਨਜ਼ਰਾਂ ਹਮੇਸ਼ਾਂ ਨੀਵੀਆਂ ਰਹਿੰਦੀਆਂ ਅਤੇ ਬੜੇ ਮਾਣ ਨਾਲ ਚਲਦੇ ਸਨ। ਸੁਹਣੇ ਕਪੜੇ ਪਹਿਨਦੇ ਅਤੇ ਸੁਹਣੀਆਂ ਗੱਲਾਂ ਕਰਦੇ ਸਨ। ਸੁਭਾਅ ਵਿੱਚ ਨਰਮੀ ਅਤੇ ਹਾਸਾ ਵੀ ਸੀ। ਆਪ ਜੀ ਆਮ ਤੌਰ ਤੇ ਸਫ਼ੈਦ ਧੋਤੀ ਅਤੇ ਸਫ਼ੈਦ ਪਗੜੀ ਪਹਿਨਦੇ ਸੀ ਪਰ ਕਦੇ ਕਦਾਈਂ ਮਸਦੀ ਪਗੜੀ, ਮੁਲਤਾਨੀ ਲੂੰਗੀ (ਧੋਤੀ) ਵੀ ਪਹਿਨ ਲੈਂਦੇ ਸਨ। ਰੋਜ਼ਾਨਾ ਮਿਸਵਾਕ (ਵਣ ਦੀ ਦਾਤਣ) ਕਰਦੇ ਸੀ। ਆਪ ਜੀ ਦੀਆਂ ਗੱਲਾਂ ਬਹੁਤ ਪ੍ਰਭਾਵੀ ਹੁੰਦੀਆਂ, ਰੱਬ ਨੇ ਆਪ ਜੀ ਨੂੰ ਸੁਹਣੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਬੋਲਣ ਦੀ ਦਾਤ ਬਖ਼ਸ਼ੀ ਸੀ। ਲੋਕ ਉਹਨਾਂ ਦਾ ਬਹੁਤ ਆਦਰ ਕਰਦੇ ਸਨ। ਈਮਾਨ ਦੀ ਤਾਕਤ ਅਤੇ ਦ੍ਰਿੜਤਾ ਇੰਨੀ ਸੀ ਕਿ ਵੱਡੇ ਤੋਂ ਵੱਡਾ ਆਦਮੀ ਉਹਨਾਂ ਦੇ ਸਾਹਮਣੇ ਝੂਠ ਬੋਲਣ ਦੀ ਹਿੰਮਤ ਨਹੀਂ ਕਰ ਸਕਦਾ ਸੀ।

**ਸਰੀਰਿਕ ਬਣਤਰ ਤੇ ਠਾਠ:**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਕੱਦ ਲਗ ਭਗ ਪੌਣੇ ਛੇ ਫੁੱਟ ਸੀ। ਆਪ ਜੀ ਦੇ ਨੈਣ ਨਕਸ਼ ਸੁੰਦਰ ਅਤੇ ਸਰੀਰ ਦੇ ਪਤਲੇ ਸੀ ਪ੍ਰੰਤੂ ਲਿੱਸੇ ਨਹੀਂ ਸਨ, ਸਗੋਂ ਸਿਹਤਮੰਦ ਸਰੀਰ ਸੀ। ਦਾੜ੍ਹੀ ਛੋਟੀ ਸੀ। ਆਪ ਜੀ ਦੇ ਬੁੱਲ ਸੁਹਣੇ ਅਤੇ ਲਾਲ ਸਨ। ਦੰਦ ਸਫ਼ੈਦ ਤੇ ਇਕਸਾਰ ਹੋਣ ਕਰਕੇ ਬੜੇ ਸੁਹਣੇ ਲਗਦੇ ਸੀ। ਉਹਨਾਂ ਦਾ ਰੰਗ ਕਣਕ ਵੰਨਾ ਅਤੇ ਚਿਹਰੇ ਤੇ ਲਾਲੀ ਸੀ। ਅੱਖਾਂ ਦਰਮਿਆਨੀਆਂ ਸਨ ਭਾਵ ਨਾ ਹੀ ਬਹੁਤ ਛੋਟੀਆਂ ਸਨ ਤੇ ਨਾ ਹੀ ਬਹੁਤ ਵੱਡੀਆਂ। ਬਚਪਨ ਵਿੱਚ ਬੀਮਾਰੀ ਕਾਰਨ ਆਪ ਜੀ ਦੇ ਚਿਹਰੇ ਤੇ ਹਲਕੇ ਜਿਹੇ ਮਾਤਾ (ਚੇਚਕ) ਦੇ ਨਿਸ਼ਾਨ ਸਨ। ਸਿਰ ਦੇ ਵਾਲ ਸੰਘਣੇ ਪ੍ਰੰਤੂ ਜ਼ਿਆਦਾ ਲੰਬੇ ਨਹੀਂ ਸਨ। ਮੱਥਾ ਛੋਟਾ ਨਹੀਂ ਸਗੋਂ ਆਕਾਰ ਵਿੱਚ ਮੁਨਾਸਿਬ ਸੀ। ਗਰਦਨ ਨਾ ਜ਼ਿਆਦਾ ਮੋਟੀ ਤੇ ਨਾ ਹੀ ਜ਼ਿਆਦਾ ਪਤਲੀ ਸੀ।

**ਨਿਕਾਹ ਅਤੇ ਔਲਾਦ:**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਤਿੰਨ ਵਿਆਹ ਹੋਏ। ਪਹਿਲਾ ਵਿਆਹ ਪਿੰਡ ਧੂਤਾਂ ਤਹਿਸੀਲ ਭੂੰਗਾ, ਰਿਆਸਤ ਕਪੂਰਥਲਾ ਵਿਖੇ ਮਾਮੇ ਅਲੀ ਬਖ਼ਸ਼ ਦੀ ਪੁੱਤਰੀ ਕਰਮ ਬੀਬੀ ਨਾਲ 20 ਸਾਲ ਦੀ ਉਮਰ ਵਿੱਚ 1869 ਈ. ਵਿੱਚ ਹੋਇਆ। ਇਸ ਪਤਨੀ ਦਾ ਦੇਹਾਂਤ ਹੋ ਗਿਆ, ਇਨ੍ਹਾਂ ਦੇ ਕੋਈ ਸੰਤਾਨ ਨਹੀਂ ਸੀ। ਦੂਜਾ ਵਿਆਹ ਪਿੰਡ ਸਕਰਾਲਾ ਜ਼ਿਲ੍ਹਾ ਹੁਸ਼ਿਆਰਪੁਰ 1881 ਈ. ਵਿੱਚ ਹੋਇਆ। ਇਸ ਪਤਨੀ ਦਾ ਵੀ 1886



ਈ. ਵਿੱਚ ਦੇਹਾਂਤ ਹੋ ਗਿਆ। ਇਹਨਾਂ ਦੇ ਇਕ ਪੁੱਤਰੀ ਪੈਦਾ ਹੋਈ ਸੀ ਜਿਸ ਦਾ ਨਾਂ ਆਇਸ਼ਾ ਬੀਬੀ ਸੀ। ਆਇਸ਼ਾ ਬੀਬੀ ਦਾ ਵਿਆਹ ਆਲਮਪੁਰ ਦੇ ਇਕ ਨੇੜਲੇ ਪਿੰਡ ਬੱਲੜਾਂ ਦੇ ਵਾਸੀ ਚੌਧਰੀ ਸੁਲਤਾਨ ਅਲੀ ਨਾਲ ਹੋਇਆ। 1947 ਈ. ਤੋਂ ਪਹਿਲਾਂ ਪਤੀ ਪਤਨੀ ਦੋਹਾਂ ਦੀ ਮੌਤ ਹੋ ਗਈ। ਉਹਨਾਂ ਦੀ ਔਲਾਦ ਵਿੱਚ ਇਕ ਪੁੱਤਰੀ ਗ਼ੁਲਾਮ ਫ਼ਾਤਿਮਾ ਅਤੇ ਪੁੱਤਰ ਫ਼ਜ਼ਲ ਅਹਿਮਦ ਪੈਦਾ ਹੋਇਆ। ਫ਼ਜ਼ਲ ਅਹਿਮਦ ਭਰ ਜਵਾਨੀ ਵਿੱਚ ਹੀ ਰੱਬ ਨੂੰ ਪਿਆਰਾ ਹੋ ਗਿਆ ਜਦ ਕਿ ਬੀਬੀ ਗ਼ੁਲਾਮ ਫ਼ਾਤਿਮਾ ਦੀ ਸ਼ਾਦੀ ਮੁਹੰਮਦ ਅਲੀ ਨਾਲ ਹੋਈ ਅਤੇ ਪਤੀ ਪਤਨੀ 1947 ਈ. ਤੋਂ ਬਾਅਦ ਪਾਕਿਸਤਾਨ ਆ ਗਏ ਅਤੇ ਕੁੱਝ ਸਾਲਾਂ ਬਾਅਦ ਉਹਨਾਂ ਦਾ ਦੇਹਾਂਤ ਹੋ ਗਿਆ। ਉਹਨਾਂ ਦੀ ਔਲਾਦ ਫ਼ੈਸਲਾਬਾਦ ਅਤੇ ਜ਼ਿਲ੍ਹਾ ਟੋਭਾ ਟੇਕ ਸਿੰਘ ਵਿਖੇ ਅਬਾਦ ਹੈ। ਮੌਲਵੀ ਸਾਹਿਬ ਦਾ ਤੀਜਾ ਅਤੇ ਆਖ਼ਰੀ ਵਿਆਹ 1891 ਈ. ਵਿੱਚ ਪਿੰਡ ਖੰਨਿਆਂ ਵਧਾਇਆ ਦੇ ਵਸਨੀਕ ਗੁਲਾਬ ਗੁੱਜਰ ਦੀ ਧੀ ਜ਼ੈਨਬ ਬੀਬੀ ਨਾਲ ਹੋਇਆ। ਉਹਨਾਂ ਦੇ ਇਕ ਪੁੱਤਰੀ ਪੈਦਾ ਹੋਈ ਜਿਸ ਦਾ ਨਾਂ ਖ਼ਦੀਜਾ ਬੀਬੀ ਰੱਖਿਆ ਗਿਆ ਸੀ। ਖ਼ਦੀਜਾ ਬੀਬੀ ਦੇ ਜਨਮ ਤੋਂ ਲਗ ਭਗ ਦੋ ਮਹੀਨੇ ਪਹਿਲਾਂ ਮੌਲਵੀ ਸਾਹਿਬ ਅਕਾਲ ਚਲਾਣਾ ਕਰ ਗਏ। ਪ੍ਰੰਤੂ ਮੌਤ ਤੋਂ ਪਹਿਲਾਂ ਮੌਲਵੀ ਸਾਹਿਬ ਨੇ ਆਪਣੀ ਪਤਨੀ ਜ਼ੈਨਬ ਬੀਬੀ ਨੂੰ ਦੱਸ ਦਿੱਤਾ ਸੀ ਕਿ ਆਪ ਦੇ ਇਕ ਬੇਟੀ ਪੈਦਾ ਹੋਵੇਗੀ ਉਸ ਦਾ ਨਾਂ ਖ਼ਦੀਜਾ ਬੀਬੀ ਰੱਖਣਾ। ਇਸ ਤਰ੍ਹਾਂ ਹੀ ਕੀਤਾ ਗਿਆ। ਖ਼ਦੀਜਾ ਬੀਬੀ ਦੀ ਉਮਰ ਲਗਭਗ ਪੰਜ ਸਾਲ ਦੀ ਸੀ ਕਿ ਉਹਨਾਂ ਦੀ ਮਾਤਾ ਜ਼ੈਨਬ ਬੀਬੀ ਦਾ ਦੇਹਾਂਤ ਹੋ ਗਿਆ। ਬੀਬੀ ਖ਼ਦੀਜਾ ਦੀ ਸ਼ਾਦੀ ਚੌਧਰੀ ਅਬਦੁਲ ਅਜ਼ੀਜ਼ ਨਾਲ ਹੋਈ ਜੋ ਆਲਮਪੁਰ ਦੇ ਰਹਿਣ ਵਾਲੇ ਸਨ ਅਤੇ ਉਹਨਾਂ ਦਾ ਸਬੰਧ ਇਕ ਪ੍ਰਸਿੱਧ ਜ਼ਿਮੀਂਦਾਰ ਘਰਾਣੇ ਨਾਲ ਸੀ। ਖ਼ਦੀਜਾ ਬੀਬੀ ਪਾਕਿਸਤਾਨ ਬਨਣ ਤੋਂ ਪਹਿਲਾਂ ਹੀ ਰੱਬ ਨੂੰ ਪਿਆਰੀ ਹੋ ਗਈ ਜਦ ਕਿ ਚੌਧਰੀ ਅਬਦੁਲ ਅਜ਼ੀਜ਼ ਪਾਕਿਸਤਾਨ ਬਨਣ ਤੋਂ ਬਾਅਦ ਕਾਫ਼ੀ ਸਮਾਂ ਜਿਉਂਦੇ ਰਹੇ। ਖ਼ਦੀਜਾ ਬੀਬੀ ਦੀ ਔਲਾਦ ਵਿੱਚ ਦੋ ਪੁੱਤਰ ਅਤੇ ਤਿੰਨ ਪੁੱਤਰੀਆਂ ਸਨ। ਵੱਡਾ ਪੁੱਤਰ ਅਬਦੁਲ ਲਤੀਫ਼ ਲਗਭਗ 18 ਸਾਲ ਦੀ ਉਮਰ ਵਿੱਚ ਪਾਕਿਸਤਾਨ ਬਨਣ ਤੋਂ ਪਹਿਲਾਂ ਵਫ਼ਾਤ ਪਾ ਗਿਆ। ਉਸ ਤੋਂ ਛੋਟੇ ਸਈਦਾ ਬੇਗ਼ਮ, ਮਸਊਦਾ ਬੇਗ਼ਮ, ਅਬਦੁਰ ਰਸ਼ੀਦ ਅਤੇ ਰਜ਼ੀਆ ਬੇਗ਼ਮ ਹਨ। 1947 ਈ. ਤੋਂ ਬਾਅਦ ਮੋਹਤਰਮਾ ਰਜ਼ੀਆ ਬੇਗਮ ਦਾ ਵਿਆਹ ਚੌਧਰੀ ਗ਼ੁਲਾਮ ਕਾਦਰ ਨਾਲ ਹੋਇਆ। ਚੌਧਰੀ ਗ਼ੁਲਾਮ ਪਿੰਡ ਫਾਂਬੜਾ ਤਹਿਸੀਲ ਭੂੰਗਾ, ਰਿਆਸਤ ਕਪੂਰਥਲਾ ਇੰਡੀਆ ਦੇ ਰਹਿਣ ਵਾਲੇ ਸਨ ਜੋ ਕਿ ਪਾਕਿਸਤਾਨ ਆ ਕੇ ਜ਼ਿਲ੍ਹਾ ਲਾਇਲਪੁਰ (4) ਤਹਿਸੀਲ ਸਮੰਦਰੀ ਦੇ ਇਕ ਪਿੰਡ ਚੱਕ ਨੰਬਰ 142 ਗ.ਬ. ਵਿਖੇ ਅਬਾਦ ਹੋ ਗਏ। ਇਹਨਾਂ ਸਤਰਾਂ ਦਾ ਲੇਖਕ (ਮਸਊਦ ਅਹਿਮਦ) ਮੋਹਤਰਮਾ ਰਜ਼ੀਆ ਬੇਗ਼ਮ ਦਾ ਪੁੱਤਰ ਹੈ ਜਦ ਕਿ ਮੋਹਤਰਮਾ ਖ਼ਦੀਜਾ ਬੀਬੀ ਦਾ ਦੋਹਤਾ ਹੈ ਅਤੇ ਮੌਲਵੀ ਸਾਹਿਬ ਦਾ ਪੜ ਦੋਹਤਾ ਹੈ।

**ਵਫ਼ਾਤ:**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) 7 ਸ਼ਬਾਨ 1309 ਹਿਜਰੀ ਮੁਤਾਬਕ 7 ਮਾਰਚ 1892 ਈ., ਮੁਤਾਬਕ 24 ਫੱਗਣ ਨੂੰ 43 ਸਾਲ ਦੀ ਉਮਰ ਵਿੱਚ ਸੰਸਾਰਕ ਯਾਤਰਾ ਪੂਰੀ ਕਰਕੇ ਅਕਾਲ ਚਲਾਣਾ ਕਰ ਗਏ। (5) ਆਪ ਜੀ ਨੂੰ ਆਲਮਪੁਰ ਦੇ

ਕਬਰਸਤਾਨ ਵਿੱਚ ਦਫ਼ਨ ਕੀਤਾ ਗਿਆ ਅਤੇ ਉੱਥੇ ਹੀ ਉਹਨਾਂ ਦਾ ਪਵਿੱਤਰ ਮਜ਼ਾਰ ਹੈ। ਮੌਲਵੀ ਸਾਹਿਬ ਤਿੰਨ ਦਿਨ ਬੀਮਾਰ ਰਹੇ। ਉਨ੍ਹਾਂ ਨੇ ਪਹਿਲਾਂ ਹੀ ਆਪਣੇ ਮਿੱਤਰਾਂ, ਸਾਥੀਆਂ ਨੂੰ ਦੱਸ ਦਿੱਤਾ ਸੀ ਕਿ ਮੇਰਾ ਜਾਣ ਦਾ ਸਮਾਂ ਆ ਗਿਆ ਹੈ, ਜਿਸ ਨੇ ਮੈਨੂੰ ਮਿਲਣਾ ਹੈ ਮਿਲ ਲਵੇ। ਤਿੰਨ ਦਿਨਾਂ ਬਾਅਦ ਸਵੇਰ ਵੇਲੇ ਆਪ ਜੀ ਵਿਛੋੜਾ ਦੇ ਗਏ। ਆਪ ਦੇ ਜਨਾਜ਼ੇ ਦੀ ਨਮਾਜ਼ ਉਹਨਾਂ ਦੇ ਇਕ ਮਿੱਤਰ ਮੌਲਵੀ ਅਬਦੁੱਲਾ ਸਾਹਿਬ ਤਲਵੰਡੀ ਵਾਲੇ ਨੇ ਪੜ੍ਹਾਈ। ਉਹਨਾਂ ਨਾਲ ਮੌਲਵੀ ਸਾਹਿਬ ਦਾ ਵਾਅਦਾ ਸੀ ਕਿ ਪਿੱਛੇ ਰਹਿਣ ਵਾਲਾ ਅੱਗੇ ਜਾਣ ਵਾਲੇ ਦੀ ਨਮਾਜ਼-ਏ-ਜਨਾਜ਼ਾ ਪੜ੍ਹਾਏਗਾ। ਜਦੋਂ ਮੌਲਵੀ ਸਾਹਿਬ ਦੀ ਵਫ਼ਾਤ ਹੋਈ ਉਸ ਵੇਲੇ ਮੌਲਵੀ ਅਬਦੁੱਲਾ ਸਾਹਿਬ ਆਲਮਪੁਰ ਤੋਂ ਕੁਝ ਮੀਲ ਦੀ ਦੂਰੀ ਤੇ ਪਿੰਡ ਪੰਡੋਰੀ ਵਿੱਚ ਮੌਜੂਦ ਸਨ। ਉਥੇ ਮੌਲਵੀ ਅਬਦੁੱਲਾ ਸਾਹਿਬ ਨੂੰ ਕੁਦਰਤੀ ਤੌਰ ਤੇ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੀ ਮੌਤ ਦਾ ਗਿਆਨ ਹੋ ਗਿਆ ਸੀ ਅਤੇ ਕਈ ਮੀਲ ਦਾ ਸਫ਼ਰ ਪੈਦਲ ਤੈਅ ਕਰਕੇ ਉਥੇ ਪਹੁੰਚੇ। ਜਦੋਂ ਮੌਲਵੀ ਸਾਹਿਬ ਨੂੰ ਗ਼ੁਸਲ ਦੇਣ (ਨਹਾਉਣ) ਲੱਗੇ ਤਾਂ ਉਹਨਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਮੌਲਵੀ ਅਬਦੁੱਲਾ ਸਾਹਿਬ ਨੇ ਹੰਝੂ ਆਪਣੇ ਰੁਮਾਲ ਨਾਲ ਸਾਫ਼ ਕਰਕੇ ਆਪਣੇ ਮੂੰਹ ਤੇ ਮਲ ਲਏ। ਗ਼ੁਸਲ ਅਤੇ ਕਫ਼ਨ ਤੋਂ ਬਾਅਦ ਜਦ ਮੌਲਵੀ ਸਾਹਿਬ ਨੂੰ ਕਬਰ ਦੀ ਲਹਿਦ ਵਿੱਚ ਉਤਾਰਿਆ ਗਿਆ ਤਾਂ ਮੌਲਵੀ ਅਬਦੁੱਲਾ ਸਾਹਿਬ ਫ਼ਰਮਾਉਣ ਲੱਗੇ ਕਿ ਅੱਜ ਮੈਂ ਤੁਹਾਨੂੰ ਇਕ ਭੇਦ ਭਰੀ ਗੱਲ ਦਸਦਾ ਹਾਂ ਕਿ ਮੌਲਵੀ ਸਾਹਿਬ ਮੇਰੇ ਮਿੱਤਰ ਸਨ ਅਤੇ ਉਹ ਬਹੁਤ ਵੱਡੇ ਰੁਤਬੇ ਵਾਲੇ ਸਨ। ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਆਪਣੀ ਕਿਤਾਬ ਅਹਸਨਲ ਕਸਸ ਵਿੱਚ ਲਿਖਦੇ ਹਨ:-

*ਇਸ ਦੁਨੀਆਂ ਦੀ ਗਰਦਨ ਉੱਤੇ ਕਦਮ ਧਰੇ ਲੰਘ ਜਾਵੇ*
*ਬਹਿਰ ਤਲਬ ਦੇ ਰੁੜਿਆ ਜਾਂਦਾ ਲੋਕਾਂ ਨਜ਼ਰ ਨਾ ਆਵੇ*

..................................................

*ਨਹੀਂ ਵਫ਼ਾ ਵਿੱਚ ਬਾਦ ਬਹਾਰੀ ਪਈਆਂ ਜਗਤ ਪੁਕਾਰਾਂ*
*ਸਦਾ ਨਾ ਬਾਗ਼ੀਂ ਬੁਲਬੁਲ ਬੋਲੇ ਸਦਾ ਨਾ ਬਾਗ਼ ਬਹਾਰਾਂ (6)*

ਅਰਥ: ਇਸ ਦੁਨੀਆ ਦੀ ਗਰਦਨ ਤੇ ਕਦਮ ਰੱਖੇ ਅਤੇ ਲੰਘ ਜਾਵੇ। ਇੱਛਾ ਦੇ ਸਮੁੰਦਰ ਵਿੱਚ ਵਹਿੰਦਾ ਜਾ ਰਿਹਾ ਹੈ। ਪਰ ਲੋਕਾਂ ਨੂੰ ਨਜ਼ਰ ਨਹੀਂ ਆ ਰਿਹਾ। ਬਾਦ ਬਹਾਰੀ ਵਿੱਚ ਵਫ਼ਾ ਨਹੀਂ ਹੈ। ਇਹ ਰੌਲਾ ਸਾਰੀ ਦੁਨੀਆ ਵਿੱਚ ਪਿਆ ਹੋਇਆ ਹੈ ਜਿਸ ਤਰ੍ਹਾਂ ਬਾਗ਼ਾਂ ਦੇ ਵਿੱਚ ਸਦਾ ਬੁਲਬੁਲ ਨਹੀਂ ਬੋਲਦੀ ਅਤੇ ਬਾਗ਼ਾਂ ਵਿੱਚ ਸਦਾਬਹਾਰ ਨਹੀਂ ਰਹਿੰਦੀ। ਮੌਲਵੀ ਸਾਹਿਬ ਫ਼ਰਮਾਉਂਦੇ ਹਨ ਕਿ ਮਨੁੱਖ ਇਸ ਦੁਨੀਆ ਅੰਦਰ ਝੂਠੇ ਵਿਖਾਵੇ ਤੋਂ ਕੰਮ ਨਾ ਲਵੇ ਅਤੇ ਖਾਮੋਸ਼ੀ (ਚੁੱਪ-ਚਪੀਤੇ) ਨਾਲ ਆਪਣਾ ਸਮਾਂ ਗ਼ੁਜ਼ਾਰੇ ਤੇ ਕਿਸੇ ਨੂੰ ਪਤਾ ਵੀ ਨਾ ਚੱਲੇ। ਮੌਲਵੀ ਸਾਹਿਬ ਦੁਨੀਆ ਦੀ ਨਾਸ਼ਵਾਨਤਾ ਦਾ ਬੜੇ ਸੁਚੱਜੇ ਢੰਗ ਨਾਲ ਬਿਆਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਬਹਾਰ ਦੇ ਮੌਸਮ ਵਿੱਚ ਵਫ਼ਾ ਨਹੀਂ ਹੈ। ਇਸ ਸੰਸਾਰ ਦੀ ਪ੍ਰਵਿਰਤੀ ਹੈ ਕਿ ਸਮਾਂ ਸਦਾ ਇਕ ਜਿਹਾ ਨਹੀਂ ਰਹਿੰਦਾ।

*****



## ਕੁੱਝ ਸੱਚਾਈਆਂ ਅਤੇ ਵਿਆਖਿਆਵਾਂ

ਮੈਂ ਇੱਥੇ ਕੁੱਝ ਗੱਲਾਂ ਦੀ ਵਿਆਖਿਆ ਕਰਨੀ ਜ਼ਰੂਰੀ ਸਮਝਦਾ ਹਾਂ ਤਾਂ ਕਿ ਆਉਣ ਵਾਲੀਆਂ ਨਸਲਾਂ ਤਕ ਸਹੀ ਅਤੇ ਪ੍ਰਮਾਣਿਤ ਜਾਣਕਾਰੀ ਪਹੁੰਚ ਸਕੇ ਅਤੇ ਖੋਜਕਾਰਾਂ ਲਈ ਅੱਗੇ ਵਧਣਾ ਸੌਖਾ ਰਹੇ।

1) ਖ਼ਲੀਫ਼ਾ ਫ਼ਜ਼ਲਦੀਨ ਪਟਵਾਰੀ ਦੇ ਕਥਨ ਅਨੁਸਾਰ ਵੀ ਮੌਲਵੀ ਸਾਹਿਬ ਦੀ ਵਫ਼ਾਤ ਦੀ ਮਿਤੀ 7 ਮਾਰਚ 1892 ਈ. ਦਿਨ ਸੋਮਵਾਰ 7 ਸ਼ਬਾਨ 1309 ਹਿਜਰੀ ਅਤੇ ਫੱਗਣ ਦੀ 24 ਮਿਤੀ ਸੀ। ਜਦ ਕਿ ਮਾਰਚ 1920 ਈ. ਵਿੱਚ ਮੌਲਵੀ ਸਾਹਿਬ ਦੀ ਕਬਰ ਮੁਬਾਰਕ ਪੱਕੀ ਕੀਤੀ ਗਈ ਅਤੇ ਉਸ ਉੱਪਰ ਵੀ ਵਫ਼ਾਤ ਦੀ ਮਿਤੀ 7 ਮਾਰਚ 1892 ਈ. ਹੀ ਲਿਖੀ ਗਈ ਹੈ।

2) ਮੇਰੇ ਪਿਤਾ ਜੀ ਚੌਧਰੀ ਗ਼ੁਲਾਮ ਕਾਦਰ (ਮਰਹੂਮ) ਨੂੰ ਮੌਲਵੀ ਸਾਹਿਬ ਨਾਲ ਅਥਾਹ ਪਿਆਰ ਤੇ ਸੱਚੀ ਸ਼ਰਧਾ ਸੀ। ਇਸ ਲਈ ਉਹਨਾਂ ਨੇ ਮੌਲਵੀ ਸਾਹਿਬ ਦੇ ਪਵਿੱਤਰ ਮਜ਼ਾਰ ਦੀ ਉਸਾਰੀ ਲਈ 1990 ਈ. ਵਿੱਚ ਸਰਦਾਰ ਨਿਰਮਲ ਸਿੰਘ ਨਾਲ ਭਾਰਤ ਵਿੱਚ ਸੰਪਰਕ ਕੀਤਾ, ਜਿਹਨਾਂ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਮੌਲਵੀ ਸਾਹਿਬ ਦੀ ਕਬਰ ਮੁਬਾਰਕ ਨੂੰ 1991 ਈ. ਵਿੱਚ ਮੁੜ ਨਵੇਂ ਸਿਰਿਉਂ ਉਸਾਰਿਆ।

3) 20 ਅਪਰੈਲ 2007 ਈ. ਨੂੰ 1947 ਤੋਂ ਬਾਅਦ ਪਹਿਲੀ ਵਾਰ ਲੇਖਕ ਪਿੰਡ ਆਲਮਪੁਰ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, ਇੰਡੀਆ ਮੌਲਵੀ ਸਾਹਿਬ ਦੇ ਪਵਿੱਤਰ ਮਜ਼ਾਰ ਤੇ ਪਹੁੰਚਿਆ। ਮੌਲਵੀ ਸਾਹਿਬ ਦੀ ਕਬਰ ਦੇ ਸਰ੍ਹਾਣੇ ਵੱਲ ਜੋ ਪੱਥਰ (ਕਤਬਾ) ਲੱਗਿਆ ਹੋਇਆ ਸੀ, ਉਸ ਤੇ ਵੀ ਮੌਲਵੀ ਸਾਹਿਬ ਦੀ ਜਨਮ ਮਿਤੀ 29 ਜਨਵਰੀ 1849 ਈ. ਅਤੇ ਮੌਤ ਦੀ ਮਿਤੀ 7 ਮਾਰਚ 1892 ਈ: ਹੀ ਦਰਜ ਸੀ। ਇਹੀ ਮਿਤੀਆਂ ਸਹੀ ਹਨ। ਲੇਖਕ ਨੇ ਮੌਲਵੀ ਸਾਹਿਬ ਦੀ ਯਾਦ ਵਿੱਚ ਵਿਭਿੰਨ ਥਾਵਾਂ ਤੇ ਆਯੋਜਿਤ ਸੈਮੀਨਾਰਾਂ ਵਿੱਚ ਬਤੌਰ ਮੁਖ ਮਹਿਮਾਨ ਸ਼ਿਰਕਤ ਕੀਤੀ ਅਤੇ ਹਿੰਦੋਸਤਾਨ ਦੇ ਲੋਕਾਂ ਨੇ ਇਹਨਾਂ ਸਮਾਰੋਹਾਂ ਵਿੱਚ ਵੱਡੀ ਭਾਰੀ ਮਾਤਰਾ ਵਿੱਚ ਸ਼ਾਮਲ ਹੋ ਕੇ ਮੌਲਵੀ ਸਾਹਿਬ ਪ੍ਰਤੀ ਆਪਣੇ ਮੋਹ ਅਤੇ ਸੱਚੀ ਸ਼ਰਧਾ ਦਾ ਸਬੂਤ ਦਿੱਤਾ ਹੈ।

4) 1994-1995 ਈ. ਵਿੱਚ ਆਲਮਪੁਰ ਹਾਈ ਸਕੂਲ ਵਿੱਚ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਯਾਦਗਾਰੀ ਹਾਲ ਦਾ ਨਿਰਮਾਣ ਹੋ ਚੁੱਕਿਆ ਹੈ। ਇਹ ਯਾਦਗਾਰੀ ਹਾਲ ਕਦੇ ਮੌਲਵੀ ਸਾਹਿਬ ਦੀ ਮਸਜਿਦ ਸਥਾਨ ਸੀ। 2007 ਈ. ਵਿੱਚ ਸ. ਚੇਤਨ ਸਿੰਘ, ਡਿਪਟੀ ਡਾਇਰੈਕਟਰ, ਭਾਸ਼ਾ ਵਿਭਾਗ ਦੀਆਂ ਕੋਸ਼ਿਸ਼ਾਂ ਨਾਲ ਸਰਕਾਰੀ ਹਾਈ ਸਕੂਲ

ਆਲਮਪੁਰ ਵਿੱਚ ਮੌਲਵੀ ਸਾਹਿਬ ਦੇ ਨਾਂ ਤੇ ਲਾਇਬ੍ਰੇਰੀ ਵੀ ਸਥਾਪਿਤ ਹੋ ਚੁੱਕੀ ਹੈ। ਸਕੂਲ ਦੀ ਇਮਾਰਤ ਤੇ ਲਾਇਬ੍ਰੇਰੀ ਦੇ ਇਸ ਕਾਰਜ ਵਿਚ ਕੈਨੇਡਾ ਵਿਚ ਜਾ ਵਸੇ ਪਿੰਡ ਆਲਮਪੁਰ ਦੇ ਗਿਆਨੀ ਦਰਬਾਰਾ ਸਿੰਘ ਸਹਿਯੋਗ ਦੇ ਰਹੇ ਹਨ। ਆਲਮਪੁਰ ਦੇ ਸਰਪੰਚ ਤੇ ਪਤਵੰਤੇ ਸੱਜਣ ਸਾਂਝੀਵਾਲਤਾ ਦੀ ਭਾਵਨਾ ਰੱਖਦੇ ਹਨ। ਆਲਮਪੁਰ ਜ਼ਿਲ੍ਹਾ ਹੁਸ਼ਿਆਰਪੁਰ ਇੰਡੀਆ ਵਿਖੇ 10 ਹਾੜ ਨੂੰ ਮੌਲਵੀ ਸਾਹਿਬ ਦੇ ਮਜ਼ਾਰ 'ਤੇ ਮੇਲਾ (ਉਰਸ) ਲਗਦਾ ਹੈ। ਇਸ ਮੌਕੇ ਤੇ ਵੱਖ ਵੱਖ ਧਰਮਾਂ ਨਾਲ ਸਬੰਧ ਰੱਖਣ ਵਾਲੇ ਲੋਕ ਇਕੱਠੇ ਹੋ ਕੇ ਉੱਘੇ ਸੂਫ਼ੀ ਕਵੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ ਅਤੇ ਉੱਥੋਂ ਦੀਆਂ ਮਹੱਤਵਪੂਰਨ, ਸਾਹਿਤਕ ਅਤੇ ਵਿਦਵਾਨ ਸ਼ਖ਼ਸੀਅਤਾਂ ਨੂੰ ਉਹਨਾਂ ਦੀਆਂ ਸਾਹਿਤਕ ਸੇਵਾਵਾਂ ਬਦਲੇ ਮੌਲਵੀ ਗ਼ੁਲਾਮ ਰਸੂਲ ਦੇ ਨਾਂ ਤੇ ਇਨਾਮ ਦਿੱਤੇ ਜਾਂਦੇ ਹਨ। 20 ਅਪ੍ਰੈਲ 2007 ਨੂੰ ਜਦੋਂ ਲੇਖਕ ਮੌਲਵੀ ਸਾਹਿਬ ਦੇ ਪਵਿੱਤਰ ਮਜ਼ਾਰ ਤੇ ਪਹੁੰਚਿਆ ਤਾਂ ਅਗਾਂਹ ਸਮੇਂ ਵਿੱਚ ਆਉਣ ਵਾਲੇ ਮੇਲੇ ਲਈ 7 ਮਾਰਚ ਮੁਤਾਬਿਕ 24 ਫੱਗਣ ਦੀ ਮਿਤੀ ਮੁਕੱਰਰ ਕੀਤੀ। ਇਹ ਮੌਲਵੀ ਸਾਹਿਬ ਦੇ ਵਿਛੋੜੇ ਦਾ ਦਿਨ ਹੈ।

5) ਮੌਲਵੀ ਸਾਹਿਬ ਉੱਚ ਦਰਜੇ ਦੇ ਵੈਦ ਵੀ ਸਨ। ਆਪ ਜੀ ਨੇ ਆਪਣੇ ਘਰ ਦੇ ਨੇੜੇ ਇਕ ਮਸੀਤ ਬਣਵਾਈ ਜਿੱਥੇ ਆਪ ਦੀ ਨਿਗਰਾਨੀ ਹੇਠ ਪਾਠਸ਼ਾਲਾ ਵਿੱਚ ਲਗਭਗ 40 ਸ਼ਾਗਿਰਦ ਦੂਰ ਦੁਰਾਡੇ ਇਲਾਕਿਆਂ ਤੋਂ ਆ ਕੇ ਵਿੱਦਿਆ ਪ੍ਰਾਪਤ ਕਰਦੇ ਸਨ। ਮੌਲਵੀ ਸਾਹਿਬ ਉਹਨਾਂ ਵਿਦਿਆਰਥੀਆਂ ਨੂੰ ਧਾਰਮਿਕ ਵਿੱਦਿਆ ਦੇ ਨਾਲ ਨਾਲ ਹਿਕਮਤ, ਉਰਦੂ ਅਤੇ ਫ਼ਾਰਸੀ ਦੀ ਮੁਫ਼ਤ ਸਿੱਖਿਆ ਵੀ ਦਿੰਦੇ ਸਨ।

6) ਸੱਯਦ ਰੌਸ਼ਨ ਅਲੀ ਜਿਨ੍ਹਾਂ ਨੂੰ ਮੌਲਵੀ ਸਾਹਿਬ ਨੇ ਕਾਵਿਕ ਚਿੱਠੀਆਂ ਲਿਖੀਆਂ ਹਨ, ਉਹਨਾਂ ਵਿੱਚ ਇਕ ਪੰਕਤੀ (ਮਿਸਰਾ) ਕਾਰਣ ਕਈ ਲੋਕਾਂ ਨੂੰ ਭੁਲੇਖਾ ਪੈ ਜਾਂਦਾ ਹੈ ਕਿ ਸੱਯਦ ਰੌਸ਼ਨ ਅਲੀ ਪਟਵਾਰੀ ਸਨ ਜਦੋਂ ਕਿ ਮੌਲਵੀ ਸਾਹਿਬ ਨੇ ਇਹ ਪੰਕਤੀ ਮੁਹਾਵਰੇ ਦੇ ਤੌਰ ਤੇ ਲਿਖੀ ਹੈ:-

***"ਜੇ ਤੂੰ ਮਾਲਵਾ ਚਾਰ ਦਿਨ ਛੱਡ ਆਵੇਂ ਤੇਰੀ ਜਾਵਣੀ ਖੁੱਸ ਪਟਵਾਰ ਨਾਹੀ"***

ਮੈਨੂੰ ਖ਼ਾਨਦਾਨੀ ਤੌਰ ਤੇ ਵੀ ਇਹ ਪੂਰੀ ਜਾਣਕਾਰੀ ਹੈ ਅਤੇ ਸੱਯਦ ਰੌਸ਼ਨ ਅਲੀ ਦੇ ਪੋਤੇ ਸੱਯਦ ਜ਼ਮੀਰ ਹੁਸੈਨ ਸ਼ਾਹ ਜੋ ਇਸ ਵੇਲੇ 2006 ਈ. ਵਿੱਚ 85 ਸਾਲ ਦੇ ਹੋ ਚੁੱਕੇ ਹਨ ਅਤੇ ਫੋਰਟ ਅੱਬਾਸ ਵਿੱਚ ਰਹਿ ਰਹੇ ਹਨ, ਉਹ ਵੀ ਮੇਰੀ ਗੱਲ ਦੀ ਤਸਦੀਕ ਕਰਦੇ ਹਨ ਕਿ ਸੱਯਦ ਰੌਸ਼ਨ ਅਲੀ ਪਟਵਾਰੀ ਨਹੀਂ ਸਨ ਅਤੇ ਉਹਨਾਂ ਦਾ ਇਕ ਹੀ ਵਿਆਹ ਹੋਇਆ ਸੀ ਜੋ ਮੌਲਵੀ ਸਾਹਿਬ ਦੇ ਰਾਹੀਂ ਇਕ ਪ੍ਰਸਿੱਧ ਪਠਾਣ ਘਰਾਣੇ ਵਿੱਚ ਹੋਇਆ ਸੀ। ਸੱਯਦ ਰੌਸ਼ਨ ਅਲੀ ਦੇ ਪੋਤੇ ਰਸ਼ੀਦ ਮੁਹੰਮਦ ਸ਼ਾਹ ਅਤੇ ਸੱਯਦ ਜ਼ਮੀਰ ਹੁਸੈਨ ਸ਼ਾਹ ਦੋਵੇਂ ਭਰਾਵਾਂ ਦੇ ਕਥਨ ਅਨੁਸਾਰ ਸੱਯਦ ਰੌਸ਼ਨ ਅਲੀ ਵਿਆਹ ਤੋਂ ਬਾਅਦ ਰਿਆਸਤ ਨਾਭਾ ਦੇ ਪਿੰਡ ਗੋਬਿੰਦ ਗੜ੍ਹ ਉਰਫ਼ ਦਬੜੀਖ਼ਾਨਾ ਚਲੇ ਗਏ ਅਤੇ ਉੱਥੇ ਹੀ ਰਹਿਣ ਲੱਗੇ। ਉੱਥੇ ਸੱਯਦ ਰੌਸ਼ਨ ਅਲੀ ਹਿਕਮਤ (ਇਲਾਜ) ਅਤੇ ਇਮਾਮਤ (ਨਮਾਜ਼ ਪੜ੍ਹਾਉਣ) ਦਾ ਕੰਮ ਕਰਦੇ ਸਨ। ਮੌਲਵੀ ਸਾਹਿਬ ਦੀ ਵਫ਼ਾਤ ਸਮੇਂ ਹੀ ਸੱਯਦ ਰੌਸ਼ਨ ਅਲੀ ਦਬੜੀਖ਼ਾਨਾ ਤੋਂ ਜੈਤੋਂ ਮੰਡੀ ਜਾ ਰਹੇ ਸਨ ਜੋ ਦਬੜੀਖ਼ਾਨਾ ਤੋਂ ਲਗਭਗ 3 ਮੀਲ ਦੀ ਦੂਰੀ ਤੇ ਸੀ. ਉੱਥੇ ਹੀ ਰਸਤੇ ਵਿੱਚ



ਆਪ ਨੂੰ ਰੂਹਾਨੀ ਤੌਰ ਤੇ ਮੌਲਵੀ ਸਾਹਿਬ ਦੀ ਮੌਤ ਦਾ ਸੰਦੇਸ਼ ਮਿਲ ਗਿਆ ਜਦੋਂ ਕਿ ਆਲਮਪੁਰ ਤੋਂ ਜੈਤੋਂ ਮੰਡੀ ਜਾਂ ਦਬੜੀਖ਼ਾਨਾ ਲਗਭਗ 100 ਮੀਲ ਦੀ ਦੂਰੀ ਤੋਂ ਜ਼ਿਆਦਾ ਹੈ। ਉਥੋਂ ਹੀ ਸੱਯਦ ਰੌਸ਼ਨ ਅਲੀ ਆਲਮਪੁਰ ਵੱਲ ਰਵਾਨਾ ਹੋ ਗਏ। ਜਦੋਂ ਉਹ ਆਲਮਪੁਰ ਪਹੁੰਚੇ ਤਾਂ ਜਨਾਜ਼ਾ ਤਿਆਰ ਸੀ। ਹੈਰਾਨੀ ਦੀ ਗੱਲ ਹੈ ਕਿ ਇੰਨਾ ਲੰਬਾ ਸਫ਼ਰ ਇੰਨੀ ਛੇਤੀ ਕਿਵੇਂ ਤੈਅ ਹੋ ਗਿਆ। ਯਕੀਨੀ ਤੌਰ ਤੇ ਇਹ ਸਭ ਰੂਹਾਨੀ ਤਾਕਤ ਦੇ ਜ਼ਰੀਏ ਹੀ ਸੰਭਵ ਹੋ ਸਕਦਾ ਹੈ। ਸੱਯਦ ਰੌਸ਼ਨ ਅਲੀ ਦਾ ਲਗਭਗ 1906 ਈ. ਵਿੱਚ ਦੇਹਾਂਤ ਹੋ ਗਿਆ।

7) ਰਸ਼ੀਦ ਮੁਹੰਮਦ ਸ਼ਾਹ ਕਹਿੰਦੇ ਹਨ ਕਿ ਮੌਲਵੀ ਅਮੀਰਉੱਦੀਨ ਜਲਾਲਾਬਾਦੀ ਉਹਨਾਂ ਦੇ ਪਿਤਾ ਸੱਯਦ ਅਨਾਇਤ ਸ਼ਾਹ ਦੇ ਸ਼ਾਗਿਰਦ ਸਨ। ਮੌਲਵੀ ਅਮੀਰਉੱਦੀਨ ਜਲਾਲਾਬਾਦੀ, ਸੱਯਦ ਅਨਾਇਤ ਸ਼ਾਹ ਤੋਂ ਮੁੱਢਲੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਅਗਲੇਰੀ ਵਿੱਦਿਆ ਲਈ ਲੁਧਿਆਣਾ ਚਲਾ ਗਿਆ ਅਤੇ ਉੱਥੋਂ ਸਿੱਖਿਆ ਪ੍ਰਾਪਤ ਕੀਤੀ। ਪ੍ਰੰਤੂ ਸੱਯਦ ਅਨਾਇਤ ਸ਼ਾਹ ਦੇ ਘਰ ਉਸ ਦਾ ਆਉਣਾ ਜਾਣਾ ਰਿਹਾ। ਉਹ ਬੜਾ ਮਸ਼ਹੂਰ ਧਾਰਮਿਕ ਵਕਤਾ ਸੀ। ਹਜ਼ਰਤ ਮੌਲਵੀ ਗ਼ੁਲਾਮ ਰਸੂਲ ਦੀਆਂ ਲਿਖੀਆਂ ਹੋਈਆਂ ਚਿੱਠੀਆਂ ਜੋ ਕਿ ਸੱਯਦ ਅਨਾਇਤ ਸ਼ਾਹ ਕੋਲ ਮੌਜੂਦ ਸਨ, ਉਹਨਾਂ ਨੂੰ ਮੌਲਵੀ ਅਮੀਰਉੱਦੀਨ ਲੈ ਗਿਆ ਅਤੇ ਆਪਣੇ ਧਾਰਮਿਕ ਉਪਦੇਸ਼ ਦੌਰਾਨ ਉਹ ਇਨ੍ਹਾਂ ਨੂੰ ਪੜ੍ਹ ਕੇ ਲੋਕਾਂ ਨੂੰ ਪ੍ਰਭਾਵਿਤ ਕਰਦਾ ਸੀ।

8) ਫ਼ਖ਼ਰ ਆਲਮ ਜੋ ਕਿ ਸੱਯਦ ਸਰਦਾਰ ਅਹਿਮਦ ਦੇ ਮੁਰੀਦ ਸਨ, ਉਹਨਾਂ ਦੇ ਭਾਣਜੇ ਮੁਹੰਮਦ ਸਲੀਮ ਜਿਨ੍ਹਾਂ ਦੀ ਰਿਹਾਇਸ਼ ਪੀਪਲਜ਼ ਕਲੋਨੀ ਫ਼ੈਸਲਾਬਾਦ ਵਿੱਚ ਹੈ, ਉਹਨਾਂ ਦੇ ਕਥਨ ਅਨੁਸਾਰ "ਮੌਲਵੀ ਸਾਹਿਬ ਦੇ ਇਕ ਸ਼ਾਗਿਰਦ ਸੱਯਦ ਸਰਦਾਰ ਅਹਿਮਦ ਵੀ ਸਨ ਜੋ ਪਿੰਡ ਬੀਰਮਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਪੁਰ ਦੇ ਰਹਿਣ ਵਾਲੇ ਸਨ। ਉਹ ਮੌਲਵੀ ਸਾਹਿਬ ਕੋਲ ਹਕੀਮੀ ਦੇ ਨਾਲ ਨਾਲ ਧਾਰਮਿਕ ਅਤੇ ਸੰਸਾਰਕ ਵਿੱਦਿਆ ਪ੍ਰਾਪਤ ਕਰਦੇ ਸਨ ਜਦੋ ਕਿ 'ਅਹਸਨਲ ਕਸਸ' ਦੇ ਕਾਤਬ ਵੀ ਮੌਲਵੀ ਸਾਹਿਬ ਦੇ ਇਹੀ ਸ਼ਾਗਿਰਦ ਸੱਯਦ ਸਰਦਾਰ ਅਹਿਮਦ ਹੀ ਸਨ। ਉਹ ਦੱਸਦੇ ਸਨ ਕਿ ਮੌਲਵੀ ਸਾਹਿਬ ਨੇ ਕਦੇ ਇਕ ਜਾਂ ਅੱਧਾ ਕਾਵਿਕ ਮਿਸਰਾ ਨਹੀਂ ਲਿਖਵਾਇਆ ਸੀ। ਹਮੇਸ਼ਾ ਪੂਰਾ ਸ਼ਿਅਰ ਹੀ ਲਿਖਵਾਉਂਦੇ ਸਨ ਅਤੇ ਬਾਅਦ ਵਿੱਚ ਕਦੇ ਇਸ ਨੂੰ ਠੀਕ ਕਰਨ ਦੀ ਲੋੜ ਨਹੀਂ ਪਈ ਕਿਉਂਕਿ ਇਹ ਹੁੰਦਾ ਹੀ ਠੀਕ ਸੀ।

9) ਮੌਲਵੀ ਸਾਹਿਬ ਦੇ ਪਿਤਾ ਜੀ ਕਿਸੇ ਮਸੀਤ ਦੇ ਇਮਾਮ ਨਹੀਂ ਸਨ। ਕੁਝ ਲੇਖਕਾਂ ਨੇ ਬਿਨ੍ਹਾਂ ਖੋਜ ਦੇ ਉਹਨਾਂ ਨੂੰ ਮਸੀਤ ਦਾ ਇਮਾਮ ਲਿਖਿਆ ਹੈ ਜੋ ਠੀਕ ਨਹੀਂ ਹੈ। ਉਹ ਇਕ ਨੇਕ ਦਿਲ ਇਨਸਾਨ ਸਨ ਅਤੇ ਉਹਨਾਂ ਦਾ ਖ਼ਾਨਦਾਨੀ ਪੇਸ਼ਾ ਜ਼ਿਮੀਂਦਾਰਾ ਸੀ।

10) ਸਿਲੇਬਸ ਦੀਆਂ ਪੁਸਤਕਾਂ ਅਤੇ ਦੂਜੀਆਂ ਹੋਰ ਖੋਜ ਦੀਆਂ ਪੁਸਤਕਾਂ ਵਿੱਚ ਵੱਖੋ ਵੱਖਰੇ ਸਾਥੀਆਂ ਨੇ ਬਿਨ੍ਹਾਂ ਕਿਸੇ ਖੋਜ ਦੇ ਆਪਣੇ ਢੰਗ ਨਾਲ ਮੌਲਵੀ ਸਾਹਿਬ ਦੇ ਸਿਲਸਿਲਾ-ਏ-ਤਰੀਕਤ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਕਿਸੇ ਨੇ ਲਿਖਿਆ ਹੈ ਕਿ ਆਪ ਜੀ ਨੇ ਚਿਸ਼ਤੀਆ ਸੰਪਰਦਾਇ ਵਿੱਚ ਬੈਤ ਕੀਤੀ ਅਤੇ ਕਿਸੇ ਨੇ ਲਿਖਿਆ ਹੈ ਕਿ ਆਪ ਜੀ ਦਾ ਸਬੰਧ ਨਕਸ਼ਬੰਦੀ ਸੰਪਰਦਾਇ ਨਾਲ ਸੀ ਪ੍ਰੰਤੂ ਮੇਰੇ ਕੋਲ ਕੋਈ ਦਲੀਲ, ਸਬੂਤ

ਅਤੇ ਪ੍ਰਮਾਣ ਨਹੀਂ ਸੀ ਪਰ ਫੇਰ ਵੀ ਇਸ ਗੱਲ ਦਾ ਵਰਣਨ ਕਰਦਾ ਸੀ ਕਿ ਮੌਲਵੀ ਸਾਹਿਬ ਬਾਹਰੀ ਤੌਰ ਤੇ ਕਿਸੇ ਵੀ ਸਿਲਸਿਲੇ ਨਾਲ ਨਹੀਂ ਜੁੜੇ ਹੋਏ ਸਨ। ਇਹ ਗੱਲ ਆਪ ਦੇ ਵਿਛੋੜੇ ਤੋਂ ਲੈ ਕੇ ਅੱਜ ਤਕ ਭਾਵ ਲਗ ਭਗ 117 ਸਾਲ ਤਕ ਭੇਦ ਬਣੀ ਰਹੀ। ਪ੍ਰੰਤੂ ਮਾਰਚ 2009 ਈ. ਵਿੱਚ ਮੌਲਵੀ ਸਾਹਿਬ ਦੇ ਹੱਥ ਨਾਲ ਲਿਖਿਆ ਹੋਇਆ ਤਰੀਕਤ ਦਾ ਕਾਵਿਕ ਕੁਰਸੀਨਾਮਾ ਸੱਯਦ ਨਜਮਉੱਦੀਨ ਦੇ ਪੜਪੋਤੇ ਸੱਯਦ ਜ਼ੁਬੈਰ ਰਸੂਲ ਅਤੇ ਡਾਕਟਰ ਓਬੈਸ ਰਸੂਲ ਤੋਂ ਮੈਨੂੰ ਮਿਲ ਗਿਆ ਹੈ। ਇਹ ਤਰੀਕਤ ਦਾ ਕੁਰਸੀਨਾਮਾ ਤਿੰਨ ਭਾਸ਼ਾਵਾਂ ਉਰਦੂ, ਫ਼ਾਰਸੀ ਅਤੇ ਪੰਜਾਬੀ ਵਿੱਚ ਲਿਖਿਆ ਹੋਇਆ ਹੈ ਅਤੇ ਇਹ ਕੁਰਸੀਨਾਮਾ ਮੌਲਵੀ ਸਾਹਿਬ ਨੇ 14 ਸਾਲ ਦੀ ਉਮਰ ਵਿੱਚ ਸੱਯਦ ਨਜਮਉੱਦੀਨ ਦੇ ਕਹਿਣ ਤੇ ਲਿਖਿਆ ਹੈ। ਮੌਲਵੀ ਸਾਹਿਬ ਫ਼ਰਮਾਉਂਦੇ ਹਨ:-

ਬਾਅਜ ਅਜ਼ੀਜ਼ ਕੀਤਾ ਈਮਾ ਇਹ ਸ਼ਜਰਾ ਮਨਜ਼ੂਮ ਬਨਾ
ਅਮਰ ਕੀਤਾ ਫ਼ਿਲਹਾਲ ਅਦਾ ਦਮ ਭਰ ਦਾ ਨਹੀਂ ਵਸਾ
ਯਾ ਰੱਬ ਤੇਰਾ ਅਬਦ ਜਹੂਲ ਆਲਮਪੁਰੀ ਗ਼ੁਲਾਮ ਰਸੂਲ
ਕਰਦਾ ਅਰਜ਼ ਕਰੀਂ ਮਕਬੂਲ ਰਖ ਸੰਭਾਲ ਨਜ਼ਾ ਦੇ ਸਾਹ
ਲਾਇਲਾਹਾ ਇਲੱਲਾਹ।

ਅਰਥ: ਮੌਲਵੀ ਗ਼ੁਲਾਮ ਸਾਹਿਬ ਫ਼ਰਮਾਉਂਦੇ ਹਨ ਕਿ ਕੁਝ ਦੋਸਤਾਂ ਨੇ ਕਿਹਾ ਕਿ ਮੈਂ ਇਹ ਕੁਰਸੀਨਾਮਾ ਲਿਖਾਂ। ਇਸ ਲਈ ਮੈਂ ਇਹ ਹੁਕਮ ਪੂਰਾ ਕਰ ਦਿੱਤਾ ਕਿਉਂਕਿ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ। ਮੌਲਵੀ ਸਾਹਿਬ ਬੜੀ ਨਿਮਰਤਾ ਨਾਲ ਰੱਬ ਅੱਗੇ ਅਰਦਾਸ ਕਰਦੇ ਹਨ ਕਿ ਹੇ ਅੱਲ੍ਹਾ! ਤੇਰਾ ਜਾਹਲ ਬੰਦਾ ਗ਼ੁਲਾਮ ਰਸੂਲ ਆਲਮਪੁਰੀ ਬੇਨਤੀ ਕਰਦਾ ਹੈ ਕਿ ਤੂੰ ਮੇਰੀ ਇਹ ਬੇਨਤੀ ਕਬੂਲ ਕਰ ਕਿ ਦਮ ਨਿਕਲਣ ਸਮੇਂ ਆਪਣੇ ਦਰਬਾਰ (ਬਾਰਗਾਹ) ਵਿੱਚ ਕਬੂਲ ਕਰਨ ਦੀ ਮਿਹਰ ਕਰਨਾ।

ਹੁਣ ਮੇਰੇ ਕੋਲ ਕੁਰਸੀਨਾਮਾ ਦੇ ਰੂਪ ਵਿੱਚ ਪ੍ਰਮਾਣ ਮੌਜੂਦ ਹੈ ਅਤੇ ਇਸ ਕੁਰਸੀਨਾਮੇ ਤੋਂ ਪਤਾ ਲਗਦਾ ਹੈ ਕਿ ਆਪ ਜੀ ਦਾ ਸਬੰਧ ਕਾਦਰੀਆ ਸੰਪਰਦਾਇ ਨਾਲ ਸੀ। ਪ੍ਰੰਤੂ ਮੈਂ ਤਰੀਕਤ ਦੇ ਇਸ ਕੁਰਸੀਨਾਮੇ ਨੂੰ ਪ੍ਰਕਾਸ਼ਿਤ ਕਰਕੇ ਲੋਕਾਂ ਤੱਕ ਪਹੁੰਚਾ ਰਿਹਾ ਹਾਂ ਅਤੇ ਇਹ ਗੱਲ ਮੈਂ ਖੋਜਕਾਰਾਂ ਤੇ ਛੱਡਦਾ ਹਾਂ ਕਿ ਮੌਲਵੀ ਸਾਹਿਬ ਦਾ ਸਿਲਸਿਲਾ-ਏ-ਤਰੀਕਤ ਕੀ ਸੀ ਅਤੇ ਬਾਹਰੀ ਰੂਪ ਵਿੱਚ ਕਿਸ ਵਿਅਕਤੀ ਨਾਲ ਬੈਤ ਕੀਤੀ ਸੀ। ਇਹ ਵੀ ਸੱਚ ਹੈ ਕਿ ਆਪ ਜੀ ਜਨਮ ਤੋਂ ਹੀ ਅੱਲ੍ਹਾ ਦੇ ਵਲੀ ਅਤੇ ਰੱਬ ਵੱਲੋਂ ਬਖ਼ਸ਼ੇ ਹੋਏ ਕਵੀ ਸਨ। ਮੌਲਵੀ ਸਾਹਿਬ 'ਅਹਸਨੁਲ ਕਸਸ' ਵਿੱਚ ਲਿਖਦੇ ਹਨ:-

*ਇਸ਼ਕ ਕਰਮ ਦਾ ਕਤਰਾ ਅਜ਼ਲੀ ਤੈਂ ਮੈਂ ਦੇ ਵਸ ਨਾਹੀਂ*
*ਇਕਨਾਂ ਲਭਦਿਆਂ ਹਥ ਨਾ ਆਵੇ ਇਕਨਾਂ ਦੇ ਵਿੱਚ ਰਾਹੀਂ*
*ਇਕਨਾਂ ਖਪਦਿਆਂ ਉਮਰ ਗਵਾਈ ਪੱਲੇ ਪਿਆ ਨਾ ਕਾਈ*
*ਇਕਨਾਂ ਹੋਸ਼ ਜਦੋਂ ਦੀ ਆਈ ਇਹ ਨਿਆਮਤ ਘਰ ਪਾਈ* (7)

ਅਰਥ: ਫ਼ਰਮਾਉਂਦੇ ਹਨ ਕਿ ਰੱਬ ਦੀ ਬਖ਼ਸ਼ਿਸ਼ ਉਸ ਦੀ ਮਿਹਰ ਦੀ ਸਦੀਵੀ ਬੂੰਦ ਹੈ, ਹੇ ਮਨੁੱਖ ਜੋ ਕਿ ਤੇਰੇ ਅਤੇ ਮੇਰੇ ਵਸ ਦੀ ਗੱਲ ਨਹੀਂ। ਕੁੱਝ ਲੋਕਾਂ ਨੂੰ ਲੱਭਣ ਨਾਲ ਵੀ ਨਹੀਂ



ਮਿਲਦਾ ਅਤੇ ਕੁਝ ਲੋਕਾਂ ਨੂੰ ਬਿਨ੍ਹਾਂ ਤਲਾਸ਼ ਕਰਨ ਦੇ ਸਭ ਕੁੱਝ ਮਿਲ ਜਾਂਦਾ ਹੈ। ਕੁੱਝ ਮਿਹਨਤ ਕਰਨ ਦੇ ਬਾਵਜੂਦ ਸਾਰੀ ਜ਼ਿੰਦਗੀ ਕੁੱਝ ਪ੍ਰਾਪਤ ਕੀਤੇ ਬਿਨ੍ਹਾਂ ਲੰਘਾ ਦਿੰਦੇ ਹਨ ਪ੍ਰੰਤੂ ਕੁੱਝ ਲੋਕਾਂ ਨੂੰ ਜਨਮ ਤੋਂ ਹੀ ਇਹ ਦਾਤ ਬਖ਼ਸ਼ ਦਿੱਤੀ ਜਾਂਦੀ ਹੈ।

ਮੈਂ ਹਮੇਸ਼ਾ ਇਮਾਨਦਾਰੀ ਨਾਲ ਸੱਚੀ ਗੱਲ ਕੀਤੀ ਹੈ ਅਤੇ ਸੱਚੀ ਗੱਲ ਨੂੰ ਸੱਚੇ ਦਿਲ ਨਾਲ ਪ੍ਰਵਾਨ ਕੀਤਾ ਹੈ। ਮੈਂ ਸਮਝਦਾ ਹਾਂ ਕਿ ਕਿਸੇ ਵੀ ਇਤਿਹਾਸਿਕ ਵਿਅਕਤੀ ਬਾਰੇ ਕੁੱਝ ਲਿਖਣ ਤੋਂ ਪਹਿਲਾਂ ਪੂਰੀ ਜ਼ਿੰਮੇਦਾਰੀ, ਖੋਜ ਅਤੇ ਸਾਵਧਾਨੀ ਨਾਲ ਜਾਣਕਾਰੀ ਇਕੱਠੀ ਕਰਨੀ ਚਾਹੀਦੀ ਹੈ ਜਿਸ ਵਿੱਚ ਨਿੱਜੀ ਇੱਛਾਵਾਂ ਨਾ ਸ਼ਾਮਲ ਹੋਣ ਤਾਂ ਕਿ ਆਉਣ ਵਾਲੀਆਂ ਨਸਲਾਂ ਤੱਕ ਸਹੀ, ਪ੍ਰਮਾਣਿਤ ਅਤੇ ਲਾਹੇਵੰਦ ਜਾਣਕਾਰੀ ਪਹੁੰਚ ਸਕੇ। ਇਸ ਲਈ ਇਤਿਹਾਸ ਲਿਖਣ ਲਈ ਵਿਸ਼ਾਲ ਅਤੇ ਸੂਝਵਾਨ ਜ਼ਿਹਨ ਦੀ ਲੋੜ ਹੈ ਅਤੇ ਇਹ ਕੰਮ ਬਹੁਤ ਹੀ ਜ਼ਿੰਮੇਦਾਰੀ ਅਤੇ ਈਮਾਨਦਾਰੀ ਨਾਲ ਕਰਨਾ ਚਾਹੀਦਾ ਹੈ।

11) ਭਾਰਤ ਵਿੱਚ ਮੌਲਵੀ ਸਾਹਿਬ ਦੀ 'ਅਹਸਨਲ ਕਸਸ', 'ਦਾਸਤਾਨ ਅਮੀਰ ਹਮਜ਼ਾ' ਅਤੇ 'ਚਿੱਠੀਆਂ' ਦਾ ਬਹੁਤ ਸਾਲ ਪਹਿਲਾਂ ਗੁਰਮੁਖੀ ਲਿਪੀ ਵਿੱਚ ਅਨੁਵਾਦ ਵੀ ਹੋ ਚੁੱਕਿਆ ਹੈ ਜੋ ਕਿ ਮੇਰੇ ਕੋਲ ਮੌਜੂਦ ਹੈ ਅਤੇ ਡਾਕਟਰ ਉੱਤਮ ਸਿੰਘ ਭਾਟੀਆ ਦਾ ਲਿਖਿਆ ਹੋਇਆ ਪੀ. ਐਚ. ਡੀ. ਥੀਸਿਜ਼, ਜਿਸ ਨੂੰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ (ਭਾਰਤ) ਨੇ ਪ੍ਰਕਾਸ਼ਿਤ ਕੀਤਾ ਹੈ, ਉਹ ਵੀ ਮੇਰੇ ਕੋਲ ਮੌਜੂਦ ਹੈ। ਪਾਕਿਸਤਾਨ ਵਿੱਚ ਵੀ ਹਰੇਕ ਵਰ੍ਹੇ ਆਪ ਜੀ ਦੀ ਯਾਦ ਵਿੱਚ ਮੇਲਾ ਅਤੇ ਦੂਜੇ ਸਮਾਰੋਹ ਆਯੋਜਤ ਕੀਤੇ ਜਾਂਦੇ ਹਨ। ਲੇਖਕ ਨੇ 30 ਨਵੰਬਰ 1990 ਈ. ਨੂੰ ਅਕੈਡਮੀ ਦੀ ਨੀਂਹ ਰੱਖੀ। ਇਸ ਸਬੰਧ ਵਿੱਚ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਕੈਡਮੀ (ਰਜਿ.) ਇਕ ਮਹੱਤਵਪੂਰਨ ਰੋਲ ਅਦਾ ਕਰ ਰਹੀ ਹੈ ਜਦੋਂ ਕਿ ਅਕੈਡਮੀ ਵੱਲੋਂ ਲੇਖਕ ਨੇ ਮੌਲਵੀ ਸਾਹਿਬ ਦੇ ਜੀਵਨ ਅਤੇ ਕਲਾਮ ਦੇ ਬਾਰੇ ਲਗਭਗ 200 ਪੰਨਿਆਂ ਤੇ ਅਧਾਰਿਤ ਇਕ ਵੈੱਬਸਾਈਟ 2004 ਈ. ਵਿੱਚ ਤਿਆਰ ਕਰਵਾ ਕੇ ਜਾਰੀ ਕੀਤੀ ਹੈ। ਵੈੱਬਸਾਈਟ ਵਿੱਚ ਮੌਲਵੀ ਸਾਹਿਬ ਬਾਰੇ ਸਹੀ ਜਾਣਕਾਰੀ, ਉਹਨਾਂ ਦੀਆਂ ਸਾਰੀਆਂ ਰਚਨਾਵਾਂ ਅਤੇ ਮੌਲਵੀ ਸਾਹਿਬ ਦੇ ਜੀਵਨ ਅਤੇ ਫ਼ਿਕਰ-ਓ-ਫ਼ਨ (ਚਿੰਤਨ ਅਤੇ ਕਲਾ) ਉਪਰ ਲਿਖੇ ਗਏ ਉਰਦੂ, ਪੰਜਾਬੀ ਅਤੇ ਅੰਗ੍ਰੇਜ਼ੀ ਦੇ ਖੋਜ ਪੇਪਰ ਅਤੇ ਕਵਿਤਾ ਦਾ ਵਿਸਥਾਰ ਪੂਰਵਕ ਜਾਇਜ਼ਾ ਪੇਸ਼ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੌਲਵੀ ਸਾਹਿਬ ਦੇ ਪਵਿੱਤਰ ਮਜ਼ਾਰ ਦੀਆਂ ਫੋਟੋਆਂ, ਮੂਵੀਜ਼ ਅਤੇ ਹੋਰ ਦੂਜੀਆਂ ਫੋਟੋਆਂ ਵੀ ਵੈੱਬਸਾਈਟ ਤੇ ਉਪਲੱਬਧ ਹਨ। ਮਿਤੀ 7 ਮਾਰਚ 2008 ਈ. ਤੋਂ ਅਕੈਡਮੀ ਵੱਲੋਂ ਮੌਲਵੀ ਸਾਹਿਬ ਦੀ ਯਾਦ ਵਿੱਚ ਦੁਨੀਆ ਭਰ ਦੀਆਂ ਚੋਣਵੀਆਂ ਸ਼ਖ਼ਸੀਅਤਾਂ ਨੂੰ ਵਿੱਦਿਅਕ ਅਤੇ ਸਾਹਿਤਕ ਸੇਵਾਵਾਂ ਦੀ ਵਿਲੱਖਣਤਾ ਕਰਕੇ ਇਨਾਮ ਦੇਣ ਅਤੇ ਪ੍ਰਸ਼ੰਸਾ ਪੱਤਰ ਦੇਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਹੈ।

*****

# ਰਿਹਾਇਸ਼ ਦਾ ਵਰਨਣ

ਮੌਲਵੀ ਸਾਹਿਬ ਆਲਮਪੁਰ ਵਿੱਚ ਆਪਣੀ ਰਿਹਾਇਸ਼ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

*ਆਲਮਪੁਰ ਵਿੱਚ ਦੋਸਤੋ ਆਜਿਜ਼ ਦੀ ਗੁਜ਼ਰਾਨ*
*ਸ਼ਰਕ ਨਦੀ ਬਿਆਸ ਥੀਂ ਇਕ ਕੋਹ ਪੰਧ ਇਯਾਨ।(8)*

**ਅਰਥ: ਮੌਲਵੀ** ਸਾਹਿਬ ਆਪਣੀ ਰਿਹਾਇਸ਼ ਦੇ ਬਾਰੇ ਫ਼ਰਮਾਉਂਦੇ ਹਨ ਕਿ ਇਸ ਨਿਮਾਣੇ ਜਿਹੇ ਬੰਦੇ ਦੀ ਆਲਮਪੁਰ ਵਿਖੇ ਰਿਹਾਇਸ਼ ਹੈ ਜਿਸ ਤੋਂ ਇੱਕ ਮੀਲ ਦੀ ਵਿੱਥ ਤੇ ਬਿਆਸ ਦਰਿਆ ਹੈ।

'ਮਾਆਰੀਬੁਲ ਖ਼ਾਸ਼ੀਈਨ' ਵਿੱਚ ਆਪਣੀ ਰਿਹਾਇਸ਼ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:

*"ਅੱਮਾ ਬਾਅਦ ਬੰਦਾ ਜ਼ਲੂਮ-ਓ-ਜਹੂਲ ਅਹਕਰ ਗ਼ੁਲਾਮ ਰਸੂਲ ਅਹਸਨ ਉੱਲਾ ਇਲੈਹ ਬ ਹੁਸਨਲ ਕਬੂਲ ਮੁਤਵੱਤਿਨ ਆਲਮਪੁਰ ਪਹਿਲੇ ਜਨਾਬ ਅਕਦਸ ਰੱਬਾਨੀ ਸੇ ਇਸਤਫ਼ਾਦਾ ਕਰਤਾ ਹੈ ਕਿ ਮਹਿਜ਼ ਅਪਣੇ ਫ਼ਜ਼ਲ ਸੇ ਹਮਕੋ ਅਤਾ ਮੁਰੁਅ ਨੱਨਾਸਾ ਬਿਲ ਬਿੱਰੀ ਵ ਤਨਸੌਨਾ ਅਨਫ਼ੌਸਾਕੁਮ ਕੇ ਖ਼ਿਤਾਬ ਕਾ ਮਿਸਦਾਕ ਨਾ ਬਣਾ ਦੇ।"(9)*

'ਰੂਹੱਤਰਤੀਲ' ਵਿੱਚ ਆਲਮਪੁਰੀ ਹੋਣ ਦਾ ਇਕਰਾਰ ਇਸ ਤਰ੍ਹਾਂ ਕਰਦੇ ਹਨ:-

*ਆਲਮਪੁਰੀ ਗ਼ੁਲਾਮ ਰਸੂਲਾ ਰੱਬ ਥੀਂ ਅਰਜ਼ ਗੁਜ਼ਾਰੀਂ*
*ਖ਼ਤਮ ਰਸੂਲ ਨਬੀ (ਸ.) ਦੀ ਉੱਮਤ ਦੇ ਸੰਗ ਪਾਰ ਉਤਾਰੀਂ(10)*

ਅਰਥ: ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਰੱਬ ਅੱਗੇ ਅਰਜ਼ ਕਰਦਾ ਹੈ ਕਿ ਹੇ ਅੱਲਾ ਤੂੰ ਮੈਨੂੰ ਆਖ਼ਰਤ (ਮਰਨ ਤੋਂ ਬਾਅਦ) ਆਖ਼ਰੀ ਪੈਗੰਬਰ ਹਜ਼ਰਤ ਮੁਹੰਮਦ-ਮੁਸਤਫ਼ਾ (ਸ.) ਦੀ ਉੱਮਤ ਵਿੱਚ ਰੱਖਣਾ।

'ਅਹਸਨੁਲ ਕਸਸ' ਵਿੱਚ ਆਲਮਪੁਰ ਦੇ ਵਾਸੀ ਹੋਣ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਹਨ:-

*ਆਲਮਪੁਰੀ ਗ਼ੁਲਾਮ ਰਸੂਲਾ ਤੇਰੀਆਂ ਅਰਜ਼ ਦੁਆਈਂ*
*ਜੇ ਦਿਲ ਫ਼ਜ਼ਲ ਵਗਣ ਦਿਨ ਰਾਤੀਂ ਸੌ ਖ਼ੁਸ਼ੀਆਂ ਤੁਧ ਤਾਈਂ।*

ਅਰਥ: ਗ਼ੁਲਾਮ ਰਸੂਲ ਆਲਮਪੁਰੀ ਤੇਰੀਆਂ ਇਹ ਅਰਜ਼ਾਂ ਅਤੇ ਦੁਆਵਾਂ ਹਨ ਕਿ ਜੇਕਰ ਅੱਲ੍ਹਾ ਦੀ ਮਿਹਰ ਮਨੁੱਖ ਦੇ ਜੀਵਨ ਵਿੱਚ ਆ ਜਾਵੇ ਤਾਂ ਤੈਨੂੰ ਸੈਂਕੜੇ ਖ਼ੁਸ਼ੀਆਂ ਪ੍ਰਾਪਤ ਹੋ ਜਾਣ।



'ਸ਼ਜਰਾ-ਏ-ਤਰੀਕਤ' ਵਿੱਚ ਆਲਮਪੁਰ ਦਾ ਵਰਨਣ ਇਸ ਤਰ੍ਹਾਂ ਕਰਦੇ ਹਨ:-

*ਯਾ ਰੱਬ ਤੇਰਾ ਅਬਦ ਜਹੂਲ ਆਲਮਪੁਰੀ ਗ਼ੁਲਾਮ ਰਸੂਲ*
*ਕਰਦਾ ਅਰਜ਼ ਕਰੀਂ ਮਕਬੂਲ ਰੱਖ ਸੰਭਾਲ ਨਜ਼ਾ ਦੇ ਸਾਹ*
*ਲਾ ਇਲਾਹਾ ਇੱਲੱਲਾਹ*

'ਸ਼ਜਰਾ-ਏ-ਮੁਸੱਦਸ' ਵਿੱਚ ਆਪਣੇ ਆਲਮਪੁਰੀ ਹੋਣ ਦਾ ਵਰਨਣ ਇਸ ਪ੍ਰਕਾਰ ਕਰਦੇ ਹਨ: -

*ਨਾਲ ਤੁਫ਼ੈਲ ਉਨ੍ਹਾਂ ਦੇ ਸਾਈਆਂ ਪਕੜ ਨਾ ਸਾਨੂੰ ਬਦਲ ਕਮਾਈਆਂ*
*ਜੇ ਅਸੀਂ ਅਜੇ ਨਹੀਂ ਭਰ ਪਾਈਆਂ ਹੁਣ ਮੁੜ ਸਾੜ ਨਾ ਵਿੱਚ ਜੁਦਾਈਆਂ*
*ਬੰਦਾ ਆਲਮਪੁਰੀ ਸਵਾਲੀ ਹਸਬੀ ਰਬੀ ਫ਼ੀ ਕੁਲੀ ਹਾਲੀ।*

*****

# ਬੰਸਾਵਲੀ

ਮੈਂ (ਸਾਹਿਬਜ਼ਾਦਾ ਮਸਊਦ ਅਹਿਮਦ) ਦੱਖਣੀ ਏਸ਼ੀਆ ਦੇ ਉੱਘੇ ਸੂਫ਼ੀ ਕਵੀ ਵਲੀਆਂ ਦੇ ਸਰਦਾਰ, ਆਰਿਫਾਂ ਦੇ ਸੁਲਤਾਨ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾ ਕੁਰਸੀਨਾਮਾ ਸੰਪਾਦਿਤ ਕਰ ਦਿੱਤਾ ਹੈ ਤਾਂ ਕਿ ਖੋਜਕਾਰਾਂ ਦੇ ਲਈ ਗਿਆਨ ਅਤੇ ਸਾਹਿਤ ਪ੍ਰੇਮੀਆਂ ਲਈ ਅਸਾਨੀ ਹੋ ਜਾਵੇ।

ਕੁਰਸੀਨਾਮਾ ਨਿਮਨ ਅਨੁਸਾਰ ਹੈ:-

- ਚੌਧਰੀ ਸੁਲਤਾਨ ਅਲੀ
  - ਚੌਧਰੀ ਮੁਰਾਦ ਬਖ਼ਸ਼
    - ਮੌਲਵੀ ਗ਼ੁਲਾਮ ਰਸੂਲ ਆਲਮਪੁਰੀ
      - ਖ਼ੁਦੀਜਾ ਬੀਬੀ ਪਤਨੀ ਅਬਦੁਲ ਅਜ਼ੀਜ਼
        - ਰਜ਼ੀਆ ਬੇਗ਼ਮ ਪਤਨੀ ਗ਼ੁਲਾਮ ਕਾਦਰ
          - ਸਾਹਿਬਜ਼ਾਦਾ ਮਸਊਦ ਅਹਿਮਦ ਸਜਾਦਾ ਨਸ਼ੀਨ ਬਾਨੀ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਐਕਡਮੀ
        - ਅਬਦੁੱਲ ਰਸ਼ੀਦ, ਮਸਊਦਾ ਬੇਗ਼ਮ, ਸਈਦਾ ਬੇਗ਼ਮ, ਅਬਦੁਲ ਲਤੀਫ਼
      - ਆਇਸ਼ਾ ਬੀਬੀ ਪਤਨੀ ਸੁਲਤਾਨ ਅਲੀ
        - ਗ਼ੁਲਾਮ ਫ਼ਾਤਿਮਾ
        - ਫ਼ਜ਼ਲ ਅਹਿਮਦ



# ਰਚਨਾਵਾਂ

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਸ਼ਖ਼ਸੀਅਤ ਅਤੇ ਕਵਿਤਾ ਉੱਤੇ ਡਾ. ਸਾਦਿਕ ਜੰਜੂਆ ਅਤੇ ਡਾ. ਹਫ਼ੀਜ਼ ਅਹਿਮਦ ਨੇ ਪੀਐੱਚ. ਡੀ. ਕੀਤੀ ਹੈ। ਆਪ ਦਾ ਜ਼ਿਆਦਾਤਰ ਕਲਾਮ (ਕਾਵਿ) ਪੰਜਾਬੀ ਵਿੱਚ ਹੈ ਪ੍ਰੰਤੂ ਆਪ ਨੇ ਬਹੁਤ ਹੀ ਮਹੱਤਵਪੂਰਨ ਕਿਤਾਬਾਂ ਉਰਦੂ, ਫ਼ਾਰਸੀ ਅਤੇ ਅਰਬੀ ਵਿੱਚ ਵੀ ਲਿਖੀਆਂ ਹਨ। ਲੇਖਕ ਨੇ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀਆਂ ਕਿਤਾਬਾਂ ਬਾਰੇ ਤਰਤੀਬਵਾਰ ਮਿਤੀਆਂ ਅਤੇ ਸੰਨ ਦਿੱਤੇ ਹਨ ਕਿ ਉਹਨਾਂ ਨੇ ਕਿਹੜੀ ਪੁਸਤਕ ਕਿਹੜੀ ਮਿਤੀ ਸੰਨ, ਕਿੰਨੀ ਉਮਰ ਅਤੇ ਕਿੰਨੇ ਸਮੇਂ ਵਿੱਚ ਮੁਕੰਮਲ ਕੀਤੀ ਹੈ। ਇਹ ਸਾਰੀ ਜਾਣਕਾਰੀ ਬਿਲਕੁਲ ਸਹੀ ਹੈ, ਕਿਉਂਕਿ ਇਹ ਸਾਰੀ ਜਾਣਕਾਰੀ ਮੌਲਵੀ ਸਾਹਿਬ ਨੇ ਖ਼ੁਦ ਆਪਣੀਆਂ ਕਿਤਾਬਾਂ ਵਿੱਚ ਦਰਜ ਕੀਤੀ ਹੈ। ਮੌਲਵੀ ਸਾਹਿਬ ਦੀਆਂ ਅਣਗਿਣਤ ਕਾਵਿਕ ਜੁਗਤਾਂ ਵਿੱਚੋਂ ਉਹਨਾਂ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਆਪ ਜੀ ਦੀਆਂ ਸਾਰੀਆਂ ਕਿਤਾਬਾਂ ਦੇ ਨਾਂ ਇਸ ਤਰ੍ਹਾਂ ਹਨ ਕਿ ਕਿਸੇ ਵੀ ਕਿਤਾਬ ਦੇ ਨਾਂ ਦੇ ਅੱਖਰਾਂ ਦੀ ਗਿਣਤੀ (ਤਅਦਾਦ) ਕੱਢ ਲਈ ਜਾਵੇ ਤਾਂ ਉਸ ਕਿਤਾਬ ਦੀ ਪ੍ਰਕਾਸ਼ਨਾ ਦਾ ਸਾਲ ਨਿਕਲ ਆਉਂਦਾ ਹੈ। ਫੇਰ ਆਪ ਨੇ ਹਰੇਕ ਕਿਤਾਬ ਵਿੱਚ ਉਸ ਵੇਲੇ ਆਪਣੀ ਉਮਰ, ਉਸ ਦੇ ਪ੍ਰਕਾਸ਼ਨ ਦਾ ਸਾਲ, ਹਿਜਰੀ, ਈਸਵੀ ਅਤੇ ਬਿਕਰਮੀ ਸੰਨ ਵਿੱਚ ਦੇ ਦਿੱਤਾ ਹੈ। ਇਸ ਲਈ ਆਪ ਜੀ ਦੀ ਕਿਤਾਬ ਬਾਰੇ ਕੋਈ ਛੁਪੀ ਹੋਈ ਗੱਲ ਬਾਕੀ ਨਹੀਂ ਰਹਿ ਜਾਂਦੀ ਕਿ ਆਪ ਨੇ ਉਹ ਕਿਤਾਬ ਕਿੰਨੀ ਉਮਰ ਅਤੇ ਕਿਸ ਸੰਨ ਵਿੱਚ ਲਿਖੀ ਹੈ। ਇਸ ਦੇ ਸਬੰਧ ਵਿੱਚ ਹੇਠਾਂ ਮੌਲਵੀ ਸਾਹਿਬ ਦੀਆਂ ਕਿਤਾਬਾਂ ਦੇ ਵਰਨਣ ਲਈ ਮੈਂ ਉਹਨਾਂ ਦੇ ਇਹ ਸ਼ਿਅਰ ਲਿਖ ਰਿਹਾ ਹਾਂ:-

1) ਆਪ ਜੀ ਨੇ ਸਭ ਤੋਂ ਪਹਿਲਾਂ 'ਦਾਸਤਾਨ **ਅਮੀਰ ਹਮਜ਼ਾ**' ਦੀ ਪਹਿਲੀ ਜਿਲਦ ਪੰਦਰਾਂ ਸਾਲ ਦੀ ਉਮਰ ਵਿੱਚ ਲਗਭਗ ਇਕ ਮਹੀਨੇ ਅੰਦਰ 1281 ਹਿਜਰੀ ਮੁਤਾਬਕ 1864 ਈ. ਵਿੱਚ ਮੁਕੰਮਲ ਕੀਤੀ ਜਦੋਂ ਕਿ ਦੂਜੀ ਅਤੇ ਤੀਜੀ ਜਿਲਦ ਦਿਨ ਜੁਮੇਰਾਤ 16 ਮੁਹੱਰਮ 1286 ਹਿਜਰੀ ਮੁਤਾਬਕ 29 ਅਪ੍ਰੈਲ 1869 ਈ. 8 ਬੈਸਾਖ 1926 ਬਿਕਰਮੀ 20 ਸਾਲ ਦੀ ਉਮਰ ਵਿੱਚ 2 ਮਹੀਨੇ ਅੰਦਰ ਮੁਕੰਮਲ ਕੀਤੀ। ਇਸ ਦੇ ਸ਼ਿਅਰਾਂ ਦੀ ਗਿਣਤੀ ਲਗਭਗ 20,000 (ਵੀਹ ਹਜ਼ਾਰ) ਹੈ। 'ਦਾਸਤਾਨ ਅਮੀਰ ਹਮਜ਼ਾ' ਵਿੱਚ ਆਪ ਨੇ ਇਸ ਦਾ ਵਰਨਣ ਇਸ ਤਰ੍ਹਾਂ ਕੀਤਾ ਹੈ:-

*ਗੁਜ਼ਰੀ ਵਰ੍ਹਿਆਂ ਪੰਦਰਾਂ ਉਮਰ ਮੇਰੀ ਇਸ ਰੋਜ਼*
*ਜਾਂ ਭਰਿਆ ਵਿੱਚ ਕਾਗਜ਼ਾਂ ਕਢ ਦਲੀਦੇ ਦਾ ਸੋਜ਼*

*ਅੰਦਰ ਥੋੜ੍ਹੇ ਦਿਨਾਂ ਦੇ ਹੋਇਆ ਸੁਲਸ ਤਿਆਰ*
*ਫੇਰ ਸਬਬ ਤਕਦੀਰ ਦਾ ਗੁਜ਼ਰ ਗਿਆ ਵਿਚਕਾਰ (12)*

ਦਾਸਤਾਨ ਅਮੀਰ ਹਮਜ਼ਾ ਦੀ ਪਹਿਲੀ ਜਿਲਦ ਸੁਲਸ ਭਾਵ ਤੀਜਾ ਭਾਗ ਆਪ ਜੀ ਨੇ 15 ਸਾਲ ਦੀ ਉਮਰ ਵਿਚ ਰਚਿਆ। ਫੇਰ ਕਿਸੇ ਕਾਰਨ ਆਪ ਇਸ ਵੱਲ ਧਿਆਨ ਨਾ ਦੇ ਸਕੇ ਅਤੇ ਜਦੋਂ ਸੰਗੀ ਸਾਥੀਆਂ ਨੇ ਮਜਬੂਰ ਕੀਤਾ ਅਤੇ ਫ਼ਰਮਾਇਸ਼ਾਂ ਕੀਤੀਆਂ ਤਾਂ ਉਸ ਵੇਲੇ ਮੌਲਵੀ ਸਾਹਿਬ ਦੀ ਉਮਰ 20 ਸਾਲ ਦੀ ਹੋ ਗਈ ਸੀ। ਇਸ ਗੱਲ ਦਾ ਵਰਨਣ ਆਪਣੇ ਇਨ੍ਹਾਂ ਸ਼ਿਅਰਾਂ ਵਿੱਚ ਕਰਦੇ ਹਨ:-

*ਜਾਂ ਮੈਂ ਇਸ ਫ਼ਰਮਾਇਸ਼ੋਂ ਮੁੜ ਹੱਥ ਕਲਮ ਲਈ,*
*ਵੀਹ ਬਰਸਾਂ ਥੀ ਤਦਾਂ ਨੂੰ ਉਮਰ ਵਹਾ ਗਈ।*
*ਸ਼ੌਕ ਦਿਲੇ ਨੂੰ ਆਇਆ ਹੁੱਬ ਪਈ ਦਿਲ ਆ,*
*ਦੋ ਮਾਹ ਵਧ ਕੁਝ ਬਾਕੀਓ ਲਈ ਫ਼ਿਰਾਗ਼ਤ ਪਾ।*
*ਪੂਰੀ ਹੋਈ ਦਾਸਤਾਂ ਯਾਰ ਹੂਏ ਸੁਣ ਸ਼ਾਦ*
*ਅੱਜ, ਗ਼ੁਲਾਮ ਰਸੂਲ ਨੂੰ ਕਹੋ ਮੁਬਾਰਕਬਾਦ।*
*ਇਕ ਦਿਨ ਏ ਜਹਾਨ ਥੀਂ ਹੋ ਜਾਣਾ ਬਰਬਾਦ,*
*ਮੇਰੀ ਵਿੱਚ ਜਹਾਨ ਦੇ ਰਹੇ ਨਿਸ਼ਾਨੀ ਯਾਦ।*
*ਲਿਖੀਆਂ ਬੈਤਾਂ ਇਸਦੀਆਂ ਹੋਈਆਂ ਅੱਜ ਸ਼ੁਮਾਰ,*
*ਹੋਰ ਹੁੰਦੀ ਵੱਚ ਸੈਂਕੜੇ ਹੁੰਦੇ ਵੀਹ ਹਜ਼ਾਰ।*
*ਪੂਰੀ ਹੋਈ ਦਾਸਤਾਨ ਜਾਂ ਇਹ ਦਿਲ ਅਫ਼ਰੋਜ਼,*
*ਮਾਹ ਮੁਹੱਰਮ ਸੋਲਵ੍ਹੀਂ ਪੰਜ ਸ਼ੁੰਬਾ ਦਾ ਰੋਜ਼।*
*ਤੇ ਅੱਜ ਹਿਜਰੀ ਸਨ ਹੈ ਦੋ ਸੋ ਇਕ ਹਜ਼ਾਰ,*
*ਹੋਰ ਛਿਆਸੀ ਸਮਝ ਤੂੰ ਆਇਆ ਵਿੱਚ ਸ਼ੁਮਾਰ।*

**ਅਰਥ**: ਫ਼ਰਮਾਉਂਦੇ ਹਨ ਕਿ ਜਦੋਂ ਦੋਸਤਾਂ ਮਿੱਤਰਾਂ ਨੇ ਫ਼ਰਮਾਇਸ਼ਾਂ ਕੀਤੀਆਂ ਅਤੇ ਮੈਂ ਦੁਬਾਰਾ ਲਿਖਣਾ ਸ਼ੁਰੂ ਕੀਤਾ ਤਾਂ ਉਸ ਸਮੇਂ ਮੇਰੀ ਉਮਰ ਵੀਹ ਸਾਲ ਦੀ ਸੀ ਅਤੇ ਦਿਲ ਵਿੱਚ ਸ਼ੌਕ ਅਤੇ ਪਿਆਰ ਆਇਆ ਤਾਂ ਦੋ ਮਹੀਨਿਆਂ ਤੋਂ ਕੁਝ ਸਮਾਂ ਉੱਪਰ ਮੈਂ ਬਾਕੀ ਰਹਿੰਦੀਆਂ ਦੋਵੇਂ ਜਿਲਦਾਂ ਲਿਖ ਦਿੱਤੀਆਂ। ਦਾਸਤਾਨ ਮੁਕੰਮਲ ਹੋ ਗਈ। ਦੋਸਤ ਮਿੱਤਰ ਖੁਸ਼ ਹੋਏ। ਅੱਜ ਗੁਲਾਮ ਰਸੂਲ ਨੂੰ ਇਸ ਕੰਮ 'ਤੇ ਮੁਬਾਰਕਬਾਦ ਕਹੋ। ਇਕ ਦਿਨ ਇਸ ਸੰਸਾਰ ਤੋਂ ਚਲੇ ਜਾਣਾ ਹੈ ਪ੍ਰੰਤੂ ਮੇਰੀ ਇਹ ਨਿਸ਼ਾਨੀ ਦੁਨੀਆ ਤੇ ਯਾਦ ਰਹੇਗੀ। ਇਸ ਦੇ ਸ਼ਿਅਰਾਂ ਦੀ ਗਿਣਤੀ ਵੀਹ ਹਜ਼ਾਰ ਹੈ ਅਤੇ ਜਦੋਂ ਇਹ ਦਾਸਤਾਨ (ਕਿੱਸਾ) ਮੁਕੰਮਲ ਹੋਈ ਉਸ ਸਮੇਂ ਮੁਹੱਰਮ ਦੀ ਸੋਲ੍ਹਾਂ ਮਿਤੀ ਦਿਨ ਜੁਮੇਰਾਤ 1286 ਹਿਜਰੀ ਮੁਤਾਬਕ 8 ਬੈਸਾਖ 1826 ਬਿਕਰਮੀ ਮੁਤਾਬਕ 29 ਅਪ੍ਰੈਲ 1869 ਸਨ ਸੀ।

2) ਦੂਸਰੀ ਪੁਸਤਕ '**ਰੂਹੱਤਰਤੀਲ**' 19 ਸਾਲ ਦੀ ਉਮਰ ਵਿੱਚ 1285 ਹਿਜਰੀ ਮੁਤਾਬਕ 1868 ਈ. ਨੂੰ ਮੁਕੰਮਲ ਹੋਈ ਜਿਸ ਦੇ ਸ਼ਿਅਰਾਂ ਦੀ ਗਿਣਤੀ 256 ਹੈ ਇਸ ਬਾਰੇ ਜਾਣਕਾਰੀ ਇਸ ਤਰ੍ਹਾਂ ਦਿੰਦੇ ਹਨ:



*ਇਹ ਕਵਾਇਦ ਚੰਦ ਜ਼ਰੂਰੀ ਕਾਰਨ ਮੋਮਨ ਭਾਈਆਂ,*
*ਮੈਂ ਪੰਜਾਬੀ ਬੋਲੀ ਅੰਦਰ ਬੈਤਾਂ ਸਾਫ਼ ਬਣਾਈਆਂ*
*ਪੁਰ ਮਅਨੀ ਵਿੱਚ ਥੋੜਿਆਂ ਲਫ਼ਜ਼ਾਂ ਯਾਦ ਕਰਨ ਆਸਾਨੀ,*
*ਅੜਾਈ ਸੌ ਛੇ ਬੈਤਾਂ ਇਸ ਦੀਆਂ ਵਿੱਚ ਇਅਜ਼ਾਜ ਬਿਆਨੀ*
*ਰੂਹੱਤਰਤੀਲ ਰਸਾਲੇ ਨਾਮ ਮੁਆਫਿਕ ਪਾਇਆ,*
*ਸਨ ਹਿਜਰੀ ਤਾਲੀਫ਼ ਇਸ ਦੀ ਦਾ ਨਾਮੋਂ ਜ਼ਾਹਰ ਆਇਆ*
*ਤੇ ਜੋਹਰੱਤਰਤੀਲੋਂ ਪਾਵੀਂ ਸਨ ਤਸਨੀਫ਼ੀ ਐਵੇਂ,*
*ਜਿਹਤ ਮੁਤਾਬਕ ਹਰ ਇਅਤਬਾਰੋਂ ਨਾਮ ਧਰੇ ਮੈਂ ਦੋਵੇਂ*
*ਹਿਜਰੀ ਸਨ ਦੋ ਸਦੀਆਂ ਉੱਤੇ ਇਕ ਹਜ਼ਾਰ ਪਚਾਸੀ,*
*ਕਾਤਬ ਭਾਰੀ ਅਮਲ ਕੁਨੇਂਦਿਆਂ ਯਾ ਰੱਬ ਬਖ਼ਸ਼ ਖ਼ਲਾਸੀ*
*ਮੈਂ ਦਿਲ ਤਲਬ ਦੁਆ ਇਖ਼ਲਾਸੋਂ ਮੱਤਾਂ ਵਿਸਾਰਨ ਕਾਰੀ,*
*ਫੇਰ ਕਲਮ ਸਰ ਹਰਫ਼ ਖ਼ਤਾ ਦੇ ਪਕੜ ਸਫ਼ਾ ਗੱਲ ਸਾਰੀ*
*ਆਲਮਪੁਰੀ ਗ਼ੁਲਾਮ ਰਸੂਲਾ ਰੱਬ ਥੀਂ ਅਰਜ਼ ਗੁਜ਼ਾਰੀਂ,*
*ਖ਼ਤਮੁ ਰੁਸੁਲ ਨਬੀ ਦੀ ਉੱਮਤ ਦੇ ਸੰਗ ਪਾਰ ਉਤਾਰੀਂ (14)*

ਅਰਥ: ਮੌਲਵੀ ਸਾਹਿਬ ਫ਼ਰਮਾਉਂਦੇ ਹਨ ਕਿ ਮੈਂ ਕੁੱਝ ਜ਼ਰੂਰੀ ਨਿਯਮ ਮੋਮਿਨ ਭਾਈਆਂ ਲਈ ਪੰਜਾਬੀ ਸ਼ਿਅਰਾਂ ਵਿੱਚ ਸਪੱਸ਼ਟ ਤੌਰ ਤੇ ਲਿਖ ਦਿੱਤੇ ਹਨ ਤਾਂ ਕਿ ਉਹ ਸ਼ਿਅਰਾਂ ਦੇ ਰੂਪ ਵਿਚ ਇਨ੍ਹਾਂ ਨੂੰ ਅਸਾਨੀ ਨਾਲ ਯਾਦ ਰੱਖ ਸਕਣ। ਇਸ ਦੇ 256 ਸ਼ਿਅਰ ਹਨ ਅਤੇ ਇਸ ਕਿਤਾਬ ਦਾ ਨਾਂ 'ਰੂਹੱਤਰਤੀਲ' ਹੈ ਇਸ ਦੇ ਪ੍ਰਕਾਸ਼ਨ ਦੇ ਨਾਂ ਤੋਂ ਇਸ ਦਾ ਹਿਜਰੀ ਸੰਨ ਕੱਢਿਆ ਜਾ ਸਕਦਾ ਹੈ ਅਤੇ ਜੇਕਰ ਰੂਹੱਤਰਤੀਲੋਂ ਦੇ ਨਾਂ ਤੋਂ ਵੀ ਹਿਜਰੀ ਸਨ ਕੱਢਿਆ ਜਾਵੇ ਤਾਂ ਵੀ ਹਰ ਢੰਗ ਨਾਲ ਇਕ ਹੀ ਸਨ ਨਿਕਲਦਾ ਹੈ ਜੋ ਕਿ 1285 ਹਿਜਰੀ ਬਣਦਾ ਹੈ। ਹੇ ਅੱਲ੍ਹਾ! ਇਸ ਦੇ ਪੜ੍ਹਨ ਵਾਲਿਆਂ ਨੂੰ ਬਖ਼ਸ਼ ਦੇਣਾ, ਮੈਂ ਦਿਲੋਂ ਇਹ ਦੁਆ ਮੰਗਦਾ ਹਾਂ। ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਰਦਾਸ ਕਰਦਾ ਹੈ ਕਿ ਹੇ ਅੱਲ੍ਹਾ ਆਖ਼ਰਤ (ਮਰਨ ਤੋਂ ਬਾਅਦ) ਵਿੱਚ ਆਖ਼ਰੀ ਪੈਗ਼ੰਬਰ ਹਜ਼ਰਤ ਮੁਹੰਮਦ (ਸ.) ਦੀ ਉੱਮਤ ਦੇ ਨਾਲ ਰੱਖਣਾ।

(3) ਤੀਜੀ ਕਿਤਾਬ 'ਅਹਸਨੁਲ **ਕਸਸ**' ਹੈ ਜੋ ਆਪ ਜੀ ਨੇ 24 ਸਾਲ ਦੀ ਉਮਰ ਵਿਚ ਇਕ ਮਹੀਨੇ ਵਿਚ 1290 ਹਿਜਰੀ ਮੁਤਾਬਕ 1873 ਈ. ਨੂੰ ਮੁਕੰਮਲ ਕੀਤੀ। ਇਸ ਕਿਤਾਬ ਦਾ ਵਰਨਣ ਇਸ ਢੰਗ ਨਾਲ ਕਰਦੇ ਹਨ:-

*ਜਿਸ ਦਿਨ ਮੈਂ ਆਗਾਜ਼ ਕਿੱਸੇ ਤੇ ਇਸਮ ਅੱਲ੍ਹਾ ਦਾ ਪੜਿਆ,*
*ਬਾਰਾਂ ਸੌ ਤੇ ਨੱਬੇ ਹਿਜਰੀ ਸਾਲ ਮੁਬਾਰਕ ਚੜ੍ਹਿਆ।*
*ਸਾਰਾ ਮਾਹ ਮੁਹੱਰਮ ਮੈਨੂੰ ਵਿੱਚ ਤਸਨੀਫ਼ ਵਹਾਇਆ,*
*ਅੱਜ ਅਖ਼ੀਰ ਮੁਹੱਰਮ ਸਨਦੀ ਜਾਂ ਮਕਸਦ ਸਰ ਆਇਆ।*
*ਅਹਸਨੁਲ ਕਸਸ ਧਰ ਨਾਮ ਕਿੱਸੇ ਦਾ ਮੈਂ ਲਿਖਿਆ ਤਨ ਵਾਰੀ,*
*ਪੂਰਾ ਸਾਲ ਹੋਇਆ ਤਸਨੀਫ਼ੇ ਨਾਲ ਰੱਬੀ ਦੀ ਯਾਰੀ।*
*ਛੇ ਹਜ਼ਾਰ ਕਰ ਗ਼ੌਰ ਵਡੇਰਾ ਦੇਖ ਸੁਖ਼ਨ ਦੀਆਂ ਲਹਿਰਾਂ,*

*ਇਹ ਗੁਲਸ਼ਨ ਬਸਤਾਨ ਇਰਮ ਸ਼ੌਕ ਵਗਣ ਵਿੱਚ ਨਹਿਰਾਂ।*
*ਇਹ ਗੁਲਜ਼ਾਰ ਬਹਾਰ ਇਨਾਇਤ ਖੁਲੀ ਲੁਤਫ਼ ਇਲਾਹੋਂ,*
*ਇਸ਼ਕ ਮੁਅੱਸਰ ਨਜ਼ਰੀ ਆਇਆ ਦਰਦ ਭਰੀ ਇਸ ਆਹੋਂ।*
*ਪਕੜ ਕਲਮ ਭਰ ਇਸ਼ਕ ਅਲਨਬਾ ਵਰਕਾਂ ਵਿੱਚ ਵਗਾਈ*
*ਰਖਤ ਜਲੇ ਵਿੱਚ ਸੋਜ਼ ਬਿਰਹੋਂ ਦੇ ਦੇਖ ਰਹਿਣ ਸੁਦਾਈ।*
*ਅਸਲ ਬਿਆਨੋਂ ਵਿੱਚ ਸੁਖ਼ਨ ਦੇ ਮੈਂ ਨਾ ਗੱਲ ਰਲਾਈ*
*ਸੂਰਤ ਯੂਸਫ਼ ਦੀ ਤਫ਼ਸੀਰੋਂ ਸੱਚੀ ਗੱਲ ਸੁਣਾਈ (15)*

ਅਰਥ: ਮੌਲਵੀ ਸਾਹਿਬ ਫ਼ਰਮਾਉਂਦੇ ਹਨ ਕਿ ਜਿਸ ਦਿਨ ਅੱਲ੍ਹਾ ਦਾ ਨਾਂ ਲੈ ਕੇ ਮੈਂ ਇਸ ਕਿੱਸੇ ਨੂੰ ਸ਼ੁਰੂ ਕੀਤਾ ਉਸ ਵੇਲੇ 1290 ਹਿਜਰੀ ਸਾਲ ਮੁਬਾਰਕ ਸ਼ੁਰੂ ਹੋਇਆ। ਮੁਹੱਰਮ ਦਾ ਪੂਰਾ ਮਹੀਨਾ ਇਸ ਕਿਤਾਬ ਨੂੰ ਲਿਖਣ ਵਿੱਚ ਬੀਤ ਗਿਆ ਅਤੇ ਅੱਜ ਮੁਹੱਰਮ ਦੀ ਅੰਤਿਮ ਮਿਤੀ ਹੈ। ਜਦੋਂ ਇਹ ਕਿਤਾਬ ਮੁਕੰਮਲ ਹੋਈ ਤਾਂ ਇਹ ਕਿੱਸੇ ਦਾ ਵਰ੍ਹਾ ਰਚਨਾ ਵਿੱਚ ਤਿੰਨ ਵਾਰ ਲਿਖਿਆ। ਦਰਅਸਲ ਇਸ ਬੈਂਤ ਤੋਂ ਭਾਵ ਇਹ ਹੈ ਕਿ ਇਸ ਦੇ ਰਚਣ ਦਾ ਵਰ੍ਹਾ ਗਿਣਤੀ ਤੋਂ ਤਿੰਨ ਗੁਣਾ ਹੈ। ਅੱਖਰ ਅਬਜਦ (ਉਰਦੂ ਵਰਣਮਾਲਾ ਦੀ ਗਿਣਤੀ ਦੇ ਨੰਬਰ) ਦੇ ਤੌਰ ਤੇ ਅਹਸਨੁਲ ਕਸਸ ਦੇ 430 ਨੰਬਰ ਹਨ। ਜਦੋਂ ਇਨ੍ਹਾਂ ਨੂੰ ਇਕੱਠੇ ਕੀਤਾ ਗਿਆ ਤਾਂ 1290 ਹੋ ਗਏ ਅਤੇ ਇਹੀ ਰਚਨਾ ਦਾ ਸਾਲ ਹੈ। ਇਸ ਕਿੱਸੇ ਦੇ ਸ਼ਿਅਰਾਂ ਦੀ ਗਿਣਤੀ 6666 ਹੈ। ਦੇਖਣ ਵਾਲੇ ਜ਼ਰਾ ਧਿਆਨ ਕਰਨ ਅਤੇ ਕਲਾਮ ਦੀ ਖ਼ੂਬੀ ਨੂੰ ਵੇਖਣ ਇਹ ਜਿਹੜਾ ਗੁਲਸ਼ਨ (ਬਾਗ਼) ਤੁਹਾਨੂੰ ਦਿਖਾਈ ਦੇ ਰਿਹਾ ਹੈ, ਇਹ ਇਸ ਤਰ੍ਹਾਂ ਹੈ, ਜਿਵੇਂ ਸਵਰਗ (ਜੰਨਤ) ਦੇ ਬਾਗ਼ ਵਿੱਚ ਨਹਿਰਾਂ ਵਹਿੰਦੀਆਂ ਹੋਣ, ਇਹ ਬਹਾਰ ਰੱਬ ਵੱਲੋਂ ਇਕ ਤੋਹਫ਼ਾ ਹੈ। ਇਹ ਅੱਲ੍ਹਾ ਵੱਲੋਂ ਮੇਰੇ ਦਰਦਮੰਦ ਦਿਲ ਨੂੰ ਨਸੀਬ ਹੋਇਆ। ਤਾਂ ਮੈਂ ਫੜ ਕੇ ਇਸ ਰੱਬ ਦੀ ਬਖ਼ਸ਼ੀਸ਼ ਨੂੰ ਕਾਗ਼ਜ਼ ਤੇ ਲਿਖਣਾ ਸ਼ੁਰੂ ਕਰ ਦਿੱਤਾ। ਵਿਛੋੜੇ ਦੇ ਦਰਦ ਵਿੱਚ ਜਲੇ ਹੋਏ ਦੇਖ ਕੇ ਹੈਰਾਨ ਹੋਣਗੇ। ਮੈਂ ਇਹ ਕਿੱਸਾ ਲਿਖਦੇ ਸਮੇਂ ਆਪਣੇ ਵੱਲੋਂ ਕੋਈ ਗੱਲ ਸ਼ਾਮਲ ਨਹੀਂ ਕੀਤੀ ਬਲਕਿ ਮੌਲਿਕ ਕਿੱਸੇ ਨੂੰ ਬਿਆਨ ਕੀਤਾ ਹੈ ਅਤੇ ਸੂਰਤ ਯੂਸਫ਼ ਦੀ ਵਿਆਖਿਆ ਨਾਲ ਸੱਚੀ ਗੱਲ ਸੁਣਾਈ ਹੈ।

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦਾ ਲਿਖਿਆ ਹੋਇਆ ਫ਼ਾਰਸੀ ਕਤਆ (ਸ਼ਿਅਰ) ਵੀ ਮੌਜੂਦ ਹੈ। ਕਤਆ ਅਤੇ ਹਵਾਲੇ ਦੇਖੋ:

ਕਤਅ ਮਿਤੀ ਕਿਤਾਬ ਦੀ ਪ੍ਰਕਾਸ਼ਨਾ ਅਹਸਨੁਲ ਕਸਸ ਮੌਲਿਕ ਲੇਖਕ

*ਸੰਗ ਤਬਅ ਅਜ਼ ਇੰਤਬਾਅ ਨਕਸ਼ ਇਸ਼ਕ ਆਤਿਸ਼ ਫ਼ੁਸਾਂਦ*
*ਨਕਦ-ਏ-ਹਸਤੀ ਸੋਖ਼ਤ ਮਸਤਾਨ ਰਾ ਵਜ਼ਆਨ ਚੀਜ਼ੀ ਨਮਾਂਦ*
*ਈ ਜ਼ਸੰਗ ਤਬਾਅ ਸਰ ਬਰਜ਼ਦ ਕਿਤਾਬੀ ਕਸ਼ ਜ਼ਨਾਗ*
*ਸਾਲ ਤਸਨੀਫ਼ਸ਼ ਸੇਹ ਚੰਦ ਅਸਤ ਵਚੁ ਦਰ ਤਬਅਸ਼ ਨਸ਼ਾਂਦ*
*ਆਤਸ਼ੀ ਜ਼ਦ ਸੰਗ ਤਬਅ ਅਜ਼ ਅਨਤਬਾਅ ਨਕਦ ਸੋਜ਼ਨਕਸ਼*
*ਨਕਸ਼ ਬਰ ਸੰਗ ਆਮਦ ਅਜ਼ ਹਾਤਫ਼ ਕਿਹ ਬ-ਹਰ ਸਾਲ ਖਾਵਦ*

ਅਰਥ: ਤਬੀਅਤ ਦੇ ਪੱਥਰ ਨੇ ਇਸ਼ਕ ਦੇ ਨਕਸ਼ ਦੀ ਛਾਪ ਨਾਲ ਅੱਗ ਲਾ ਦਿੱਤੀ ਜਿਸ ਨੇ



ਮਸਤਾਂ ਦੀ ਹਸਤੀ ਦੀ ਪੂੰਜੀ ਜਲਾ ਦਿੱਤੀ ਅਤੇ ਉਸ ਵਿੱਚੋਂ ਕੋਈ ਚੀਜ਼ ਬਾਕੀ ਨਾ ਰਹੀ। ਇਹ ਕਿ ਤਬੀਅਤ ਦੇ ਪੱਥਰ ਤੋਂ ਇਕ ਕਿਤਾਬ ਹੋਂਦ ਵਿੱਚ ਆ ਗਈ। ਇਸ ਦੇ ਨਾਂ ਨਾਲੋਂ ਇਸ ਦੇ ਰਚਣ ਦਾ ਸਾਲ ਤਿੰਨ ਗੁਣਾਂ ਹੈ। ਕੱਢ ਲਓ ਅਤੇ ਜਦੋਂ ਇਸ ਨੂੰ ਤਬਅ ਵਿੱਚ ਰੱਖਿਆ ਤਾਂ ਪੂੰਜੀ ਦੀ ਛਾਪ ਦੀ ਜਲਨ ਨਾਲ ਤਬੀਅਤ ਦੇ ਪੱਥਰ ਨੇ ਅੱਗ ਲਾ ਦਿੱਤੀ ਤਾਂ ਫ਼ਰਿਸ਼ਤੇ ਵੱਲੋਂ ਨਕਸ਼ ਪੱਥਰ ਤੇ ਆ ਗਿਆ ਤਾਂ ਇਸ ਨੂੰ ਸਾਲ ਲਈ ਪੜ੍ਹ ਲਓ। ਇਸ ਕਤਅ (ਸ਼ਿਅਰ) ਦੀ ਵਿਆਖਿਆ ਲਈ ਮੌਲਵੀ ਸਾਹਿਬ ਨੇ ਫ਼ਾਰਸੀ ਵਿੱਚ ਤਿੰਨ ਹਵਾਲੇ ਲਿਖੇ ਹਨ। ਅਸੀਂ ਉਨ੍ਹਾਂ ਦਾ ਮਤਲਬ ਦਰਜ ਕਰਦੇ ਹਾਂ ਤਾਂ ਕਿ ਮੌਲਵੀ ਸਾਹਿਬ ਦੀ ਜ਼ਬਾਨੀ ਗੱਲ ਸਪੱਸ਼ਟ ਹੋ ਜਾਵੇ।

i) ਉਸ ਦੇ ਅਰਥ ਇਹ ਹਨ ਕਿ ਅਸੀਂ ਇਹ ਕਿੱਸਾ ਵਰ੍ਹਾ ਰਚਨਾ ਵਿੱਚ ਤਿੰਨ ਵਾਰੀ ਲਿਖਿਆ ਲੇਕਿਨ ਅਸਲ ਵਿੱਚ ਇਸ ਬੈਂਤ ਦੇ ਇਹ ਅਰਥ ਹਨ ਕਿ ਇਸ ਦੇ ਰਚਣ ਦਾ ਸਾਲ ਗਿਣਤੀ ਤੋਂ ਤਿੰਨ ਗੁਣਾ ਜ਼ਿਆਦਾ ਹੈ। ਅਬਜਦ ਵਰਣਮਾਲਾ ਦੇ ਅਨੁਸਾਰ 'ਅਹਸਨੁਲ ਕਸਸ' ਦੀ 430 ਗਿਣਤੀ ਬਣਦੀ ਹੈ ਜਦੋਂ ਇਨ੍ਹਾਂ ਨੂੰ ਜੋੜਿਆ ਗਿਆ ਤਾਂ ਇਕ ਹਜ਼ਾਰ ਦੋ ਸੌ ਨੱਬੇ ਹੋ ਗਏ ਇਹੀ ਪ੍ਰਕਾਸ਼ਨਾ ਦਾ ਵਰ੍ਹਾ ਹੈ।

ii) ਹੁਣ ਇਹ ਗੱਲ ਸਪੱਸ਼ਟ ਹੈ ਕਿ ਮੌਲਵੀ ਸਾਹਿਬ ਨੇ 'ਅਹਸਨੁਲ ਕਸਸ' ਦੀ ਗਿਣਤੀ ਨੂੰ ਤਿੰਨ ਗੁਣਾ ਕਰਕੇ ਪ੍ਰਕਾਸ਼ਨਾ ਦਾ ਸੰਨ 1290 ਹਿਜਰੀ ਕੱਢਿਆ ਅਤੇ ਮੁਹੱਰਮ ਦੇ ਮਹੀਨੇ ਇਸ ਨੂੰ ਪੂਰਾ ਕੀਤਾ।

4) ਚੌਥੀ ਕਿਤਾਬ 'ਮਸਲਾ-ਏ-ਤੌਹੀਦ' ਜੋ ਉਰਦੂ ਵਾਰਤਕ (ਨਸਰ) ਵਿੱਚ ਹੈ ਜੋ ਆਪ ਜੀ ਨੇ 29 ਸਾਲ ਦੀ ਉਮਰ ਵਿੱਚ 17 ਜ਼ੀਅਕਦ 1295 ਹਿਜਰੀ ਮੁਤਾਬਕ 1878 ਈ. ਨੂੰ ਪੂਰੀ ਕੀਤੀ ਇਸ ਦੇ ਅੰਤ ਵਿੱਚ ਇਸ ਤਰ੍ਹਾਂ ਬਿਆਨ ਫ਼ਰਮਾਉਂਦੇ ਹਨ:

ਬਾ ਤੁਮਾਮ ਸ਼ੁਦ ਬਤਾਰੀਖ਼ 17 ਜ਼ੀਅਕਦ 1295 ਹਿਜਰੀ

5) '**ਸੀਹਰਫ਼ੀ ਹੁਲੀਆ ਸ਼ਰੀਫ਼ ਹਜ਼ੂਰ (ਸ.)**' 27 ਰਬੀਉਲ ਅੱਵਲ 1297 ਹਿਜਰੀ ਮੁਤਾਬਕ 9 ਮਾਰਚ 1880 ਈ. ਮੁਤਾਬਕ 28 ਫੱਗਣ 1936 ਬਿਕਰਮੀ ਦਿਨ ਮੰਗਲਵਾਰ ਅਸਰ (ਸ਼ਾਮ ਦੀ ਨਮਾਜ਼) ਵੇਲੇ ਮੀਰਾਂ ਅਤੇ ਜਾਨੀ ਮੋਚੀ ਦੀ ਫ਼ਰਮਾਇਸ਼ ਤੇ ਲਿਖਿਆ। ਉਸ ਸਮੇਂ ਆਪ ਜੀ ਦੀ ਉਮਰ 31 ਸਾਲ ਸੀ। ਹੁਲੀਆ ਮੁਬਾਰਿਕ (ਸ.) ਦੇ ਆਰੰਭ ਵਿੱਚ ਇਸ ਤਰ੍ਹਾਂ ਬਿਆਨ ਫ਼ਰਮਾਉਂਦੇ ਹਨ:

ਹੁਲੀਆ ਸ਼ਰੀਫ਼ ਹਜ਼ਰਤ ਮੁਹੰਮਦ ਮੁਸਤਫ਼ਾ ਅਹਿਮਦ ਮੁਜਤਬਾ ਸੱਯਦ
ਉਲ ਮੁਰਸਾਲੀਨ ਖ਼ਾਤਿਮ ਉਲ ਨਬੀਨ ਮਹਿਬੂਬ ਰੱਬੀਲ ਆਲਾਮੀਨ (ਸ.)

ਖ਼ੁਦਾ ਦੇ ਕਰਮ ਨਾਲ ਇਹ ਸੀਹਰਫ਼ੀ ਹੁਲੀਆ ਮੁਬਾਰਿਕ 27 ਰਬੀਉਲ ਅੱਵਲ 1297 ਹਿਜਰੀ ਮੁਤਾਬਕ 9 ਮਾਰਚ 1880 ਈ. ਮੁਤਾਬਕ 28 ਫੱਗਣ ਸੰਮਤ 1936 ਦਿਨ ਮੰਗਲਵਾਰ ਸਮਾਂ ਅਸਰ ਮੀਰਾਂ ਤੇ ਜਾਨੀ ਅਸਕਾਫ਼ ਦੀ ਫ਼ਿਰਮਾਇਸ਼ ਤੇ।

6) 'ਚਿੱਠੀਆਂ' ਮੌਲਵੀ ਸਾਹਿਬ ਨੇ ਸੱਯਦ ਰੋਸ਼ਨ ਅਲੀ, ਹੀਰੇ ਸ਼ਾਹ ਅਤੇ ਸਾਹਿਬਜ਼ਾਦਾ ਗ਼ੁਲਾਮ ਯਾਸੀਨ ਨੂੰ ਕਾਵਿਕ ਚਿੱਠੀਆਂ ਲਿਖੀਆਂ। ਜਿਹੜੀ ਚਿੱਠੀ ਆਪ ਜੀ ਨੇ ਸੱਯਦ ਰੌਸ਼ਨ ਅਲੀ ਨੂੰ ਲਿਖੀ ਹੈ, ਉਸ ਵਿੱਚ ਮੌਲਵੀ ਸਾਹਿਬ ਖ਼ੁਦ ਫ਼ਰਮਾਉਂਦੇ ਹਨ, ਇਹ ਚਿੱਠੀ

ਮਿਤੀ 8 ਮੁਹੱਰਮ 1300 ਹਿਜਰੀ ਮੁਤਾਬਕ 26 ਕੱਤਕ ਸਨ 1939 ਬਿਕਰਮੀ ਮੁਤਾਬਕ 10 ਨਵੰਬਰ 1882 ਈ. ਦਿਨ ਸੋਮਵਾਰ ਸਮਾਂ ਦੁਪਹਿਰ ਵੇਲੇ ਜਾਨੀ ਮੋਚੀ ਦੀ ਦੁਕਾਨ ਤੇ ਬੈਠ ਕੇ ਲਿਖੀ। ਉਸ ਸਮੇਂ ਆਪ ਦੀ ਉਮਰ 33 ਸਾਲ ਸੀ। ਸੱਯਦ ਰੋਸ਼ਨ ਅਲੀ ਨੂੰ ਲਿਖੀ ਗਈ ਆਖ਼ਰੀ ਚਿੱਠੀ ਦਾ ਸ਼ੇਅਰ ਦੇਖੋ:

*ਅੱਖੀਂ ਦੁਖਦੀਆਂ ਨਾਲ ਮੈਂ ਖ਼ਤ ਲਿਖਿਆ, ਦੁਪਹਿਰ ਦਾ ਵਕਤ ਦਿਨ ਪੀਰ ਦਾ ਏ*
*ਅੱਜ ਅੱਠਵੀਂ ਮਾਹ ਮੁਹੱਰਮੋਂ ਹੈ, ਸਦੀ ਤੇਰ੍ਹਵੀਂ ਸਾਲ ਅਖ਼ੀਰ ਦਾ ਏ।(16)*

ਅਰਥ: ਜਦੋਂ ਮੈਂ ਇਹ ਚਿੱਠੀ ਲਿਖੀ ਤਾਂ ਉਸ ਸਮੇਂ ਮੇਰੀਆਂ ਅੱਖਾਂ ਵਿੱਚ ਦਰਦ ਸੀ ਜਦੋਂ ਕਿ ਦੁਪਹਿਰ ਦਾ ਵੇਲਾ ਅਤੇ ਪੀਰ ਦਾ ਦਿਨ ਹੈ ਅਤੇ ਮੁਹੱਰਮ ਦੀ ਅੱਠ ਮਿਤੀ ਸਨ 1300 ਹਿਜਰੀ ਹੈ।

7) 'ਸੀਹਰਫ਼ੀ **ਸੱਸੀ ਪੁੰਨੂੰ**' ਇਹ ਸੀਹਰਫ਼ੀ ਆਪ ਜੀ ਦੀ ਸ਼ਾਇਰੀ ਦਾ ਸੁੰਦਰ ਅਤੇ ਵਧੀਆ ਨਮੂਨਾ ਹੈ।

8) 'ਸੀਹਰਫ਼ੀ **ਚੌਪਟਨਾਮਾ**' ਇਹ ਸੀਹਰਫ਼ੀ ਵੀ ਆਪ ਦੀ ਸ਼ਾਇਰੀ ਦਾ ਵਧੀਆ ਤੇ ਉੱਤਮ ਨਮੂਨਾ ਹੈ।

9) '**ਪੰਧਨਾਮਾ**' ਇਹ ਕਾਵਿਕ ਰੂਪ ਵਿੱਚ ਹੈ। ਇਹ ਇਕ ਇਸਤਰੀ ਦੇ ਰਾਹ ਪੁੱਛਣ ਤੇ ਲਿਖਿਆ ਗਿਆ ਸੀ। ਇਸ ਵਿੱਚ ਮੌਲਵੀ ਸਾਹਿਬ ਨੇ 212 ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਨਾਂ ਗਿਣੇ ਹਨ ਜੋ ਕਿ ਆਪ ਦੀ ਕਲਾਮ ਤੇ ਪੂਰੀ ਪਕੜ ਦਾ ਪ੍ਰਤੱਖ ਪ੍ਰਮਾਣ ਹੈ।

10) ਮੌਲਵੀ ਸਾਹਿਬ ਦੀ ਦਸਵੀਂ ਅਤੇ ਆਖ਼ਰੀ ਰਚਨਾ ਜੋ ਹੁਣ ਤੱਕ ਸਾਹਮਣੇ ਆਈ ਹੈ ਉਹ 'ਮਾਆਰੀਬੁਲ **ਖ਼ਾਸ਼ੀਈਨ**' ਹੈ ਜੋ ਕਿ ਉਰਦੂ ਵਾਰਤਕ (ਨਸਰ) ਵਿੱਚ ਆਪ ਜੀ ਦੀ ਦੂਜੀ ਰਚਨਾ ਹੈ। 'ਮਾਆਰੀਬੁਲ ਖ਼ਾਸ਼ੀਈਨ' ਆਪ ਨੇ 1305 ਹਿਜਰੀ ਮੁਤਾਬਕ 1888 ਈ. ਨੂੰ 39 ਸਾਲ ਦੀ ਉਮਰ ਵਿੱਚ ਲਿਖੀ। 'ਮਾਆਰੀਬੁਲ ਖ਼ਾਸ਼ੀਈਨ' ਦੇ ਸ਼ੁਰੂ ਵਿੱਚ ਹੀ ਆਪ ਜੀ ਨੇ ਹੇਠ ਲਿਖੀ ਜਾਣਕਾਰੀ ਦਿੱਤੀ ਹੈ:

ਅੱਮਾ ਬਾਅਦ ਬੰਦਾ ਜ਼ਲੂਮ-ਓ-ਜਹੂਲ ਅਹਕਰ ਗ਼ੁਲਾਮ ਰਸੂਲ ਅਹਸਨੁੱਲ੍ਹਾ
ਇਲੈਹ ਬਾਹੁਸਨਲ ਕਬੂਲ ਮੁਤਵੱਤਿਨ ਆਲਮਪੁਰ ਪਹਿਲੇ ਜਨਾਬ-ਏ-ਅਕਦਸ
ਰੱਬਾਨੀ ਸੇ ਇਸਤਫ਼ਾਦਾ ਕਰਤਾ ਹੈ ਕਿ ਮਹਿਜ਼ ਅਪਨੇ ਫ਼ਜ਼ਲ ਸੇ ਅਤਾ ਮੁਰੂਅ ਨੱਨਾਸਾ
ਬਿੱਲ ਬਿੱਰੀ ਵ ਤਨਸੌਨਾ ਅਨਫ਼ੋਸਾਕੁਮ ਕੇ ਖ਼ਿਤਾਬ ਕਾ ਮਿਸਦਾਕ ਨਾ ਬਣਾਵੇ

ਸਾਨੀਅਨ ਇਸਤਦਆ ਹੈ ਕਿ ਜ਼ਿੰਦਾਂ ਦਿਲਾਂ ਦੀ ਮੁਹੱਬਤ ਦਾ ਮਾਣ ਬਖ਼ਸ਼ ਦੇ।

ਫਿਰ ਦੀਨੀਆਤ (ਧਾਰਮਿਕ ਵਿੱਦਿਆ) ਦੀ ਖ਼ਿਦਮਤ ਵਿੱਚ ਬੇਨਤੀ ਹੈ ਕਿ ਇਸ ਖ਼ਾਕਸਰ ਅਲਮ ਚਸ਼ੀਦਾ ਦਰਦ ਨਾ ਯਾਫ਼ਤ ਕੇ ਦਿਲ ਮੇ ਡਾਲਾ ਗਿਆ ਕਿ ਬਾ ਈਂ ਬ ਬਜ਼ਾਇਤੀ ਬ ਮੁਰਾਦ ਈਕਾਜ਼ ਰਕੂਦ ਕਿ ਬਾ ਹੱਲਤ-ਏ-ਸਜੂਦ ਗ਼ਫ਼ਲਤ ਕੀ ਨੀਂਦ ਮੇਂ ਸੋਏ ਹੁਏ ਪੜੇ ਹੈਂ। ਉਨ ਕੋ ਜਗਾਨੇ ਕੇ ਇਰਾਦਾ ਪਰ ਏਕ ਮੋਜਜ਼ ਸਾ ਰਿਸਾਲਾ ਹੈਯਜ਼ ਤਹਿਰੀਰ ਮੇਂ ਆਵੇ। ਔਰ ਇਸ ਮੇਂ ਮਕਸੂਦ ਤਨਬੀਹ ਨਫ਼ਸ ਖ਼ੁਦ ਹੋ ਇਸਤਕਲਾਲਨ ਵ ਅਫ਼ਾਦਾ ਸੁੱਈਯਦ ਈ ਇਸ਼ਤਮਾਲਨ ਫ਼ਸ਼ੁਰੀਆ ਮੁਸਤਾਅਨੀਅਨ ਬਿੱਲਾਹ ਵਾਹੂਵਾ ਯਹਦਿੱਸਬੀਲ।



ਕਿਉਂਕਿ ਇਸ ਕਿਸਮ ਦਾ ਬਿਆਨ ਅਧੀਨਗੀ (ਆਜਜ਼ੀ) ਰੱਖਣ ਵਾਲਿਆਂ ਦੀ ਸਫ਼ਲਤਾ ਦਾ ਸਾਧਨ ਹੈ ਅਤੇ ਬਹੀ ਬਾ ਲਿਹਾਜ਼ ਹੁਸਨ ਇਤਫ਼ਾਵਲ ਤਫ਼ਾਏਵਲ ਵ ਬਰਆਈਅਤ ਤਤਾਬਕ ਆਮੁਤਸਨੀਫ਼ ਇਸ ਕਾ ਨਾਮ ਮਾਆਰੀਬੁਲ ਖ਼ਾਸ਼ੀਈਨ 1305 ਮੁਕਰਰ ਹੋਇਆ ਫ਼ੀਹਲ ਖਾਸ਼ੀਉਨਜ਼ੀਰੂ ਵਾ ਫੀਹਾ ਮਾ ਕੀਲਾ ਮਨ ਆਰੀਬੁਕੁਮ ਮਅ ਅਗਮਾਜ਼ਨਜ਼ਰ ਅਨਕਾਈਲੁਹਾ ਵਾ ਹਾਫਿਜ਼ੂ ਅਲੱਸਲਾਵਾਤੀ ਵਸੱਲਾਤਿਲ ਵੁਸਤਾ ਵਅਕਬਲੂਹਾ ਬਿੱਸਲਾਤਿਲ ਵੁਸਤਾ ਵ ਕੂਮੂ ਲਿੱਲਾਹੀ ਕਾਨੀਤੀਨ ਤਕਸੀਦ ਇਖ਼ਤਿਆਰ-ਏ-ਜ਼ੁਬਾਨ-ਏ-ਉਰਦੂ ਕਾ ਬਾਅਸ ਯੇ ਹੈ ਕਿ ਇਸ ਦਰਬਾਰ ਦੇ ਜਿਹੜੇ ਖ਼ੁਸ਼ ਨਸੀਬਾਂ ਨੂੰ ਵਿੱਦਿਅਕ ਕਮੀ ਹੈ। ਉਹ ਵੀ ਇਸ ਦੇ ਲਾਭ ਤੋਂ ਵਾਂਝੇ ਨਾ ਰਹਿਣ ਅਤੇ ਚੇਤਨ ਦਿਲ ਵਾਲੇ ਵਿਦਵਾਨਾਂ ਨੂੰ ਖ਼ੁਦ ਮੇਰੇ ਨਾਲ ਕੋਈ ਰੋਸ ਨਹੀਂ ਅਤੇ ਇਸ ਵਿੱਚ ਕੋਈ ਕੋਸ਼ ਹੋਂਦ ਵਿੱਚ ਨਹੀਂ ਆਇਆ ਤਾਂ ਕੋਈ ਸ਼ਾਇਕ ਕਲੀਲ ਉਲ ਬਹਾਅਤ ਕਿਸੇ ਫ਼ਾਇਕ ਜਲੀਲ ਉਲ ਅਸਤਾਅਤ ਨਾਲ ਉਸ ਦੀਆਂ ਕੁਝ ਅਗਲਾਕ ਲਫ਼ਜ਼ੀ ਜਾਂ ਮਅਨਵੀ ਕਾ ਇਸਤਕਸ਼ਾਫ਼ ਕਰੇ ਤਾਂ ਕੁੱਝ ਮੁਬਰਿਹਮਾਤ-ਓ-ਮੁਜਮਿਲਾਤ ਦੇ ਸ਼ਰ੍ਹਾ ਅਤੇ ਤਫ਼ਸੀਲ ਨਾਲ ਮਹਿਫੂਜ਼ ਅਤੇ ਕਾਮਯਾਬ ਹੋਵੇ। ਹਾਂ ਤਕੱਲੁਫਾਤੇ ਇਬਾਰਤ ਆਰਾਈ ਅਤੇ ਰੰਗੀਨੀ ਫ਼ਿਕਰਾਤ ਤੋਂ ਪਰਹੇਜ਼ ਕੀਤਾ ਗਿਆ ਹੈ ਕਿ ਹਾਰਜ ਮਕਸਦ ਹੈ ਵ ਬਾਅਸ ਸਿਰਫ਼ ਤਵੱਜਾ ਇੱਲਾ ਗ਼ੈਰਿਲ ਮਤਲੂਬਿਰਕਅਤਿਲ ਊਲਾ ਫ਼ੀ ਜ਼ਰੂਰਾਤਿਸਲਾਹ ਜ਼ਰਰ ਤਰ ਕਿਹਾ। ਸੁਨੀਅਲ-ਅਜ਼ੀਜ਼ ਅਸਅਦਾਕੱਲਾ ਹੂ ਵ ਅੱਈਯਾ ਯਾ ਅਕਾਇਦ ਕੀ ਤਸਹੀਹ ਕੇ ਬਾਅਦ ਉਮਦਾ ਤਰੀਨ ਇਬਾਦਾਤ ਵ ਜਾਮਿਅ ਜਮੀਅ ਖ਼ੈਰਾਤ-ਓ-ਬਰਕਾਤ-ਏ ਸਲਾਤ ਹੈ ਇਸ ਕੇ ਅਤੀਯਾਨ ਬਅਮਲ ਤੋਂ ਵੱਧ ਕੇ ਨਾ ਕਿਸੇ ਅਮਲ ਦੀ ਫ਼ਜ਼ੀਲਤ ਹੈ ਅਤੇ ਨਾ ਇਸ ਦੇ ਛੱਡਣ ਦੀ ਬੁਰਾਈ ਦੇ ਬਰਾਬਰ ਕੋਈ ਨਿਰਾਦਰ। ਇਸ ਲਈ ਪਰਲੋ (ਕਿਆਮਤ) ਦੇ ਦਿਨ ਸਭ ਅਮਲਾਂ ਤੋਂ ਪਹਿਲਾਂ ਮੋਮਿਨ ਦੀਆਂ ਨਮਾਜ਼ਾਂ ਦਾ ਹਿਸਾਬ ਲਿਆ ਜਾਵੇਗਾ।

*****

# ਰਚਨਾਵਾਂ ਨਾਲ ਜਾਣ ਪਛਾਣ ਅਤੇ ਉਦੇਸ਼

ਆਮ ਤੌਰ ਤੇ ਕਵੀਆਂ ਅਤੇ ਲੇਖਕਾਂ ਨੇ ਇਕ ਤੋਂ ਵੱਧ ਵਿਸ਼ਿਆਂ ਤੇ ਕਿਤਾਬਾਂ ਲਿਖੀਆਂ ਹਨ। ਪ੍ਰੰਤੂ ਇਹ ਜ਼ਰੂਰੀ ਨਹੀਂ ਕਿ ਉਹਨਾਂ ਦੀ ਹਰੇਕ ਕਿਤਾਬ ਨੂੰ ਪ੍ਰਸਿੱਧੀ ਪ੍ਰਾਪਤ ਹੋਈ ਹੋਵੇ। ਜੇਕਰ ਅਸੀਂ ਆਪਣੇ ਪੰਜਾਬੀ ਸੂਫ਼ੀ ਕਵੀਆਂ ਨੂੰ ਹੀ ਦੇਖੀਏ ਤਾਂ ਉਹਨਾਂ ਵੀ ਵੱਖ ਵੱਖ ਰਚਨਾਵਾਂ ਰਚੀਆਂ। ਲੇਕਿਨ ਉਹਨਾਂ ਦੀ ਵੀ ਕਿਸੇ ਇਕ ਰਚਨਾ ਨੂੰ ਪ੍ਰਸਿੱਧੀ ਮਿਲੀ। ਪਰ ਜਦੋਂ ਅਸੀਂ ਮੌਲਵੀ ਗ਼ੁਲਾਮ ਰਸੂਲ (ਰਹਿ.) ਦੀਆਂ ਰਚਨਾਵਾਂ ਨੂੰ ਵੇਖਦੇ ਹਾਂ ਤਾਂ ਇਹ ਹਕੀਕਤ ਸਾਹਮਣੇ ਆਉਂਦੀ ਹੈ ਕਿ ਆਪ ਜੀ ਦੀ ਕਲਮ ਤੋਂ ਜੋ ਕੁੱਝ ਵੀ ਲਿਖਿਆ ਗਿਆ ਉਸ ਨੂੰ ਲੋਕ ਪ੍ਰਵਾਨਗੀ ਮਿਲੀ ਅਤੇ ਕਾਮਯਾਬੀ ਦੀ ਸਿਖਰ ਪ੍ਰਾਪਤ ਹੋਈ। ਉਦਾਹਰਣ ਦੇ ਤੌਰ 'ਤੇ 'ਦਾਸਤਾਨ ਅਮੀਰ ਹਮਜ਼ਾ', 'ਅਹਸਨੁਲ ਕਸਸ', 'ਚਿੱਠੀਆਂ' ਜਿਨ੍ਹਾਂ ਦੇ ਕਈ ਐਡੀਸ਼ਨ ਛਪ ਕੇ ਪ੍ਰਕਾਸ਼ਿਤ ਹੋ ਚੁੱਕੇ ਹਨ, ਲੋਕਾਂ ਨੂੰ ਮੌਖਿਕ ਤੌਰ ਤੇ ਯਾਦ ਹੋ ਗਏ ਹਨ ਅਤੇ ਲੋਕਾਂ ਵਿੱਚ ਬਹੁਤ ਪ੍ਰਸਿੱਧਤਾ ਪ੍ਰਾਪਤ ਕਰ ਚੁੱਕੇ ਹਨ। ਇਸ ਦੇ ਇਲਾਵਾ ਆਪ ਜੀ ਦੀਆਂ ਰਚਨਾਵਾਂ ਜੋ ਹੁਣ ਤਕ ਪ੍ਰਕਾਸ਼ਿਤ ਨਹੀਂ ਹੋਈਆਂ, ਹੈਰਾਨੀ ਦੀ ਗੱਲ ਹੈ ਇਹ ਹੈ ਕਿ ਉਹ ਵੀ ਆਮ ਲੋਕਾਂ ਨੂੰ ਯਾਦ ਹਨ।

**ਦਾਸਤਾਨ ਅਮੀਰ ਹਮਜ਼ਾ:**

ਇਹ ਦਾਸਤਾਨ ਅਸਲ ਵਿੱਚ ਹਮਜ਼ਾ ਅਤੇ ਨੌਸ਼ੀਰਵਾਂ ਦੀ ਇਕ ਲੰਬੀ ਜੰਗ ਦੀ ਕਹਾਣੀ ਹੈ। ਨੌਸ਼ੀਰਵਾਂ ਈਰਾਨ ਦਾ ਬਾਦਸ਼ਾਹ ਸੀ, ਕਿਉਂਕਿ ਈਰਾਨ, ਅਰਬ ਦੁਸ਼ਮਣੀ ਸਦੀਆਂ ਤੋਂ ਚੱਲੀ ਆ ਰਹੀ ਸੀ ਅਤੇ ਦਾਸਤਾਨ ਲਿਖਦੇ ਸਮੇਂ ਹਿੰਦੋਸਤਾਨ ਦੇ ਮੁਸਲਮਾਨਾਂ ਨੂੰ ਬਹਾਦਰੀ ਦੀ ਸਿੱਖਿਆ ਦੇ ਕੇ ਇਸ ਜ਼ਮੀਨ ਨੂੰ ਅੰਗ੍ਰੇਜ਼ਾਂ ਤੋਂ ਪਾਕ ਕਰਨ ਦਾ ਵੀ ਇਕ ਉਦੇਸ਼ ਸੀ। ਇਸ ਲਈ ਮੌਲਵੀ ਸਾਹਿਬ ਨੇ ਮੁਸਲਮਾਨਾਂ ਨੂੰ ਆਪਣੀ ਕਲਾ ਨਾਲ ਸਿਪਾਹੀਗਿਰੀ ਦੀ ਕਲਾ ਸਿਖਾਉਣ ਦੇ ਨਾਲ ਨਾਲ ਅਰਬਾਂ ਤੋਂ ਉਹ ਇਤਰਾਜ਼ ਦੂਰ ਕਰਨ ਦੀ ਕੋਸ਼ਿਸ਼ ਕੀਤੀ ਹੈ ਜੋ 'ਸ਼ਾਹਨਾਮਾ' ਵਿੱਚ ਫ਼ਿਰਦੌਸੀ ਨੇ ਈਰਾਨੀਆਂ ਦੇ ਮੁਕਾਬਲੇ ਵਿੱਚ ਅਰਬਾਂ ਤੇ ਕੀਤਾ। ਬਲਕਿ ਉਸ ਤੋਂ ਕਈ ਗੁਣਾ ਵਧ ਅਰਬਾਂ ਨੂੰ ਬਹਾਦਰ, ਹੌਸਲਾਮੰਦ ਅਤੇ ਨੈਤਿਕ ਕਦਰਾਂ ਦੇ ਮਾਲਕ ਸਿੱਧ ਕੀਤਾ ਹੈ। ਇਸ ਦਾ ਅਸਲ ਕਾਰਨ ਇਹ ਹੈ ਕਿ ਜਿਸ ਸਮੇਂ ਇਹ ਦਾਸਤਾਨ ਲਿਖੀ ਗਈ, ਉਸ ਸਮੇਂ ਮੁਸਲਮਾਨਾਂ ਅੰਦਰ ਹਰ ਤਰ੍ਹਾਂ ਦੀ ਗਿਰਾਵਟ ਪੈਦਾ ਹੋ ਰਹੀ ਸੀ। ਇਸ ਲਈ ਉਹਨਾਂ ਅੰਦਰ ਉਤਸ਼ਾਹ ਪੈਦਾ ਕਰਨਾ ਵੀ ਮੰਤਵ ਸੀ। ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਇਸ ਉਦੇਸ਼ ਵਿੱਚ ਕਾਮਯਾਬ ਨਜ਼ਰ ਆਉਂਦੇ ਹਨ। ਇਸ ਨੂੰ ਪੜ੍ਹ ਕੇ ਆਦਮੀ ਆਪਣੇ ਅੰਦਰ ਹੌਸਲਾ ਅਤੇ ਜੋਸ਼ ਮਹਿਸੂਸ ਕਰਦੇ ਹਨ।



**ਰੂਹੱਤਰਤੀਲ:**

ਇਹ ਮੌਲਵੀ ਗ਼ੁਲਾਮ ਰਸੂਲ ਦਾ ਅਣ ਪ੍ਰਕਾਸ਼ਿਤ ਰਸਾਲਾ ਹੈ। ਇਸ ਵਿੱਚ ਆਪ ਜੀ ਨੇ ਇਲਮ-ਏ-ਤਜਵੀਦ (ਸਹੀ ਢੰਗ ਨਾਲ ਪੜ੍ਹਨ ਦੀ ਕਿਰਿਆ) ਅਤੇ ਕੁਰਆਨੀ ਜਾਣਕਾਰੀ ਦਾ ਖ਼ਜ਼ਾਨਾ ਬੰਦ ਕੀਤਾ ਹੋਇਆ ਹੈ। ਕੁਰਆਨੀ ਉਦਾਹਰਣਾਂ ਨਾਲ ਸਾਰੀ ਕਿਤਾਬ ਭਰੀ ਹੋਈ ਹੈ। ਆਪ ਕੁਰਆਨੀ ਮੰਜ਼ਿਲਾਂ ਦੇ ਬਾਰੇ ਲਿਖਦੇ ਹਨ:-

*ਪਹਿਲੀ ਮੰਜ਼ਿਲ ਬਾਝ ਅਲਹਮਦੋਂ ਸੂਰਤ ਤਨ ਸ਼ੁਮਾਰੋਂ*
*ਪੰਜ ਸੱਤ ਨੌਂ ਤੇ ਗਿਆਰਾਂ ਤੇਰਾਂ ਪੈਂਸਠ ਅਖ਼ੀਰ ਕੁਰਆਨੋਂ।(17)*

ਅਰਥ: ਪਹਿਲੀ ਮੰਜ਼ਿਲ ਵਿੱਚ ਚਾਰ ਸੂਰਤਾਂ ਹਨ ਬਾਕੀ ਮੰਜ਼ਿਲਾਂ ਵਿੱਚ ਕ੍ਰਮ ਅਨੁਸਾਰ ਪੰਜ, ਸੱਤ, ਨੌਂ, ਗਿਆਰਾਂ, ਤੇਰਾਂ ਅਤੇ ਆਖ਼ਰੀ ਵਿੱਚ ਪੈਂਹਟ। ਇਸ ਤਰ੍ਹਾਂ 114 ਸੂਰਤਾਂ ਪੂਰੀਆਂ ਹੋ ਗਈਆਂ ਹਨ।

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਇਸ ਦੇ ਦੋ ਨਾਂ 'ਰੂਹੱਤਰਤੀਲ' ਅਤੇ 'ਜਵਾਹਰੁਤਰਤੀਲ' ਰੱਖੇ ਹਨ ਅਤੇ ਅਬਜਦ (ਉਰਦੂ ਵਰਣਮਾਲਾ ਦੇ ਨੰਬਰਾਂ ਦੀ ਗਿਣਤੀ) ਦੇ ਹਿਸਾਬ ਨਾਲ ਇਨ੍ਹਾਂ, ਨਾਵਾਂ ਤੋਂ ਉਹਨਾਂ ਦੇ ਇਸ ਦਾ ਪ੍ਰਕਾਸ਼ਨ ਵਰ੍ਹਾ 1285 ਹਿਜਰੀ ਕੱਢਿਆ ਹੈ। 256 ਸ਼ਿਅਰ ਦੀ ਇਸ ਮਸਨਵੀ (ਕਾਵਿਕ ਕਿੱਸਾ) ਵਿੱਚ ਲੇਖਕ ਨੇ ਪੰਜਾਬੀ ਭਾਸ਼ਾ ਵਿੱਚ ਕਿਰਆਤ (ਕੁਰਆਨ ਪੜ੍ਹਨ ਦਾ ਢੰਗ) ਦੇ ਨਿਯਮ ਬਿਆਨ ਕੀਤੇ ਹਨ। ਮੌਲਵੀ ਸਾਹਿਬ ਨੇ ਇਹ ਸਾਰੀਆਂ ਗੱਲਾਂ ਰਸਾਲੇ ਦੇ ਅੰਤ ਵਿੱਚ 'ਦੁਆ-ਏ-ਖ਼ੈਰ ਦਰ ਇਖ਼ਤਤਾਮ-ਏ-ਰਸਾਲਾ' ਵਿਸ਼ੇ ਦੇ ਅੰਤਰਗਤ ਇਸ ਤਰ੍ਹਾਂ ਦੱਸੀਆਂ ਹਨ:

*ਇਹ ਕਵਾਇਦ ਚੰਦ ਜ਼ਰੂਰੀ ਕਾਰਨ ਮੋਮਿਨ ਭਾਈਆਂ*
*ਮੈਂ ਪੰਜਾਬੀ ਬੋਲੀ ਅੰਦਰ ਬੈਂਤਾਂ ਸਾਫ਼ ਬਣਾਈਆਂ।*
*ਪੁਰ ਮਅਨੀ ਵਿੱਚ ਥੋੜ੍ਹਿਆਂ ਲਫ਼ਜ਼ਾਂ ਯਾਦ ਕਰਨ ਆਸਾਨੀ*
*ਅੜ੍ਹਾਈ ਸੌ ਛੇ ਬੈਂਤਾਂ ਇਸ ਦੀਆਂ ਵਿੱਚ ਇਅਜਾਜ਼ ਬਿਆਨੀ।*
*ਤੇ ਰੂਹੱਤਰਤੀਲ ਰਿਸਾਲੇ ਨਾਮ ਮੁਵਾਫ਼ਿਕ ਪਾਇਆ*
*ਸਨ ਹਿਜਰੀ ਤਾਲੀਫ਼ ਇਸ ਦੀ ਦਾ ਨਾਮੋਂ ਜ਼ਾਹਿਰ ਆਇਆ।*
*ਤੇ ਜਵਾਹਰੁੱਤਰਤੀਲੋਂ ਪਾਵੀਂ ਸਨ ਤਸਨੀਫ਼ੀ ਐਵੇਂ*
*ਜਿਹਤ ਮੁਤਾਬਿਕ ਹਰ ਇਅਤਬਾਰੋਂ ਨਾਮ ਧਰੇ ਮੈਂ ਦੋਵੇਂ(18)*

ਅਰਥ: ਮੈਂ ਇਹ ਜ਼ਰੂਰੀ ਨਿਯਮ ਮੋਮਿਨ ਭਾਈਆਂ ਲਈ ਪੰਜਾਬੀ ਭਾਸ਼ਾ ਵਿੱਚ ਸਪੱਸ਼ਟ ਤੌਰ ਤੇ ਸ਼ਿਅਰ ਲਿਖ ਦਿੱਤੇ ਹਨ ਤਾਂ ਕਿ ਸੰਖੇਪ ਵਿੱਚ ਲਿਖੇ ਗਏ ਸ਼ਬਦ, ਅਰਥਾਂ ਨੂੰ ਯਾਦ ਕਰਨ ਵਿੱਚ ਅਸਾਨੀ ਰਹੇ। ਇਸ ਦੇ 256 ਸ਼ਿਅਰ ਹਨ ਜੋ ਕਿ ਮੈਂ ਬਿਆਨ ਕੀਤੇ ਹਨ ਅਤੇ ਇਸ ਰਸਾਲੇ ਦਾ ਨਾਂ ਰੂਹੱਤਰਤੀਲ ਹੈ ਜਿਸ ਨਾਲ ਇਸ ਦੀ ਪ੍ਰਕਾਸ਼ਨਾ ਦਾ ਸੰਨ ਪਤਾ ਚਲਦਾ ਹੈ ਅਤੇ ਜਵਾਹਰੁੱਤਰਤੀਲ ਦੇ ਨਾਂ ਤੋਂ ਵੀ ਇਹੀ ਸਨ ਨਿਕਲਦਾ ਹੈ ਦੋਵੇਂ ਤਰ੍ਹਾਂ ਇਸ ਦੇ ਨਾਂ ਰੱਖ ਦਿੱਤੇ ਹਨ। ਮੌਲਵੀ ਸਾਹਿਬ (ਰਹਿ.) ਪ੍ਰਕਾਸ਼ਨਾ ਦੇ ਵਰ੍ਹੇ ਨੂੰ ਹੋਰ ਸਪੱਸ਼ਟ ਕਰਦੇ ਹਨ:

*ਹਿਜਰੀ ਸਨ ਦੋ ਸਦੀਆ ਉਤੇ ਇਕ ਹਜ਼ਾਰ ਪਚਾਸੀ(19)*

"ਰੂਹੱਤਰਤੀਲ" ਨੂੰ ਮੌਲਵੀ ਸਾਹਿਬ (ਰਹਿ.) ਨੇ ਪੰਦਰਾਂ ਅਧਿਆਇ ਵਿੱਚ ਵੰਡਿਆ ਹੈ।

ਨਿਯਮ ਅਨੁਸਾਰ ਇਸ ਦੀ ਸ਼ੁਰੂਆਤ ਹਮਦੀਆ (ਰੱਬ ਦੀ ਪ੍ਰਸ਼ੰਸਾ) ਅਤੇ ਨਾਅਤੀਆ (ਹਜ਼ਰਤ ਮੁਹੰਮਦ ਸਾਹਿਬ (ਸ.) ਦੀ ਪ੍ਰਸ਼ੰਸਾ) ਸ਼ਿਅਰਾਂ ਨਾਲ ਹੁੰਦੀ ਹੈ। ਫੇਰ ਚਾਰ ਯਾਰਾਂ, ਅਹਿਲ-ਏ-ਬੈਤ (ਅਧੀਨਗੀ ਪਾਉਣ ਵਾਲੇ) ਅਤੇ ਇਮਾਮਾਂ (ਪੇਸ਼ਵਾਂ) ਤੇ ਦਰੂਦ (ਦੁਆ) ਭੇਜਿਆ ਹੈ। ਫੇਰ ਤਜਵੀਦ (ਠੀਕ ਢੰਗ ਨਾਲ ਪੜ੍ਹਨ ਦਾ ਭਾਵ) ਬਾਰੇ ਹਦੀਸਾਂ ਅਤੇ ਆਇਤਾਂ ਨੂੰ ਕਾਵਿਕ ਰੂਪ ਦਿੱਤਾ ਹੈ, ਜਿਵੇਂ:

***ਸਰਵਰ ਆਲਮ ਵਿੱਚ 'ਮਸ਼ਾਰਿਕ' ਯਾਰਾਂ ਨੂੰ ਫ਼ਰਮਾਵਣ***
***ਬਿਹਤਰ ਵਿੱਚ ਤੁਸਾਂ ਜੋ ਮੋਮਿਨ ਪੜ੍ਹਨ ਕੁਰਆਨ ਪੜ੍ਹਾਵਣ***
***ਬਾ ਤਜਵੀਦ ਨਜ਼ੂਲ ਕੁਰਆਨੀ, ਹਰਫ਼ਾਂ ਹੱਕ ਅਦਾਈ***
***ਫ਼ਰਜ਼ ਇਹਾ ਈ, ਸ਼ੱਕ ਨਾ ਕਾਈ, ਜਾਂ ਲਗ ਤਾਕਤ ਪਾਈ***
***ਵਰਤਲ ਅਲ ਕੁਰਆਨ ਤਰਤੀਲਾ ਰੱਬ ਵਿੱਚ ਕੁਰਆਨ ਫ਼ਰਮਾਇਆ***
***ਬਾ ਤਰਤੀਲ ਪੜ੍ਹਨ ਕੁਰਆਨੇ, ਹੁਕਮ ਜ਼ਰੂਰੀ ਆਇਆ (20)***

ਅਰਥ: ਸਰਵਰ-ਏ-ਆਲਮ (ਸ.) ਮਸ਼ਾਰਿਕ ਉਲ ਅਨਵਾਰ ਵਿੱਚ ਦੋਸਤਾਂ ਨੂੰ ਇਹ ਫ਼ਰਮਾ ਰਹੇ ਹਨ ਕਿ ਤੁਹਾਡੇ ਵਿੱਚੋਂ ਵਧੀਆ ਮੋਮਿਨ ਉਹ ਹੈ ਜੋ ਕੁਰਆਨ ਪੜ੍ਹੇ ਅਤੇ ਦੂਸਰਿਆਂ ਨੂੰ ਪੜ੍ਹਾਏ ਅਤੇ ਤਜਵੀਦ ਨਾਲ ਕੁਰਆਨ ਮਜੀਦ ਨੂੰ ਉਸ ਦੇ ਨਜ਼ੂਲ (ਭਾਵ ਜਿਸ ਢੰਗ ਨਾਲ ਆਕਾਸ਼ ਤੋਂ ਜ਼ਮੀਨ ਤੇ ਉਤਰਿਆ) ਦੇ ਅਨੁਸਾਰ ਪੜ੍ਹਾਉਣਾ ਅਸਲ ਵਿੱਚ ਉਸ ਦਾ ਹੱਕ ਅਦਾ ਕਰਨਾ ਹੈ। ਇਹ ਫ਼ਰਜ਼ ਹੈ ਅਤੇ ਇਸ ਤੇ ਕਿਸੇ ਕਿਸਮ ਦਾ ਸ਼ੱਕ ਨਹੀਂ ਹੈ ਅਤੇ ਜਿੱਥੋਂ ਤਕ ਸੰਭਵ ਹੋ ਸਕੇ ਉਸ ਦਾ ਹੱਕ ਅਦਾ ਕਰਨਾ ਚਾਹੀਦਾ ਹੈ। ਕੁਰਆਨ ਮਜੀਦ ਨੂੰ ਠਹਿਰ ਠਹਿਰ ਕੇ ਪੜ੍ਹੋ; ਇਹ ਅੱਲ੍ਹਾ ਨੇ ਕੁਰਆਨ ਵਿੱਚ ਫ਼ਰਮਾਇਆ (ਕਿਹਾ) ਹੈ ਅਤੇ ਕੁਰਆਨ ਮਜੀਦ ਨੂੰ ਠਹਿਰ ਠਹਿਰ ਕੇ ਪੜ੍ਹਨ ਦਾ ਜ਼ਰੂਰੀ ਹੁਕਮ ਆਇਆ ਹੈ। ਫੇਰ ਉਰਦੂ ਵਰਣਮਾਲਾ ਦੇ ਕੱਢੇ ਹੋਏ ਅੱਖਰਾਂ ਦੀ ਗਿਣਤੀ ਬਾਰੇ ਚਾਰ ਸ਼ਿਅਰਾਂ ਦਾ ਮੁਕੱਦਮਾ ਲਿਖਿਆ ਹੈ। (ਮੁਖ਼ਰਜ) ਖ਼ਾਰਿਜ ਕੀਤੇ ਹੋਏ ਕਿਸ ਨੂੰ ਕਹਿੰਦੇ ਹਨ, ਮੌਲਵੀ ਸਾਹਿਬ (ਰਹਿ.) ਦੱਸਦੇ ਹਨ:

***ਮੁਖ਼ਰਜ ਹੈ ਉਹ ਜਾਗ੍ਹਾ ਜਿਸ ਥੀਂ ਹਰਫ਼ ਜੋ ਬਾਹਰ ਆਵੇ***
***ਅਕਸਰ ਕਹਿਣ ਸਤਾਰਾਂ ਮੁਖ਼ਰਜ, ਵਾਜ਼ਿਹ ਆਖ ਸੁਣਾਵੇ।(21)***

ਅਰਥ: ਮੁਖ਼ਾਰਜ- ਮੁਖ਼ਰਜ ਦਾ ਬਹੁਵਚਨ ਜਿਸ ਸਰੀਰਕ ਅੰਗ ਜਾਂ ਭਾਗ ਨਾਲ ਕਿਸੇ ਸ਼ਬਦ ਦਾ ਉਚਾਰਣ ਕੀਤਾ ਜਾਂਦਾ ਹੈ, ਉਹ ਸਰੀਰਕ ਅੰਗ ਜਾਂ ਭਾਗ ਉਸ ਅੱਖਰ ਦਾ ਮੁਖ਼ਰਜ ਕਹਾਉਂਦਾ ਹੈ। ਮੁਖ਼ਰਜ ਪਤਾ ਕਰਨ ਦਾ ਢੰਗ ਹੈ ਕਿ ਜਿਸ ਸ਼ਬਦ ਦਾ ਮੁਖ਼ਰਜ ਪਤਾ ਕਰਨਾ ਹੈ ਉਸ ਨੂੰ ਸਾਕਨ (ਹਲੰਤ/ਬੇ ਹਰਕਤ) ਕਰਕੇ ਉਸ ਤੋਂ ਪਹਿਲਾਂ ਇਕ ਹਮਜ਼ਾ ਮੁਤਹੱਰਿਕ (ਹਰਕਤ ਕਰਨ ਵਾਲਾ) ਉਸ ਨੂੰ ਨਿਭਾਵੇ ਜਿਸ ਥਾਂ ਤੇ ਆਵਾਜ਼ ਰੁਕ ਜਾਵੇ, ਉਹ ਉਸ ਦਾ ਮੁਖ਼ਰਜ ਹੈ।

ਫੇਰ ਖ਼ੈਰ ਦੀ ਦੁਆ ਦੇ ਨੌਂ ਸ਼ਿਅਰਾਂ ਤੋਂ ਬਾਅਦ ਚਾਰ ਸ਼ਿਅਰਾਂ ਵਿੱਚ ਤਲਾਵਤ (ਕੁਰਆਨ ਪੜ੍ਹਨ ਦੀ ਕਿਰਿਆ) ਦੇ ਸਜਦਿਆਂ (ਸੀਸ ਨਿਵਾਉਣ ਦਾ ਭਾਵ) ਬਾਰੇ ਲਿਖ ਕੇ ਰਿਸਾਲਾ ਖ਼ਤਮ ਕੀਤਾ ਹੈ। 'ਰੂਹੱਤਰਤੀਲ' ਵਿੱਚ ਕੁਰਆਨ ਪਾਕ ਦੀਆ ਸੂਰਤਾਂ, ਆਇਤਾਂ, ਕਲਮਿਆਂ, ਅੱਖਰਾਂ ਅਤੇ ਹਰਕਤਾਂ ਦੀ ਗਿਣਤੀ ਇਸ ਤਰ੍ਹਾਂ ਦੱਸੀ ਗਈ ਹੈ:



| | | | |
|---|---|---|---|
| *ਸੂਰਤ* | *114* | *ਕਸਮ* | *1000* |
| ਆਇਤਾਂ | 6666 | ਹਲਾਲ ਹਰਾਮ | 500 |
| (ਅਮਰ) ਕਰਨ ਵਾਲੇ ਕੰਮ | 1000 | ਦੁਆਵਾਂ | 100 |
| (ਨਹੀਂ) ਮਨ੍ਹਾਂ ਕੀਤੇ ਕੰਮ | 1000 | ਨਾਸਖ਼ ਮਨਸੂਖ਼ | 66 |
| (ਕਲਮੇ) ਗੱਲਾਂ | 76439 | ਰੁਕੂਅ | 558 |
| ਅੱਖਰ | 322670 | ਲਾਜ਼ਿਮ ਵਕਫ਼ | 85 |
| ਜ਼ਬਰ | 53243 | ਵਕਫ਼ਸਾਦ (ਸ) | 83 |
| ਜ਼ਮ(ਪੇਸ਼ ਦੀ ਹਰਕਤ) | 8804 | ਮੁਤਲਿਕ ਵਕਫ਼ | 3502 |
| ਜ਼ੇਰ | 39582 | ਸਕਤੇ | 8 |
| ਸ਼ਬਦ | 105681 | ਵਕਫ਼ ਹਾ | 1155 |
| ਮੱਦਾਂ | 1771 | ਜ਼ੇ | 191 |
| ਤਸ਼ਦੀਦ | 1253 | ਜਇਜ਼ਵਕਫ਼ | 578 |

ਪੁਸਤਕ ਦਾ ਇਹ ਕਾਂਡ ਮੌਲਵੀ ਸਾਹਿਬ (ਰਹਿ.) ਦੀ ਦੀਨੀ (ਧਾਰਮਿਕ) ਮੁਹਾਰਤ ਅਤੇ ਕਲਾਮ ਤੇ ਮਜ਼ਬੂਤ ਪਕੜ ਦਾ ਬਹੁਤ ਵੱਡਾ ਸਬੂਤ ਹੈ ਕਿਉਂਕਿ ਕਵਿਤਾ ਦੀ ਹਰੇਕ ਤੁਕ ਸਿਆਕ ਉਲ ਇਅਦਾਦ ਦਾ ਨਮੂਨਾ ਹੈ ਅਤੇ ਫਿਰ ਇਅਦਾਦ ਵੀ ਅਜਿਹੇ ਕਿ ਲੱਖਾਂ ਤਕ ਪਹੁੰਚੇ ਹਨ। ਇਨ੍ਹਾਂ ਵਿੱਚ ਸ਼ਿਅਰੀ ਰਵਾਨੀ (ਵਹਾਅ) ਨੂੰ ਕਾਇਮ ਰੱਖਣਾ ਮੌਲਵੀ ਸਾਹਿਬ ਦਾ ਹੀ ਕੰਮ ਹੈ। ਨਿਯਮਾਂ ਤੋਂ ਅਲੱਗ 'ਰੂਹੱਤਰਤੀਲ' ਵਿੱਚ ਕੁਰਆਨ ਮਜੀਦ ਨੂੰ ਹਜ਼ਰਤ ਅਬੂ ਬਕਰ ਸਿੱਦੀਕ (ਰਜ਼ੀ) ਦੀ ਖ਼ਿਲਾਫ਼ਤ (ਜਾਨਸ਼ੀਨੀ/ਉਤਰਾਧਿਕਾਰੀ) ਦੇ ਸਮੇਂ ਕਿਤਾਬੀ ਰੂਪ ਦੇਣ ਤੋਂ ਹਜ਼ਰਤ ਉਸਮਾਨ ਗ਼ਨੀ (ਰਜ਼ੀ) ਦੀ ਖ਼ਿਲਾਫ਼ਤ ਦੇ ਸਮੇਂ ਤਕ ਇਕ ਕਿਰਅਤ (ਕੁਰਆਨ ਮਜੀਦ ਪੜ੍ਹਨ ਦਾ ਭਾਵ) ਦੇਣ ਸਬੰਧੀ ਵਿਆਖਿਆਤਮਕ ਵਰਨਣ ਹੈ। ਇਸ ਵਿੱਚ ਹਜ਼ਰਤ ਉਸਮਾਨ ਗ਼ਨੀ (ਰਜ਼ੀ) ਦੇ ਸਮੇਂ ਵਿੱਚ 25 ਹਿਜਰੀ ਦੇ ਝਗੜੇ ਦਾ ਇਤਿਹਾਸਕ ਇਸ਼ਾਰਾ ਮਿਲਦਾ ਹੈ।

***ਜਿਸ ਦਿਨ ਅਹਿਦ ਗ਼ਨੀ ਸਨ ਪੰਜੀ ਝਗੜਾ ਪਿਆ ਖ਼ਿਲਾਫ਼ੋਂ***
***ਤਾਂ ਅਸਹਾਬ ਜਮ੍ਹਾਂ ਕਰ ਲਿਖਿਆ ਲੁਗ਼ਤ ਕੁਰੈਸ਼ੀ ਸਾਫ਼ੋਂ (22)***

ਵਿਭਿੰਨ ਇਲਾਕਿਆਂ ਵਿੱਚ ਵੱਖ ਵੱਖ ਕਿਰਅਤਾਂ ਸ਼ੁਰੂ ਹੋ ਗਈਆਂ ਸਨ ਅਤੇ ਫ਼ਿਤਨੇ ਦਾ ਡਰ ਸੀ ਇਸ ਲਈ ਹਜ਼ਰਤ ਉਸਮਾਨ ਗ਼ਨੀ (ਰਜੀ.) ਨੇ ਕੁਰੈਸ਼ੀ ਕਿਰਅਤ ਅਨੁਸਾਰ ਕੁਰਆਨ ਪਾਕ ਲਿਖਿਆ ਅਤੇ ਕਈ ਸ਼ਹਿਰਾਂ ਵਿੱਚ ਉਸ ਦੀਆਂ ਕਾਪੀਆਂ ਭੇਜ ਦਿੱਤੀਆਂ ਜਿਸ ਦੇ ਸਬੰਧ ਵਿੱਚ ਮੌਲਵੀ ਸਾਹਿਬ (ਰਹਿ.) ਹੇਠਲੇ ਸ਼ਿਅਰ ਵਿੱਚ ਲਿਖਦੇ ਹਨ:

***ਇਕ ਮਦੀਨੇ ਦੂਜਾ ਮੱਕੇ ਤੀਜਾ ਸ਼ਾਮ ਪਹੁੰਚਾਇਆ***
***ਚੌਥਾ ਬਹਿਰ ਯਮਨ ਵਿੱਚ ਬਸਰੇ ਇਕ ਕੂਫ਼ੇ ਅਪੜਾਇਆ।(23)***

ਫੇਰ ਲਿਖਦੇ ਹਨ:

***ਹੁਕਮ ਦਿੱਤਾ ਜੇ ਉਨਹਾਂ ਮੁਤਾਬਿਕ ਕਰੋ ਕਿਰਆਤ ਸਾਰੇ।***

ਸੱਚੀ ਗੱਲ ਇਹ ਹੈ ਕਿ 'ਰੂਹੱਤਰਤੀਲ' ਦੇ ਹਰੇਕ ਕਾਂਡ (ਭਾਗ) ਦਾ ਕੋਈ ਜਵਾਬ ਨਹੀਂ।

ਮੌਲਵੀ ਸਾਹਿਬ ਦੀ ਵਿਦਵਤਾ ਅਤੇ ਸ਼ਿਅਰੀ ਮੁਹਾਰਤ ਦਾ ਮੂੰਹ ਬੋਲਦਾ ਸਬੂਤ ਹੈ। ਉਹਨਾਂ ਨੇ ਸਖ਼ਤ ਮਿਹਨਤ ਕਰਕੇ ਕੁੱਝ ਜ਼ਰੂਰੀ ਨਿਯਮਾਂ ਨੂੰ ਸਿਰਫ਼ 256 ਸ਼ਿਅਰਾਂ ਵਿੱਚ ਪੇਸ਼ ਕਰ ਦਿੱਤਾ ਹੈ, ਕਿਉਂਕਿ ਸ਼ਿਅਰਾਂ ਵਿੱਚ ਔਖੀ ਤੋਂ ਔਖੀ ਗੱਲ ਵੀ ਛੇਤੀ ਯਾਦ ਹੋ ਜਾਂਦੀ ਹੈ। ਉਹਨਾਂ ਨੇ ਬਿਲਕੁਲ ਠੀਕ ਕਿਹਾ ਹੈ:

*ਪੁਰ ਮਅਨੀ ਵਿੱਚ ਥੋੜ੍ਹਿਆਂ ਲਫ਼ਜ਼ਾਂ ਯਾਦ ਕਰਨ ਅਸਾਨੀ*
*ਅੜਾਈ ਸੌ ਛੇ ਬੈਤਾਂ ਇਸ ਦੀਆਂ ਵਿੱਚ ਇਅਜਾਜ਼ ਬਿਆਨੀ।(24)*

**ਅਹਸਨੁਲ ਕਸਸ:**

'ਅਹਸਨੁਲ **ਕਸਸ'** ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਇਕ ਮਹੱਤਵਪੂਰਨ ਪੁਸਤਕ ਹੈ, ਜਿਸ ਦੇ ਸ਼ਿਅਰਾਂ ਦੀ ਗਿਣਤੀ ਕੁਰਆਨ ਪਾਕ ਦੀਆਂ ਆਇਤਾਂ ਦੀ ਗਿਣਤੀ ਦੇ ਬਰਾਬਰ 6666 ਹੈ। ਉਹਨਾਂ ਨੇ ਆਪਣੀ ਮਸਨਵੀ ਵਿੱਚ ਹਜ਼ਰਤ ਯੂਸਫ਼ (ਅਲੈ.) ਦੀ ਪੈਗੰਬਰਾਂ ਵਾਲੀ ਸ਼ਾਨ ਨੂੰ ਮੁੱਖ ਰੱਖਿਆ ਹੈ ਅਤੇ ਖ਼ੈਰ-ਓ-ਸ਼ਰ ( ਭਲਾਈ ਤੇ ਬੁਰਾਈ) ਮੋਮਿਨ ਅਤੇ ਇਕ ਪਾਕ ਇਨਸਾਨ ਅਤੇ ਜ਼ੁਲੈਖ਼ਾ ਨੂੰ ਪਹਿਲਾਂ ਗੁਨਾਹਗਾਰ ਫੇਰ ਸੱਚੇ ਮਾਰਗ ਦੀ ਬੇਚੈਨ ਰੂਹ ਨੂੰ ਅਲਾਮਤ ਬਣਾ ਕੇ ਪੇਸ਼ ਕੀਤਾ ਹੈ। ਮੌਲਵੀ ਸਾਹਿਬ ਨੇ ਇਹ ਫ਼ਲਸਫ਼ਾ ਉਜਾਗਰ ਕੀਤਾ ਹੈ ਕਿ ਮਨੁੱਖ ਅਜ਼ਮਾਇਸ਼ਾਂ ਦੇ ਬਾਅਦ ਹੀ ਸਫ਼ਲ ਹੁੰਦਾ ਹੈ। ਇਮਤਿਹਾਨ ਅਤੇ ਦੁੱਖ ਮਨੁੱਖ ਨੂੰ ਕੁੰਦਨ ਬਣਾ ਦਿੰਦੇ ਹਨ। ਅਹਸਨੁਲ ਕਸਸ ਵਿੱਚ ਮਰਦਾਨਾ ਅਤੇ ਜ਼ਨਾਨਾ ਦੋ ਤਰ੍ਹਾਂ ਦੇ ਕਿਰਦਾਰ ਆਉਂਦੇ ਹਨ। 'ਅਹਸਨੁਲ ਕਸਸ' ਦੇ ਪਾਤਰਾਂ ਦੀ ਕਿਸਮ ਅਤੇ ਆਪਸੀ ਸਬੰਧਾਂ ਦੇ ਅਨੁਸਾਰ ਉਹਨਾਂ ਵਿੱਚ, ਬਾਦਸ਼ਾਹ, ਪਰਜਾ, ਮਾਲਕ, ਗ਼ੁਲਾਮ, ਆਸ਼ਿਕ, ਮਾਸ਼ੂਕ, ਪਿਤਾ, ਮਾਤਾ, ਪੁੱਤਰ, ਪੁੱਤਰੀ, ਭੈਣ, ਭਰਾ, ਸਹੇਲੀ, ਸਾਥੀ, ਮਿੱਤਰ, ਦੁਸ਼ਮਣ, ਬੁੱਢੇ, ਜਵਾਨ, ਬੱਚੇ (ਦੁੱਧ ਪੀਂਦੇ), ਖ਼ੁਸ਼ ਅਤੇ ਉਦਾਸ, ਰੰਜੀਦਾ ਪਾਤਰ ਦਿਖਾਈ ਦਿੰਦੇ ਹਨ। ਇਸ ਦਾਸਤਾਨ ਦੇ ਪਾਤਰ ਇਤਿਹਾਸਕ ਕਿਸਮ ਦੇ ਹਨ। ਵਿਸ਼ੇਸ਼ ਤੌਰ ਤੇ ਯੂਸਫ਼ (ਅਲੈ.) ਅਤੇ ਯਾਕੂਬ (ਅਲੈ.) ਦੇ ਪਾਤਰ। ਇਹਨਾਂ ਪਾਤਰਾਂ ਦੇ ਰਾਹੀਂ ਆਪਣੇ ਵੱਡੇ ਵਡੇਰਿਆਂ ਦੇ ਕਾਰਨਾਮੇ ਅਤੇ ਪਿਛਲੇ ਇਤਿਹਾਸ ਨੂੰ ਸਮਝਣ ਵਿੱਚ ਵੱਡੀ ਮਦਦ ਮਿਲਦੀ ਹੈ। ਮੌਲਵੀ ਸਾਹਿਬ ਨੇ ਇਨ੍ਹਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਹ ਕਹਾਣੀ (ਦਾਸਤਾਨ) ਪਾਤਰ ਅਸਲੀ ਇਤਿਹਾਸਕ ਹਸਤੀਆਂ ਨਾਲੋਂ ਜ਼ਿਆਦਾ ਜਾਣਕਾਰ ਲਗਦੇ ਹਨ। ਮੌਲਵੀ ਸਾਹਿਬ ਨੇ ਆਪਣਾ ਇਹ ਉਦੇਸ਼ ਖ਼ੂਬ ਨਿਭਾਇਆ ਹੈ। ਉਹਨ੍ਹਾਂ ਨੇ ਕਲਪਨਾ ਤੋਂ ਕੰਮ ਲੈ ਕੇ ਇਤਿਹਾਸਕ ਪਾਤਰਾਂ ਵਿੱਚ ਹਰੇਕ ਬੁੱਢੇ, ਜਵਾਨ, ਬੱਚੇ, ਔਰਤ ਅਤੇ ਮਰਦ ਵਿੱਚ ਇਕ ਦੂਰੀ ਰੱਖੀ ਹੈ।

**ਤੌਹੀਦ ਦਾ ਮਸਲਾ:**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਉਰਦੂ ਵਾਰਤਕ (ਨਸਰ) ਵਿੱਚ ਦੋ ਕਿਤਾਬਾਂ ਛਪੀਆਂ ਹਨ। 'ਮਸਲਾ-ਏ-ਤੌਹੀਦ' ਅਤੇ 'ਮਆਰੀਬੁਲ ਖ਼ਾਸ਼ੀਈਨ' ਹਨ। ਮਸਲਾ-ਏ-ਤੌਹੀਦ' 10 ਪੰਨਿਆਂ ਤੇ ਅਧਾਰਿਤ ਰਸਾਲਾ ਹੈ, ਜਿਸ ਵਿੱਚ ਕੁਰਆਨੀ ਆਇਤਾਂ ਅਤੇ ਹਦੀਸਾਂ ਦੀ ਮਦਦ ਨਾਲ ਤੌਹੀਦ (ਇਕ ਰੱਬ ਹੋਣ ਦਾ ਸੰਕਲਪ) ਤੇ ਚਾਨਣਾ ਪਾਇਆ ਹੈ।



**ਸੀਹਰਫ਼ੀ ਹੁਲੀਆ ਸ਼ਰੀਫ਼:**

ਮੌਲਵੀ ਸਾਹਿਬ (ਰਹਿ.) ਨੇ ਇਹ ਸੀਹਰਫ਼ੀ 31 ਸਾਲ ਦੀ ਉਮਰ ਵਿੱਚ 9 ਮਾਰਚ 1880 ਈ. ਨੂੰ ਆਪਣੇ ਮਿੱਤਰ ਜਾਨੀ ਮੋਚੀ ਦੀ ਫ਼ਰਮਾਇਸ਼ ਤੇ ਲਿਖੀ। ਇਸ ਸੀਹਰਫ਼ੀ ਵਿੱਚ ਮੌਲਵੀ ਸਾਹਿਬ ਨੇ ਉੱਮਤ ਦੇ ਵਾਲੀ ਹਜ਼ੂਰ (ਸ.) ਪੁਰ ਨੂਰ ਦਾ ਸਰਾਪਾ (ਸਿਰ ਤੋਂ ਪੈਰਾਂ ਤੱਕ ਦਾ ਹਾਲ) ਬੜੇ ਸੁਹਣੇ ਢੰਗ ਨਾਲ ਪੇਸ਼ ਕੀਤਾ ਹੈ। ਇਸ ਵਿੱਚ ਨਬੀ ਪਾਕ(ਸ.) ਦੀਆਂ ਸਿਫ਼ਤਾਂ, ਚਰਿੱਤਰ, ਵਡਿਆਈ ਅਤੇ ਪਵਿੱਤਰ ਜੀਵਨੀ ਦੇ ਗੁਣਾਂ ਅਤੇ ਕੁੱਝ ਇਤਿਹਾਸਕ ਘਟਨਾਵਾਂ ਅਤੇ ਕਰਾਮਾਤਾਂ ਦਾ ਬਿਆਨ ਹੈ। ਇਸ ਕਿਤਾਬ ਵਿੱਚ ਮੌਲਵੀ ਸਾਹਿਬ ਨੇ ਸ਼ਿਅਰਾਂ ਵਿੱਚ ਆਪਣੇ ਤਖ਼ੱਲੁਸ (ਉਪਨਾਮ) ਕਰਨ ਦੀ ਥਾਂ ਤੇ ਆਪਣੇ ਮਿੱਤਰ ਜਾਨੀ ਮੋਚੀ ਦਾ ਨਾਂ ਲਿਆ ਹੈ। ਜਿਵੇਂ:

ਅਲਫ਼: *ਆਉ ਮਹਿਬੂਬ ਦਾ ਦੀਦ ਕਰੀਏ ਜਿਹਦੇ ਹੁਸਨ ਜਮਾ ਦੀ ਸ਼ਾਨ ਭਾਰੀ*
*ਜਿਸ ਦੇ ਨੂਰ ਜ਼ਹੂਰ ਥੀਂ ਤਬਕ ਚੌਦਾਂ ਕੁਰਸੀ ਅਰਸ਼ ਜੰਨਤ ਤਬਕਾਤ ਨਾਰੀ।*
*ਜਿਸ ਦੇ ਇਸ਼ਕ ਦੀ ਤੇਗ਼ ਨੇ ਅਰਬ ਕੱਠਾ ਸਣੇ ਅਜਮ ਹਰ ਦੇਸ ਦੀ ਖ਼ਲਕ ਸਾਰੀ*
*ਜਾਨੀ ਯਾਰ ਦੀ ਯਾਰੀਉਂ ਜਾਨ ਵਾਰੀ ਇੱਕੋ ਵਾਰ ਨਾ ਲੱਖ ਹਜ਼ਾਰ ਵਾਰੀ (25)*

ਇਹ ਹੁਲੀਆ ਸ਼ਰੀਫ਼ ਮੌਲਵੀ ਸਾਹਿਬ ਦੇ ਸੁਚੱਜੇ ਬਿਆਨ ਕਲਾ ਦਾ ਵਧੀਆ ਨਮੂਨਾ ਹੈ। ਇਸ ਵਿੱਚ ਭਾਸ਼ਾ ਬਿਆਨ ਤੋਂ ਵੀ ਵੱਧ ਸ਼ਰਧਾ ਦੇ ਵੀ ਚੰਗੇ ਨਮੂਨੇ ਦੇਖਣ ਨੂੰ ਮਿਲਦੇ ਹਨ। ਮੌਲਵੀ ਸਾਹਿਬ ਨੇ ਹਜ਼ੂਰ (ਸ.) ਦਾ ਸਰਾਪਾ ਪੇਸ਼ ਕਰਨ ਦੇ ਨਾਲ ਨਾਲ ਉਹਨਾਂ ਦੇ ਜੀਵਨ, ਚਰਿੱਤਰ, ਨੈਤਿਕਤਾ ਅਤੇ ਸਿਫ਼ਤਾਂ ਦਾ ਵਰਨਣ ਵੀ ਕੀਤਾ ਹੈ ਅਤੇ ਨਬੀ ਕਰੀਮ (ਸ.) ਦੀ ਸਿਫ਼ਤ ਅਤੇ ਪ੍ਰਸ਼ੰਸਾ ਦਾ ਹੱਕ ਵੀ ਅਦਾ ਕੀਤੀ ਹੈ।

ਬੇ: *ਬਹੁਤ ਉਸ ਹੁਸਨ ਦੀਆਂ ਖ਼ੂਬੀਆਂ ਨੇ ਖ਼ਾਲਕ ਪਾਕ ਨੇ ਆਪ ਵਡਿਆਇਆ ਈ।*
*ਹੁਸਨ ਯੂਸਫ਼ੀ ਬੂੰਦ ਉਸ ਬਹਿਰ ਵਿੱਚੋਂ ਜਿਸ ਮਿਸਰ ਕਨਆਨ ਤੜਪਾਇਆ ਈ।*
*ਜ਼ਾਹਿਰ ਹੁਸਨ ਉਹ ਵਿੱਚ ਮਜ਼ਹਰਾਂ ਦੇ ਦੇਖਣ ਵਾਲਿਆਂ ਨੂੰ ਦਸਯਾਇਆ ਈ।*
*ਜਿਹਨਾਂ ਜਾਨੀਆਂ ਜਾਨ ਕੁਰਬਾਨ ਕੀਤੀ ਜੋ ਕੁੱਝ ਪਾਵਨਾ ਸੀ ਸੋ ਪਾਇਆ ਈ।(26)*

ਮੌਲਵੀ ਸਾਹਿਬ ਨੇ ਹਜ਼ੂਰ (ਸ.) ਦਾ ਸਰਾਪਾ ਬਿਆਨ ਕਰਦਿਆਂ ਲੇਖ ਨੂੰ ਅਦਬ, ਇਸ਼ਕ ਨਾਲ ਅਰੰਭ ਕੀਤਾ ਹੈ ਅਤੇ ਬੜੀਆਂ ਹੀ ਹਲਕੀਆਂ ਫੁਲਕੀਆਂ ਅਤੇ ਸੁਹਣੀਆਂ ਤਸ਼ਬੀਹਾਂ (ਉਪਮਾ) ਵਰਤ ਕੇ ਆਪਣੇ ਲੇਖ ਨੂੰ ਜਾਨਦਾਰ ਬਣਾਇਆ ਹੈ। ਆਪ ਜੀ ਨੇ ਅਜਿਹੇ ਇਸਤਿਆਰੇ (ਰੂਪਕ) ਅਤੇ ਅਜਿਹੀਆਂ ਤਸ਼ਬੀਹਾਂ (ਉਪਮਾ) ਦੀ ਵਰਤੋਂ ਕੀਤੀ ਹੈ ਜੋ ਇਸ ਉੱਚ ਦਰਜੇ ਦੀ ਸ਼ਖ਼ਸੀਅਤ ਦੀ ਸ਼ਾਨ ਦੇ ਮੁਤਾਬਕ ਸਨ ਅਤੇ ਆਪ (ਸ.) ਲਈ ਹੀ ਬਣੇ ਸਨ। ਹਜ਼ੂਰ (ਸ.) ਦੇ ਸਰੀਰ ਬਾਰੇ ਬਿਆਨ ਕਰਦੇ ਹੋਏ ਲਿਖਦੇ ਹਨ:

ਜੀਮ: *ਜਿਸਮ ਸ਼ਰੀਫ਼ ਲਤੀਫ਼ ਅਨਵਰ ਖ਼ੁਸ਼ਬੂ ਨਾਕ ਕਸਤੂਰੀਉਂ ਭਾਂਵਦਾ ਏ।*
*ਇਕ ਵਾਰ ਜਿਸ ਰਾਹ ਥੀਂ ਗੁਜ਼ਰ ਜਾਂਦੇ ਕਈ ਮੁੱਦਤਾਂ ਅਸਰ ਨਾ ਜਾਂਵਦਾ ਏ।*
*ਕੁਰਬਾਨ ਤਾਤਾਰ ਲੱਖ ਖ਼ਤਨ ਨਾਫ਼ਾ ਅੰਬਰ ਅਤਰ ਸ਼ੁਮਾਰ ਕਿਸ ਆਂਵਦਾ ਏ।*
*ਖ਼ੁਸ਼ਬੂ ਦੇ ਅਸਰ ਹਰ ਯਾਰ ਜਾਨੀ ਮਗਰ ਜਾ ਉਨ ਪੁਛਿਆ ਪਾਂਵਦਾ ਏ।(27)*

ਅਰਥ: ਆਪ ਦਾ ਜਿਸਮ ਬੇਹੱਦ ਨਾਜ਼ੁਕ ਅਤੇ ਕਸਤੂਰੀ ਦੀ ਖ਼ੁਸ਼ਬੂ ਵਿੱਚ ਵਸਿਆ ਹੋਇਆ ਸੀ। ਇਕ ਵਾਰੀ ਜਿਸ ਰਸਤੇ ਵਿੱਚੋਂ ਲੰਘ ਜਾਂਦੇ ਸਨ, ਮੁੱਦਤਾਂ ਤਕ ਉਥੋਂ ਸੁਗੰਧੀ ਨਹੀਂ ਜਾਂਦੀ ਸੀ। ਦੇਸ਼ ਤਾਤਾਰ ਦੇ ਸ਼ਹਿਰ ਖ਼ਤਨ ਦੇ ਲੱਖਾਂ ਨਾਫ਼ਾ ਆਪ (ਸ.) ਤੇ ਕੁਰਬਾਨ, ਅੰਬਰ ਅਤੇ ਅਤਰ ਤਾਂ ਕਿਸੇ ਗਿਣਤੀ ਵਿੱਚ ਹੀ ਨਹੀਂ। ਆਪ (ਸ.) ਦੀ ਖ਼ੁਸ਼ਬੂ ਦਾ ਇਹ ਅਸਰ ਹੁੰਦਾ ਸੀ ਕਿ ਹਰ ਸਹਾਬੀ (ਦੋਸਤ) ਬਿਨ੍ਹਾਂ ਕਿਸੇ ਖੋਜ ਦੇ ਆਪ (ਸ.) ਕੋਲ ਪਹੁੰਚ ਜਾਂਦਾ ਸੀ।

ਹਜ਼ੂਰ (ਸ.) ਦੇ ਕੱਦ ਬਾਰੇ ਮੌਲਵੀ ਸਾਹਿਬ ਲਿਖਦੇ ਹਨ ਕਿ ਹਜ਼ੂਰ (ਸ.) ਦਾ ਕਦ ਦਰਮਿਆਨਾ, ਨਾ ਬਹੁਤ ਲੰਬਾ ਅਤੇ ਨਾ ਬਹੁਤ ਛੋਟਾ ਸੀ। ਆਪ (ਸ.) ਨਾ ਕਮਜ਼ੋਰ ਸਨ ਤੇ ਨਾ ਹੀ ਸਰੀਰ ਦੇ ਭਾਰੇ ਸਨ। ਆਪ (ਸ.) ਦੇ ਨੇੜੇ ਜਿਹੜਾ ਵੀ ਮਰਦ ਹੁੰਦਾ, ਉਹ ਹਜ਼ੂਰ (ਸ.) ਤੋਂ ਛੋਟਾ ਹੀ ਦਿਖਾਈ ਦਿੰਦਾ। ਆਪ (ਸ.) ਦਾ ਮੱਥਾ ਚੌਦਵੀਂ ਦੇ ਚੰਨ ਵਰਗਾ ਸੀ ਜਿਸ ਵਿੱਚੋਂ ਨੂਰ ਦੀਆਂ ਕਿਰਨਾਂ ਨਿਕਲਦੀਆਂ ਸਨ। ਭਰਵੱਟੇ ਦੇ ਬਾਲ ਬਰੀਕ ਅਤੇ ਅੱਖਾਂ ਵਿੱਚ ਨੂਰ ਸੀ। ਬੁੱਲ ਲਾਲ ਸੁਰਖ਼, ਦੰਦ ਸਫ਼ੈਦ ਮੋਤੀਆਂ ਤੋਂ ਵਧ ਕੇ ਬਰੀਕ, ਗੱਲ੍ਹਾਂ (ਰੁਖ਼ਸਾਰ) ਪੱਧਰੇ, ਦਾੜ੍ਹੀ ਮੁੱਠ ਭਰ ਸੰਘਣੀ ਸੀ, ਮੁੱਛਾਂ ਕੱਟੀਆਂ ਹੋਈਆਂ ਅਤੇ ਵਾਲ ਛੋਟੇ ਸਨ। ਆਪ (ਸ.) ਦੇ ਕੇਵਲ 17 ਵਾਲ ਸਫ਼ੈਦ ਹੋਏ ਸਨ। ਮੌਲਵੀ ਸਾਹਿਬ, ਹਜ਼ੂਰ (ਸ.) ਦਾ ਸਰਾਪਾ ਬਿਆਨ ਕਰਦੇ ਹੋਏ ਲਿਖਦੇ ਹਨ:

ਕਾਫ਼: *ਕੌਸ ਭਵਾਂ ਮਹਿਰਾਬ ਦੋਵੇਂ ਜਿਹਨਾਂ ਤੇਗ ਨੂੰ ਅਦਬ ਸਿਖਾਇਆ ਈ।*
*ਵਾਲ ਬਹੁਤ ਬਾਰੀਕ ਅਬਰੋਆਂ ਦੇ ਘਤ ਅਬਰ ਬਹਾਰ ਸੋਹਾਇਆ ਈ।*
*ਵਿਚਕਾਰ ਦੋ ਭਵਾਂ ਦੇ ਨੂਰ ਲਸ਼ਕੇ ਮਾਰ ਚਮਕ ਦਿਲ ਜਾਨ ਨਵਾਇਆ ਈ।*
*ਜਾਨੀ ਜਾਨ ਫ਼ਿਦਾ ਉਸ ਸੋਹਣੇ ਤੋਂ ਧਨ ਭਾਗ ਉਹ ਦੇ ਜਿਸ ਜਾਇਆ ਈ।(28)*

ਅਰਥ: ਆਪ (ਸ.) ਦੀਆਂ ਭਵਾਂ ਕੌਸ (ਧਨੁਖ/ਕਮਾਨ) ਵਾਂਗ ਸਨ ਅਤੇ ਉਹਨਾਂ ਨੇ ਤਲਵਾਰ ਨੂੰ ਵੀ ਅਦਬ ਸਿਖਾਇਆ ਸੀ। ਆਪ (ਸ.) ਦੇ ਭਰਵੱਟਿਆਂ ਦੇ ਵਾਲ ਬਹੁਤ ਬਾਰੀਕ ਸਨ, ਜੋ ਅਬਰ-ਏ-ਬਹਾਰ (ਬਹਾਰ ਦੇ ਬੱਦਲ) ਨੂੰ ਵੀ ਮੋਹ ਲੈਂਦੇ ਸਨ। ਆਪ (ਸ.) ਦੀਆਂ ਦੋਵੇਂ ਭਵਾਂ ਦੇ ਦਰਮਿਆਨ ਨੂਰ ਚਮਕ ਰਿਹਾ ਸੀ ਅਤੇ ਉਸ ਨੇ ਚਮਕ ਦਿਖਾ ਕੇ ਦਿਲ ਅਤੇ ਜਾਨ ਨੂੰ ਅਧੀਨ ਕਰ ਲਿਆ ਹੈ। ਮੇਰੀ ਜਾਨ ਉਸ ਮਹਿਬੂਬ ਤੇ ਕੁਰਬਾਨ ਹੋ ਜਾਵੇ ਅਤੇ ਉਹ ਮਾਂ ਜਿਸ ਨੇ ਆਪ (ਸ.) ਨੂੰ ਜਨਮ ਦਿੱਤਾ, ਉਹ ਬੜੀ ਭਾਗਾਂ ਵਾਲੀ ਹੈ। ਮੌਲਵੀ ਸਾਹਿਬ ਨੇ ਹਜ਼ੂਰ (ਸ.) ਦੀਆਂ ਉਂਗਲੀਆਂ ਮੁਬਾਰਕ ਨੂੰ ਚਾਂਦੀ ਦੀਆਂ ਸ਼ਾਖ਼ਾਵਾਂ ਨਾਲ ਉਪਮਾ ਦਿੱਤੀ ਹੈ:

*ਸ਼ਾਖ਼ਾਂ ਚਾਂਦੀ ਦੀਆਂ ਉਂਗਲੀਆਂ ਲੰਮੀਆਂ ਸੀ ਜਾਨੀ ਦੇਖਦਾ ਹੋ ਕੁਰਬਾਨ ਰਹਿਆ।*

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਹਜ਼ਰਤ ਮੁਹੰਮਦ (ਸ.) ਦੇ ਮੁਖੜੇ ਦੇ ਨੂਰ ਨੂੰ (ਬਦਰ) ਚੌਦਵੀਂ ਦੇ ਚੰਨ ਤੋਂ ਵੀ ਪਿਆਰਾ ਅਤੇ ਸੁਹਣਾ ਇਸ ਤਰ੍ਹਾਂ ਬਿਆਨ ਕਰਦੇ ਹਨ:

*ਜਿਹਨਾਂ ਦੇਖਿਆ ਤਿਹਨਾਂ ਨੇ ਬਦਰ ਕਹਿਆ ਜਦੋਂ ਹੋਰ ਨਮੂਨਾ ਨਾ ਲਭਦਾ ਈ ।*
*ਨਾਲੇ ਬਦਰ ਦਾ ਕਦਰ ਕੀਹਮਿਸਲ ਹੋਵੇ ਉਹ ਖ਼ੁਦ ਇਕ ਖ਼ਾਦਿਮ ਉਹਦੀ ਸ਼ਬਦਾ ਈ।*
*ਗਰਦਨ ਖ਼ੂਬ ਦਰਾਜ਼ ਮੌਜ਼ੂੰ ਜਾਨੀ ਜਿਸ ਤੇ ਫ਼ਜ਼ਲ ਜਹਾਨ ਦੇ ਰੱਬ ਦਾ ਈ।(29)*



**ਅਰਥ: ਜਿਹਨਾਂ** ਨੇ ਆਪ (ਸ.) ਨੂੰ ਦੇਖਿਆ, ਉਹਨਾਂ ਨੇ ਆਪ (ਸ.) ਨੂੰ ਚੌਦਵੀਂ ਦਾ ਚੰਨ ਕਹਿ ਦਿੱਤਾ। ਜਦੋਂ ਉਹਨਾਂ ਨੂੰ ਕੋਈ ਹੋਰ ਉਦਾਹਰਣ ਨਾ ਮਿਲ ਸਕੀ ਬਲਕਿ ਚੌਦਵੀਂ ਦਾ ਚੰਨ ਵੀ ਆਪ (ਸ.) ਵਰਗਾ ਨਹੀਂ ਹੋ ਸਕਦਾ ਕਿਉਂਕਿ ਉਹ ਤਾਂ ਖ਼ੁਦ ਵੀ ਆਪ (ਸ.) ਦੀ ਰਾਤ ਗ਼ੁਲਾਮ ਹੈ। ਆਪ (ਸ.) ਦੀ ਗਰਦਨ ਮੁਬਾਰਕ ਲੰਬੀ, ਸੁਹਣੀ ਅਤੇ ਢੁੱਕਵੀਂ ਸੀ ਜਦੋਂ ਕਿ ਅੱਲ੍ਹਾ ਦੀ ਉਹਨਾਂ ਉਤੇ ਖ਼ਾਸ ਮਿਹਰ ਸੀ।

ਮੌਲਵੀ ਸਾਹਿਬ ਨੇ ਇਸ ਸਰਾਪਾ ਨਿਗਾਰੀ (ਉਹ ਕਵਿਤਾ ਜਿਸ ਵਿੱਚ ਸਿਰ ਤੋਂ ਲੈ ਕੇ ਪੈਰਾਂ ਤੱਕ ਸਰੀਰ ਦੇ ਹਰੇਕ ਅੰਗ ਦੀ ਪ੍ਰਸ਼ੰਸਾ ਕੀਤੀ ਜਾਵੇ) ਵਿੱਚ ਕੁਰਆਨ ਪਾਕ ਅਤੇ ਹਦੀਸ ਤੋਂ ਵੀ ਮਦਦ ਲਈ ਹੈ। ਆਪਣੇ ਸ਼ਿਅਰਾਂ ਵਿੱਚ ਮੌਲਵੀ ਸਾਹਿਬ ਨੇ ਕੁਰਆਨ ਅਤੇ ਹਦੀਸ ਤੋਂ ਹਵਾਲੇ ਲੈ ਕੇ ਹਜ਼ੂਰ (ਸ.) ਦੀਆਂ ਖ਼ੂਬੀਆਂ (ਫ਼ਜ਼ਾਇਲ) ਬਿਆਨ ਕੀਤੀਆਂ ਹਨ। ਮੌਲਵੀ ਸਾਹਿਬ ਨੇ ਹਜ਼ੂਰ (ਸ.) ਦੀ ਸ਼ਾਨ ਵਿੱਚ ਨਾਅਤਾਂ ਕਹੀਆਂ ਹਨ। ਆਪ (ਸ.) ਦੀ ਸੁੰਦਰਤਾ ਨੂੰ ਬਿਆਨ ਕਰਨ ਦੇ ਨਾਲ ਨਾਲ ਜੀਵਨ ਦਾ ਵੀ ਬਿਆਨ ਜਾਰੀ ਰੱਖਿਆ। ਮੌਲਵੀ ਸਾਹਿਬ ਇਸ ਹੁਲੀਆ ਸ਼ਰੀਫ਼ ਨੂੰ ਇਸ ਸ਼ਿਅਰ ਨਾਲ ਖ਼ਤਮ ਕਰਦੇ ਹਨ:

*ਸੁਹਣਾ ਅੰਦਰੋਂ ਜਿਵੇਂ ਤਿਵੇਂ ਬਾਹਰ ਸਬ ਸੁਹਣਿਆ ਸੀਸ ਨਿਵਾਇਆ ਈ*
*ਜਾਨੀ ਸੁਹਣੇ ਦਾ ਸਭ ਕੁੱਝ ਅੰਤ ਸੋਹਣਾ ਅੱਵਲ ਆਖਰੋਂ ਇਹ ਫਰਮਾਇਆ ਈ (30)*

ਅਰਥ: ਆਪ (ਸ.) ਜਿਵੇਂ ਅੰਦਰੋਂ ਸੁਹਣੇ ਸਨ ਇਸੇ ਤਰ੍ਹਾਂ ਬਾਹਰੋਂ ਵੀ ਸੁਹਣੇ ਸਨ ਅਤੇ ਸਭ ਸੋਹਣੇ ਆਪ (ਸ.) ਦੇ ਸਾਹਮਣੇ ਤੁੱਛ ਸਨ। ਹਜ਼ੂਰ (ਸ.) ਅਜਿਹੇ ਸੁਹਣੇ ਸਨ ਜਿਹਨਾਂ ਦੀ ਕਹਿਣੀ ਵੀ ਸੁੰਦਰ ਸੀ, ਭਾਵ ਆਪ (ਸ.) ਪੂਰਨ ਤੌਰ 'ਤੇ ਖ਼ੂਬਸੂਰਤੀ ਦਾ ਮੁਜੱਸਮਾ (ਮੂਰਤ) ਸਨ।

**ਚਿੱਠੀਆਂ:**

ਦਿਲਾਂ ਦੇ ਭੇਦ ਦਿਲਾਂ ਤੋਂ ਬਾਹਰ ਜੇਕਰ ਮਿਲਦੇ ਹਨ ਤਾਂ ਇਹ ਨਿੱਜੀ ਚਿੱਠੀਆਂ ਵਿੱਚ ਹੀ ਮਿਲਦੇ ਹਨ। ਇਨਸਾਨ ਦਾ ਫਬਵਾਂਪਣ ਅਤੇ ਸਭਿਅਤਾ ਦਾ ਪਤਾ ਉਹਨਾਂ ਦੀਆਂ ਚਿੱਠੀਆਂ ਲਿਖਣ ਦੇ ਢੰਗ ਤੋਂ ਲਗਦਾ ਹੈ। ਚਿੱਠੀਆਂ ਨਿੱਜੀ ਅਤੇ ਆਮ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਆਮ ਚਿੱਠੀਆਂ ਵਿੱਚ ਲੇਖਕ ਦੇ ਜੀਵਨ ਅਤੇ ਚਰਿੱਤਰ ਦਾ ਸਹੀ ਅੰਦਾਜ਼ਾ ਨਹੀਂ ਹੁੰਦਾ ਪਰ ਨਿੱਜੀ ਚਿੱਠੀਆਂ ਵਿੱਚ ਭੇਦ ਭਰੀਆਂ ਕਈ ਅਜਿਹੀਆਂ ਗੱਲਾਂ ਹੁੰਦੀਆਂ ਹਨ ਜਿਸ ਨਾਲ ਉਸ ਦੇ ਇਕਾਂਤ ਦੀਆਂ ਗੱਲਾਂ ਦਾ ਭੇਦ ਖੁਲ੍ਹਦਾ ਹੈ। ਘਰੇਲੂ ਚਿੱਠੀਆਂ ਵਿੱਚ ਵਿਸ਼ੇਸ਼ ਤੌਰ 'ਤੇ ਉਹਨਾਂ ਚਿੱਠੀਆਂ ਵਿੱਚ ਜੋ ਆਪਣੇ ਪਿਆਰੇ ਦੋਸਤਾਂ ਅਤੇ ਨੇੜਲੇ ਰਿਸ਼ਤੇਦਾਰਾਂ ਨੂੰ ਲਿਖੇ ਜਾਂਦੇ ਹਨ, ਇਕ ਵਿਸ਼ੇਸ਼ ਰੁਚੀ ਹੁੰਦੀ ਹੈ, ਜੋ ਦੂਜੀਆਂ ਚਿੱਠੀਆਂ ਵਿੱਚ ਨਹੀਂ ਹੁੰਦੀ। ਇਨ੍ਹਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਸਾਫ਼ ਦਿਲੀ (ਪਖੰਡ ਰਹਿਤ) ਹੈ। ਸ਼ਰਮ ਸੰਕੋਚ ਦਾ ਪਰਦਾ ਉੱਠ ਜਾਂਦਾ ਹੈ ਅਤੇ ਨੇਕ ਸਲਾਹ (ਚੰਗੀ ਮਤ) ਕਰ ਕੇ ਲਾਉਣ ਬੁਝਾਉਣ (ਚੁਗਲਖ਼ੋਰੀ) ਦਾ ਡਰ ਨਹੀਂ ਰਹਿੰਦਾ। ਜਿਵੇਂ ਮਨੁੱਖ ਆਪਣੇ ਆਪੇ ਨਾਲ ਗੱਲਾਂ ਕਰ ਰਿਹਾ ਹੈ। ਮੌਲਵੀ ਸਾਹਿਬ ਨੇ ਆਪਣੇ ਸ਼ਾਗਿਰਦ ਸੱਯਦ ਰੌਸ਼ਨ ਅਲੀ ਅਤੇ ਮਿੱਤਰ ਹੀਰੇ ਸ਼ਾਹ ਅਤੇ ਗ਼ੁਲਾਮ ਯਾਸੀਨ ਨੂੰ ਉਹਨਾਂ ਦੇ ਰੁਤਬੇ ਤੋਂ ਵੱਧ ਕੇ ਸੰਬੋਧਨ (ਮੁਖ਼ਾਤਿਬ) ਕੀਤਾ ਹੈ ਅਤੇ ਜਦੋਂ ਚਾਹਿਆ ਹੈ, ਸੰਬੋਧਨ ਕੀਤਾ ਹੈ। ਚਿੱਠੀ ਦੇ ਅਰੰਭ ਵਿੱਚ ਪੁਕਾਰਨਾ ਜ਼ਰੂਰੀ

ਨਹੀਂ ਸਮਝਿਆਂ ਸਗੋਂ ਚਿੱਠੀ ਦੇ ਦਰਮਿਆਨ ਕਈ ਵਾਰੀ ਸੰਬੋਧਨ ਕੀਤਾ ਹੈ। ਇਸ ਤਰ੍ਹਾਂ ਆਪਣੇ ਪਿਆਰੇ ਮਿੱਤਰਾਂ ਨੂੰ ਬੇਲੀਆ, ਸੈਦਾ, ਮੀਆ, ਸੈਦਾ, ਸੱਜਣਾਂ ਅਤੇ ਯਾਰਾਂ ਆਦਿ ਸ਼ਬਦਾਂ ਨਾਲ ਪੁਕਾਰਿਆ ਹੈ। ਇਸੇ ਤਰ੍ਹਾਂ ਹੀਰੇ ਸ਼ਾਹ ਨੂੰ ਜਾਨੀਆ ਸੱਜਣਾਂ ਅਤੇ ਹੀਰਿਆਂ ਦੇ ਸ਼ਬਦਾਂ ਨਾਲ ਸੰਬੋਧਨ ਕੀਤਾ ਹੈ। ਮੌਲਵੀ ਸਾਹਿਬ ਦੀਆਂ ਚਿੱਠੀਆਂ ਵਿੱਚ ਇਸ਼ਕ, ਵਿਛੋੜੇ ਅਤੇ ਤਸੱਵੁਫ਼ ਦਾ ਦਰਸ ਬਹੁਤ ਜ਼ਿਆਦਾ ਮਿਲਦਾ ਹੈ। ਜਿੱਥੇ ਚਿੱਠੀ ਲਿਖਣ ਵਾਲੇ ਨੂੰ ਸੰਬੋਧਨ ਕਰਦੇ ਹਨ ਤਾਂ ਚਿੱਠੀ ਤਾਂ ਚਿੱਠੀ ਲਗਦੀ ਹੈ ਨਹੀਂ ਤਾਂ ਕੁੱਝ ਹੋਰ। ਸੱਯਦ ਰੌਸ਼ਨ ਅਲੀ ਅਤੇ ਹੀਰੇ ਸ਼ਾਹ ਤਾਂ ਸਿਰਫ਼ ਨਿਸ਼ਾਨਾ ਹਨ। ਉਹਨਾਂ ਵੱਲ ਚਿੱਠੀਆਂ ਦੀ ਸ਼ੈਲੀ ਵਿੱਚ ਤਸੱਵੁਫ਼ ਦੇ ਨੁਕਤੇ (ਰਮੂਜ਼) ਬਿਆਨ ਕਰਦੇ ਹਨ। ਸੱਯਦ ਰੋਸ਼ਨ ਅਲੀ ਨੂੰ ਲਿਖਦੇ ਹਨ:

*ਵੇ ਮੈਂ ਹੋਰ ਨਾਹੀਂ ਤੇ ਤੂੰ ਹੋਰ ਨਾਹੀਂ ਮੈਂ ਤੂੰ ਮੂਰਤਾਂ ਅਸਲ ਸੁਵਰ ਦੀਆਂ ਓ*
*ਮਅਨੇ ਇਕ ਵਿਚ ਸੂਰਤਾਂ ਫ਼ਰਕ ਭਾਵੇਂ ਇੱਕੋ ਇਕ ਇਹ ਭੀ ਦਮ ਭਰਦੀਆਂ ਓ।(31)*

ਅਰਥ: ਸਾਰੇ ਮਨੁੱਖ ਇਕ ਹੀ ਖ਼ਾਲਕ (ਪੈਦਾ ਕਰਨ ਵਾਲਾ) ਦੀਆਂ ਤਸਵੀਰਾਂ ਹਨ। ਮੈਂ ਅਤੇ ਤੂੰ ਵਿੱਚ ਕੋਈ ਫ਼ਰਕ ਨਹੀਂ। ਜੇਕਰ ਸ਼ਕਲ ਦਾ ਫ਼ਰਕ ਹੈ ਤਾਂ ਅਰਥ ਇਕ ਹਨ।

ਮੌਲਵੀ ਸਾਹਿਬ ਨੇ ਇਸ਼ਕ ਬਾਰੇ ਆਪਣੀ ਹਰੇਕ ਰਚਨਾ ਵਿੱਚ ਖੁੱਲ੍ਹ ਕੇ ਲਿਖਿਆ ਹੈ। ਉਹਨਾਂ ਦੀਆਂ ਚਿੱਠੀਆਂ ਇਸ਼ਕ ਦੇ ਜ਼ਿਕਰ ਨਾਲ ਭਰੀਆਂ ਪਈਆਂ ਹਨ। ਸੱਯਦ ਰੋਸ਼ਨ ਅਲੀ ਦੇ ਨਾਂ ਚਿੱਠੀ ਵਿੱਚ ਲਿਖਦੇ ਹਨ:

*ਇਸ਼ਕ ਰੋਹੜਦਾ ਤੇ ਰੋਹੜ ਸਾੜਦਾ ਏ ਨਦੀਆਂ ਵਹਿੰਦੀਆਂ ਥੀਂ ਲਾਟਾਂ ਚਾਵਨੇ ਨੂੰ,*
*ਇਹ ਇਸ਼ਕ ਹੈ ਬਹਿਰ ਅਮੀਕ ਭਾਰਾ ਕਾਹਨੂੰ ਪਿਆ ਹੈਂ ਭੇਤ ਫਲਾਵਨੇ ਨੂੰ।(32)*

ਅਰਥ: ਇਸ਼ਕ ਵਹਾ ਦਿੰਦਾ ਹੈ ਅਤੇ ਵਹਾ ਕੇ ਸਾੜ ਦਿੰਦਾ ਹੈ ਅਤੇ ਵਹਿੰਦੀਆਂ ਹੋਈਆਂ ਨਦੀਆਂ 'ਚੋਂ ਵੀ ਲਾਟਾਂ ਨਿਕਲਦੀਆਂ ਹਨ। ਇਹ ਇਸ਼ਕ ਇਕ ਡੂੰਘਾ ਸਮੁੰਦਰ ਹੈ, ਤੂੰ ਕਿਸ ਲਈ ਇਸ ਦੇ ਭੇਦ ਖੋਲ ਰਿਹਾ ਏਂ।

ਮੌਲਵੀ ਸਾਹਿਬ ਆਪਣੀਆਂ ਦੂਜੀਆਂ ਰਚਨਾਵਾਂ ਵਾਂਗ ਚਿੱਠੀਆਂ ਵਿੱਚ ਵੀ ਗੱਲ 'ਚੋਂ ਗੱਲ ਕੱਢਦੇ ਹਨ ਅਤੇ ਗੱਲ ਨੂੰ ਲੰਬਾ ਕਰਨਾ ਮੌਲਵੀ ਸਾਹਿਬ ਦੀ ਵਿਦਵਤਾ ਦਾ ਸਬੂਤ ਹੈ। ਕਲਪਨਾਂ ਦੀਆਂ ਵਾਦੀਆਂ ਨੂੰ ਤੈਅ ਕਰਨਾ ਉਹਨਾਂ ਦਾ ਸ਼ੌਕ ਲੱਗਦਾ ਹੈ। ਜ਼ਿੰਦਗੀ ਨੂੰ ਬਹੁਤ ਨੇੜੇ ਤੋਂ ਦੇਖਦੇ ਹਨ ਅਤੇ ਇਸ ਦੀ ਡੂੰਘਾਈ ਤਕ ਪਹੁੰਚਦੇ ਵੀ ਹਨ। ਥਾਂ ਥਾਂ ਤੇ ਵਿਚਾਰਾਂ ਦੀ ਉਡਾਣ ਦਿਖਾਈ ਦਿੰਦੀ ਹੈ ਜਿਸ ਕਰਕੇ ਉਹ ਜ਼ਿੰਦਗੀ ਦੀਆਂ ਮੁੱਢਲੀਆਂ ਅਤੇ ਬੁਨਿਆਦੀ ਸੱਚਾਈਆਂ ਤਕ ਪਹੁੰਚਦੇ ਹਨ।

**ਸੀਹਰਫ਼ੀ ਸੱਸੀ ਪੁੰਨੂ:**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਲੰਬੀਆਂ ਦਾਸਤਾਨਾਂ ਤੋਂ ਇਲਾਵਾ ਕੁੱਝ ਸੰਖੇਪ ਦਾਸਤਾਨਾਂ ਵੀ ਲਿਖੀਆਂ ਹਨ, ਜਿਵੇਂ 'ਸੀ ਹਰਫ਼ੀ ਸੱਸੀ ਪੁੰਨੂ'। ਇਸ ਕਿੱਸੇ ਵਿੱਚ ਸੂਫ਼ੀਆਂ ਰਮਜ਼, ਦੁਨੀਆ ਦੀ ਨਾਸ਼ਵਾਨਤਾ ਅਤੇ ਬਿਰਹੋਂ ਦੀ ਅੱਗ ਦੀਆਂ ਚੰਗਿਆੜੀਆਂ ਦੇਖੀਆਂ ਜਾ ਸਕਦੀਆਂ ਹਨ। ਸੱਸੀ ਪੁੰਨੂ ਦਾ ਇਹ ਕਿੱਸਾ ਤੀਹ (30) ਬੰਦਾਂ ਤੇ ਅਧਾਰਿਤ ਹੈ।ਸੀਹਰਫ਼ੀ ਵਿੱਚ ਉਰਦੂ ਵਰਣਮਾਲਾ ਦੇ ਅੱਖਰਾਂ ਨੂੰ ਕ੍ਰਮ ਅਨੁਸਾਰ ਅਰੰਭ ਕਰਕੇ ਸਾਰੇ ਅੱਖਰਾਂ ਦਾ ਇਕ ਬੰਦ ਤਿਆਰ ਕੀਤਾ ਹੈ। ਪੰਜਾਬੀ ਵਿੱਚ ਇਸ ਸੀ ਹਰਫ਼ੀ ਨੂੰ ਦਾਸਤਾਨ ਤਾਂ



ਨਹੀਂ ਕਿਹਾ ਜਾ ਸਕਦਾ ਪਰ ਸੁਲਤਾਨ ਉਲ ਆਰਿਫ਼ੀਨ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਸੱਸੀ ਦੇ ਗ਼ਮ ਨੂੰ ਬੜੇ ਦਰਦਨਾਕ ਢੰਗ ਨਾਲ ਪੇਸ਼ ਕੀਤਾ ਹੈ। ਸੁਹਾਗ ਰਾਤ ਨੂੰ ਪੁੰਨੂ ਦੇ ਭਰਾ ਪੁੰਨੂ ਨੂੰ ਆਪਣੇ ਨਾਲ ਕੁਜਾਵੇ ਵਿੱਚ ਪਾ ਕੇ ਲੈ ਜਾਂਦੇ ਹਨ। ਸੱਸੀ ਦੀ ਬੇਖ਼ਬਰੀ ਨੇ ਉਸ ਨੂੰ ਜਿਉਂਦੇ ਜੀ ਦੁੱਖ ਦੇ ਮਾਰੂਥਲ ਵਿੱਚ ਬਰਬਾਦ ਕਰ ਦਿੱਤਾ।

ਬੇ:- *ਬਿਰਹੋਂ ਦੇ ਕਹਿਰ ਦੋ ਗਾੜ੍ਹੇ, ਮੇਰੇ ਦਿਲ ਵਿਚ ਕਾਰੀ ਲੱਗੇ*
*ਕਰ ਘਾਇਲ ਸੁੱਟ ਗਏ ਸ਼ਿਕਾਰੀ ਕੀਹ ਜਾਣਾ ਕਿਤ ਵਲ ਵੱਗੇ,*
*ਕਰਕੇ ਜੁਦਾ ਪੁੰਨੂ ਥੀਂ ਮੈਨੂੰ ਮੇਰੇ ਦੁੱਖਾਂ ਨੇ ਸੁੱਖ ਠੱਗੇ*
*ਦੇਖ ਗ਼ੁਲਾਮ ਰਸੂਲ ਸੱਸੀ ਨੂੰ ਜਿਹੜੀ ਮਰਦੀ ਮਰਨੋਂ ਅੱਗੇ।(33)*

ਅਰਥ: ਵਿਛੋੜੇ ਦੇ ਕਹਿਰ ਵਾਲੇ ਦੋ ਤੀਰ ਮੇਰੇ ਦਿਲ ਤੇ ਆ ਕੇ ਲੱਗੇ ਹਨ, ਉਹ ਮੈਨੂੰ (ਸੱਸੀ) ਜ਼ਖ਼ਮੀ ਕਰਕੇ ਸੁੱਟ ਗਏ ਹਨ। ਮੈਂ ਨਹੀਂ ਜਾਣਦੀ ਕਿ ਉਹ ਕਿਵੇਂ ਗਏ ਹਨ। ਮੈਨੂੰ ਉਹਨਾਂ ਨੇ ਪੁੰਨੂ ਤੋਂ ਵੱਖਰਾ ਕਰ ਦਿੱਤਾ ਅਤੇ ਮੇਰੇ ਦੁੱਖਾਂ ਨੇ ਮੇਰੇ ਸੁੱਖ ਖੋਹ ਲਏ। ਹੇ ਗ਼ੁਲਾਮ ਰਸੂਲ! ਤੂੰ ਸੱਸੀ ਵੱਲ ਵੇਖ ਜੋ ਮਰਨ ਤੋਂ ਪਹਿਲਾਂ ਹੀ ਮਰ ਗਈ।

ਸੱਸੀ ਪੁੰਨੂ ਪਿੱਛੇ ਬੇਹਾਲ ਹੋ ਗਈ। ਉਸ ਨੂੰ ਆਪਣੇ ਆਪ ਦੀ ਕੋਈ ਸੁੱਧ-ਬੁੱਧ ਨਾ ਰਹੀ। ਉਸ ਦੇ ਇਸ਼ਕ ਨੇ ਉਸ ਨੂੰ ਮਾਰੂਥਲ ਦੀ ਤਪਦੀ ਰੇਤ ਵਿੱਚ ਨੰਗੇ ਪੈਰੀ ਚੱਲਣ ਤੇ ਮਜਬੂਰ ਕਰ ਦਿੱਤਾ। ਸੱਸੀ ਦੀ ਮਾਂ ਦੀਆਂ ਨਸੀਹਤਾਂ ਸੱਸੀ ਦੇ ਦਿਲ ਨੇ ਨਾ ਮੰਨੀਆਂ। ਮਾਂ ਸੱਸੀ ਨੂੰ ਬਹੁਤ ਰੋਕਦੀ ਸੀ ਪਰ ਦੁੱਖਾਂ ਦੀ ਤਸਵੀਰ ਸੱਸੀ ਗ਼ਮ ਦੀ ਡੂੰਘੀ ਸੋਚ ਵਿੱਚ ਉਲਝ ਕੇ ਰਹਿ ਗਈ:

ਜ਼ਾਰ- *ਓ-ਜ਼ਾਰ ਸੱਸੀ ਪਈ ਰੋਂਦੀ ਅੱਮਾ ਪਕੜ ਪੱਲੂ ਖਲਿਆਰੇ*
*ਨਾ ਕਰ ਪਿਛਾ ਇਹੋ ਜਿਹਾਂ ਦਾ ਜਿਹੜੇ ਪਾਪ ਕਰਨ ਹਤਿਆਰੇ।*
*ਨਦੀਆਂ ਚੀਰ ਮਿਲੇਂਦੇ ਸਾਜਣ ਤੇ ਇਹ ਗਲ ਥੀਂ ਲਾ ਸੁਧਾਰੇ*
*ਗ਼ੁਲਾਮ ਰਸੂਲ ਕੀਹ ਪ੍ਰੀਤ ਤਿਨਹਾਂ ਦੀ ਜਿਹੜੇ ਦਰਦ ਨਾ ਵੰਡਣ ਹਾਰੇ।(34)*

ਅਰਥ: ਸੱਸੀ ਬਹੁਤ ਰੋ ਰਹੀ ਹੈ ਅਤੇ ਉਸ ਦੀ ਮਾਂ ਉਸ ਨੂੰ ਰੋਕਣ ਦੀ ਕੋਸ਼ਿਸ਼ ਕਰਦੀ ਹੈ ਤੂੰ ਅਜਿਹੇ ਆਦਮੀ ਦਾ ਪਿੱਛਾ ਨਾ ਕਰ ਜੋ ਗੁਨਾਹ ਦੀ ਜ਼ਿੰਦਗੀ ਬਤੀਤ ਕਰਦੇ ਹਨ। ਆਸ਼ਿਕ ਤਾਂ ਨਦੀਆਂ ਨੂੰ ਪਾਰ ਕਰਕੇ ਦੋਸਤਾਂ ਨੂੰ ਗਲ ਨਾਲ ਲਗਾਉਂਦੇ ਹਨ ਪਰ ਇਹ ਸਾਨੂੰ ਆਪਣੇ ਗਲੋਂ ਲਾਹ ਕੇ ਹੋਰ ਪਾਸੇ ਜਾ ਰਹੇ ਹਨ। ਹੇ ਗ਼ੁਲਾਮ ਰਸੂਲ! ਉਹਨਾਂ ਦੀ ਮੁਹੱਬਤ ਕੀ ਹੈ ਜੋ ਇਕ ਦੂਜੇ ਦਾ ਦੁੱਖ ਦਰਦ ਵੀ ਨਹੀਂ ਵੰਡਦੇ।

ਜ਼ੋਏ:- *ਜ਼ਾਲਿਮ ਇਸ਼ਕ ਧਗਾਨਾ ਕੀਤਾ ਸੱਸੀ ਪਾੜ ਪੱਲੂ ਧਾਈ*
*ਖੋਜੇ ਖੋਜ ਪੁੰਨੂ ਦੀ ਰਾਹੇਂ ਉਹ ਕਰਦੀ ਗਈ ਦੁਹਾਈ।*
*ਪੈਰ ਨੰਗੇ ਉਤੇ ਮਹਿੰਦੀ ਰੰਗੇ ਵਿੱਚ ਕੰਡਿਆਂ ਫਿਰੇ ਦਬਾਈ*
*ਹੋਰ ਗ਼ੁਲਾਮ ਰਸੂਲ ਬਿਰਹੋਂ ਦੇ ਚੜ੍ਹ ਸੂਰਜ ਲਾਟ ਵਗਾਈ।(35)*

ਅਰਥ: ਜ਼ਾਲਿਮ ਇਸ਼ਕ ਨੇ ਵਧੀਕੀ ਕੀਤੀ ਹੈ ਅਤੇ ਸੱਸੀ ਆਪਣੇ ਪੱਲੂ ਨੂੰ ਪਾੜ ਕੇ ਭੱਜ ਨਿਕਲੀ ਅਤੇ ਪੁੰਨੂ ਦੇ ਰਾਹਾਂ ਦੀ ਖੋਜ ਲਗਾਉਂਦੀ ਹੋਈ ਦੁਹਾਈ ਦੇ ਰਹੀ ਸੀ। ਪੈਰ ਨੰਗੇ ਤੇ ਮਹਿੰਦੀ ਨਾਲ ਰੰਗੇ ਹੋਏ ਸਨ ਅਤੇ ਕੰਡਿਆਂ ਤੇ ਚਲਦੀ ਹੋਈ ਦੁਹਾਈ ਪਾ ਰਹੀ ਸੀ, ਹੇ

ਗ਼ੁਲਾਮ ਰਸੂਲ ! ਸੂਰਜ ਨੇ ਚੜ੍ਹ ਕੇ ਸਾਰੇ ਪਾਸੇ ਚਾਨਣ ਕਰ ਦਿੱਤਾ ਹੈ।

ਮੌਲਵੀ ਸਾਹਿਬ ਨੇ ਕਿੱਸੇ ਨੂੰ ਜ਼ਿਆਦਾ ਲੰਬਾ ਨਹੀਂ ਕੀਤਾ। ਉਹ ਚਾਹੁੰਦੇ ਤਾਂ ਅਹਸਨੁਲ ਕਸਸ ਅਤੇ ਦਾਸਤਾਨ ਅਮੀਰ ਹਮਜ਼ਾ ਵਾਂਗ ਇਸ ਕਿੱਸੇ ਨੂੰ ਵੀ ਵਧਾ ਕੇ ਪੇਸ਼ ਕਰ ਸਕਦੇ ਹਨ ਪਰ ਆਪ ਜੀ ਨੇ ਸੰਖੇਪਤਾ ਤੋਂ ਕੰਮ ਲੈਂਦੇ ਹੋਏ ਕੰਮ ਦੀਆਂ ਗੱਲਾਂ ਨੂੰ ਘੱਟ ਤੋਂ ਘੱਟ ਸ਼ਬਦਾਂ ਵਿੱਚ ਪੇਸ਼ ਕਰਨ ਦਾ ਢੰਗ ਵਰਤਿਆ ਹੈ। ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਆਪਣੀ ਹਰੇਕ ਰਚਨਾ ਵਿਚ ਇਕ ਵਿਲੱਖਣ ਅਤੇ ਅਨਮੋਲ ਰਚਨਾਕਾਰ ਦੇ ਤੌਰ ਤੇ ਸਾਹਮਣੇ ਆਉਂਦੇ ਹਨ ਅਤੇ ਆਪਣੇ ਪੂਰੇ ਚਿੰਤਨ ਨੂੰ ਅਤੇ ਕਲਾਤਮਕ ਵਿਧਾਨ ਨੂੰ ਨਾਲ ਲੈ ਕੇ ਚਲਦੇ ਵਿਖਾਈ ਦਿੰਦੇ ਹਨ।

**ਚੌਪਟਨਾਮਾ:**

ਮੌਲਵੀ ਗ਼ੁਲਾਮ ਰਸੂਲ ਦਾ ਇਹ ਕਿੱਸਾ ਬਹੁਤ ਸੋਹਣੇ ਢੰਗ ਨਾਲ ਲਿਖਿਆ ਗਿਆ ਹੈ। ਚੌਪਟਨਾਮੇ ਦਾ ਹਰੇਕ ਬੰਦ ਚਾਰ ਤੁਕਾਂ ਤੇ ਅਧਾਰਿਤ ਹੈ। ਚਾਰ ਤੁਕਾਂ ਹਮ ਕਾਫ਼ੀਆ (ਇਕੋ ਕਾਫ਼ੀਆ) ਅਤੇ ਹਮ ਰਦੀਫ਼ ਹਨ। ਇਸ ਦੇ ਬੰਦ ਸੀਹਰਫ਼ੀ ਦੇ ਰੂਪ ਵਿੱਚ ਲਿਖੇ ਗਏ ਹਨ। ਸੀਹਰਫ਼ੀ ਚੌਪਟ ਵਿੱਚ ਪਿਆਰ, ਮੁਹੱਬਤ ਅਤੇ ਬਿਰਹੋਂ ਅਤੇ ਵਿਛੋੜੇ ਦੀਆਂ ਘਟਨਾਵਾਂ ਦਾ ਬਿਆਨ ਕਵਿਤਾ ਦੇ ਰੂਪ ਵਿੱਚ ਪੇਸ਼ ਹੋਇਆ ਹੈ ਜਿਵੇਂ:-

ਅਲਿਫ਼: ***ਉਜਾਗਰ ਕੀਤੀਆਂ ਤੇਰੇ ਇਸ਼ਕ ਅਨੋਖੇ***
***ਆ ਮਿਲ ਮੈਨੂੰ ਸੋਹਣਿਆਂ ਹੁਣ ਨਾ ਦੇ ਧੋਖੇ।***
***ਅੱਖੀਂ ਥੀਂ ਜੇ ਦੂਰ ਹੈਂ ਨਹੀਂ ਦਿਲੋਂ ਪਰੋਖੇ***
***ਵਰਦੀ ਚਮਕ ਜਮਾਲ ਦੀ ਵਿੱਚ ਇਸ਼ਕ ਝਰੋਖੇ।(36)***

ਅਰਥ: ਤੇਰੇ ਅਨੋਖੇ ਇਸ਼ਕ ਨੇ ਇਹ ਗੱਲਾਂ ਪ੍ਰਗਟ ਕਰ ਦਿੱਤੀਆਂ ਹਨ ਕਿ ਹੁਣ ਆ ਕੇ ਮੈਨੂੰ ਮਿਲ ਜਾਉ ਅਤੇ ਹੋਰ ਧੋਖੇ ਨਾ ਦੇਵੋ। ਜੇਕਰ ਤੁਸੀਂ ਅੱਖਾਂ ਤੋਂ ਦੂਰ ਹੋ ਤਾਂ ਦਿਲ ਤੋਂ ਦੂਰ ਨਹੀਂ ਅਤੇ ਇਸ਼ਕ ਦੇ ਰੋਸ਼ਨਦਾਨ ਵਿੱਚ ਸੁਹੱਪਣਤਾ ਦੀ ਚਮਕ ਪੈ ਰਹੀ ਹੈ।

ਸੇ: ***ਸਾਬਤ ਹੋ ਖੜੀ ਹਾਂ ਮੈਨੂੰ ਛੋੜ ਨਾ ਜਾਈਂ***
***ਨਾਲ ਤੇਰੇ ਪੰਧ ਟੁਰੀ ਹਾਂ ਮੈਨੂੰ ਮੋੜ ਨਾ ਜਾਈਂ,***
***ਇਹ ਦਿਲ ਸ਼ੀਸ਼ਾ ਸ਼ੌਕ ਦਾ, ਮੈਨੂੰ ਫੋੜ ਨਾ ਜਾਈਂ***
***ਮੈਂ ਹੱਥ ਪੱਲੂ ਪਕੜਿਆ ਹੱਥ ਤੋੜ ਨਾ ਜਾਈਂ।(37)***

ਅਰਥ: ਮੈਂ ਤੇਰੇ ਇਸ਼ਕ ਦੇ ਰਾਹ ਵਿੱਚ ਦ੍ਰਿੜਤਾ ਨਾਲ ਖੜੀ ਹਾਂ। ਮੈਨੂੰ ਛੱਡ ਕੇ ਨਾ ਜਾਣਾ ਮੈਂ ਤੇਰੇ ਨਾਲ ਕੁਝ ਪੰਧ ਤੈਅ ਕੀਤਾ ਹੈ। ਮੈਨੂੰ ਰਾਹ ਵਿੱਚ ਹੀ ਨਾ ਮੋੜ ਦੇਣਾ। ਇਹ ਦਿਲ ਇਸ਼ਕ ਦਾ ਸ਼ੀਸ਼ਾ ਹੈ। ਇਸ ਨੂੰ ਨਸ਼ਟ ਨਾ ਕਰ ਦੇਣਾ। ਮੈਂ ਤੇਰਾ ਪੱਲਾ ਆਪਣੇ ਹੱਥ ਵਿੱਚ ਫੜ ਲਿਆ ਹੈ, ਤੁਸੀਂ ਇਸ ਨੂੰ ਤੋੜ ਨਾ ਦੇਣਾ।

ਚੌਪਟਨਾਮਾ ਮੌਲਵੀ ਸਾਹਿਬ ਨੇ ਕਿਸੇ ਮਿੱਤਰ ਨੂੰ ਸੰਬੋਧਨ ਕਰਕੇ ਨਹੀਂ ਲਿਖਿਆ। ਇਹ ਇਕ ਕੁਦਰਤੀ ਫ਼ਰਿਆਦ ਹੈ ਜਿਹੜੇ ਇਸ਼ਕ-ਏ-ਇਲਾਹੀ (ਰੱਬੀ ਇਸ਼ਕ) ਵਿੱਚ ਡੁੱਬੀ ਹੋਈ ਹੈ।



ਰੇ: ***ਰੋਵਾਂ ਉਸ ਵਕਤ ਨੂੰ ਜਦ ਪਿਆਸ ਮਿਟਾਵੇਂ***
***ਜਾਂ ਤੂੰ ਬੈਠ ਬਨੇਰਿਉਂ ਮੁੜ ਝਾਤੀ ਪਾਵੇਂ।***
***ਇਹ ਦਿਲ ਦੀਦ ਵਿਛੜਾ ਮੁੜ ਸਲ ਵਗਾਵੇਂ***
***ਦੂਰੋਂ ਪਾਣੀ ਛਿੜਕ ਕੇ ਮੇਰੀ ਅੱਗ ਬੁਝਾਵੇਂ।(38)***

ਅਰਥ: ਮੈਂ ਉਸ ਸਮੇਂ ਨੂੰ ਰੋ ਰਹੀ ਹਾਂ ਜਦੋਂ ਤੂੰ ਮੇਰੀ ਪਿਆਸ ਬੁਝਾਏਂਗਾ। ਜਦੋਂ ਤੂੰ ਬਨੇਰੇ ਤੇ ਬੈਠ ਕੇ ਦੇਖਦਾ ਤਾਂ ਮੇਰਾ ਦਿਲ ਜੋ ਤੇਰੇ ਦਰਸ਼ਨਾਂ (ਦੀਦ) ਦਾ ਪਿਆਸਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਤੂੰ ਪੱਥਰ ਸੁੱਟ ਰਿਹਾ ਏਂ ਅਤੇ ਦੂਰ ਤੋਂ ਪਾਣੀ ਛਿੜਕ ਕੇ ਮੇਰੀ ਅੱਗ ਬੁਝਾ ਰਿਹਾ ਹੈਂ।

**ਪੰਧਨਾਮਾ:**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਵਿਦਵਤਾ ਅਤੇ ਤੁਕਾਂਤ ਤੇ ਪਕੜ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਮੌਕੇ 'ਤੇ ਸ਼ਿਅਰ ਕਹਿਣ ਵਿਚ ਆਪ ਜਿਹਾ ਕੋਈ ਦੂਜਾ ਨਹੀਂ। ਇਕ ਔਰਤ ਦੇ ਕਿਸੇ ਪਿੰਡ ਦਾ ਰਾਹ ਪੁੱਛਣ ਤੇ ਮੌਲਵੀ ਸਾਹਿਬ ਨੇ 212 ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਦੇ ਨਾਂ ਗਿਣ ਦਿੱਤੇ। ਉਸ ਔਰਤ ਨੇ ਜਿਸ ਪਿੰਡ ਜਾਣਾ ਸੀ ਉਸ ਨੂੰ ਉਸ ਦਾ ਨਾਂ ਭੁੱਲ ਗਿਆ। ਜਦ ਸ਼ਿਅਰ ਵਿੱਚ ਮੌਲਵੀ ਸਾਹਿਬ ਨੇ ਉਸ ਪਿੰਡ 'ਮੋਲੀ' ਦਾ ਨਾਂ ਲਿਆ ਤਾਂ ਉਹ ਬੀਬੀ ਤੁਰੰਤ ਬੋਲ ਪਈ ਕਿ ਮੈਂ ਇਸੇ ਪਿੰਡ ਜਾਣਾ ਹੈ। ਇਸ ਤਰ੍ਹਾਂ ਮੌਲਵੀ ਸਾਹਿਬ ਵੱਲੋਂ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਦੇ ਨਾਵਾਂ ਨੂੰ ਸ਼ਿਅਰਾਂ ਵਿੱਚ ਵਰਤਣ ਦਾ ਇਕ ਨਮੂਨਾ ਦੇਖੋ:

***ਆਲਮਪੁਰ, ਚੱਕ ਬੱਲੜਾਂ, ਕਾਹਲਮਾ, ਕਲੋਵਾਲ, ਮਿਆਣੀ***
***ਖੋਖਰ, ਡੋਗਰ, ਤੱਲਾ, ਮਦਾ, ਪੰਡੋਰੀ ਲੁਢਿਆਣੀ***
***ਪੁਲ ਪੁਖ਼ਤਾ ਫ਼ਿਰੋਜ਼ ਦੋਬੁਰਜੀ ਟਾਂਡਾ ਖੱਖਾਂ ਝਾਂਵਾਂ***
***ਉੜਮੁੜ, ਅਈਆਪੁਰ, ਤਲਵੰਡੀ ਖੁਡਾ, ਧੁੱਗਾਂ ਰਾਵਾਂ (39)***

ਪੰਜਾਬੀ ਕਵਿਤਾ ਵਿੱਚ ਵੱਖ ਵੱਖ ਕਵੀਆਂ ਨੇ ਸ਼ਿਅਰਾਂ ਵਿੱਚ ਕੁਝ ਪ੍ਰਸਿੱਧ ਅਤੇ ਇਤਿਹਾਸਕ ਸ਼ਹਿਰਾਂ ਦਾ ਜ਼ਿਕਰ ਜ਼ਰੂਰ ਕੀਤਾ ਹੈ ਪਰ ਇੰਨੀ ਵੱਡੀ ਗਿਣਤੀ ਵਿੱਚ ਪਿੰਡਾਂ ਅਤੇ ਸ਼ਹਿਰਾਂ ਦੇ ਨਾਂ ਪਹਿਲੀ ਵਾਰ ਇਕ ਥਾਂ ਸ਼ਿਅਰਾਂ ਵਿੱਚ ਆਏ ਹਨ।

**ਮਾਆਰੀਬੁਲ ਖ਼ਾਸ਼ੀਈਨ :**

ਇਸ ਵਿਸ਼ੇ ਦੇ ਅੰਤਰਗਤ ਉਰਦੂ ਭਾਸ਼ਾ ਵਿੱਚ ਲਿਖੀ ਹੋਈ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਇਹ ਇੱਕੋ ਇਕ ਵਾਰਤਕ ਪੁਸਤਕ ਹੈ। ਇਹ ਸ਼ੈਲੀ ਅਤੇ ਲਿਖਣ ਢੰਗ ਜਿੱਥੇ ਸਾਨੂੰ ਉਨੀਵੀਂ (19 ਵੀਂ) ਸਦੀ ਦੇ ਆਖ਼ਰੀ ਹਿੱਸੇ ਦੇ ਸਾਹਿਤਕ ਰੰਗ ਢੰਗ ਦਾ ਪਤਾ ਦਿੰਦੀ ਹੈ, ਉਥੇ ਮੌਲਵੀ ਸਾਹਿਬ ਦੇ ਗਿਆਨ ਦਾ ਪਤਾ ਵੀ ਚਲਦਾ ਹੈ। ਇਸ ਬਿਆਨੀਆਂ ਢੰਗ ਨਾਲ ਵੱਖਰੀਆਂ ਤਰਕੀਬਾਂ ਅਤੇ ਮੁਹਾਵਰਿਆਂ ਦੀ ਵਰਤੋਂ ਵੀ ਉਸ ਸਮੇਂ ਦੀ ਯਾਦ ਤਾਜ਼ਾ ਕਰਦੇ ਹਨ। ਮਾਆਰੀਬੁਲ ਖ਼ਾਸ਼ੀਈਨ ਦੇ ਚੁਰਾਸੀ ਪੰਨੇ ਹਨ ਜਿਸ ਵਿੱਚ ਨਮਾਜ਼ ਦੇ ਮਸਲੇ, ਕੁਰਆਨ ਦੀਆਂ ਆਇਤਾਂ ਦੀ ਰੌਸ਼ਨੀ ਵਿੱਚ ਵਧੀਆ ਢੰਗ ਨਾਲ ਬਿਆਨ ਕੀਤੇ ਗਏ ਹਨ।

'ਮਾਆਰੀਬੁਲ ਖ਼ਾਸ਼ੀਈਨ' ਦੀ ਗਿਣਤੀ 1305 ਇਸ ਦੇ ਪ੍ਰਕਾਸ਼ਨਾ ਵਰ੍ਹੇ ਹਿਜਰੀ ਦਾ ਪਤਾ ਦਿੰਦੀ ਹੈ ਜੋ ਕਿ 1887 ਈ. ਸਾਲ ਦੀ ਦੱਸ ਪਾਉਂਦੇ ਹਨ। ਮੌਲਵੀ ਸਾਹਿਬ ਨੇ ਆਪਣੀ ਕਿਤਾਬ ਦਾ ਨਾਂ ਰੱਖਣ ਤੋਂ ਤੁਰੰਤ ਬਾਅਦ ਸਲਾਤੁਲ ਵੁਸਤਾ ਅਤੇ ਖ਼ਾਸ਼ੀਈਨ ਦਾ ਜ਼ਿਕਰ ਕਰ ਕੇ ਨਮਾਜ਼ ਦੀ ਮਹੱਤਤਾ ਅਤੇ ਨਮਾਜ਼ ਵਿੱਚ ਮੋਮਿਨਾਂ ਦੀ ਹਾਲਤ ਖਸ਼ੀਤੁੱਲਾ ਵੱਲ ਇਸ਼ਾਰਾ ਕੀਤਾ ਹੈ। ਇਸ ਲਈ ਇਸ ਸਾਰੀ ਕਿਤਾਬ ਵਿੱਚ ਬਹੁਤ ਹੀ ਵਿਦਵਤਾ ਭਰਪੂਰ ਢੰਗ ਨਾਲ ਨਮਾਜ਼ ਸਬੰਧੀ ਜ਼ਰੂਰੀ ਮਸਲਿਆਂ ਤੇ ਬਹਿਸ ਕੀਤੀ ਹੈ। ਪਰਲੋ (ਕਿਆਮਤ) ਵਾਲੇ ਦਿਨ ਲੋਕਾਂ ਨੂੰ ਸਿਜਦੇ ਲਈ ਪੁਕਾਰਿਆ ਜਾਵੇਗਾ। ਲੇਕਿਨ ਬੁਰੇ ਲੋਕ ਸਿਜਦਾ ਨਹੀਂ ਕਰ ਸਕਣਗੇ ਅਤੇ ਉਹ ਬਹੁਤ ਜ਼ਲੀਲ ਹੋਣਗੇ। ਉਹਨਾਂ ਦਾ ਇਹ ਹਾਲ ਇਸ ਲਈ ਹੋਵੇਗਾ ਕਿ ਦੁਨੀਆ ਵਿੱਚ ਸਿਹਤ ਅਤੇ ਵਿਹਲਪੁਣੇ ਦੀ ਹਾਲਤ ਵਿੱਚ ਜਦੋਂ ਸਿਜਦੇ ਲਈ ਬੁਲਾਇਆ ਜਾਂਦਾ ਸੀ ਤਾਂ ਉਹ ਨਹੀਂ ਕਰ ਪਾਉਂਦੇ ਸਨ। ਨਰਕ (ਦੋਜ਼ਖ਼) ਤੋਂ ਇਲਾਵਾ ਉਹਨਾਂ ਦਾ ਕੋਈ ਹੋਰ ਟਿਕਾਣਾ ਨਹੀਂ। ਮੁਜਰਿਮ ਇਹ ਇੱਛਾ ਪ੍ਰਗਟਾਉਣਗੇ ਕਿ ਮੇਰੀ ਥਾਂ ਤੇ ਮੇਰੇ ਪੁੱਤਰ, ਪਤਨੀ ਜਾਂ ਭਾਈ ਨੂੰ ਨਰਕ ਵਿਚ ਸਜ਼ਾ ਦਿੱਤੀ ਜਾਵੇ ਅਤੇ ਮੈਨੂੰ ਛੱਡ ਦਿੱਤਾ ਜਾਵੇ। ਪਰ ਇਹ ਗੱਲ ਕੌਣ ਮੰਨੇਗਾ? ਇਸ ਤਰ੍ਹਾਂ ਮੌਲਵੀ ਸਾਹਿਬ ਨੇ ਕਿਤਾਬ ਦੇ ਇਸ ਹਿੱਸੇ ਵਿੱਚ ਕੁਰਆਨ ਮਜੀਦ ਦੇ ਕਈ ਹਵਾਲੇ ਪੇਸ਼ ਕਰ ਕੇ ਡਰਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਤੋਂ ਬਾਅਦ ਹਦੀਸਾਂ ਪੇਸ਼ ਕੀਤੀਆਂ ਗਈਆਂ ਹਨ। ਹਜ਼ਰਤ ਮੁਹੰਮਦ (ਸ.) ਨੇ ਫ਼ਰਮਾਇਆ ਕਿ ਜੋ ਮਨੁੱਖ ਨਮਾਜ਼ ਨਹੀਂ ਪੜ੍ਹਦਾ ਉਹ ਨਰਕ ਵਿੱਚ ਕਾਰੂਨ, ਫਿਰੌਨ, ਹਾਮਾਨ ਅਤੇ ਇਬਨੇ ਖ਼ਲਫ਼ ਦੇ ਨਾਲ ਹੋਵੇਗਾ।

ਪੰਜ ਵਕਤ ਨਮਾਜ਼ ਦੀ ਮਹੱਤਤਾ ਦਸਦੇ ਹੋਏ ਮੌਲਵੀ ਸਾਹਿਬ, ਹਜ਼ੂਰ (ਸ.) ਦਾ ਕਥਨ ਯਾਦ ਕਰਾਉਂਦੇ ਹਨ ਕਿ ਹਜ਼ੂਰ (ਸ.) ਨੇ ਇਕ ਦਿਨ ਆਪਣੇ ਮਿੱਤਰਾਂ ਨੂੰ ਦੱਸਿਆ ਕਿ ਤੁਹਾਡੇ ਵਿੱਚੋਂ ਕਿਸੇ ਦੇ ਦਰਵਾਜ਼ੇ ਤੇ ਨਹਿਰ ਚਲਦੀ ਹੋਵੇ ਅਤੇ ਉਹ ਉਸ ਵਿੱਚ ਹਰ ਰੋਜ਼ ਪੰਜ ਵਾਰ ਇਸ਼ਨਾਨ (ਗ਼ੁਸਲ) ਕਰੇ ਤਾਂ ਕੀ ਫਿਰ ਵੀ ਉਸ ਦੇ ਸਰੀਰ 'ਤੇ ਕੁੱਝ ਮੈਲ ਰਹੇਗੀ? ਸਾਥੀਆਂ ਨੇ ਕਿਹਾ ਯਾ ਰਸੂਲੱਲਾਹ (ਸ.) ਉਸ ਤੇ ਤਾਂ ਬਿਲਕੁਲ ਮੈਲ ਨਹੀਂ ਰਹੇਗੀ। ਫਿਰ ਆਪ (ਸ.) ਨੇ ਫ਼ਰਮਾਇਆ ਕਿ ਇਹੀ ਪੰਜ ਸਮੇਂ ਦੀ ਨਮਾਜ਼ ਦੀ ਉਦਾਹਰਣ ਹੈ। ਮੌਲਵੀ ਸਾਹਿਬ ਨੇ ਨਮਾਜ਼ ਪੜ੍ਹਨ ਦੇ ਲਾਭ ਅਤੇ ਛੱਡਣ ਦੇ ਨੁਕਸਾਨ ਕੁਰਆਨ ਮਜੀਦ ਅਤੇ ਹਦੀਸਾਂ ਦੇ ਹਵਾਲੇ ਦੇ ਕੇ ਅਜਿਹੇ ਪ੍ਰਭਾਵੀ ਢੰਗ ਨਾਲ ਸਮਝਾਏ ਹਨ ਕਿ ਕਿਸੇ ਵੀ ਮੁਸਲਮਾਨ ਦੇ ਦਿਲ ਤੇ ਅਸਰ ਛੱਡੇ ਬਿਨ੍ਹਾਂ ਨਹੀਂ ਰਹਿ ਸਕਦੇ। ਕੁੱਝ ਬਜ਼ੁਰਗਾਂ ਦੀਆਂ ਉਦਾਹਰਣਾਂ ਦੇ ਕੇ ਮੌਲਵੀ ਸਾਹਿਬ ਨਮਾਜ਼ ਵਿੱਚ ਲੀਨਤਾ (ਮਹਿਵ) ਬਾਰੇ ਸਿੱਖਿਆ ਦਿੰਦੇ ਹਨ ਕਿ ਇੰਨੀ ਲੀਨਤਾ ਹੋਵੇ ਜੇਕਰ ਸਰੀਰ ਵਿੱਚ ਤੀਰ ਆ ਲੱਗੇ ਜਾਂ ਸਰੀਰ ਵਿੱਚੋਂ ਤੀਰ ਕੱਢਿਆ ਜਾਵੇ ਜਾਂ ਜਿਸ ਹੁਜਰੇ (ਕਮਰੇ) ਵਿੱਚ ਉਹ ਨਮਾਜ਼ ਪੜ੍ਹਦਾ ਹੋਵੇ ਉਸ ਨੂੰ ਅੱਗ ਲੱਗ ਜਾਵੇ ਅਤੇ ਨਮਾਜ਼ੀ ਨੂੰ ਕੋਈ ਖ਼ਬਰ ਨਾ ਹੋਵੇ। ਇਸ ਦੇ ਆਖ਼ਰ ਵਿੱਚ ਮੌਲਵੀ ਸਾਹਿਬ ਉਨ੍ਹਾਂ ਖ਼ਤਰਿਆਂ ਤੋਂ ਸਾਵਧਾਨ ਕਰਦੇ ਹਨ ਜਿਨ੍ਹਾਂ ਨਾਲ ਨਮਾਜ਼ ਠੀਕ ਨਹੀਂ ਰਹਿੰਦੀ। ਤੀਜੇ ਅਧਿਆਇ (ਬਾਬ) ਵਿੱਚ ਨਮਾਜ਼ ਦੇ ਕੁੱਝ ਬੁਨਿਆਦੀ ਅਸੂਲ ਦੱਸੇ ਹਨ। ਅਜ਼ਾਨ (ਨਮਾਜ਼ ਲਈ ਪੁਕਾਰਨਾ) ਦੀ ਮਹੱਤਤਾ ਇੰਨੀ ਦੱਸੀ ਗਈ ਹੈ ਕਿ ਕੰਨ ਵਿੱਚ ਅਵਾਜ਼ ਪੈਂਦੇ ਹੀ ਉਠ ਕੇ ਨਮਾਜ਼ ਲਈ



ਚਲੇ ਜਾਣਾ ਚਾਹੀਦੈ। ਤਹਾਰਤ (ਪਾਕ ਹੋਣ ਦੀ ਕਿਰਿਆ) ਨੂੰ ਨਮਾਜ਼ੀ ਦੀ ਵੱਡੀ ਸ਼ਰਤ ਦੱਸਿਆ ਹੈ। ਨਮਾਜ਼ ਨੂੰ ਨੀਯਤ ਸਮੇਂ ਤੇ ਪੜ੍ਹਨਾ ਵੀ ਜ਼ਰੂਰੀ ਹੈ। 'ਮਾਆਰੀਬੁਲ ਖ਼ਾਸ਼ੀਈਨ' ਦਾ ਚੌਥਾ ਅਧਿਆਇ ਨਮਾਜ਼ ਦੇ ਇਕ ਇਕ ਸ਼ਬਦ ਦੀ ਹਿਕਮਤ (ਸਿਆਣਪ) ਬਾਰੇ ਵਿਦਵਤਾ ਭਰਪੂਰ ਬਹਿਸ ਦਾ ਅਧਿਆਇ ਹੈ। ਅੰਤਿਮ ਅਧਿਆਇ ਵਿੱਚ ਮੌਲਵੀ ਸਾਹਿਬ ਨਮਾਜ਼ ਦੇ ਸ਼ਬਦਾਂ ਦੇ ਅਰਥ ਯਾਦ ਕਰਨ ਦੀ ਲੋੜ ਤੇ ਜ਼ੋਰ ਦਿੰਦੇ ਹਨ ਕਿਉਂਕਿ ਅਰਥਾਂ ਤੋਂ ਬਿਨ੍ਹਾਂ ਨਮਾਜ਼ੀ ਨੂੰ ਆਪਣੀ ਪ੍ਰਾਰਥਨਾ ਦਾ ਵੀ ਪਤਾ ਨਹੀਂ ਚਲ ਸਕਦਾ ਅਤੇ ਨਾ ਹੀ ਉਸ ਦੀ ਬੇਨਤੀ ਵਿੱਚ ਅਸਰ ਪੈਦਾ ਹੋ ਸਕਦਾ ਹੈ। ਇਸ ਕਿਤਾਬ ਵਿੱਚ ਕਈ ਥਾਵਾਂ ਤੇ ਇਬਾਰਤ ਕਾਫ਼ੀ ਔਖੀ ਹੈ। ਆਪਣੇ ਇਸ ਔਖੇ ਬਿਆਨ ਦਾ ਅਹਿਸਾਸ ਮੌਲਵੀ ਸਾਹਿਬ ਨੂੰ ਵੀ ਸੀ। ਇਸ ਲਈ ਉਹ ਪਾਠਕ ਨੂੰ ਇਕ ਸਲਾਹ ਦਿੰਦੇ ਹਨ। ਉਸ ਮਸ਼ਵਰੇ ਦੀ ਭਾਸ਼ਾ ਵੀ ਇੰਨੀ ਅਸਾਨ ਨਹੀਂ।(40)

ਨਮੂਨੇ ਦੇ ਤੌਰ 'ਤੇ ਵੇਖੋ:

"ਇਸ ਵਿੱਚ ਸਬਬ ਨਾਲ ਸੰਖੇਪ ਜ਼ਰੂਰੀ ਅਤੇ ਸਰਲਤਾ ਦਾ ਕੋਸ਼ ਹੋਂਦ ਵਿੱਚ ਨਹੀਂ ਆਇਆ ਤਾਂ ਕੋਈ ਸ਼ਾਇਕ ਕਲੀਲ ਉਲ ਬਜ਼ਾਅਤ ਕਿਸੇ ਫ਼ਾਇਕ ਜਲੀਲ ਉਲ ਇਸਤਤਾਅਤ ਨਾਲ ਉਸ ਦੇ ਕੁੱਝ ਅਗਲਾਕ ਲਫ਼ਜ਼ੀ ਜਾਂ ਮਅਨੀ ਦਾ ਇਸਤਕਸ਼ਾਫ਼ ਕਰੇ ਤਾਂ ਕੁੱਝ ਮੁਬਹਿਮਾਤ-ਓ-ਮੁਜਮਿਲਾਤ ਦੀ ਸ਼ਰ੍ਹਾ ਵ ਤਫ਼ਸੀਲ ਮਹਿਜ਼ੂਜ਼-ਓ-ਕਾਮਯਾਬ ਹੋਵੇ"

ਮੁਸ਼ਕਿਲ ਬਿਆਨ ਦੇ ਬਾਵਜੂਦ ਮੌਲਵੀ ਸਾਹਿਬ ਦਾ ਢੰਗ ਬੜਾ ਪ੍ਰਭਾਵੀ ਹੈ ਅਤੇ ਕਿਤੇ ਕਿਤੇ ਵਾਰਤਕ ਵਿੱਚ ਕਵਿਤਾ ਦੀ ਝਲਕ ਪੈਂਦੀ ਹੈ ਅਤੇ ਬਿਆਨ ਵਿੱਚ ਮਿਠਾਸ ਪੈਦਾ ਹੋ ਜਾਂਦੀ ਹੈ। ਲਾਇਲਾਹਾ ਇਲੱਲਾਹ ਬਾਰੇ ਬਹਿਸ ਕਰਦੇ ਹਨ। ਇਸ ਨਫ਼ੀ-ਓ-ਅਸਬਾਤ ਦੇ ਰਫ਼ਅ-ਓ-ਵਜ਼ਅ, ਇਸ਼ਾਰਤ-ਓ-ਬਸ਼ਾਰਤ ਦੀ ਲੱਜ਼ਤ ਨੂੰ ਇਸ ਵਿੱਚ ਪਾਇਆ ਜਾਂਦਾ ਹੈ। ਜ਼ਹੇ ਦੌਲਤ ਕਿ ਇਸ ਲੱਜ਼ਤ ਨੂੰ ਭੁੱਲਦਾ ਨਹੀਂ ਅਤੇ ਜੇਕਰ ਚਾਹਵੇ ਤਾਂ ਇਸ ਲੱਜ਼ਤ-ਏ-ਜ਼ੌਕੀਆਂ ਨੂੰ ਬਿਆਨ ਕਰੇ ਤਾਂ ਸੰਭਾਵਨਾ ਨਹੀਂ ਰੱਖਦਾ, ਕਿਉਂਕਿ ਇਸ ਦੇ ਬਿਆਨ ਦਾ ਵਲਵਲੇ ਨੂੰ ਕਿਸੇ ਇਬਾਰਤ-ਓ-ਇਸ਼ਾਰਤ ਦਾ ਮੈਦਾਨ ਮੁਕੱਫ਼ੀ ਨਹੀਂ ਰਿਹਾ। (41)

ਮੌਲਵੀ ਸਾਹਿਬ ਨਮਾਜ਼ ਨੂੰ ਮੁੱਤਕੀ ਅਤੇ ਖ਼ਾਸ਼ੀਈਨ ਦੀ ਜ਼ਰੂਰਤ ਸਮਝਦੇ ਹਨ। ਉਹਨਾਂ ਨੇ ਇਸ ਕਿਤਾਬ ਵਿੱਚ ਨਮਾਜ਼ ਦੇ ਸਾਰੇ ਅਰਕਾਨ (ਜ਼ਰੂਰੀ ਥੰਮ੍ਹ) ਅਤੇ ਅਮਲਾਂ ਤੇ ਚੰਗੀ ਤਰ੍ਹਾਂ ਚਾਨਣਾ ਪਾਇਆ। ਉਹ ਲੀਨਤਾ ਨੂੰ ਸਹੀ ਨਮਾਜ਼ ਬਾਰੇ ਇਕ ਇਕ ਸ਼ਬਦ ਬਾਰੇ ਵਿਦਵਤਾ ਭਰਪੂਰ ਅਤੇ ਗਿਆਨ ਵਰਧਕ ਬਿਆਨ ਕਹਿੰਦੇ ਹਨ ਕਿ ਇਕ ਨਮਾਜ਼ੀ ਜਦੋਂ ਅੱਲ੍ਹਾ ਦੇ ਸਾਹਮਣੇ ਖੜ੍ਹਾ ਹੁੰਦਾ ਹੈ ਉਸ ਨੂੰ ਆਪਣੀ ਤਾਕਤ, ਜ਼ੋਰ ਤੇ ਹਉਮੈ ਤੋਂ ਛੁਟਕਾਰੇ ਦਾ ਅਹਿਸਾਸ ਹੁੰਦਾ ਹੈ ਅਤੇ ਖ਼ੁਦਾ ਨੂੰ ਉਹ ਰਹਿਮਤ ਅਤੇ ਸ਼ਾਨ ਕਰ ਕੇ ਬਹੁਤ ਵੱਡਾ ਸਮਝਦਾ ਹੈ। ਉਸ ਦੇ ਮੂੰਹ ਤੋਂ ਜ਼ਬਰਦਸਤੀ ਨਿਕਲ ਜਾਂਦਾ ਹੈ-ਅੱਲਾ ਹੂ ਅਕਬਰ, ਇਸ ਤਰ੍ਹਾਂ, ਮੌਲਵੀ ਸਾਹਿਬ ਇਕ ਇਕ ਹਿੱਸੇ ਤਕ ਪਹੁੰਚ ਜਾਂਦੇ ਹਨ। ਨਮਾਜ਼ੀ ਕਹਿੰਦਾ ਹੈ ਈਯਾਕਨਅਬੁਦੂ ਹੇ ਅੱਲ੍ਹਾ! ਅਸੀਂ ਤੇਰੀ ਹੀ ਬੰਦਗੀ (ਇਬਾਦਤ) ਕਰਦੇ ਹਾਂ। ਨਮਾਜ਼ੀ ਆਪਣੀ ਅਤੇ ਸਾਰੇ

ਸੰਸਾਰ ਦੀ ਆਬਦੀਯਤ, ਅਬੂਦੀਯਤ ਅਤੇ ਇੱਕੋ ਰੱਬ ਦੀ ਮਅਬੂਦੀਯਤ ਮਾਲਕੀਯਤ ਅਤੇ ਅਲੂਹੀਯਤ ਸਾਹਮਣੇ ਰੱਖਦਾ ਹੈ ਅਤੇ ਇਬਾਦਤ ਨੂੰ ਰੱਬ ਦੀ ਨੇੜਤਾ ਦਾ ਵਸੀਲਾ ਮੰਨਦਾ ਹੈ, ਉਹ ਫਿਰ ਅੱਲ੍ਹਾ ਦੀ ਮਦਦ ਪ੍ਰਾਪਤ ਕਰਨ ਲਈ 'ਵਾ ਈਯਾ ਕਾ ਨਸਤਾਈਨ' ਕਹਿੰਦਾ ਹੈ। 'ਈਯਾਕਨਆਬੁਦੂ ਵ ਈਯਾ ਕਾ ਨਸਤਾਈਨ' ਕਹਿਣ ਨਾਲ ਬੰਦਾ ਸ਼ਰੀਅਤ ਅਤੇ ਤਰੀਕਤ ਦਾ (ਜਮ੍ਹਾਂ ਕਰਨ ਵਾਲਾ) ਅਨੁਯਾਈ ਹੋ ਜਾਂਦਾ ਹੈ ਕਿਉਂਕਿ ਇਬਾਦਤ ਦਾ ਨਾਂ ਹੀ ਸ਼ਰੀਅਤ ਹੈ ਅਤੇ ਇਬਾਦਤ ਰਾਹੀਂ ਅੱਲ੍ਹਾ ਤੋਂ ਮਦਦ ਚਾਹੁਣਾ, ਅੰਦਰੂਨੀ ਸਫ਼ਾਈ, ਉਸ ਦੇ ਨਾਲ ਸਫਲ ਹੋਣ ਦੀ ਇੱਛਾ ਕਰਨ ਦਾ ਨਾਂ ਤਰੀਕਤ ਹੈ।(42)

ਹਕੀਕਤ ਤਕ ਪਹੁੰਚਣ ਦੇ ਦੋ ਢੰਗ ਹਨ-ਇਕ 'ਕਸਬੀ' ਤੇ ਦੂਜਾ 'ਵਹਬੀ'। 'ਕਸਬੀ' ਢੰਗ ਅਕਲ ਅਤੇ ਗਿਆਨ ਦੀ ਰਾਹ ਚੁਣਦਾ ਹੈ ਅਤੇ 'ਵਹਬੀ' ਢੰਗ ਸਿੱਧੇ ਹੀ ਮਨੁੱਖ ਨੂੰ ਹਕੀਕਤ ਤਕ ਪਹੁੰਚਾ ਦਿੰਦਾ ਹੈ ਪ੍ਰੰਤੂ ਦੋਵਾਂ ਵਿੱਚ ਬਹੁਤ ਜ਼ਿਆਦਾ ਅੰਤਰ ਹੈ। ਅਕਲ ਦਾ ਸਬੰਧ ਦਿਲਾਂ ਦੇ ਨਾਲ ਹੈ। ਇਸ ਲਈ ਸ਼ੱਕ ਦੀ ਗੁੰਜਾਇਸ਼ ਫੇਰ ਵੀ ਰਹਿ ਜਾਂਦੀ ਹੈ। ਇਸੇ ਤਰ੍ਹਾਂ ਅਕਲ ਸੱਚਾਈ ਤਕ ਪੰਹੁਚਣ ਤੋਂ ਬੇ ਵਸ ਹੈ। ਲੇਕਿਨ ਇਸ਼ਕ ਉਹ ਵਹਬੀ ਜਜ਼ਬਾ ਹੈ ਜੋ ਸਾਰੀਆਂ ਹੱਦਾਂ ਪਾਰ ਕਰਕੇ ਦਿਲ ਦੇ ਸਬੰਧ ਅਤੇ ਨਫ਼ਸ ਦੀ ਉਚਾਈ ਦੇ ਰਾਹੀਂ ਸੱਚਾਈਆਂ ਦੀ ਸੱਚਾਈ ਤਕ ਪਹੁੰਚ ਜਾਂਦਾ ਹੈ।

*****



# ਨਵੀਨਤਾ, ਵਿਲੱਖਣਤਾ ਅਤੇ ਮਕਬੂਲੀਅਤ ਦੀ ਤੁਲਨਾ

ਅੱਲ੍ਹਾ ਤਾਅਲਾ ਦੀ ਹਮਦ (ਉਸਤਤਿ) ਨਾਲ 'ਅਹਸਨੁਲ ਕਸਸ' ਦਾ ਆਰੰਭ ਹੁੰਦਾ ਹੈ ਅਤੇ ਹਮਦ ਦਾ ਪਹਿਲਾ ਸ਼ਬਦ ਹੀ ਇਸ਼ਕ ਹੈ। ਫ਼ਰਮਾਉਂਦੇ ਹਨ:

*ਇਸ਼ਕ ਭੁਨਾ ਇਖ਼ਲਾਸ ਨਹਿਲਾਇਆ ਰੰਗਿਆ ਰੰਗ ਸ਼ਹੂਦੀ*
*ਸਿਦਕ ਸਫ਼ਾ ਦੀ ਆਬ ਹਵਾਏਂ ਪਾਲਿਆ ਵਿਚ ਖ਼ੁਸ਼ਨੂਦੀ* (43)

ਹਮਦ ਬਾਰੀ ਤਾਅਲਾ ਵਿਚ ਆਪ ਬੜੇ ਸੁਹਣੇ ਢੰਗ ਨਾਲ ਮਨੁੱਖ ਨੂੰ ਉਸ ਦਾ ਅਹਿਦ (ਵਾਅਦਾ) ਯਾਦ ਕਰਵਾਉਂਦੇ ਹਨ ਕਿ ਉਹ ਅੱਲ੍ਹਾ ਤਾਅਲਾ ਨਾਲ ਕੀ ਵਾਅਦਾ ਕਰਕੇ ਇਥੇ ਆਇਆ ਹੈ ਅਤੇ ਹੁਣ ਉਸ ਵਾਅਦੇ ਨੂੰ ਕਿਉਂ ਭੁੱਲ ਰਿਹਾ ਹੈ, ਉਸ ਨੂੰ ਕੀ ਕਰਨਾ ਚਾਹੀਦਾ ਹੈ ਕੀ ਕਰ ਰਿਹਾ ਹੈ, ਕਿੱਥੇ ਜਾਣਾ ਹੈ ਅਤੇ ਕਿੱਥੇ ਜਾ ਰਿਹਾ ਹੈ। ਫ਼ਰਮਾਉਂਦੇ ਹਨ—

*ਪਾਏ ਰਾਜ਼ ਬਿਰਹੋਂ ਦੇ ਭਾਰੇ ਤੇ ਤੂੰ ਅਹਿਦ ਪਕਾਏ*
*ਬੋਲ ਬਲਾ ਇਕਰਾਰੀ ਹੋਇਉਂ ਆਨ ਗ਼ਜ਼ਬ ਸਰ ਚਾਏ*
*ਬਾਰ ਅਮਾਨਤ ਚਾਅ ਨਾ ਸਕੇ ਜ਼ਮੀਂ ਫ਼ਲਕ ਬੇ ਚਾਰੇ*
*ਇਨਸ ਜ਼ਲੂਮ ਜਲੂਲ ਉਠਾਇਆ ਹੁਣ ਕਿਉਂ ਅਹਿਦੋਂ ਹਾਰੇ*
*ਐ ਗ਼ੱਦਾਰ ਨਾ ਹਾਰ ਇਕਰਾਰੋਂ ਅੰਤ ਪਿਛੋਂ ਹੱਥ ਮਲਣਾ*
*ਕਿਤ ਵਲ ਚੱਲਿਉਂ ਕਿੱਧਰ ਚੱਲਣਾ ਕਿਸ ਸੰਗਤ ਵਿਚ ਰਲਣਾ* (44)

ਅਰਥ—ਹੇ ਮਨੁੱਖ! ਤੂੰ ਅੱਲਾ, ਤਾਅਲਾ ਨਾਲ ਅਹਿਦ ਕਰਕੇ ਇਥੇ ਆਇਆ ਹੈਂ। ਜਦੋਂ ਜ਼ਮੀਨ ਅਤੇ ਅਸਮਾਨ ਨੇ ਇਹ ਅਮਾਨਤ ਦਾ ਬੋਝ ਚੁੱਕਣ ਤੋਂ ਨਾਂਹ ਕਰ ਦਿੱਤੀ, ਅੰਤ ਵਿਚ ਇਸ ਜ਼ਾਲਿਮ ਅਗਿਆਨ ਮਨੁੱਖ ਨੇ ਵਾਅਦਾ ਕੀਤਾ ਤੇ ਹੁਣ ਇਸ ਵਾਅਦੇ ਤੋਂ ਨਾ ਹਾਰ। ਹੇ ਗ਼ੱਦਾਰ ਜੇਕਰ ਕੌਲ ਕਰਾਰ ਤੋਂ ਮੂੰਹ ਮੋੜੇਂਗਾ ਤਾਂ ਆਖ਼ਰਤ ਵਿਚ ਪਛਤਾਏਂਗਾ। ਤੂੰ ਕਿਧਰ ਜਾ ਰਿਹਾ ਹੈਂ, ਤੈਨੂੰ ਕਿੱਧਰ ਜਾਣਾ ਚਾਹੀਦਾ ਹੈ ਅਤੇ ਕਿਹਨਾਂ ਦੇ ਨਾਲ ਤੂੰ ਰਹਿਣਾ ਸੀ। ਇਸ ਗੱਲ ਨੂੰ ਯਾਦ ਕਰ।

ਫਿਰ ਇਨਸਾਨ ਨੂੰ ਉਸ ਦਾ ਗੁਆਚਿਆ ਹੋਇਆ ਸਥਾਨ ਯਾਦ ਦਿਲਾਉਂਦੇ ਹਨ—

*ਤੂੰ ਪੁਰ ਸ਼ਾਨ ਦਿਲਾਵਰ ਜ਼ੈਗ਼ਮ ਹੋਇਉਂ ਆਪ ਨਤਾਣਾ*
*ਖ਼ੁਦ ਨੂੰ ਜਾਣ ਸ਼ਗ਼ਾਲ ਕਮੀਨਾ ਬੈਠਿਉਂ ਛੋੜ ਟਿਕਾਣਾ*
*ਤੈਂ ਵਿਚ ਅਨਵਰ ਗੌਹਰ ਆਲੀ ਨਾ ਕਰ ਗਰਦ ਆਲੂਦਾ*
*ਚਾਹ ਤਰੱਕੀ ਛੋੜ ਰਜ਼ਾਲਤ ਮਰੇਂ ਨਹੀਂ ਬੇ ਹੂਦਾ* (45)

ਅਰਥ—ਹੇ ਮਨੁੱਖ! ਤੂੰ ਬੜੀ ਸ਼ਾਨ ਵਾਲਾ, ਬਹਾਦਰ ਸ਼ੇਰ ਹੈਂ। ਤੂੰ ਆਪਣੇ ਆਪ ਨੂੰ ਕਮਜ਼ੋਰ

ਸਮਝ ਲਿਆ। ਖ਼ੁਦ ਨੂੰ ਗਿੱਦੜ ਸਮਝ ਕੇ ਆਪਣੀ ਰਾਹ ਛੱਡ ਬੈਠਿਆਂ ਹੈਂ। ਤੇਰੇ ਵਿਚ ਬਹੁਤ ਕੀਮਤੀ ਜਵਾਹਰ ਹਨ। ਖ਼ੁਦ ਨੂੰ ਮੈਲਾ (ਪ੍ਰਦੂਸ਼ਿਤ) ਨਾ ਕਰ। ਉਨੱਤੀ ਵੱਲ ਆਪਣਾ ਸਫ਼ਰ ਜਾਰੀ ਰੱਖ ਤਾਂ ਕਿ ਬੁਰੀ ਮੌਤ ਤੋਂ ਬਚ ਜਾਵੇਂ।

ਮੈਂ ਇਨ੍ਹਾਂ ਸ਼ਿਅਰਾਂ ਦੀ ਵਿਆਖਿਆ ਵਿਚ ਨਹੀਂ ਜਾਵਾਂਗਾ ਕਿਉਂਕਿ ਗੱਲ ਬਹੁਤ ਲੰਬੀ ਹੋ ਜਾਵੇਗੀ। ਮੈਂ ਆਪਣੀ ਸੀਮਤ ਕਾਬਲੀਅਤ ਦਾ ਵੀ ਧਿਆਨ ਰੱਖਣਾ ਹੈ ਅਤੇ ਪਾਠਕਾਂ ਤਕ ਇਨ੍ਹਾਂ ਕੀਮਤੀ ਤੇ ਅਨਮੋਲ ਬਚਨਾਂ ਨੂੰ ਵੀ ਪਹੁੰਚਾਉਣਾ ਹੈ। ਹੋਰ ਅੱਗੇ ਮਨੁੱਖ ਨੂੰ ਸੰਬੋਧਨ ਕਰਦੇ ਹੋਏ ਕਹਿੰਦੇ ਹਨ—

*ਜ਼ਾਲਿਮ ਜਾਹਿਲ ਜੇ ਨਾ ਹੁੰਦੂ ਨਾ ਪੁੰਦੂ ਵਿਚਕਾਰੇ*
*ਇਹ ਹੈ ਮਦਹ ਮੁਜ਼ੱਮਤ ਨਾਹੀਂ ਇਸ ਵਿਚ ਨਾਜ਼ ਇਸ਼ਾਰੇ (46)*

ਦੇਖੋ ਕਿੰਨੀ ਸੁੰਦਰਤਾ ਨਾਲ ਮਨੁੱਖ ਨੂੰ ਉਸ ਦਾ ਵਾਅਦਾ ਅਤੇ ਉਸ ਦੀ ਬੇਵਫ਼ਾਈ ਅਤੇ ਫਿਰ ਉਸਦਾ ਰੁਤਬਾ ਵੀ ਯਾਦ ਦਿਵਾ ਰਹੇ ਹਨ ਅਤੇ ਨਾਲ ਹੀ ਇਹ ਆਖਦੇ ਹਨ ਕਿ ਇਹ ਤਾਂ ਤੇਰੀ ਪ੍ਰਸ਼ੰਸਾ ਹੈ ਨਾ ਕਿ ਨਿਖੇਧੀ। ਤੂੰ ਆਪਣੇ ਅੰਦਰ ਧਿਆਨ ਕਰ, ਤੂੰ ਆਪੇ (ਖ਼ੁਦ) ਨਾਲ ਜਾਣੂ ਹੋ ਜਾਵੇਂਗਾ। ਫ਼ਰਮਾਉਂਦੇ ਹਨ—

*ਤੂੰ ਸ਼ੀਸ਼ੇ ਵਿਚ ਦਰਿਆ ਵਗੇ ਜੌਹਰ ਮੈਂ ਉਹ ਕਾਰੀ*
*ਜੈਂ ਵਿਚ ਕਲ ਮਤਲੂਬ ਜਗਤ ਦੀਆਂ ਨੂਰੀ ਲਹਿਰਾਂ ਜਾਰੀ (47)*

ਹੇ ਮਨੁੱਖ! ਵਿਭਿੰਨ ਪੈਗ਼ੰਬਰਾਂ ਦੇ ਸਹੀਫ਼ਿਆ (ਧਾਰਮਿਕ ਪੁਸਤਕਾਂ) ਰਾਹੀਂ ਅਤੇ ਫਿਰ ਆਖ਼ਰੀ ਕਿਤਾਬ ਕੁਰਆਨ ਮਜੀਦ ਰਾਹੀਂ ਅੱਲ੍ਹਾ ਨੇ ਤੇਰੇ ਤੱਕ ਸਾਰੀ ਹਦਾਇਤ ਪਹੁੰਚਾ ਦਿੱਤੀ ਹੈ। ਜੇਕਰ ਹੁਣ ਵੀ ਤੂੰ ਇਸ ਤੇ ਅਮਲ ਨਹੀਂ ਕਰੇਂਗਾ ਤਾਂ ਇਸ ਵਿਚ ਤੇਰੀ ਨਜ਼ਰ ਦੀ ਕਮਜ਼ੋਰੀ ਹੈ ਅਤੇ ਤੇਰੀ ਆਪਣੀ ਗ਼ਲਤੀ ਹੈ। ਮੌਲਵੀ ਸਾਹਿਬ (ਰਹਿ.) ਫ਼ਰਮਾਉਂਦੇ ਹਨ—

*ਜੇ ਤੁਹ ਖ਼ਤਾ ਨਜ਼ਰ ਵਿਚ ਦੱਸੇ ਜ਼ੁਅਫ਼ ਤੇਰੀ ਬੀਨਾਈ*
*ਆਪ ਕੁਰਾਹ ਪਵੇ ਨਾਬੀਨਾ ਰਾਹੇ ਐਬ ਨਾ ਕਾਈ (48)*

ਹੇ ਮਨੁੱਖ! ਜੇਕਰ ਤੇਰੇ ਤੇ ਕੋਈ ਆਮ ਬੰਦਾ ਅਹਿਸਾਨ ਕਰਦਾ ਹੈ ਤਾਂ ਤੂੰ ਦਿਲ ਤੋਂ ਸੌ ਵਾਰ ਉਸ ਲਈ ਝੁਕਦਾ ਹੈਂ ਲੇਕਿਨ ਉਸ ਸੰਸਾਰ ਦੇ ਮਾਲਕ ਦੇ ਅਣਗਿਣਤ ਅਹਿਸਾਨ ਤੇਰੇ ਤੇ ਹਨ, ਤੂੰ ਉਸ ਦਾ ਸਾਥ ਕਦੇ ਨਾ ਛੱਡ। ਜਿਸ ਤਰ੍ਹਾਂ ਕਿ ਤੂੰ ਕੌਲ ਕਰਾਰ ਕਰਕੇ ਇਥੇ ਆਇਆ ਹੈਂ ਅਤੇ ਜੇਕਰ ਤੂੰ ਆਪਣੇ ਕੌਲ ਕਰਾਰ ਤੋਂ ਇਨਕਾਰੀ ਹੋਵੇਂਗਾ ਤਾਂ ਇਹ ਤੇਰੇ ਲਈ ਬਹੁਤ ਬੜੀ ਜ਼ਿੱਲਤ (ਬੇ-ਇੱਜ਼ਤੀ) ਦਾ ਕਾਰਨ ਬਣੇਗਾ।

*ਤੁਹ ਅਹਿਸਾਨ ਕਰੇ ਕੋਈ ਜ਼ੱਰਾ ਦਿਲੋਂ ਝੁਕੇਂ ਸੌ ਵਾਰੀ*
*ਕੁਲ ਅਹਿਸਾਨ ਤੇਰੇ ਸਿਰ ਜਿਸ ਦਾ ਛੋੜ ਨਹੀਂ ਤਿਸ ਯਾਰੀ।*
*ਲਾ ਯਾਰੀ ਪਰ ਪੂਰੀ ਸਾਰੀ ਜਿਉਂ ਹੋਇਉਂ ਇਕਰਾਰੀ*
*ਜੇ ਇਕਰਾਰੋਂ ਹੈਂ ਇਨਕਾਰੀ ਹੈ ਇਹ ਅੰਤ ਖ਼ੁਆਰੀ।(49)*

ਅੱਗੇ ਚੱਲ ਕੇ ਆਪ ਜੀ ਨੇ ਨਾਅਤ ਲਿਖੀ ਹੈ। ਉਸ ਵਿਚ ਉਮੱਤ ਲਈ ਮਰਹੂਮਾ ਦਾ ਸ਼ਬਦ ਵਰਤਿਆ ਹੈ। ਜਿਥੋਂ ਤੱਕ ਮੇਰੀ ਜਾਣਕਾਰੀ ਦਾ ਸੰਬੰਧ ਹੈ, ਮੌਲਵੀ ਸਾਹਿਬ ਤੋਂ ਪਹਿਲਾਂ ਉੱਮਤ ਲਈ ਕਿਸੇ ਕਵੀ ਨੇ ਮਰਹੂਮਾ ਦਾ ਸ਼ਬਦ ਨਹੀਂ ਵਰਤਿਆ। ਹਾਂ ਉਨਾਂ ਤੋਂ ਬਾਅਦ



ਅੱਲਾਮਾ ਇਕਬਾਲ ਨੇ ਉੱਮਤ ਵਾਸਤੇ ਮਰਹੂਮਾ (ਮਰੀ ਹੋਈ) ਸ਼ਬਦ ਦੀ ਵਰਤੋਂ ਕੀਤੀ ਹੈ। ਮੌਲਵੀ ਸਾਹਿਬ ਫ਼ਰਮਾਉਂਦੇ ਹਨ—

*ਜੌਹਰ ਅਰਜ਼ ਵਜੂਦ ਖ਼ਲਾਇਕ ਅਸਲ ਅਸੂਲ ਕਮਾਲੀ*
*ਉੱਮਤ ਖ਼ੈਰ ਉਮਮ ਦਾ ਵਾਲੀ ਨਾਮ ਮੁਹੰਮਦ ਆਲੀ।(50)*

ਫੇਰ ਅੱਗੇ ਲਿਖਦੇ ਹਨ—

*ਤੇ ਉਹ ਉੱਮਤ ਮਜ਼ਹਬ ਕਾਰਨ ਮਜਲੀ ਰਹਿਮ ਗ਼ਫ਼ੂਰੀ*
*ਤੇ ਮਰਹੂਮਾ ਉੱਮਤ ਉਸਦੀ ਹਾਰ ਮਹਜਲ ਨੂਰੀ।(51)*

ਅਰਥ-ਉਹ ਤਾਂ ਗੁਨਾਹਗਾਰ ਉੱਮਤ ਲਈ ਰਹਿਮਤ-ਏ-ਗ਼ਫ਼ੂਰੀ ਦਾ ਮਜੱਲਾ ਹੈ ਅਤੇ ਉਸ ਦੀ ਰਹਿਮ ਕੀਤੀ ਗਈ ਉੱਮਤ ਤੇ ਮੱਥੇ ਤੇ ਨੂਰਾਨੀ ਮਹਿਰਾਬ ਹੋਵੇਗੀ।

ਅਹਸਨੁਲ ਕਸਸ ਵਿਚ ਉੱਜ ਤਾਂ ਥਾਂ-ਥਾਂ ਤੇ ਇਸ਼ਕ ਅਤੇ ਮਾਅਰਫ਼ਤ ਅਤੇ ਦੂਜੇ ਬਹੁਤ ਸਾਰੇ ਗਿਆਨ ਦਿੱਤੇ ਗਏ ਹਨ ਜਿਸ ਦੀ ਵਿਸਥਾਰ ਪੂਰਵਕ ਵਿਆਖਿਆ ਲਈ ਮਾਹਿਰ ਵਿਦਵਾਨਾਂ ਦੀ ਲੋੜ ਹੈ ਤਾਂ ਕਿ ਹਰੇਕ ਵਿਸ਼ੇ ਦੀ ਵੱਖ ਤੋਂ ਵਿਆਖਿਆ ਹੋਵੇ ਅਤੇ ਉਨ੍ਹਾਂ ਤੇ ਟਿੱਪਣੀਆਂ ਲਿਖੀਆਂ ਜਾਣ। ਇਥੇ ਮੌਲਵੀ ਗੁਲਾਮ ਰਸੂਲਪੁਰੀ ਨੇ ਇਕ ਮਹੱਤਵਪੂਰਨ ਲੇਖ ਲਿਖਿਆ ਹੈ ਜਿਸ ਤੇ ਅਮਲ ਕਰਕੇ ਇਨਸਾਨ ਇਸ਼ਕ ਦੇ ਉੱਚੇ ਰੁਤਬੇ ਤੇ ਖੜਾ ਹੋ ਜਾਂਦਾ ਹੈ ਜਿੱਥੇ ਉਸ ਨੂੰ ਦੁਨਿਆਵੀ ਇੱਛਾਵਾਂ ਨਿਰਾਰਥਕ ਅਤੇ ਤੁੱਛ ਨਜ਼ਰ ਆਉਂਦੀਆਂ ਹਨ-

*ਇਸ਼ਕ ਬਿਨਾਂ ਦਿਲ ਮੁਰਦਾ ਗ਼ਾਫ਼ਿਲ ਕਿਸ ਗਿਣਤੀ ਵਿਚ ਆਵੇ*
*ਇਸ਼ਕ ਦਿਲਾਂ ਨੂੰ ਸਿਕਲ ਗ਼ਮਾਂ ਥੀਂ ਕਰ ਸ਼ਮਸ਼ੀਰ ਦਿਖਾਵੇ।*
*ਝੱਲ ਅਵੱਲੇ ਰਾਹ ਚਲੇਂਦਿਆਂ ਇਸ਼ਕੋਂ ਜ਼ਰਬਾਂ ਕਾਰੀ*
*ਹੋ ਤਾਲਿਬ ਲਾਹ ਦੇਖ ਨਕਾਬੋਂ ਉਸ ਦੀ ਰਮਜ਼ ਪਿਆਰੀ।*
*ਝਾਲ ਝੱਲੇ ਤਲਵਾਰ ਬਿਰਹੋਂ ਦੀ ਕਦਮ ਨਾ ਮੋੜ ਹਟਾਵੇ*
*ਤੇਗ਼ ਵਗੇ ਪਰ ਪੈਰ ਅਗਾਹੀਂ ਜ਼ਖ਼ਮੋਂ ਖ਼ਬਰ ਨਾ ਪਾਵੇ।*
*ਇਸ਼ਕ ਚੰਗਾ ਪਰ ਔਖੇ ਪੈਂਡੇ ਮਰਦ ਹੋਵੇ ਦੁੱਖ ਝੱਲੇ*
*ਵਾਟ ਚਲੇ ਦੁੱਖ ਪਾਵਣ ਵੇਲੇ ਚੁੱਪ ਰਹੇ ਦਮ ਠੱਲੇ।*
*ਮਰਦਾ ਡਰਦਾ ਨੱਸ ਨਾ ਜਾਈਂ ਦੇਖ ਚਮਕ ਦੀਆਂ ਤੇਗ਼ਾਂ*
*ਨੱਸੇ ਜਾਂਦੇ ਖ਼ੁਦ ਪਛਤਾਂਦੇ ਮਰਦੇ ਨਾਲ ਦਰੇਗਾਂ।(52)*

'ਅਹਸਨੁਲ ਕਸਸ' ਦੀ ਸੱਚਾਈ ਬਾਰੇ ਬੜੀ ਜ਼ਿੰਮੇਵਾਰੀ ਨਾਲ ਫ਼ਰਮਾਉਂਦੇ ਹਨ—

*ਅਸਲ ਬਿਆਨੋਂ ਵਿਚ ਸੁਖ਼ਨ ਦੇ ਮੈਂ ਨਾ ਗੱਲ ਰੁਲਾਈ*
*ਸੂਰਤ ਯੂਸਫ਼ ਦੀ ਤਫ਼ਸੀਰੋਂ ਸੱਚੀ ਗੱਲ ਸੁਣਾਈ।*
*ਇਸ ਵਿਚ ਮਤਲਬ ਖ਼ਾਸ ਕੁਰਆਨੋਂ ਸੂਰਤ ਯੂਸਫ਼ ਵਾਲੀ*
*ਸਭ ਤਫ਼ਸੀਰ ਹਦੀਸ ਨਬੀਉਂ ਕਹੇ ਇਮਾਮ ਗ਼ਜ਼ਾਲੀ।(53)*

ਅਤੇ ਫੇਰ ਪਾਠਕ ਨੂੰ ਸੰਬੋਧਨ ਕਰਦੇ ਹੋਏ ਫ਼ਰਮਾਉਂਦੇ ਹਨ—

*ਮਤ ਕੁਝ ਕਰੀਂ ਤੁਅੱਜਬ ਕਾਰੀ ਦੇਖ ਅਜਾਇਬ ਹਵਾਲੇ*
*ਤੇ ਮਤ ਆਖੀਂ ਆਪ ਬਨਾਵਣ ਸ਼ਿਅਰ ਬਨਾਵਣ ਵਾਲੇ।*
*ਇਸ ਵਿਚ ਮਤਲਬ ਖ਼ਾਸ ਕੁਰਆਨੋਂ ਸੂਰਤ ਯੂਸਫ਼ ਵਾਲੀ*
*ਸਭ ਤਫ਼ਸੀਰ ਹਦੀਸ ਨਬੀਉਂ ਕਹੇ ਇਮਾਮ ਗ਼ਜ਼ਾਲੀ।*
*ਦਿਲ ਵਿਚ ਸ਼ੱਕ ਧਰੀਂ ਮਤ ਉਸ ਥੀਂ ਪਵੇ ਨਾ ਦੀਨ ਤਬਾਹੀ*
*ਇਸ ਦਿਆਂ ਹੱਕ ਬਿਆਨਾਂ ਉੱਤੇ ਖ਼ਾਸ ਕੁਰਆਨ ਗਵਾਹੀ।*
*ਵਿਚ ਕੁਰਆਨ ਖ਼ੁਦਾ ਇਹ ਕਿੱਸਾ ਅਹਸਨ ਕਰ ਫ਼ਰਮਾਇਆ*
*ਜੈਂ ਖ਼ੁਦ ਆਪ ਸਰਾਹੇ ਖ਼ਾਲਿਕ ਰਲੇ ਨਾ ਝੂਠ ਰਲਾਇਆ।*
*ਅਹਸਨ ਥੀਂ ਕੀ ਹੋਰ ਬਣਾਵੇ ਜੇ ਕੋਈ ਝੂਠ ਰਲਾਵੇ*
*ਇਥੇ ਅਹਸਨ ਅਕਜ਼ਬ ਹੋ ਕੇ ਐਬ ਸੁਖ਼ਨ ਨੂੰ ਲਾਵੇ।*
*ਜੇ ਕਾ ਝੂਠ ਕਰੇ ਵਿਚ ਦਾਖ਼ਲ ਰਾਹ ਚੱਲੇ ਗੁੰਮਰਾਹੀ*
*ਇਸ ਦੇ ਜੇਡ ਤਬਾਹੀ ਵਾਲਾ ਕੈਡਕ ਹੋਰ ਗੁਨਾਹੀ।*
*ਖ਼ਾਮ ਰਿਵਾਇਤ ਮੈਂ ਵਿਚ ਇਸ ਦੇ ਦਾਖ਼ਲ ਕਰਾਂ ਨਾ ਮੂਲੇ*
*ਹੋਵੇ ਖ਼ਤਾ ਸਵਾਰਨ ਸੁਆਲਿਹ ਸਾਹਿਬ ਅਜਜ਼ ਕਬੂਲੇ।(54)*

'ਅਹਸਨਲ ਕਸਸ' ਵਿਚ 'ਦਰ ਜ਼ਿਕਰ ਸਬਬ ਤਾਲੀਫ ਈਂ ਕਿਤਾਬ ਉਲ ਮੁਸੱਮਾ ਬ ਅਹਸਨੁਲ ਕਸਸ' ਦੇ ਸਿਰਲੇਖ ਹੇਠ ਫ਼ਰਮਾਉਂਦੇ ਹਨ :-

*ਮੈਂ ਪਰਵਰਦਾ ਇਸ਼ਕ ਸੁਖ਼ਨ ਦਾ ਜਾਂ ਗ਼ਫ਼ਲਤ ਵਿਚ ਆਇਆ*
*ਮੁੱਦਤ ਵਿਚ ਹਿਜਾਬ ਗ਼ਮਾਂ ਦੇ ਮੇਰਾ ਵਕਤ ਵਹਾਇਆ।*
*ਡੂੰਘੇ ਜ਼ਖ਼ਮ ਜਿਗਰ ਵਿਚ ਰੜਕੇ ਹੋ ਹੋ ਅੰਤ ਪੁਰਾਣੇ*
*ਚਾਅ ਹੱਥ ਤੇਗ ਜਫ਼ਾ ਕਸ਼ ਬਿਰਹੋਂ ਡਿੱਠਾ ਖੜਾ ਸਰ੍ਹਾਣੇ।*
*ਦਰਿਆਵਾਂ ਦੀਆਂ ਲਹਿਰਾਂ ਵਾਗੂੰ ਨੈਣ ਖੁਲੇ ਪਰਨਾਲੇ*
*ਡੁੱਬ-ਡੁੱਬ ਗਏ ਗ਼ਮਾਂ ਦੇ ਬੇੜੇ ਭਰੇ ਮੁਸੀਬਤ ਵਾਲੇ ।*
*ਗ਼ਰਕ ਗਏ ਦੀ ਗ਼ਫ਼ਲਤ ਖ਼੍ਵਾਬੇ ਆਬ ਸਰੋਂ ਵੋਹ ਚੱਲਿਆ*
*ਜਾਗ ਪਿਆਰੇ ਕੈਡਕ ਸੁੱਤੋਂ ਇਸ਼ਕ ਸੁਨੇਹਾ ਘੱਲਿਆ।*
*ਤਪਦੀਆਂ ਅੱਖੀਆਂ ਜਿਗਰ ਤੜਫ਼ਦਾ ਉੱਠਿਆ ਉਭੜ ਵਾਇਆ*
*ਦਿਲ ਥੀਂ ਨੂਰ ਚਮਕਦਾ ਪਾਇਆ ਯੂਸਫ਼ ਨਜ਼ਰੀਂ ਆਇਆ ।*
*ਹੋਸ਼ ਸੰਭਾਲ ਕਲਮ ਚਾਅ ਹੱਥੀਂ ਕਸਦੋਂ ਵਾਗ ਚਲਾਈ*
*ਆਤਿਸ਼ ਦਿਲ ਦੀ ਚਾੜ ਅਲੰਬੇ ਵਰਕਾਂ ਵਿਚ ਵਗਾਈ।*
*ਕਸਕ ਮੇਰੇ ਨੂੰ ਪੂਰਾ ਕਰ ਸੀ ਪੂਰਾ ਕਰਨੇ ਹਾਰਾ*
*ਮਦਦ ਮੰਗਾਂ ਮੈਂ ਅੱਲਾਹ ਕੋਲੋਂ ਜੈਂ ਦਰ ਬਾਝ ਨਾ ਚਾਰਾ।*
*ਨਜ਼ਮ ਲੜੀ ਵਿਚ ਲੁਗ਼ਤ ਪੰਜਾਬੀ ਮੋਤੀ ਇਸ਼ਕ ਪਰੋਵਾਂ*
*ਦਿਨ ਕਾਈ ਵਿਚ ਬਹਰ ਬਿਰਹੋਂ ਦੇ ਦਾਗ਼ ਦਿਲੇ ਦਾ ਧੋਵਾਂ।(55)*

ਅਰਥ-ਮੈਂ ਸ਼ਾਇਰੀ ਦੇ ਇਸ਼ਕ ਦਾ ਪਾਲਿਆ ਹੋਇਆ ਜਦੋਂ ਗ਼ਫ਼ਲਤ ਵਿਚ ਆ ਗਿਆ ਤਾਂ



ਮੇਰਾ ਇਕ ਮੁੱਦਤ ਤੱਕ ਗ਼ਮਾਂ ਦੇ ਹਿਜਾਬ ਵਿਚ ਸਮਾਂ ਗੁਜਰਿਆ। ਮੇਰੇ ਡੂੰਘੇ ਜ਼ਖ਼ਮ ਮੇਰੇ ਜਿਗਰ ਵਿਚ ਸੋਜ਼ਿਸ਼ ਪੈਦਾ ਕਰਦੇ ਰਹੇ ਅਤੇ ਇਹ ਗ਼ਮ ਬਹੁਤ ਪੁਰਾਣੇ ਹੋ ਗਏ। ਹੱਥ ਵਿਚ ਤਲਵਾਰ ਪਕੜੇ ਜ਼ਾਲਿਮ ਨੂੰ ਮੈਂ ਆਪਣੇ ਸਰ੍ਹਾਣੇ ਖ਼ੜਾ ਦੇਖਿਆ। ਇਹ ਦਰਿਆਵਾਂ ਦੀਆਂ ਲਹਿਰਾਂ ਵਾਂਗ ਮੇਰੀਆਂ ਅੱਖਾਂ ਵਿਚੋਂ ਪਰਨਾਲੇ ਵਾਂਗ ਹੰਝੂ ਵਹਿਣ ਲੱਗੇ। ਅਤੇ ਗ਼ਮਾਂ ਦੇ ਜਹਾਜ਼ ਡੁੱਬ ਗਏ ਜੋ ਦੁੱਖਾਂ ਨਾਲ ਭਰੇ ਹੋਏ ਸਨ। ਮੈਂ ਗ਼ਫ਼ਲ਼ਤ ਦੀ ਨੀਂਦ ਸੋਇਆ ਹੋਇਆ ਸੀ। ਇੰਜ ਲਗਿਆ ਕਿ ਸਿਰ ਤੋਂ ਪਾਣੀ ਲੰਘਣ ਲੱਗ ਪਿਆ ਸੀ ਤਾਂ ਫੇਰ ਇਸ਼ਕ ਨੇ ਮੈਨੂੰ ਇਹ ਪੈਗ਼ਾਮ ਭੇਜਿਆ ਕਿ ਹੇ ਪਿਆਰੇ! ਤੂੰ ਜਾਗ, ਕਿਉਂ ਸੌਂ ਰਿਹਾ ਹੈ, ਅੱਖਾਂ ਜਲ ਰਹੀਆਂ ਸਨ, ਜਿਗਰ ਤੜਫ ਰਿਹਾ ਸੀ ਅਤੇ ਮੈਂ ਹੜਬੜਾ ਕੇ ਉੱਠ ਖੜਾ ਹੋਇਆ ਅਤੇ ਕੀ ਦੇਖਦਾ ਹਾਂ ਕਿ ਦਿਲ ਵਿਚ ਨੂਰ ਚਮਕ ਰਿਹਾ ਹੈ। ਮੈਂ ਹੋਸ਼ ਸੰਭਾਲ ਕੇ ਕਲਮ ਫ਼ੜੀ ਜਾਣ ਬੁੱਝ ਕੇ ਸਫ਼ਰ ਸ਼ੁਰੂ ਕੀਤਾ ਅਤੇ ਆਪਣੇ ਦਿਲ ਦੀ ਅੱਗ ਚੰਗਿਆੜੀਆਂ ਵਿਚ ਬਦਲ ਕੇ ਕਾਗਜ਼ ਤੇ ਤਬਦੀਲ ਕਰ ਦਿੱਤੀ। ਮੇਰੇ ਇਰਾਦੇ ਨੂੰ ਪੂਰਾ ਕਰਨ ਵਾਲਾ ਅੱਲਾਹ ਤਆਲਾ ਹਰ ਹਾਲ ਵਿਚ ਪੂਰਾ ਕਰੇਗਾ, ਉਸੇ ਖ਼ੁਦਾ ਤੋਂ ਮਦਦ ਮੰਗਦਾ ਹਾਂ ਜਿਸ ਦੇ ਦਰਬਾਰ ਤੋਂ ਇਲਾਵਾ ਕੋਈ ਚਾਰਾ ਨਹੀਂ। ਮੈਂ ਕਵਿਤਾ ਦੇ ਰੂਪ ਵਿਚ ਪੰਜਾਬੀ ਭਾਸ਼ਾ ਵਿਚ ਇਸ਼ਕ ਦੇ ਮੋਤੀ ਪਰੋਣ ਲੱਗਿਆ ਕੁਝ ਦਿਨ ਆਪਣੇ ਵਿਛੋੜੇ ਦੇ ਸਮੁੰਦਰ ਵਿਚ ਦਿਲ ਦੇ ਦਾਗ਼ (ਧੱਬੇ) ਨੂੰ ਧੋਣ ਦੀ ਕੋਸ਼ਿਸ਼ ਕਰਾਂ।

ਜਿੱਥੇ ਮੌਕਾ ਮਿਲਦਾ ਹੈ ਨਸੀਹਤ ਦੀਆਂ ਗੱਲਾਂ ਕਰਦੇ ਹਨ। ਆਪ ਜੀ ਨੇ ਹਕੀਮੀ, ਜੋਤਿਸ਼, ਸੰਗੀਤ, ਮਾਅਰਫ਼ਤ, ਤਸੱਵੁਫ਼, ਅਤੇ ਹੋਰ ਦੂਜੇ ਗਿਆਨਾਂ ਦੀ ਵਧੀਆ ਢੰਗ ਨਾਲ ਵਿਆਖਿਆ ਕੀਤੀ ਹੈ। ਆਪ ਜੀ ਦੇ ਸ਼ਿਅਰਾਂ ਵਿਚ ਰਵਾਨੀ, ਲੈਅ ਅਤੇ ਸੰਗੀਤਾਤਮਕਤਾ ਹੈ, ਜੋ ਸ਼ਿਅਰ ਦੀ ਵਿਸ਼ੇਸ਼ਤਾ ਨੂੰ ਕਾਇਮ ਰੱਖਦੀ ਹੈ।

ਮੌਲਵੀ ਸਾਹਿਬ ਦੇ ਕਲਾਮ ਵਿਚ ਅੱਜ ਤਕ ਅਲੋਚਕਾਂ ਨੂੰ ਇਕ ਤੋਂ ਇਲਾਵਾ ਦੂਜਾ ਇਤਰਾਜ਼ ਨਹੀਂ ਮਿਲਿਆ ਕਿ ਸ਼ਾਇਰ ਦੇ ਕਲਾਮ ਵਿਚ ਅਰਬੀ ਅਤੇ ਫ਼ਾਰਸੀ ਦੇ ਸ਼ਬਦ ਬਹੁਤ ਹਨ, ਇਹ ਇਤਰਾਜ਼ ਵੀ ਮੌਲਵੀ ਸਾਹਿਬ ਦੇ ਸਿੱਖ ਪਾਠਕਾਂ ਨੇ ਕੀਤਾ ਹੈ। ਭਾਵੇਂ ਖ਼ੁਦ ਹਿੰਦੂ ਅਤੇ ਸਿੱਖ ਕਵੀਆਂ ਦੇ ਕਲਾਮ ਵਿਚ ਹਿੰਦੀ ਅਤੇ ਸੰਸਕ੍ਰਿਤੀ ਦੇ ਕਾਫ਼ੀ ਸ਼ਬਦ ਹੁੰਦੇ ਹਨ ਤਾਂ ਫਿਰ ਮੌਲਵੀ ਗ਼ੁਲਾਮ ਰਸੂਲ ਪਰ ਵੀ ਇਹ ਇਤਰਾਜ਼ ਚੰਗਾ ਨਹੀਂ ਲਗਦਾ ਕਿਉਂਕਿ ਉਹ ਇਕ ਮੁਸਲਮਾਨ ਸੂਫ਼ੀ ਸ਼ਾਇਰ ਅਤੇ ਵਿਦਵਾਨ ਸਨ। ਪੁਸਤਕ ਯੂਸਫ਼ ਜ਼ੁਲੈਖ਼ਾ ਲਿਖਦੇ ਸਮੇਂ ਸਾਰਾ ਖਰੜਾ ਹੀ ਅਰਬੀ ਫ਼ਾਰਸੀ ਪੁਸਤਕਾਂ ਤੋਂ ਲਿਆ ਗਿਆ ਸੀ।(56)

ਇਸ ਲਈ ਉਹਨਾਂ ਦੇ ਕਲਾਮ ਵਿਚ ਅਰਬੀ ਅਤੇ ਫ਼ਾਰਸੀ ਦਾ ਪ੍ਰਭਾਵ ਹੋਣਾ ਕੋਈ ਵੱਡੀ ਗੱਲ ਨਹੀਂ। ਸੱਚੀ ਗੱਲ ਤਾਂ ਇਹ ਹੈ ਕਿ ਮੌਲਵੀ ਸਾਹਿਬ ਨੇ ਪੰਜਾਬੀ ਜ਼ਬਾਨ ਦੀ ਝੋਲੀ ਅਰਬੀ, ਫ਼ਾਰਸੀ ਦੇ ਖ਼ੂਬਸੂਰਤ ਸ਼ਬਦਾਂ ਨਾਲ ਭਰ ਦਿੱਤੀ ਹੈ ਅਤੇ ਇਸ ਨੂੰ ਅਰਬ ਅਤੇ ਅਜਮ ਦੇ ਉਸਤਾਦਾਂ ਦੇ ਬਰਾਬਰ ਕਰ ਦਿੱਤਾ। ਇਕ ਮੁਸਲਮਾਨ ਵਿਦਵਾਨ ਸ਼ਾਇਰ ਦਾ ਇਸ ਤੋਂ ਵੱਧ ਕੇ ਹੋਰ ਕੀ ਕਮਾਲ ਹੋ ਸਕਦਾ ਹੈ। ਸਿੱਖ ਜਾਂ ਹਿੰਦੂ ਲੇਖਕਾਂ ਨੂੰ ਮੌਲਵੀ ਸਾਹਿਬ ਤੇ ਕੁਝ ਲਿਖਣ ਦੀ ਬਹੁਤ ਘੱਟ ਤੌਫ਼ੀਕ ਹੋਈ ਹੈ। ਇਸ ਦਾ ਕਾਰਨ ਇਹ ਹੈ ਕਿ ਮੌਲਵੀ ਸਾਹਿਬ ਦੀਆਂ ਦੋ ਹੀ ਕਿਤਾਬਾਂ ਜ਼ਿਆਦਾ ਪ੍ਰਸਿੱਧ ਹਨ, 'ਯੂਸਫ਼ ਜ਼ੁਲੈਖ਼ਾ' ਅਤੇ 'ਦਾਸਤਾਨ ਅਮੀਰ

ਹਮਜ਼ਾ'। ਦੋਵੇਂ ਹਿੰਦੂਆਂ ਅਤੇ ਸਿੱਖਾਂ ਦੇ ਧਾਰਮਿਕ ਵਿਸ਼ਵਾਸ ਤੋਂ ਵੱਖਰੀਆਂ ਹਨ। ਯੂਸਫ਼ ਜ਼ੁਲੈਖ਼ਾ ਖ਼ਾਲਿਸ ਮੁਸਲਮਾਨਾਂ ਦਾ ਧਾਰਮਿਕ ਕਿੱਸਾ ਹੈ ਜਿਸ ਵਿਚ ਮੌਲਵੀ ਸਾਹਿਬ ਨੇ ਇਸ ਕਿੱਸੇ ਦੇ ਰੰਗ ਵਿਚ ਰੱਬ ਦੇ ਇਕ ਹੋਣ ਦਾ ਸੰਕਲਪ (ਤੌਹੀਦ)।'ਦਾਸਤਾਨ ਅਮੀਰ ਹਮਜ਼ਾ' ਵੀ ਇਕ ਧਾਰਮਿਕ ਨਾਵਲ ਹੈ। ਜਿਵੇਂ ਫ਼ਿਰਦੌਸੀ ਨੇ ਈਰਾਨੀਆਂ ਨੂੰ ਉੱਪਰ ਚੁੱਕਿਆ ਅਤੇ ਅਰਬਾਂ ਨੂੰ ਹੇਠਾਂ ਸੁੱਟ ਦਿੱਤਾ ਹੈ, ਇਸ ਦੇ ਮੁਕਾਬਲੇ ਵਿਚ ਗ਼ੁਲਾਮ ਰਸੂਲ ਨੇ ਅਰਬ ਮੁਸਲਮਾਨਾਂ ਨੂੰ ਬਹਾਦਰ, ਨਿੱਡਰ ਅਤੇ ਅਸੂਲਾਂ ਵਾਲੀ ਕੌਮ ਦੱਸਿਆ ਹੈ। ਇਸ ਲਈ ਗ਼ੈਰ ਮੁਸਲਿਮ ਕਵੀ ਅਤੇ ਆਲੋਚਕ ਮੌਲਵੀ ਸਾਹਿਬ ਦੀ ਨਿੰਦਿਆ ਕਰਨ ਤੋਂ ਇਲਾਵਾ ਹੋਰ ਕੀ ਲਿਖਦੇ ਸਨ। ਬਾਵਾ ਬੁੱਧ ਸਿੰਘ ਲੇਖਕ ਪ੍ਰੇਮ ਕਹਾਣੀ ਨੇ ਆਪਣੀ ਪੁਸਤਕ ਵਿਚ ਕੁੱਝ ਗ਼ੈਰ ਮਸ਼ਹੂਰ ਕਵੀਆਂ ਦਾ ਵਰਨਣ ਤਾਂ ਕੀਤਾ ਹੈ ਪਰ ਮਜਾਲ ਹੈ ਕਿ ਨਿੰਦਿਆ ਦੀ ਇਕ ਸਤਰ ਦੇ ਇਲਾਵਾ ਮੌਲਵੀ ਸਾਹਿਬ ਦੇ ਬਾਰੇ ਕੁੱਝ ਲਿਖਿਆ ਹੋਵੇ। ਮੁਹੰਮਦ ਆਲਮ ਦੇ ਕਥਨ ਅਨੁਸਾਰ ਸੱਚ ਇਹ ਹੈ ਕਿ ਮੌਲਵੀ ਗ਼ੁਲਾਮ ਰਸੂਲ ਨਾ ਪਸੰਦੀਦਗੀ ਅਤੇ ਪ੍ਰਸ਼ੰਸਾ ਦੇ ਮੁਕਾਮ ਤੋਂ ਬਹੁਤ ਹੀ ਉੱਚੇ ਹਨ। ਉਹ ਇਸ਼ਕ ਦੇ ਜਿਸ ਮੀਨਾਰ ਤੇ ਖੜੇ ਹਨ ਉਥੇ ਪਸੰਦ ਅਤੇ ਨਾ ਪਸੰਦ ਹੇਠਾਂ ਰਹਿ ਜਾਂਦੇ ਹਨ। ਇਕ ਅੱਸੀ ਸਾਲਾ ਬਜ਼ੁਰਗ ਕਵੀ ਜਿਸ ਦੇ ਅਧਿਐਨ ਦੀ ਉਮਰ ਸੱਠ ਸਾਲ ਤੋਂ ਵੱਧ ਹੈ, ਜਿਸ ਦਾ ਪੰਜਾਬੀ, ਉਰਦੂ, ਫ਼ਾਰਸੀ, ਅਰਬੀ ਅਤੇ ਹਿੰਦੀ ਕਵਿਤਾ ਦਾ ਡੂੰਘਾ ਅਧਿਐਨ ਹੈ ਅਤੇ ਖ਼ੁਦ ਵੀ ਕਈ ਭਾਸ਼ਾਵਾਂ ਵਿਚ ਹਜ਼ਾਰਾਂ ਸ਼ਿਅਰ ਲਿਖੇ ਹਨ। ਇਸ ਤੋਂ ਇਲਾਵਾ ਪੂਰਬੀ ਅਤੇ ਪੱਛਮੀ ਗਿਆਨ ਦੀਆਂ ਅਣਗਿਣਤ ਕਿਤਾਬਾਂ ਪੜ੍ਹੀਆਂ ਅਤੇ ਖ਼ੁਦ ਵੀ ਲੇਖਕ ਹਨ। ਇਕ ਦਿਨ ਇਕ ਸਮਾਰੋਹ ਵਿਚ ਉਸ ਦੀ ਜ਼ੁਬਾਨ ਤੋਂ ਇਹ ਸ਼ਬਦ ਨਿਕਲੇ 'ਜੇਕਰ ਅੱਲਾਹ ਤਆਲਾ ਦੇ ਇਲਾਵਾ ਕਿਸੇ ਹੋਰ ਨੂੰ ਸਜਦਾ-ਏ-ਅਕੀਦਤ ਸਜਦਾ-ਏ-ਤਾਅਜ਼ੀਮ ਜਾ ਸਜਦਾ-ਏ-ਇਸ਼ਕ ਕਰਨ ਦੀ ਆਗਿਆ ਹੁੰਦੀ ਤਾਂ ਮੈਂ ਮੌਲਵੀ ਗ਼ੁਲਾਮ ਰਸੂਲ ਅਤੇ ਵਾਰਿਸ ਸ਼ਾਹ ਦੀ ਕਬਰ ਨੂੰ ਸਜਦਾ ਕਰਦਾ।(57)

ਮੌਜੂਦਾ ਪਾਕਿਸਤਾਨ ਵਿਚ ਜੇਕਰ ਮੌਲਵੀ ਸਾਹਿਬ ਦੇ ਕਲਾਮ ਦੀ ਪ੍ਰਸਿੱਧਤਾ ਦੂਜੇ ਕਵੀਆਂ ਨਾਲੋਂ ਘੱਟ ਨਜ਼ਰ ਆਉਂਦੀ ਹੈ ਤਾਂ ਇਸ ਦੇ ਕਈ ਕਾਰਨ ਹਨ। ਇਨ੍ਹਾਂ ਵਿਚੋਂ ਇਕ ਕਾਰਨ ਇਹ ਹੈ ਕਿ 'ਅਹਸਨੁਲ ਕਸਸ' ਕਿਉਂਕਿ ਇਕ ਕੁਰਆਨੀ ਕਿੱਸਾ ਹੈ ਇਸ ਲਈ ਗ਼ੈਰ ਮੁਸਲਿਮ ਸਾਹਿਬਾਨ ਨੇ ਆਪ ਜੀ ਦੇ ਕਲਾਮ ਅਤੇ ਸ਼ਖ਼ਸੀਅਤ ਤੇ ਇੰਨਾ ਕੰਮ ਨਹੀਂ ਕੀਤਾ ਜਿੰਨਾ ਪੰਜਾਬੀ ਭਾਸ਼ਾ ਦੇ ਦੂਜੇ ਕਵੀਆਂ ਤੇ ਹੋਇਆ ਹੈ। ਦੂਜਾ ਕਾਰਨ ਇਹ ਵੀ ਹੈ ਕਿ ਦੂਜੇ ਸੂਫ਼ੀ ਕਵੀਆਂ ਦੇ ਮਜ਼ਾਰ ਪਾਕਿਸਤਾਨ ਵਿਚ ਹਨ ਤੇ ਗੱਦੀ ਨਸ਼ੀਨੀ ਦਾ ਸਿਲਸਿਲਾ ਵੀ ਚੱਲ ਰਿਹਾ ਹੈ। ਜਦੋਂ ਕਿ ਉਹਨਾਂ ਦੇ ਕਲਾਮ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਸਾਧਨ ਉਹਨਾਂ ਦੇ ਮੁਰੀਦ ਹਨ ਪ੍ਰੰਤੂ ਇਸ ਦੇ ਉਲਟ-ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ) ਦਾ ਮਜ਼ਾਰ ਇੰਡੀਆ ਵਿਚ ਹੈ ਅਤੇ 1947 ਈ. ਤੋਂ ਬਾਅਦ ਉਥੋਂ ਦੇ ਮੁਸਲਮਾਨ ਪ੍ਰਵਾਸ ਕਰਕੇ ਪਾਕਿਸਤਾਨ ਆ ਚੁੱਕੇ ਹਨ। ਇਸ ਲਈ ਆਪ ਜੀ ਦੀਆਂ ਰਚਨਾਵਾਂ ਤੇ ਉਹ ਕੰਮ ਨਾ ਹੋ ਸਕਿਆ ਜਿਸ ਦੀ ਲੋੜ ਸੀ। ਇਸ ਦੇ ਬਾਵਜੂਦ ਮੌਲਵੀ ਸਾਹਿਬ ਦੇ ਕਲਾਮ ਵਿਚ ਰਵਾਨੀ, ਦੁੱਖ ਅਤੇ ਗ਼ਮ, ਤੜਫ, ਦਰਦ ਅਤੇ ਸੱਚਾਈ ਵੇਖਣ ਨੂੰ ਮਿਲਦੀ ਹੈ ਕਿ ਉਹ ਕਿਸੇ ਦੀ ਪ੍ਰਸ਼ੰਸਾ ਦੇ ਮੁਥ਼ਾਜ ਨਹੀਂ। ਉਹ ਇਸ ਤੋਂ ਬਿਨ੍ਹਾਂ ਵੀ ਕਵਿਤਾ ਦੇ ਸੂਰਜ ਹਨ। ਆਪ ਜੀ ਦਾ



ਕਲਾਮ ਹੀ ਆਪ ਦੀ ਨੁਮਾਇੰਦਗੀ ਕਰਦਾ ਹੈ ਅਤੇ ਆਪ ਜੀ ਦੇ ਇਕ ਸ਼ਿਅਰ ਅਨੁਸਾਰ ਆਪ ਦੀ ਭਵਿੱਖ ਬਾਣੀ ਸੱਚ ਸਿੱਧ ਹੋ ਰਹੀ ਹੈ।

*ਇਹ ਮਰਦਾਂ ਦੇ ਨਾਮ ਦੀ ਜਗ ਵਿਚ ਰਹਿਸੀ ਹੂਲ*
*ਖ਼ਲਕ ਪੁਕਾਰਾ ਪੋਸੀ ਕਦੀ ਗ਼ੁਲਾਮ ਰਸੂਲ।*

ਅਰਥ-ਮਰਦਾਂ ਦੇ ਨਾਂ ਦੀ ਦੁਨੀਆ ਵਿਚ ਇਹ ਨਿਸ਼ਾਨੀ ਰਹੇਗੀ ਅਤੇ ਕਦੇ ਗ਼ੁਲਾਮ ਰਸੂਲ ਦਾ ਲੋਕਾਂ ਵਿਚ ਬੋਲਬਾਲਾ ਹੋਵੇਗਾ।

ਹੁਣ ਕੁਝ ਗ਼ੈਰ ਮੁਸਲਿਮ ਵਿਅਕਤੀਆਂ ਨੇ ਮਨੁੱਖੀ ਜਜ਼ਬੇ ਦੇ ਅੰਤਰਗਤ ਅਤੇ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਸਬੰਧ ਵਿਚ ਕੁੱਝ ਕੰਮ ਵੀ ਕੀਤਾ ਹੈ। ਉਸ ਦੀ ਮਾਤਰਾ ਅਤੇ ਪੱਧਰ ਘੱਟ ਹੈ ਕਿਉਂਕਿ ਦੁਨੀਆ ਹੁਣ ਇਕ ਗਲੋਬਲ ਵਿਲੇਜ ਬਣ ਚੁੱਕੀ ਹੈ। ਲੋਕਾਂ ਵਿਚ ਸਮਝ ਤੇ ਦੂਰ ਅੰਦੇਸ਼ੀ ਨਜ਼ਰ ਆ ਰਹੀ ਹੈ। ਗ਼ੈਰ ਮੁਸਲਿਮ ਸਾਹਿਬਾਨ ਖ਼ਾਸ ਤੌਰ ਤੇ ਸਿੱਖ ਤੇ ਹਿੰਦੂ ਸਾਹਿਬਾਨ ਵੀ ਮੌਲਵੀ ਸਾਹਿਬ ਦੇ ਕਲਾਮ ਵੱਲ ਧਿਆਨ ਦੇ ਰਹੇ ਹਨ। ਭਾਸ਼ਾ ਵਿਭਾਗ (ਪੰਜਾਬ) ਪਟਿਆਲਾ ਵਲੋਂ ਮੌਲਵੀ ਸਾਹਿਬ ਦੀ ਸੰਪੂਰਨ ਰਚਨਾਵਲੀ ਗੁਰਮੁਖੀ ਲਿਪੀ ਵਿਚ 'ਅਹਸਨਲ ਕਸਸ' ਸਿਰਲੇਖ ਹੇਠ ਲਗਭਗ 900 ਸਫ਼ੇ ਦੀ ਛਪਵਾਈ ਗਈ ਹੈ। ਭਾਸ਼ਾ ਵਿਭਾਗ (ਪੰਜਾਬ) ਵੱਲੋਂ 'ਮੌਲਵੀ ਗ਼ੁਲਾਮ ਰਸੂਲ' ਦੀਆਂ ਰਚਨਾਵਾਂ ਦਾ ਆਲੋਚਨਾਤਮਕ ਅਧਿਐਨ' ਵੀ ਛਾਪਿਆ ਗਿਆ ਹੈ। ਚੇਤਨ ਸਿੰਘ ਐਡੀਸ਼ਨਲ ਡਾਇਰੈਕਟਰ ਨੇ ਮੌਲਵੀ ਸਾਹਿਬ ਦਾ 'ਪੰਧਨਾਮਾ' ਗੁਰਮੁਖੀ ਵਿਚ ਛਪਵਾਇਆ ਹੈ ਤੇ ਹੋਰ ਯਤਨ ਕਰ ਰਹੇ ਹਨ। ਇਸੇ ਤਰ੍ਹਾਂ ਓਮ ਪ੍ਰਕਾਸ਼ ਖੇਮ ਕਰਨੀ ਸਾਹਿਬ ਅਤੇ ਉਹਨਾਂ ਦੀ ਸੰਸਥਾ 'ਬਜ਼ਮ-ਏ-ਅਦਬ ਜਲੰਧਰ' ਦੇ ਸਾਥੀ ਹਿੰਦੀ ਭਾਸ਼ਾ ਵਿਚ ਮੌਲਵੀ ਸਾਹਿਬ ਦੀਆਂ ਪੁਸਤਕਾਂ ਦੇ ਅਨੁਵਾਦ ਸ਼ੁਰੂ ਕਰ ਚੁੱਕੇ ਹਨ ਅਤੇ ਪੂਰਬੀ ਪੰਜਾਬ ਦੀ ਇਕ ਅਹਿਮ ਸੰਸਥਾ ਸਾਹਿਤ ਸਭਾ ਦਸੂਹਾ ਗੜ੍ਹਦੀਵਾਲਾ ਦੇ ਪ੍ਰਧਾਨ ਬਲਦੇਵ ਸਿੰਘ ਬੱਲੀ, ਜਰਨੈਲ ਸਿੰਘ ਘੁੰਮਣ, ਮਾਸਟਰ ਲਾਲ ਸਿੰਘ, ਨਵਤੇਜ ਸਿੰਘ ਨੇ ਮੌਲਵੀ ਸਾਹਿਬ ਦੇ ਮਜ਼ਾਰ ਤੇ ਸਮਾਰੋਹਾਂ ਦਾ ਸਿਲਸਿਲਾ ਸ਼ੁਰੂ ਵੀ ਕਰ ਦਿੱਤਾ ਹੈ। ਇਸੇ ਸਿਲਸਿਲੇ ਵਿਚ ਤਹਿਸੀਲ ਦਸੂਹਾ ਜ਼ਿਲ੍ਹਾ ਹੁਸ਼ਿਆਰਪੁਰ (ਇੰਡੀਆ) ਤੋਂ ਤੇਜਵੀਰ ਸਿੰਘ ਬਾਜਵਾ ਐਡਵੋਕੇਟ ਆਪਣੇ ਮਿੱਤਰ ਓਮ ਪ੍ਰਕਾਸ਼ ਖੇਮਕਰਨੀ ਅਤੇ ਦੂਜੇ ਮਿੱਤਰਾਂ ਨਾਲ ਮਿਲ ਕੇ ਮੌਲਵੀ ਗ਼ੁਲਾਮ ਰਸੂਲ ਦੇ ਨਾਂ ਤੇ ਇਕ ਸੰਸਥਾ ਕਾਇਮ ਕਰ ਚੁੱਕੇ ਹਨ। ਇਸ ਤਰ੍ਹਾਂ ਉੱਥੋਂ ਦੀਆਂ ਚੇਤਨ ਅਤੇ ਖੁੱਲੇ ਜ਼ਿਹਨ ਰੱਖਣ ਵਾਲੀਆਂ ਸ਼ਖ਼ਸੀਅਤਾਂ ਅੰਦਰ ਇਕ ਲਹਿਰ ਪੈਦਾ ਹੋਈ।

ਮੌਲਵੀ ਸਾਹਿਬ ਇਕ ਦਰਵੇਸ਼ ਸ਼ਾਇਰ ਸਨ। ਇਸ ਲਈ ਉਹ ਆਪਣੇ ਦੌਰ ਦੇ ਪ੍ਰਭਾਵ ਪਏ ਬਿਨ੍ਹਾਂ ਕਿਸ ਤਰ੍ਹਾਂ ਰਹਿ ਸਕਦੇ ਹਨ। ਉਹਨਾਂ ਨੇ ਆਪਣੀਆਂ ਘਰੇਲੂ ਜ਼ਰੂਰਤਾਂ ਲਈ ਬਤੌਰ ਸਕੂਲ ਅਧਿਆਪਕ ਨੌਕਰੀ ਕੀਤੀ। ਇਸ ਦੇ ਨਾਲ-ਨਾਲ ਉਹ ਆਪਣੀਆਂ ਦੀਨੀ ਅਤੇ ਦੁਨਿਆਵੀ ਸੇਵਾਵਾਂ ਵੀ ਕਰਦੇ ਰਹੇ। ਉਹ ਲੋਕਾਈ ਲਈ ਸੇਵਾਵਾਂ ਵੀ ਦਿੰਦੇ ਰਹੇ। ਉਨ੍ਹਾਂ ਦੀ ਲੋਕਾਂ ਪ੍ਰਤੀ ਸੇਵਾ ਦਾ ਇਹ ਹਾਲ ਸੀ ਕਿ ਆਪਣੇ ਪਿੰਡ ਵਾਸੀਆਂ ਦੇ ਸਮਾਜਿਕ, ਧਾਰਮਿਕ ਆਰਥਿਕ ਅਤੇ ਹਰੇਕ ਤਰ੍ਹਾਂ ਦੇ ਮਸਲਿਆਂ ਨੂੰ ਸੁਲਝਾਉਣ ਲਈ ਆਪਣਾ ਫ਼ਰਜ਼ ਨਿਭਾਉਂਦੇ ਸਨ। ਉਹ ਲੋਕਾਂ ਦੀਆਂ ਸਰੀਰਕ ਬੀਮਾਰੀਆਂ ਦਾ ਇਲਾਜ ਵੀ

ਕਰਦੇ ਸਨ। ਉਸ ਦੇ ਨਾਲ-ਨਾਲ ਉਹਨਾਂ ਦਾ ਸਾਹਿਤਕ ਕੰਮ ਵੀ ਕਦੇ ਫਿੱਕਾ ਨਹੀਂ ਪਿਆ। ਉਹਨਾਂ ਦੀਆਂ ਸਾਹਿਤਕ ਅਤੇ ਸਭਿਆਚਾਰਕ ਰਚਨਾਵਾਂ ਬੇਸ਼ੱਕ ਕਿਸੇ ਆਰਥਿਕ ਲੋੜ ਕਰਕੇ ਨਹੀਂ ਲਿਖੀਆਂ ਗਈਆਂ ਕਿਉਂਕਿ ਉਸ ਸਮੇਂ ਪੰਜਾਬੀ ਵਿਚ ਕਿਤਾਬ ਲਿਖਣਾ ਕਿਸੇ ਅਜਿਹੇ ਲਾਭ ਦਾ ਸਾਧਨ ਨਹੀਂ ਸੀ ਕਿਉਂਕਿ ਸਰਕਾਰੀ ਅਤੇ ਦਰਬਾਰੀ ਥਾਵਾਂ ਤੇ ਅੰਗਰੇਜ਼ੀ ਅਤੇ ਉਰਦੂ ਦਾ ਬੋਲ ਬਾਲਾ ਹੋਣ ਕਰਕੇ ਪੰਜਾਬੀ ਅਤੇ ਪੰਜਾਬੀ ਲੇਖਕਾਂ ਦੀ ਕੋਈ ਕਦਰ ਨਹੀਂ ਸੀ। ਫਿਰ ਅਜਿਹੇ ਸਮੇਂ ਵਿਚ ਮੌਲਵੀ ਸਾਹਿਬ ਦਾ ਪੰਜਾਬੀ ਵਿਚ ਲਿਖਣਾ ਜਿੱਥੇ ਪੰਜਾਬੀ ਸਾਹਿਤ ਅਤੇ ਭਾਸ਼ਾ ਦੀ ਸੇਵਾ ਸੀ ਉੱਥੇ ਉਹਨਾਂ ਲੋਕਾਂ ਦੀ ਸੇਵਾ ਵੀ ਸੀ ਜਿਹਨਾਂ ਨੂੰ ਦਿਲ ਪ੍ਰਚਾਉਣ ਲਈ ਕੋਈ ਹੋਰ ਸਾਧਨ ਨਹੀਂ ਸੀ। ਮੌਲਵੀ ਸਾਹਿਬ ਦੀਆਂ ਰਚਨਾਵਾਂ ਉਹਨਾਂ ਦੀਆਂ ਇਨ੍ਹਾਂ ਘਾਟਾਂ ਨੂੰ ਵੀ ਪੂਰੀਆਂ ਕਰਦੀਆਂ ਸਨ। ਦੂਜੀ ਗੱਲ ਉਹਨਾਂ ਦੀਆਂ ਰਚਨਾਵਾਂ ਦੀਨੀ ਹੋਣ ਕਰਕੇ ਇਸਲਾਮ ਦੀ ਸੇਵਾ ਵੀ ਸੀ। ਵੇਖਣ ਨੂੰ ਗ਼ੁਲਾਮ ਰਸੂਲ ਇਕ ਮੌਲਵੀ ਸਨ ਲੇਕਿਨ ਉਨ੍ਹਾਂ ਦੀਆਂ ਰਚਨਾਵਾਂ ਵਿਚ ਇਸ ਤਰ੍ਹਾਂ ਦੀ ਕੋਈ ਚੀਜ਼ ਨਹੀਂ ਮਿਲਦੀ ਜੋ ਗ਼ੈਰ ਮੁਸਲਿਮਾਂ ਦੇ ਦਿਲ ਨੂੰ ਦੁਖਾਉਣ ਵਾਲੀ ਹੋਵੇ। ਉਹ ਸਾਰਿਆਂ ਦੇ ਸਾਂਝੇ ਸਾਥੀ ਸਨ ਜੋ ਰਾਜਨੀਤਿਕ ਅਤੇ ਆਰਥਿਕ ਜ਼ਰੂਰਤਾਂ, ਆਪਣੇ ਦੀਨੀ, ਦੁਨਿਆਵੀ ਅਤੇ ਸਾਹਿਤਕ ਫ਼ਰਜ਼ਾਂ ਨੂੰ ਨਿਭਾਉਂਦੇ ਹੋਏ ਆਪਣੇ ਜੀਵਨ ਦਾ ਸਫ਼ਰ ਪੂਰਾ ਕਰ ਗਏ।

ਆਪ ਜੀ ਨੂੰ ਸ਼ਬਦਾਂ ਦੀ ਚੋਣ ਵਿਚ ਨਿਪੁੰਨਤਾ ਸੀ। 'ਅਹਸਨੁਲ ਕਸਸ' ਇਕ ਕੁਰਆਨੀ ਕਿੱਸਾ ਤਾਂ ਹੈ ਹੀ ਲੇਕਿਨ ਇਸ ਇੱਕ ਕਿੱਸੇ ਵਿਚ ਬਹੁਤ ਸਾਰੀਆਂ ਘਟਨਾਵਾਂ ਮਿਲਦੀਆਂ ਹਨ। ਜੇਕਰ ਅਸੀਂ ਉਹਨਾਂ ਦੀ ਸੰਖੇਪ ਵਿਚ ਪੜਚੋਲ ਕਰੀਏ ਤਾਂ ਪਤਾ ਚਲਦਾ ਹੈ ਕਿ ਆਰੰਭ ਵਿਚ ਯੂਸਫ਼ (ਅਲੈ.) ਦੇ ਸੋਤੇਲੇ ਭਰਾ ਉਹਨਾਂ ਨਾਲ ਬਦਸਲੂਕੀ ਕਰਦੇ ਹਨ ਅਤੇ ਉਹਨਾਂ ਨੂੰ ਇਕ ਖੂਹ ਵਿਚ ਸੁੱਟ ਦਿੰਦੇ ਹਨ। ਇਸ ਤੋਂ ਪਹਿਲਾਂ ਜਦੋਂ ਯੂਸਫ਼ (ਅਲੈ.) ਪਿਤਾ ਦੇ ਕੋਲ ਸੀ ਤਾਂ ਉਹਨਾਂ ਨੇ ਸ਼ੀਸ਼ੇ ਵਿਚ ਆਪਣਾ ਮੂੰਹ ਦੇਖਿਆ ਤਾਂ ਖ਼ਿਆਲ ਆਇਆ ਕਿ ਮੈਂ ਇੰਨਾ ਸੁਹਣਾ ਹਾਂ ਕਿ ਕੋਈ ਵਿਅਕਤੀ ਮੇਰੀ ਕੀਮਤ ਅਦਾ ਨਹੀਂ ਕਰ ਸਕਦਾ। ਲੇਕਿਨ ਫਿਰ ਤਕਦੀਰ-ਏ-ਇਲਾਹੀ ਕਿ ਉਹਨਾਂ ਨੂੰ ਕੁੱਝ ਖੋਟੇ ਸਿੱਕਿਆਂ ਦੇ ਬਦਲੇ ਵਿਕਣਾ ਪਿਆ ਅਤੇ ਜਦੋਂ ਕਾਰਵਾਂ ਉਹਨਾਂ ਨੂੰ ਲੈ ਕੇ ਰਵਾਨਾ ਹੋਏ ਤਾਂ ਪਹਿਲੀ ਹੀ ਬਸਤੀ ਵਿਚ ਭੀੜ ਲੱਗ ਗਈ। ਯੂਸਫ਼ (ਅਲੈ.) ਦੀ ਇਕ ਝਲਕ ਦੇਖਣ ਲਈ। ਜਦੋਂ ਕਾਫ਼ਲਾ ਉੱਥੋਂ ਅੱਗੇ ਲਈ ਰਵਾਨਾ ਹੋਇਆ ਤਾਂ ਯੂਸਫ਼ (ਅਲੈ.) ਦੇ ਦਿਲ ਵਿਚ ਖ਼ਿਆਲ ਆਇਆ ਕਿ ਅਗਲੀ ਬਸਤੀ ਜਾਂ ਅਗਲੇ ਸ਼ਹਿਰ ਵਿਚ ਫਿਰ ਲੋਕਾਂ ਦਾ ਇਕੱਠ ਹੋਵੇਗਾ। ਪ੍ਰੰਤੂ ਜਦੋਂ ਉੱਥੇ ਪਹੁੰਚੇ ਤਾਂ ਇਕ ਵਿਅਕਤੀ ਵੀ ਦਰਸ਼ਨਾਂ ਲਈ ਨਹੀਂ ਆਇਆ ਤਾਂ ਤੁਰੰਤ ਆਪਣੇ ਇਸ ਖ਼ਿਆਲ ਤੇ ਸ਼ਰਮਿੰਦਾ ਹੁੰਦੇ ਹਨ। ਸਿਜਦੇ ਵਿਚ ਗਿਰ ਕੇ ਰੱਬ ਤੋਂ ਮਾਫ਼ੀ ਮੰਗਦੇ ਹਨ। ਦੁਆ ਪ੍ਰਵਾਨ ਹੁੰਦੀ ਹੈ ਤਾਂ ਲੋਕ ਵੱਡੀ ਗਿਣਤੀ ਵਿਚ ਜਮਾਂ ਹੋ ਜਾਂਦੇ ਹਨ। ਯੂਸਫ਼ (ਅਲੈ.) ਦੇ ਦਰਸ਼ਨ ਕਰਦੇ ਹਨ। ਮਨੁੱਖ ਨੂੰ ਕਿਸੇ ਵੀ ਹਾਲਤ ਵਿਚ ਆਪਣੇ ਅੰਦਾਜ਼ ਅਤੇ ਅਮਲ ਦੇ ਢੰਗ ਵਿਚ ਘਮੰਡ ਨਹੀਂ ਕਰਨਾ ਚਾਹੀਦਾ। ਹਮੇਸ਼ਾ ਨਿਮਾਣੇ ਹੋ ਕੇ ਨਿਮਰਤਾ ਤੋਂ ਕੰਮ ਲੈਣਾ ਚਾਹੀਦਾ ਹੈ। ਜਦੋਂ ਬਾਜ਼ੀਗਾ ਨਾਂ ਦੀ ਔਰਤ ਆਉਂਦੀ ਹੈ ਉਥੇ ਸਵਾਲ ਅਤੇ ਜਵਾਬ ਦਾ ਸਿਲਸਿਲਾ ਹੈ। ਉੱਥੇ ਮੌਲਵੀ ਗ਼ੁਲਾਮ ਰਸੂਲ ਪਾਠਕ ਨੂੰ ਬਹੁਤ ਹੀ ਉੱਚੇ ਦਰਜੇ ਦਾ ਤੌਹੀਦ ਦਾ ਸਬਕ ਦਿੰਦੇ ਹਨ



ਅਤੇ ਆਖ਼ਰ ਕਾਰ ਬਾਜ਼ੀਗਾ ਮੁਸਲਮਾਨ ਹੋ ਕੇ ਅੱਲ੍ਹਾ ਤਆਲਾ ਦੀ ਬੰਦਗੀ ਵਿਚ ਰੁੱਝ ਜਾਂਦੀ ਹੈ। ਜ਼ੁਲੈਖ਼ਾ ਆਪ ਨੂੰ ਖ਼ਰੀਦ ਲੈਂਦੀ ਹੈ। ਜ਼ੁਲੈਖ਼ਾ ਦੇ ਧੋਖੇ ਅਤੇ ਫ਼ਰੇਬ ਕਰਕੇ ਯੂਸਫ਼ (ਅਲੈ.) ਨੂੰ ਕੈਦਖ਼ਾਨੇ ਵਿਚ ਜਾਣਾ ਪੈਂਦਾ ਹੈ ਅਤੇ ਜਿਸ ਢੰਗ ਨਾਲ ਆਪ ਦੀ ਰਿਹਾਈ ਹੁੰਦੀ ਹੈ। ਉਹ ਇਕ ਵੱਖਰੀ ਘਟਨਾ ਹੈ। ਆਪ ਅਜ਼ੀਜ਼-ਏ-ਮਿਸਰ ਬਣ ਜਾਂਦੇ ਹਨ ਤਾਂ ਉੱਥੇ ਮੌਲਵੀ ਸਾਹਿਬ ਨੇ ਯੂਸਫ਼ (ਅਲੈ.) ਦੇ ਹਕੂਮਤੀ ਤਰੀਕੇ ਦੀ ਜਿਸ ਤਰ੍ਹਾਂ ਨਾਲ ਤਰਜਮਾਨੀ ਕੀਤੀ ਹੈ ਅਤੇ ਉਸ ਤੋਂ ਪਹਿਲਾਂ ਮਿਸਰ ਦੀ ਜੋ ਹਾਲਤ ਸੀ, ਉਸ ਦਾ ਜ਼ਿਕਰ ਕੀਤਾ ਹੈ, ਇੱਥੇ ਮੌਲਵੀ ਸਾਹਿਬ ਸਪੱਸ਼ਟ ਤੌਰ ਤੇ ਇਨਕਲਾਬ-ਏ-ਯੂਸਫ਼ੀ ਦੀ ਗੱਲ ਕਰ ਰਹੇ ਹਨ। ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਹਿੰਦੋਸਤਾਨ ਵਿਚ ਬੈਠ ਕੇ ਜਿੱਥੇ ਅੰਗਰੇਜ਼ਾਂ ਦੀ ਹਕੂਮਤ ਬਹੁਤ ਸਾਰੇ ਮੁਸਲਿਮ ਅਤੇ ਗ਼ੈਰ ਮੁਸਲਿਮ ਖ਼ੁਸ਼ਾਮਦੀ ਲੋਕ ਅਤੇ ਗੱਦੀ ਨਸ਼ੀਨ ਅੰਗਰੇਜ਼ਾਂ ਦੀ ਖ਼ੁਸ਼ਾਮਦ ਕਰਕੇ ਜਾਗੀਰਾਂ ਹਾਸਲ ਕਰ ਰਹੇ ਹਨ, ਉੱਥੇ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਆਪਣੀ ਸ਼ਾਇਰੀ ਦੇ ਰਾਹੀਂ ਇਨਕਲਾਬ-ਏ-ਯੂਸਫ਼ੀ ਦੀ ਗੱਲ ਕਰ ਰਹੇ ਹਨ ਜੋ ਕਿ ਹਜ਼ਰਤ ਯੂਸਫ਼ (ਅਲੈ.) ਨੇ ਉਸ ਜ਼ਾਲਿਮਾਨਾ ਪ੍ਰਬੰਧ ਨੂੰ ਖ਼ਤਮ ਕਰਕੇ ਲਾਗੂ ਕੀਤਾ। ਚੰਗੇ ਹੁਕਮਰਾਨ ਦੀਆਂ ਖ਼ੂਬੀਆਂ ਬਿਆਨ ਕਰ ਰਹੇ ਹਨ। ਚੰਗੀ ਹੁਕਮਰਾਨੀ ਦਾ ਢੰਗ ਦੱਸ ਰਹੇ ਹਨ। ਜੇਕਰ ਮੌਲਵੀ ਸਾਹਿਬ ਦੇ ਇਸ ਪਹਿਲੂ ਦਾ ਜਾਇਜ਼ਾ ਪੈਗ਼ੰਬਰਾਂ ਦੇ ਇਨਕਲਾਬ ਦੀ ਰੌਸ਼ਨੀ ਅਤੇ ਖ਼ਾਲਿਸ ਕੁਰਆਨ ਦੀ ਰੌਸ਼ਨੀ ਵਿਚ ਕਰੀਏ ਤਾਂ ਇਹ ਇਕ ਬੜੀ ਕਿਤਾਬ ਬਣ ਸਕਦੀ ਹੈ। ਇਕ ਅਹਿਮ ਨਮੂਨਾ ਮੇਰੇ ਸਾਹਮਣੇ ਆ ਰਿਹਾ ਹੈ। ਮੇਰਾ ਉਸ ਨੂੰ ਇੱਥੇ ਨਕਲ ਕੀਤੇ ਬਿਨਾਂ ਅੱਗੇ ਵੱਧਣ ਨੂੰ ਜੀ ਨਹੀਂ ਕਰਦਾ।

*ਨੈਣ ਮੇਰੇ ਦੋ ਪਾਣੀ ਭਰਦੇ ਇਸ਼ਕ ਤੇਰੇ ਦੇ ਬਰਦੇ*
*ਖੜੇ ਦੋਵੇਂ ਹੱਥ ਪੱਖਾਂ ਝਲਦੇ ਜਦੋਂ ਸਿਆਪੇ ਕਰਦੇ।*
*ਗ਼ਮ ਦੁੱਖ ਦੋ ਫਰਾਸ਼ ਬੰਦੀ ਦੇ ਬਿਸਤਰ ਸੂਲਾਂ ਧਰਦੇ*
*ਸ਼ੌਂਕ ਤਲਬ ਦੋ ਪਹਿਰੇ ਵਾਲੇ ਰਾਖੇ ਮੇਰੇ ਦਰ ਦੇ।*
*ਮਨ ਪ੍ਰਚਾਵਣ ਗੀਤ ਸੁਣਾਵਣ ਆਹੀਂ ਵਕਤ ਸਹਰ ਦੇ*
*ਦਰਦ ਮੇਰਾ ਦਿਲ ਪਾੜਨ ਸਿਉਣ ਦਰਜ਼ੀ ਮੇਰੇ ਘਰ ਦੇ।(60)*

**ਅਰਥ**-ਤੇਰੇ ਇਸ਼ਕ ਕਰਕੇ ਮੇਰੀਆਂ ਦੋਵੇਂ ਅੱਖਾਂ ਵਿੱਚੋਂ ਪਾਣੀ ਚਲਦਾ ਰਹਿੰਦਾ ਹੈ ਜਿਹੜੀਆਂ ਤੇਰੀਆਂ ਗ਼ੁਲਾਮ (ਦਾਸੀਆਂ) ਹਨ ਅਤੇ ਮੇਰੇ ਦੋਵੇਂ ਹੱਥ ਤੇਰੇ ਗ਼ਮ ਵਿਚ ਮਾਤਮ ਕਰਦੇ ਹਨ। ਤੇਰਾ ਗ਼ਮ ਅਤੇ ਦੁੱਖ ਮੇਰਾ ਵਿਛੌਣਾ ਹਨ ਜਿਹੜੇ ਕਿ ਮੇਰੇ ਬਿਸਤਰ ਤੇ ਕੰਡਿਆਂ ਵਾਂਗ ਹਨ ਅਤੇ ਮੈਂ ਤੇਰੇ ਸ਼ੌਂਕ ਅਤੇ ਚਾਹਤ ਵਿਚ ਜਾਗਦੀ ਰਹਿੰਦੀ ਹਾਂ ਅਤੇ ਇਸ ਤਰ੍ਹਾਂ ਇਹ ਦੋਵੇਂ ਮੇਰੇ ਪਹਿਰੇਦਾਰ ਹਨ। ਇਹ ਮੇਰੇ ਦਿਲ ਨੂੰ ਲੁਭਾਉਣ ਦਾ ਸਮਾਨ ਹਨ। ਜੋ ਸੁਬਹ ਵੇਲੇ ਮੈਨੂੰ ਗੀਤ ਸੁਣਾਉਂਦੇ ਹਨ ਅਤੇ ਤੇਰੇ ਦਰਦ ਨਾਲ ਮੇਰਾ ਦਿਲ ਟੁਕੜੇ ਟੁਕੜੇ ਹੈ। ਇਹ ਤੇਰੇ ਸਾਰੇ ਦੁੱਖ ਮੇਰੇ ਗ਼ੁਲਾਮ ਹੀ ਤਾਂ ਹਨ।

*****

# ਰਾਜਨੀਤਕ, ਸਮਾਜਿਕ ਅਤੇ ਧਾਰਮਿਕ ਦਸ਼ਾ

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਜਿਸ ਮਹੌਲ ਵਿਚ ਇਸ ਧਰਤੀ ਤੇ ਅੱਖ ਖੋਲ੍ਹੀ ਉਹ ਸਮਾਜਿਕ ਅਤੇ ਰਾਜਨੀਤਕ ਤੌਰ ਤੇ ਮੁਸਲਮਾਨਾਂ ਦੀ ਬੇਵਸੀ ਅਤੇ ਧਾਰਮਿਕ ਤੌਰ ਤੇ ਪਤਨ, ਹਫੜਾ ਦਫ਼ੜੀ, ਬੇਚੈਨੀ ਅਤੇ ਆਪੋ ਧਾਪੀ ਦਾ ਮਹੌਲ ਸੀ। ਨਿੱਜੀ ਹਿੱਤਾਂ ਨੂੰ ਦੇਸ਼ ਦੇ ਹਿੱਤਾਂ ਨਾਲੋਂ ਵੱਧ ਪ੍ਰਮੁੱਖਤਾ ਦਿੱਤੀ ਜਾਂਦੀ ਸੀ। ਹਰ ਕੋਈ ਆਪਣੇ ਹਾਲ ਵਿਚ ਮਸਤ ਸੀ। ਮੌਲਵੀ ਸਾਹਿਬ ਦੀ ਸਾਰੀ ਜ਼ਿੰਦਗੀ ਦਾ ਸਮਾਂ ਅੰਗਰੇਜ਼ਾਂ ਦੀ ਹੁਕਮਰਾਨੀ (ਰਾਜ) ਦਾ ਦੌਰ ਸੀ। ਇਸ ਲਈ ਉਹਨਾਂ ਨੇ ਮੁਸਲਮਾਨਾਂ ਨੂੰ ਮਜ਼ਲੂਮਾਂ ਦੇ ਰੂਪ ਵਿਚ ਹੀ ਵੇਖਿਆ ਸੀ। ਕਿਵੇਂ ਹਲਕਾ ਫੁਲਕਾ ਜਿਹਾ ਇਸ਼ਾਰਾ ਕਰਦੇ ਹਨ-

*ਜਾਂ ਤੇ ਜੰਮੀ ਮੈਂ ਵਿਚ ਦੁਨੀਆ ਸੁੱਖ ਨਾ ਡਿੱਠੀਆਂ ਘੜੀਆਂ*
*ਦਰਦ ਦੁੱਖਾਂ ਪਰ ਚੜ੍ਹਦੇ ਆਏ ਗ਼ਮਾਂ ਵਸਾਈਆਂ ਝੜੀਆਂ।(61)*

**ਅਰਥ**-ਜਦੋਂ ਤੋਂ ਮੈਂ ਦੁਨੀਆ ਵਿਚ ਪੈਦਾ ਹੋਈ ਹਾਂ, ਮੈਂ-ਸੁੱਖ ਅਤੇ ਆਰਾਮ ਦੇ ਕੁੱਝ ਪਲ ਵੀ ਨਹੀਂ ਦੇਖੇ। ਮੇਰੇ ਦੁੱਖ ਦਰਖ਼ਤਾਂ 'ਤੇ ਚੜ੍ਹ ਆਏ ਅਤੇ ਗ਼ਮ ਕਰਕੇ ਹੰਝੂਆਂ ਦੀ ਬਰਸਾਤ ਲੱਗੀ ਹੋਈ ਹੈ।

ਮੁਸਲਮਾਨਾਂ ਦੀ ਢਹਿੰਦੀ ਕਲਾ ਅਚਾਨਕ ਨਹੀਂ ਸੀ ਪ੍ਰੰਤੂ ਇਸ ਦਾ ਇਕ ਲੰਬਾ ਚੌੜਾ ਇਤਿਹਾਸ ਸੀ। ਇਸ ਮਾਲੀ ਮੰਦਹਾਲੀ ਦੇ ਸਮੇਂ ਨੈਤਿਕ ਕਦਰਾਂ ਵੀ ਸਥਿਰ ਨਾ ਰਹਿ ਸਕੀਆਂ। ਪ੍ਰਤੀਕਿਰਿਆ ਦੇ ਤੌਰ ਤੇ ਲੋਕ ਜ਼ਿਆਦਾ ਤਰ ਬੇ ਅਮਲ ਹੋ ਗਏ। ਜ਼ਿਆਦਾ ਲੋਕਾਂ ਨੇ ਐਸ਼-ਓ-ਆਰਾਮ, ਸ਼ਰਾਬ ਨੋਸ਼ੀ, ਰਾਗ ਰੰਗ ਅਤੇ ਨੱਚਣਾ ਗਾਉਣਾ ਆਦਿ ਵਿਚ ਆਪਣੇ ਆਪ ਨੂੰ ਗੁੰਮ ਕਰਕੇ ਜ਼ਿੰਦਗੀ ਦੀਆਂ ਤਲਖ਼ੀਆਂ ਨੂੰ ਭੁੱਲਣਾ ਚਾਹਿਆ। ਮੁਸਲਮਾਨਾਂ ਦੀ ਹਾਲਤ ਹਰੇਕ ਥਾਂ ਦਰਦਨਾਕ ਤੇ ਤਰਸਯੋਗ ਸੀ। ਮੌਲਵੀ ਸਾਹਿਬ (ਰਹਿ.) ਨੇ ਇਸ ਦੌਰ ਨੂੰ ਪੱਤਝੜ ਦਾ ਸਮਾਂ ਦੱਸਿਆ ਹੈ—

*ਮੌਸਮ ਗਯਾ ਬਹਾਰ ਦਾ ਖ਼ਿਜ਼ਾਂ ਆਈ ਗਈ ਗੁਲਾਂ ਦੇ ਤੋੜ ਨਜ਼ਾਰਿਆਂ ਨੂੰ*
*ਸੰਭਲ ਵਕਤ ਵਹਾਂਦੜੇ ਜਹਾਂਦੜੇ ਨੂੰ ਕਹਿਣਾ ਮਿਲੇ ਨਾਂ ਪੈਰ ਪਸਾਰਿਆ ਨੂੰ*
*ਸਾਡੇ ਤਾਨ ਤਵਾਨ ਇ ਮਗ਼ਲੂਬ ਕੀਤੇ ਸ਼ੇਰਾਂ ਘੇਰਿਆ ਜਿਵੇਂ ਚਿਕਾਰਿਆਂ ਨੂੰ।(62)*

**ਅਰਥ**-ਬਹਾਰ ਦਾ ਮੌਸਮ ਬੀਤ ਚੁੱਕਿਆ ਹੈ ਅਤੇ ਪੱਤਝੜ ਆ ਗਈ ਹੈ ਤਾਂ ਫੁੱਲਾਂ ਦੇ ਦ੍ਰਿੱਸ਼ ਖ਼ਤਮ ਹੋ ਗਏ ਹਨ। ਇਹ ਸਮਾਂ ਜੋ ਗੁਜ਼ਰ ਰਿਹਾ ਹੈ ਉਸ ਨੂੰ ਸੰਭਾਲ ਲੈ। ਇੱਥੇ ਕਿਸੇ ਨੇ ਵੀ ਹਮੇਸ਼ਾ ਨਹੀਂ ਰਹਿਣਾ ਹੈ। ਸਾਡੀ ਤਾਕਤ ਤੇ ਭਾਰੂ ਹੋ ਗਏ ਹਨ ਜਿਸ ਤਰ੍ਹਾਂ ਸ਼ੇਰਾਂ ਨੇ ਹਿਰਨਾਂ ਨੂੰ ਘੇਰਿਆ ਹੋਵੇ।



ਇਹ ਗੱਲ ਇੱਥੇ ਕਹਿਣੀ ਬਹੁਤ ਜ਼ਰੂਰੀ ਹੈ ਕਿ ਮੌਲਵੀ ਸਾਹਿਬ ਨੇ ਆਪਣੇ ਅੰਦਾਜ਼ ਨਾਲ ਸਮਾਜਿਕ, ਰਾਜਨੀਤਕ ਅਤੇ ਧਾਰਮਿਕ ਸਥਿਤੀ ਵੱਲ ਇਸ਼ਾਰੇ ਕੀਤੇ ਹਨ ਕਿਉਂਕਿ ਉਸ ਸਮੇਂ ਖੁੱਲਮ-ਖੁੱਲ੍ਹਾ ਕੋਈ ਕਦਮ ਚੁੱਕਣਾ ਸੌਖਾ ਨਹੀਂ ਸੀ। ਭੇਦ ਵਿਚ ਬੋਲ ਕੇ ਅਕਲਮੰਦਾਂ ਨੂੰ ਗ਼ੌਰ ਕਰਨ ਦਾ ਸੱਦਾ ਦਿੱਤਾ ਜਾਂਦਾ ਸੀ। ਲੋਕਾਂ ਦਾ ਸੁਭਾਅ ਕਿੱਸੇ ਕਹਾਣੀਆਂ ਸੁਣਨ ਦਾ ਸ਼ੌਕੀਨ ਸੀ। ਮੌਲਵੀ ਸਾਹਿਬ ਨੇ ਇਸ ਰੁਝਾਨ ਤੋਂ ਲਾਭ ਉਠਾਇਆ। ਦਾਸਤਾਨ ਅਮੀਰ ਹਮਜ਼ਾ, ਅਹਸਨੁਲ ਕਸਸ ਅਤੇ ਚਿੱਠੀਆਂ ਵਿਚ ਸੁਹੱਪਣ, ਇਸ਼ਕ, ਮੁਹੱਬਤ ਦਾ ਫਰਜ਼ ਵੀ ਨਿਭਾਇਆ। ਹੁਣ ਮੁਸਲਮਾਨ ਪੂਰਨ ਤੌਰ ਤੇ ਇਸ ਹਕੀਕਤ ਤੋਂ ਜਾਣੂ ਸਨ ਕਿ ਹਿੰਦੋਸਤਾਨ ਵਿਚ ਉਨ੍ਹਾਂ ਦਾ ਬਹੁਮਤ ਅੰਗਰੇਜ਼ਾਂ ਨੇ ਖ਼ਤਮ ਕਰ ਦਿੱਤਾ ਅਤੇ ਉਹਨਾਂ ਦਾ ਕੋਈ ਵੀ ਹਮਦਰਦ ਨਹੀਂ। ਮੌਲਵੀ ਗੁਲਾਮ ਰਸੂਲ ਦੇ ਕਥਨ ਅਨੁਸਾਰ—

*ਤੇ ਗ਼ਮਖ਼੍ਵਾਰ ਬਾਹਰੋਂ ਕਾਈ ਹਾਕਮ ਜ਼ਾਲਮ ਆਇਆ (63)*

ਮੁਸਲਮਾਨਾਂ ਦੀ ਹਾਲਤ ਹਰ ਪਾਸਿਉਂ ਮੰਦੀ ਹੋ ਗਈ ਸੀ ਅਤੇ ਘਟੀਆ ਕਿਸਮ ਦੇ ਕੰਮ ਕਰਨ ਦੇ ਲਈ ਮੁਸਲਮਾਨਾਂ ਨੂੰ ਮਜਬੂਰ ਕੀਤਾ ਜਾਂਦਾ ਸੀ ਅਤੇ ਉੱਚੇ ਅਹੁਦੇ ਕੇਵਲ ਅੰਗਰੇਜ਼ਾਂ ਨੂੰ ਦਿੱਤੇ ਜਾਂਦੇ ਸਨ। ਲਾਰਡ ਡਲਹੌਜ਼ੀ ਦੇ ਦੌਰ (1848) ਈ-1856 ਈ.) ਰਿਆਸਤਾਂ ਦੀਆਂ ਆਪਣੀਆਂ ਫੌਜਾਂ ਮੁਅੱਤਲ ਕਰ ਦਿੱਤੀਆਂ ਗਈਆਂ ਜਿਸ ਕਰਕੇ ਸੈਂਕੜੇ ਜ਼ਿਮੀਂਦਾਰ ਅਤੇ ਹਜ਼ਾਰਾਂ ਸਿਪਾਹੀ ਬੇਰੁਜ਼ਗਾਰ ਹੋ ਗਏ। ਹਿੰਦੋਸਤਾਨੀਆਂ ਨੂੰ ਬੜੇ ਅਹੁਦਿਆਂ ਤੋਂ ਫ਼ਾਰਗ ਕਰ ਦਿੱਤਾ ਗਿਆ ਅਤੇ ਉਹਨਾਂ ਦੇ ਵਪਾਰ ਤੇ ਉਦਯੋਗ ਵੀ ਦਿਨ-ਬ-ਦਿਨ ਘੱਟ ਹੁੰਦੇ ਗਈ। ਪਰ ਫੇਰ ਵੀ ਮੁਸਲਮਾਨਾਂ ਨੇ ਐਸ਼ ਪ੍ਰਸਤੀ ਨਾ ਛੱਡੀ। ਉਹ ਫਜ਼ੂਲ ਰਸਮਾਂ ਨਿਭਾਉਣ ਵਿਚ ਲੱਗੇ ਰਹਿੰਦੇ ਸਨ। ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਦੀ ਜ਼ੁਬਾਨੀ ਸੁਣੋ—

*ਨਿਅਮਤ ਖਾਧੀ ਸ਼ੁਕਰ ਨਾ ਕੀਤਾ ਆਈਆਂ ਪੇਸ਼ ਕਮਾਈਆਂ*
*ਵਿਚ ਵਿਆਹਾਂ ਜਣੇਂ ਖਣੇ ਕੰਜਰੀਆਂ ਨਚਵਾਈਆਂ।*
*ਤੇ ਨੋਹਾਂ ਦੇ ਵਰਨਿਆਂ ਵੇਲੇ ਜੱਟਾਂ ਬੂਟਾਂ ਰਾਈਆਂ*
*ਸੂਦਨੀਆਂ ਦੀਆਂ ਨੋਕਾਂ ਉੱਤੇ ਅਸ਼ਰਫੀਆਂ ਜੁੜਵਾਈਆਂ।*
*ਤੇ ਜੰਮੂ ਦੀਆਂ ਫੌਜਾਂ ਵਾਂਗੂੰ ਜੰਜਾਂ ਬੰਨ ਚੜਾਈਆਂ*
*ਕੁਝ ਡੂਮਾਂ ਕੁਝ ਭੰਗੀਆਂ ਲੁੱਟੇ ਕੁੱਝ ਰਬਾਬੀਆਂ ਨਾਈਆਂ।*
*ਖ਼ੁਦ ਉਜੜੇ ਕੁਝ ਕੁੜਮ ਉਜਾੜੇ ਰੁੜ ਗਏ ਵਿਚ ਵਡਿਆਈਆਂ*
*ਓੜਕ ਜਾਂ ਦਿਨ ਉਲਟੇ ਆਏ ਖੇਤੀਆਂ ਗਿਰਵੀ ਪਾਈਆਂ।(65)*

**ਅਰਥ**-ਮੌਲਵੀ ਸਾਹਿਬ, ਗ਼ੁਲਾਮ ਯਾਸੀਨ ਨੂੰ ਲਿਖੀ ਗਈ ਚਿੱਠੀ ਦੇ ਅੰਤ ਵਿਚ ਸਲਾਮ ਕਰਕੇ ਹੋਈ ਦੁਰਦਸ਼ਾ ਦਾ ਵਰਣਨ ਕਰਦੇ ਹਨ ਕਿ ਲੋਕਾਂ ਨੇ ਰੱਬ ਦਾ ਦਿੱਤਾ ਹੋਇਆ ਰਿਜ਼ਕ ਖਾ ਕੇ ਉਸ ਦੀ ਦਾਤ ਦਾ ਸ਼ੁਕਰੀਆਂ ਅਦਾ ਨਹੀਂ ਕੀਤਾ ਅਤੇ ਵਿਆਹ ਸ਼ਾਦੀਆਂ ਦੇ ਫਜ਼ੂਲ ਰੀਤੀ ਰਿਵਾਜ਼ਾਂ ਵਿਚ ਉਲਝ ਕੇ ਰਹਿ ਗਏ ਅਤੇ ਆਪਣੀ ਵਡਿਆਈ ਲਈ ਅਥਾਹ ਦੌਲਤ ਦਾ ਪ੍ਰਯੋਗ ਕੀਤਾ। ਇਸੇ ਕਰਕੇ ਆਪਣੀ ਖੇਤੀ ਬਾੜੀ ਨੂੰ ਗਿਰਵੀ ਰੱਖ ਕੇ ਇਨ੍ਹਾਂ ਫਜ਼ੂਲ ਰੀਤੀ ਰਿਵਾਜਾਂ ਦੇ ਲਈ ਕਰਜ਼ੇ ਵੀ ਲਏ ਜਿਸ ਕਰਕੇ ਇਹ ਖ਼ੁਦ ਵੀ ਉਜੜ ਗਏ

ਅਤੇ ਆਪਣੇ ਨਜ਼ਦੀਕੀਆਂ ਤੇ ਰਿਸ਼ਤੇਦਾਰਾਂ ਨੂੰ ਵੀ ਨਿਰਧਨ ਬਣਾ ਦਿੱਤਾ।

ਸੰਖੇਪ ਵਿਚ ਇਹ ਕਿ ਹਿੰਦੋਸਤਾਨ ਦੀ ਜ਼ਿੰਦਗੀ, ਸਮਾਜ, ਸੋਚ ਅਤੇ ਅਮਲ ਦੇ ਖੇਤਰ ਵਿਚ ਨਿਰਸੰਦੇਹ ਅਜੇ ਪੁਰਾਤਨਤਾ ਅਤੇ ਰਵਾਇਤ ਦਾ ਡੂੰਘਾ ਪ੍ਰਭਾਵ ਸੀ ਪ੍ਰੰਤੂ ਪੈਰਵੀ ਤੋਂ ਪਿੱਛਾ ਛੁਡਾਉਣ ਦੇ ਯਤਨ ਵੀ ਹੁੰਦੇ ਰਹੇ ਅਤੇ ਪੱਛਮੀ ਪ੍ਰਭਾਵ ਵੀ ਹੌਲੀ ਹੌਲੀ ਵੱਧ ਰਿਹਾ ਸੀ। ਨਵੀਨਤਾ ਅਤੇ ਪੁਰਾਤਨਤਾ ਵਿਚ ਸੰਘਰਸ਼ ਸ਼ੁਰੂ ਹੋ ਚੁੱਕਿਆ ਸੀ। ਹਿੰਦੋਸਤਾਨ ਅਜੇ ਨਵੀਨਤਾ ਵੱਲ ਨਹੀਂ ਆਇਆ ਸੀ ਪ੍ਰੰਤੂ ਇਸ ਵੱਲ ਵੱਧਣ ਲਗ ਪਿਆ ਸੀ। ਪੁਰਾਤਨਤਾ, ਨਵੀਨਤਾ ਤੋਂ ਹਾਰ ਗਈ। ਮੁਸਲਮਾਨਾਂ ਨੂੰ ਇਹ ਅਹਿਸਾਸ ਚੰਗੀ ਤਰ੍ਹਾਂ ਸੀ ਕਿ ਹਿੰਦੋਸਤਾਨ ਵਿਚ ਅੰਗਰੇਜ਼ਾਂ ਦੇ ਦਾਖ਼ਲੇ ਲਈ ਉਸ ਸਮੇਂ ਦੇ ਸ਼ਹਿਨਸ਼ਾਹ ਨੇ ਆਗਿਆ ਦੇ ਕੇ ਭੁੱਲ ਕੀਤੀ ਸੀ। ਅੰਗਰੇਜ਼ਾਂ ਨੂੰ ਇਹ ਅਹਿਸਾਸ ਸੀ ਕਿ ਮੁਸਲਮਾਨ ਇਹ ਸਮਝ ਰਹੇ ਹਨ ਕਿ ਅੰਗਰੇਜ਼ ਇਥੇ ਮਹਿਮਾਨ ਦੇ ਰੂਪ ਵਿਚ ਆਏ ਸੀ। ਮੌਲਵੀ ਸਾਹਿਬ ਇਸ ਦਾ ਨਕਸ਼ਾ ਇਸ ਤਰ੍ਹਾਂ ਖਿੱਚਦੇ ਹਨ—

*ਕਦਰ ਨਾ ਦੇਖੇ ਆਪਣਾ ਹੈ ਕੀ ਚੀਜ਼ ਬਲਾ*
*ਮੂਲੀ ਕਿਹੜੇ ਬਾਗ਼ ਦੀ ਬਹੇ ਬਰਾਬਰ ਆ।*
*ਪਹਿਲੇ ਇਸ ਨੂੰ ਬਾਦਸ਼ਾਹ ਜੇ ਨਾ ਕਰੇ ਬੁਲੰਦ*
*ਗਿੱਦੜ ਨੂੰ ਘਰ ਸ਼ੇਰ ਦਾ ਨਾਹੀ ਮੂਲ ਪਸੰਦ।*
*ਕਾਨੂੰ ਸੁਨਹਿਰੀ ਆਲ੍ਹਣੇ ਵਣ ਕਰੇ ਮਤ ਦੇਹ*
*ਕੁਕੜ ਤਖ਼ਤ ਬਹਾ ਲਿਆ ਅੰਤ ਖਿਲਾਰੇ ਖੇਹ।(66)*

ਅੱਗੇ ਕਹਿੰਦੇ ਹਨ :—

*ਇਸ ਨੂੰ ਦੇਣੀ ਸਰਵਰੀ ਸੀ ਕਦ ਲਾਇਕ ਗੱਲ*
*ਕੀ ਹੋਇਆ ਜੇ ਹੋ ਗਿਆ ਛੱਜਾਂ ਦਾ ਭੜ ਮੱਲ।*
*ਨਾਗ ਬੁਕਲ ਵਿਚ ਪਾ ਲਿਆ ਸ਼ਹਿਨਸ਼ਾਹ ਨੇ ਆਪ*
*ਪਾ ਆਸਤੀਨ ਸੁਲਾ ਲਿਆ ਜ਼ਹਿਰੋਂ ਭਰਿਆ ਸਾਂਪ।*
*ਬਘਿਆੜਾਂ ਨੂੰ ਪਾਲਣਾ ਚੰਗਾ ਕਦੇ ਨਾ ਹੋ*
*ਬਿੱਲੀ ਨੂੰ ਟੁੱਕ ਪਾਇ ਕੇ ਕੁੱਕੜ ਥੀਂ ਹੱਥ ਧੋ।(67)*

ਮੌਲਵੀ ਸਾਫ਼ ਹੋਰ ਸਾਫ਼ ਤੌਰ ਤੇ ਇਸ਼ਾਰਾ ਕਰਦੇ ਹਨ ਕਿ ਜੇਕਰ ਇਥੋਂ ਦੇ ਲੋਕਾਂ ਨੂੰ ਆਪਣਾ ਦੇਸ਼ ਪਿਆਰਾ ਹੈ ਤਾਂ ਫਿਰ ਅੰਗਰੇਜ਼ਾਂ ਨੂੰ ਇੱਥੋਂ ਛੇਤੀ ਕੱਢ ਦੇਣਾ ਬਹੁਤ ਜ਼ਰੂਰੀ ਹੈ—

*ਪਸ ਜੇ ਹੈ ਹੁਣ ਭਾਂਵਦਾ ਤੈਨੂੰ ਅਪਨਾ ਰਾਜ*
*ਝਬਦੇ ਐਸ ਬਲਾਇ ਦਾ ਕਰ ਲੈ ਕੁਝ ਇਲਾਜ।*
*ਨਹੀਂ ਤੇ ਕਾਈ ਰੋਜ਼ ਨੂੰ ਕੁਰਸੀ ਦੇਸ ਫ਼ਨਾਹ*
*ਇਸ ਦੇ ਹੱਥੋਂ ਹੋਵਸੀ ਤੇਰਾ ਮੁਲਕ ਤਬਾਹ।(68)*

ਖੋਜ ਤੋਂ ਪਤਾ ਚਲਦਾ ਹੈ ਕਿ 1857 ਈ. ਦੀ ਆਜ਼ਾਦੀ ਦੀ ਲੜਾਈ ਕੇਵਲ ਬਗ਼ਾਵਤ ਤਕ ਹੀ ਸੀਮਤ ਨਹੀਂ ਸੀ ਬਲਕਿ ਉਸ ਦੀ ਅੱਗ ਥਾਂ-ਥਾਂ ਤੇ ਫੈਲ ਚੁੱਕੀ ਸੀ ਅਤੇ ਇਸ



ਲੜਾਈ ਵਿਚ ਮੁਸਲਮਾਨਾਂ, ਹਿੰਦੂਆਂ ਅਤੇ ਸਿੱਖਾਂ ਨੇ ਭਾਗ ਲਿਆ। ਪ੍ਰੰਤੂ ਅੰਗਰੇਜ਼ਾਂ ਦੁਆਰਾ ਇਸ ਆਜ਼ਾਦੀ ਦੀ ਲੜਾਈ ਨੂੰ ਬਗ਼ਾਵਤ (ਵਿਦਰੋਹ) ਦਾ ਨਾਂ ਦੇ ਕੇ ਹਰੇਕ ਥਾਂ ਲੁੱਟਮਾਰ, ਖ਼ੂਨ ਖਰਾਬਾ, ਕਾਲੇ ਪਾਣੀ ਦੀਆਂ ਸਜ਼ਾਵਾਂ ਦਰਖ਼ੱਤਾਂ ਤੇ ਲਟਕਾ ਕੇ ਫਾਂਸੀ ਦੇਣਾ, ਸੂਲੀ ਤੇ ਚੜ੍ਹਾਉਣਾ, ਜਿਉਂਦੇ ਹੀ ਸਾੜ ਦੇਣਾ, ਤੋਪਾਂ ਨਾਲ ਉਡਾ ਦੇਣਾ, ਪਿੰਡਾਂ ਦੇ ਪਿੰਡ ਤਬਾਹ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ।(69)

ਮੌਲਵੀ ਸਾਹਿਬ ਇਸ ਵੱਲ ਇਸ ਤਰ੍ਹਾਂ ਇਸ਼ਾਰਾ ਕਰਦੇ ਹਨ—

*ਰਾਹੀਂ ਲੁੱਟਦਾ ਖ਼ਲਕ ਨੂੰ ਕਰਦਾ ਕਤਲ ਗਿਆ*
*ਦੇਸ਼ ਤਮਾਮੀ ਜ਼ੁਲਮ ਥੀਂ ਸੀ ਵੀਰਾਨ ਪਿਆ।(70)*

ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਦੇ ਜੀਵਨ ਦਾ ਸਾਰਾ ਸਮਾਂ ਦੁਨੀਆ ਵਿਚ ਖਿੱਚੋਤਾਣੀ ਦਾ ਦੌਰ ਸੀ। ਪੂਰਬ ਅਤੇ ਪੱਛਮ, ਧਰਮ ਅਤੇ ਵਿਗਿਆਨ, ਪੁਰਾਤਨ ਅਤੇ ਨਵੀਨ, ਬਾਦਸ਼ਾਹਤ ਅਤੇ ਲੋਕਤੰਤਰ, ਜਾਗੀਰਦਾਰੀ ਤੇ ਸਰਮਾਏਦਾਰੀ, ਸਰਮਾਇਆ ਅਤੇ ਮਿਹਨਤ ਭਾਵ ਹਰੇਕ ਚੀਜ਼ ਇਕ ਦੂਜੇ ਨਾਲ ਹੱਥੋਂ ਪਾਈ ਕਰ ਰਹੀ ਸੀ। ਧਰਮ ਅਤੇ ਨੈਤਿਕਤਾ ਵਿਸ਼ੇਸ਼ ਤੌਰ ਤੇ ਖ਼ਤਰੇ ਵਿਚ ਸਨ। ਇਹ ਵਿਚਾਰਧਾਰਾ ਆਮ ਹੋ ਗਈ ਸੀ ਕਿ ਜੇਕਰ ਧਰਮ ਅਤੇ ਨੈਤਿਕਤਾ ਤੋਂ ਪਦਾਰਥਕ ਲਾਭ ਨਹੀਂ ਹੁੰਦਾ ਤਾਂ ਫੇਰ ਉਹ ਬੇਕਾਰ ਹਨ। ਇਹ ਵਿਚਾਰ ਜਦੋਂ ਹਿੰਦੋਸਤਾਨ ਵਿਚ ਆ ਗਏ ਤਾਂ ਇੱਥੇ ਵੀ ਸਮਾਜਿਕ ਜੀਵਨ ਬਹੁਤ ਪ੍ਰਭਾਵਿਤ ਹੋਇਆ। ਕੁਝ ਲੋਕ ਨਸ਼ੇ ਵਿਚ ਖੋ ਕੇ ਦੁਨੀਆ ਤੋਂ ਬੇਖ਼ਬਰ ਸਨ। ਮੌਲਵੀ ਸਾਹਿਬ ਦੇ ਕਲਾਮ ਵਿਚ ਅਜਿਹੇ ਹਾਲਾਤਾਂ ਦਾ ਵਰਨਣ ਇਸ ਪ੍ਰਕਾਰ ਮਿਲਦਾ ਹੈ—

*ਬਾਅਜ਼ੇ ਤਾੜੀ ਚਾਹੜ ਕੇ ਤਾੜੀ ਮਾਰ ਗਏ*
*ਬਾਅਜ਼ੇ ਸਿਰਫ਼ ਨੀਂਦੇ ਵਕਤ ਗੁਜ਼ਾਰ ਗਏ।*
*ਬਾਅਜ਼ੇ ਕੂੰਡਾ ਭੰਗ ਦਾ ਘੁੱਟ ਉਤਾਰ ਗਏ*
*ਕਾਜ਼ੀ ਰੀਸ਼ ਖਲਾਰ ਕੇ ਫੂਕ ਨਤਾਰ ਗਏ।*
*ਬਾਅਜ਼ ਪੀ ਪੀ ਕੋਕਨਾਰ ਉਕਤ ਕਿਨਾਰ ਗਏ*
*ਤੇ ਬਾਅਜ਼ੇ ਅਫ਼ੀਵਨ ਥੀਂ ਹੋਸ਼ੋਂ ਪਾਰ ਗਏ।(71)*

ਮੁਸਲਮਾਨਾਂ ਦੀ ਸਮਾਜਿਕ, ਰਾਜਨੀਤਿਕ ਮੰਦਹਾਲੀ ਦੇ ਨਾਲ ਈਸਾਈਆਂ ਦਾ ਰਾਜਨੀਤਿਕ ਪੱਧਰ ਉੱਚਾ ਹੁੰਦਾ ਗਿਆ। ਯੂਰਪ ਅਤੇ ਅਮਰੀਕਾ ਦੇ ਪਾਦਰੀਆਂ ਨੇ ਈਸਾਈ ਧਰਮ ਨੂੰ ਸਾਰੀ ਦੁਨੀਆ ਵਿਚ ਫੈਲਾਉਣਾ ਜ਼ਰੂਰੀ ਸਮਝਿਆ ਅਤੇ ਇਸਲਾਮ ਧਰਮ ਦੇ ਵਿਰੁੱਧ ਘਟੀਆ ਤੋਂ ਘਟੀਆ ਇਤਰਾਜ਼ ਕਰਨ 'ਚ ਕੋਈ ਕਸਰ ਨਹੀਂ ਛੱਡੀ। ਈਸਾਈ ਪਾਦਰੀਆਂ ਨੇ ਇਸਲਾਮ ਦੇ ਵਿਰੁੱਧ ਜੋ ਜੰਗ ਸ਼ੁਰੂ ਕੀਤੀ ਉਹ ਪੁਰਾਣੀਆਂ ਲੜਾਈਆਂ ਵਾਂਗ ਤਲਵਾਰ ਦੀ ਨਹੀਂ, ਸਗੋਂ ਕਲਮ ਦੀ ਸੀ। ਕਲਮ ਤਾਂ ਤਲਵਾਰ ਤੋਂ ਜ਼ਿਆਦਾ ਤਾਕਤ ਰੱਖਦੀ ਹੈ। ਮੌਲਵੀ ਸਾਹਿਬ ਦੇ ਕਥਨ ਅਨੁਸਾਰ—

*ਵਗੀ ਕਲਮ ਦੇ ਜ਼ਖ਼ਮ ਨਾ ਕਦੀ ਮਿਟਦੇ ਬੜਾ ਕਲਮ ਥੀਂ ਹੋਰ ਹਥਿਆਰ ਨਾਹੀਂ(72)*

ਇਹ ਕੁਝ ਅਜਿਹੇ ਹਲਾਤ ਸਨ ਜਿਨ੍ਹਾਂ ਕਰਕੇ ਕੁੱਝ ਸਮਝਦਾਰ, ਪੜ੍ਹੇ-ਲਿਖੇ ਮੁਸਲਮਾਨ ਲੀਡਰ ਵੀ ਸੋਚਣ ਲੱਗ ਗਏ ਸਨ ਕਿ ਦੁਨੀਆ ਦਾ ਆਉਣ ਵਾਲਾ ਧਰਮ ਈਸਾਈ

ਹੋਵੇਗਾ। ਇਸਲਾਮ ਦੇ ਵਿਰੁੱਧ ਈਸਾਈਆਂ ਦੇ ਇਸ ਪ੍ਰਾਪੇਗੰਡੇ ਅਤੇ ਪ੍ਰਚਾਰ ਦੀ ਰਫ਼ਤਾਰ ਨੂੰ ਰਾਜਨੀਤਕ ਸੱਤਾ ਨੇ ਬਹੁਤ ਲਾਭ ਪਹੁੰਚਾਇਆ। ਉਹਨਾਂ ਦੀ ਹਕੂਮਤ ਸਾਰੀ ਦੁਨੀਆ ਵਿਚ ਫੈਲ ਰਹੀ ਸੀ। ਈਸਾਈ ਮਿਸ਼ਨਰੀ ਨਾ ਕੇਵਲ ਮਦਰਸਿਆਂ, ਹਸਪਤਾਲਾਂ ਅਤੇ ਯਤੀਮਖਾਨਿਆਂ ਵਿਚ ਪ੍ਰਚਾਰ ਕਰਦੇ ਸਨ ਸਗੋਂ ਚੁਰਾਹਿਆਂ ਅਤੇ ਸੜਕਾਂ ਤੇ ਖੜੇ ਹੋ ਕੇ ਭਾਸ਼ਣ ਦਿੰਦੇ ਸਨ। ਪੁਸਤਕਾਂ ਵੰਡਦੇ ਅਤੇ ਲੋਕਾਂ ਨੂੰ ਬਹਿਸ ਲਈ ਬੁਲਾਉਂਦੇ ਸਨ। ਇਸ ਲਈ ਜ਼ਰੂਰੀ ਸੀ ਕਿ ਜੋ ਹਥਿਆਰ ਇਹ ਲੋਕ ਵਰਤਦੇ ਸਨ, ਉਹਨਾਂ ਨਾਲ ਹੀ ਉਹਨਾਂ ਦਾ ਮੁਕਾਬਲਾ ਕੀਤਾ ਜਾਂਦਾ। ਇਸਲਾਮ ਦੀ ਕਮਜ਼ੋਰ ਸਥਿਤੀ ਅਤੇ ਦੂਜੇ ਧਰਮਾਂ ਦੇ ਹੁੰਦੇ ਹਮਲਿਆਂ ਨੂੰ ਵੇਖ ਕੇ ਮੁਸਲਮਾਨ ਆਲਮਾਂ (ਵਿਦਵਾਨਾਂ) ਦੀ ਅੱਖ ਨਾ ਖੁੱਲ੍ਹੀ। ਇਤਰਾਜ਼ਾਂ ਦਾ ਜਵਾਬ ਦੇਣਾ ਤਾਂ ਉਹਨਾਂ ਦੀ ਗੱਲ ਨਹੀਂ ਸੀ। ਉਹ ਆਪਸ ਵਿਚ ਹੀ ਲੜਦੇ ਰਹਿੰਦੇ ਸਨ, ਭਾਵ ਧਾਰਮਿਕ ਵਿਦਵਾਨ ਕੁਰਾਹੇ ਪਏ ਹੋਏ ਸਨ। ਨੈਤਿਕਤਾ ਨੂੰ ਭੁੱਲ ਗਏ ਸਨ ਅਤੇ ਸੱਤਾ ਖੁੱਸ ਗਈ ਸੀ। ਮੌਲਵੀ ਸਾਹਿਬ ਧਾਰਮਿਕ ਵਿਅਕਤੀਆਂ ਦੀ ਇਸ ਸੋਚ ਨੂੰ ਆਪਣੇ ਪਾਠਕਾਂ ਦੀ ਸੋਚ ਵਿਚ ਮਿਲਾ ਕੇ ਆਪਣੇ ਢੰਗ ਨਾਲ ਇਸ਼ਾਰਾ ਕਰਦੇ ਹਨ—

*ਉਲਟੀਆਂ ਸਮਝਾਂ ਵਾਲਿਆ ਨਾ ਕਰ ਉਲਟੀ ਗੱਲ*
*ਕਿਸ ਪੰਡਿਤ ਨੇ ਦੱਸਿਆ ਗੱਲ ਕਰਨ ਦਾ ਵਲ।*

ਭਾਵ ਸਮਾਜ ਦੀ ਸਮਾਜਿਕ ਅਤੇ ਸੁਧਾਰ ਕਰਨ ਲਈ ਸ਼ਾਹ ਵਲੀ ਉਲੱਾਹ, ਸ਼ਾਹ ਅਬਦੁਲ ਅਜ਼ੀਜ਼, ਸੱਯਦ ਅਹਿਮਦ ਬਰੇਲਵੀ, ਸਰ ਸੱਯਦ ਅਹਿਮਦ ਖਾਂ, ਮੌਲਾਨਾ ਸ਼ਿਬਲੀ, ਮੌਲਾਨਾ ਹਾਲੀ, ਮੌਲਾਨਾ ਉਬੈਦੁੱਲਾਹ ਸਿੰਧੀ, ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਅਤੇ ਦੂਜੇ ਬਜ਼ੁਰਗਾਂ ਨੇ ਆਪਣੇ-ਆਪਣੇ ਢੰਗ ਨਾਲ ਆਪਣੀ-ਆਪਣੀ ਰੁੱਚੀ ਦੇ ਅਨੁਸਾਰ ਕੋਸ਼ਿਸ਼ਾਂ ਕੀਤੀਆਂ। ਇਹ ਸਾਰੇ ਯਤਨ ਈਸਾਈ ਧਰਮ ਦੇ ਪ੍ਰਭਾਵ ਨੂੰ ਖ਼ਤਮ ਕਰਨ ਅਤੇ ਮੁਸਲਮਾਨਾਂ ਨੂੰ ਹਰ ਤਰ੍ਹਾਂ ਨਾਲ ਉੱਚਾ ਸਥਾਨ ਦੇਣ ਵਾਸਤੇ ਸਨ, ਜਿਸ ਵਿਚ ਇਹ ਸਾਰੇ ਬਜ਼ੁਰਗ ਸਫ਼ਲ ਵਿਖਾਈ ਦਿੰਦੇ ਹਨ। ਉਹਨਾਂ ਦੇ ਯਤਨਾਂ ਸਦਕੇ ਕੌਮ ਆਪਣੇ ਅਧਿਕਾਰਾਂ ਦੀ ਰੱਖਿਆ ਕਰਨ ਦੇ ਯੋਗ ਹੋ ਸਕੀ ਅਤੇ ਉਹਨਾਂ ਯਤਨਾਂ ਦਾ ਹੀ ਨਤੀਜਾ ਹੈ ਕਿ ਆਖ਼ਰ ਕਾਰ ਗ਼ੈਰ ਮੁਲਕੀ ਹੁਕਮਰਾਨ ਇੱਥੋਂ ਜਾਣ ਲਈ ਮਜਬੂਰ ਹੋ ਗਏ।(74)

*****



## ‘ਦਾਸਤਾਨ ਅਮੀਰ ਹਮਜ਼ਾ’ ਦੀਆਂ ਵਿਸ਼ੇਸ਼ਤਾਵਾਂ

‘ਦਾਸਤਾਨ ਅਮੀਰ ਹਮਜ਼ਾ’ ਮੌਲਵੀ ਸਾਹਿਬ ਦੀ ਪਹਿਲੀ ਰਚਨਾ ਹੈ ਜੋ ਆਪ ਜੀ ਨੇ ਪੰਦਰਾਂ ਸਾਲ ਦੀ ਉਮਰ ਵਿਚ ਲਿਖੀ। ਕਿੱਸੇ ਕਹਾਣੀਆਂ ਸੁਨਣ, ਸੁਨਾਉਣ ਦਾ ਰਿਵਾਜ ਦੁਨੀਆ ਵਿਚ ਮੁੱਢ ਕਦੀਮੋਂ ਚੱਲਿਆ ਆ ਰਿਹਾ ਹੈ। ਪੁਰਾਤਨ ਸਮਿਆਂ ਵਿਚ ਕੌਮਾਂ ਦੇ ਦਿਮਾਗੀ ਵਿਕਾਸ ਦਾ ਦਿਲਚਸਪ ਸ਼ੁਗਲ ਰਿਹਾ ਹੈ। ਮੇਰੇ ਖ਼ਿਆਲ ਵਿਚ ਇਨ੍ਹਾਂ ਸਾਰੀਆਂ ਨੂੰ ਦੋ ਕਿਸਮਾਂ ਵਿਚ ਇਕੱਠਾ ਕੀਤਾ ਜਾ ਸਕਦਾ ਹੈ। ਉਹ ਮਸਨਵੀਆਂ (ਕਿੱਸੇ) ਜੋ ਮਹਿਫ਼ਲ ਦੀ ਰੌਣਕ ਵਧਾਉਣ ਲਈ ਲਿਖੀਆਂ ਗਈਆਂ, ਉਹ ਬਜ਼ਮੀਆ ਦੇ ਨਾਂ ਨਾਲ ਜਾਣੀਆਂ ਜਾਂਦੀਆਂ ਹਨ। ਜਿਹਨਾਂ ਵਿਚ ਰਣ ਖੇਤਰ ਦੀ ਬਹਾਦਰੀ ਅਤੇ ਦੋਵੇਂ ਪਾਸੇ ਦੇ ਯੋਧਿਆਂ ਦੀਆਂ ਕਹਾਣੀਆਂ ਲਿਖੀਆਂ ਗਈਆਂ ਉਹ ਰਜ਼ਮੀਆ ਬਣ ਗਈਆਂ, ਇਹਨਾਂ ਦੋਵਾਂ ਵਿਚ ਅੰਤਰ ਕੇਵਲ ਇੰਨਾ ਹੈ ਜਿੰਨਾਂ ਮਹਿਫ਼ਲ ਅਤੇ ਜੰਗ, ਬਜ਼ਮ ਅਤੇ ਰਜ਼ਮ ਵਿਚ ਹੈ। ਜੰਗ ਦੀਆਂ ਕਵਿਤਾਵਾਂ ਤੋਂ ਕਵੀਆਂ ਨੇ ਵੱਡੇ-ਵੱਡੇ ਕੰਮ ਲਏ ਹਨ। ਅਰਬ ਵਿਚ ਬਹਾਦਰਾਂ ਦੀਆਂ ਜੰਗਾਂ ਇਹਨਾਂ ਦੀਆਂ ਵਧੀਆ ਉਦਾਹਰਣਾਂ ਹਨ। ਈਰਾਨ ਤੋਂ ਇਲਾਵਾ ਵੱਡੇ-ਵੱਡੇ ਕਵੀਆਂ ਨੇ ਉੱਚ ਕੋਟੀ ਦੀਆਂ ਜੰਗੀ ਨਜ਼ਮਾਂ ਲਿਖੀਆਂ ਹਨ। ਉਨ੍ਹਾਂ ਦਾ ਪ੍ਰਭਾਵ ਹਿੰਦ ਅਤੇ ਪਾਕ ਵਿਚ ਉਰਦੂ ਅਤੇ ਪੰਜਾਬੀ ਸ਼ਾਇਰੀ ਤੇ ਵੀ ਪਿਆ ਅਤੇ ਇਸ ਦੌੜ ਵਿਚ ਜੰਗੀ ਅਤੇ ਮਹਿਫ਼ਲ ਦਾ ਸ਼ਿੰਗਾਰ ਮਸਨਵੀਆਂ ਲਿਖੀਆਂ ਗਈਆਂ। ਪੰਜਾਬੀ ਵਿਚ ਭਾਵੇਂ ਬਜ਼ਮੀਆ ਮਸਨਵੀਆਂ ਦੀ ਗਿਣਤੀ ਜੰਗੀ ਮਸਨਵੀਆਂ ਦੇ ਮੁਕਾਬਲੇ ਵੱਧ ਹੈ।(75)

ਪ੍ਰਸਿੱਧ ਖੋਜਕਾਰ ਮੁਹੰਮਦ ਆਲਮ ਲਿਖਦੇ ਹਨ ਕਿ ਇਸ ਸਬੰਧ ਵਿਚ ਮੌਲਵੀ ਸਾਹਿਬ (ਰਹਿ.) ਦਾ ਰੁਤਬਾ ਸਭ ਤੋਂ ਉੱਚਾ ਹੈ। ਆਪ ਦੀ ਗਿਣਤੀ ਪੰਜਾਬ ਦੇ ਵੱਡੇ ਕਵੀਆਂ ਵਿਚ ਹੁੰਦੀ ਹੈ। ਸੱਚ ਤਾਂ ਇਹ ਹੈ ਕਿ ਆਪ ਜੀ ਦੇ ਪੱਧਰ ਦਾ ਸ਼ਾਇਰ ਅੱਜ ਤੱਕ ਪੈਦਾ ਹੀ ਨਹੀਂ ਹੋਇਆ ਪ੍ਰੰਤੂ ਅਫ਼ਸੋਸ ਕਿ ਆਪ ਦੀ ਮਹਾਨ ਸ਼ਖ਼ਸੀਅਤ ਨੂੰ ਯੋਗ ਸਥਾਨ ਦੇਣ ਦਾ ਕੋਈ ਕੰਮ ਨਹੀਂ ਹੋਇਆ।(76)

ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਵੱਡੇ ਤੋਂ ਵੱਡਾ ਕਵੀ ਵੀ ਰਜ਼ਮ ਅਤੇ ਬਜ਼ਮ ਦੇ ਦੋਵੇਂ ਵਿਸ਼ਿਆਂ ਤੇ ਇੱਕੋ ਜਿਹਾ ਭਾਰੂ ਨਹੀਂ ਹੋ ਸਕਦਾ। ਫ਼ਿਰਦੌਸੀ ਜੰਗੀ ਸ਼ਾਇਰੀ ਵਿਚ ਨਿਰਸੰਦੇਹ ਵੱਡਾ ਕਵੀ ਹੈ ਪ੍ਰੰਤੂ ਮਹਿਫ਼ਲ ਦੀ ਸ਼ਾਇਰੀ ਵਿਚ ਉਹ ਕੋਈ ਸਥਾਨ ਪ੍ਰਾਪਤ ਨਹੀਂ ਕਰ ਸਕਿਆ। ਉਸ ਦੀ ਮਸਨਵੀ (ਕਿੱਸਾ) ਯੂਸਫ਼ ਜ਼ੁਲੈਖ਼ਾ, ਸ਼ਾਹਨਾਮਾ ਦੇ ਲੇਖਕ ਦੀ ਦਿਮਾਗੀ ਥਕਾਵਟ ਦੀ ਦੁਹਾਈ ਦਿੰਦੀ ਹੈ। ਸ਼ੇਖ਼ ਸਾਅਦੀ ਗ਼ਜ਼ਲ ਅਤੇ ਇਖ਼ਲਾਕੀ ਸ਼ਾਇਰੀ ਵਿਚ ਉੱਚੇ ਦਰਜੇ ਦੇ ਸ਼ਾਇਰ ਮੰਨੇ ਜਾਂਦੇ ਹਨ। ਕਿਸੇ ਨੇ ਉਹਨਾਂ ਤੇ ਇਤਰਾਜ਼ ਕੀਤਾ ਹੈ ਕਿ

ਆਪ ਜੰਗੀ ਨਜ਼ਮਾਂ ਨਹੀਂ ਲਿਖ ਸਕਦੇ। ਆਪ ਜੀ ਨੇ 'ਬੋਸਤਾਂ' ਵਿਚ ਇਕ ਰਜ਼ਮੀਆਂ ਦਾਸਤਾਨ ਲਿਖੀ। ਇਸ ਦਾ ਸ਼ਿਅਰ ਇਸ ਤਰ੍ਹਾਂ ਹੈ—

*ਨਾ ਦਾਨਦ ਕਿ ਮਾਰਾ ਸੈਰ-ਏ-ਜੰਗ ਨੀਸਤ*
*ਵਗਰਨਾ ਮਜਾਲ-ਏ-ਸੁਖ਼ਨ ਤੰਗ, ਨੀਸਤ*

ਨਿਰਸੰਦੇਹ ਸ਼ੇਖ਼ ਸਾਅਦੀ ਨੇ ਇਹ ਕਹਾਣੀ ਬੜੇ ਜੋਸ਼ ਨਾਲ ਲਿਖੀ ਹੈ ਪਰ ਫੇਰ ਵੀ ਇਹ ਆਪ ਜੀ ਦੀਆਂ ਦੂਸਰੀਆਂ ਨੈਤਿਕ ਕਹਾਣੀਆਂ ਦੇ ਮੁਕਾਬਲੇ ਵਿਚ ਸਭ ਤੋਂ ਕਮਜ਼ੋਰ ਕਹਾਣੀ ਹੈ। ਹਾਫ਼ਿਜ਼ ਸ਼ੀਰਾਜ਼ੀ ਨੇ ਤਾਂ ਸਪੱਸ਼ਟ ਤੌਰ ਤੇ ਇਸ ਨੂੰ ਮੰਨਿਆ ਹੈ।

*ਮਾ ਕਿੱਸਾ-ਓ-ਸਿਕੰਦਰ-ਓ-ਦਾਰਾ ਨ ਖ਼ਾਂਦਾ ਏਮ*
*ਅਜ਼ ਮਾ ਬਜੁਜ਼ ਹਿਕਾਯਤ ਮਿਹਰ-ਓ ਵਫ਼ਾ ਮ ਪੁਰਸ*

**ਅਰਥ**—ਅਸੀਂ ਸਿਕੰਦਰ ਅਤੇ ਦਾਰਾ ਦੇ ਕਿੱਸੇ ਨਹੀਂ ਪੜ੍ਹੇ। ਸਾਡੇ ਤੋਂ ਮੁਹੱਬਤ ਅਤੇ ਵਫ਼ਾ ਦੀ ਕਹਾਣੀ ਤੋਂ ਇਲਾਵਾ ਹੋਰ ਕੁਝ ਨਾ ਪੁੱਛ।(77)

ਵਿਸ਼ੇ ਦੀ ਗੰਭੀਰਤਾ, ਸ਼ਾਇਰਾਨਾ ਅੰਦਾਜ਼, ਵਹਾਅ, ਕਿੱਸਾਕਾਰੀ ਦੇ ਹਵਾਲੇ ਨਾਲ ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਸਾਹਿਬ ਦੀ ਦਾਸਤਾਨ ਅਮੀਰ ਹਮਜ਼ਾ, ਸਾਹਿਤਕ ਦੁਨੀਆ ਦਾ ਵੱਡਾ ਸ਼ਾਹਕਾਰ ਹੈ।(78)

ਰਜ਼ਮ ਅਤੇ ਬਜ਼ਮ ਦੇ ਵਿਸ਼ੇ ਤੇ ਇਕੋ ਜਿਹਾ ਭਾਰੂ ਹੋਣਾ ਕਵੀ ਦੇ ਵਸ ਦੀ ਗੱਲ ਨਹੀਂ। ਫ਼ਾਰਸੀ, ਉਰਦੂ ਅਤੇ ਪੰਜਾਬੀ ਵਿਚ ਇਹ ਵਿਸ਼ੇਸ਼ਤਾ ਮੌਲਵੀ ਸਾਹਿਬ ਅੰਦਰ ਹੀ ਪਾਈ ਜਾਂਦੀ ਹੈ। ਉਹ ਦੋਵੇਂ ਵਿਸ਼ਿਆਂ ਦੇ ਉਸਤਾਦ ਮੰਨੇ ਜਾਂਦੇ ਹਨ। ਇਹ ਸਹੀ ਹੈ ਕਿ ਜਿੰਨੀ ਪ੍ਰਸਿੱਧੀ ਆਪ ਜੀ ਦੀ ਬਜ਼ਮੀਆ ਮਸਨਵੀ ਯੂਸਫ਼ ਜ਼ੁਲੈਖ਼ਾ ਨੂੰ ਪ੍ਰਾਪਤ ਹੋਈ ਹੈ, ਓਨੀ ਰਜ਼ਮੀਆਂ ਮਸਨਵੀ ਜੰਗਨਾਮਾ ਅਮੀਰ ਹਮਜ਼ਾ ਨੂੰ ਪ੍ਰਾਪਤ ਨਹੀਂ ਹੋਈ। ਪ੍ਰੰਤੂ ਇਸ ਦਾ ਅਰਥ ਇਹ ਨਹੀਂ ਕਿ ਇਹ ਕਿਸੇ ਦੂਜੀ ਮਸਨਵੀ ਤੋਂ ਘੱਟ ਹੈ ਸਗੋਂ ਇਸ ਦਾ ਡੂੰਘਾ ਅਧਿਐਨ ਕਰਨ ਨਾਲ ਕਵੀ ਦੀ ਹੈਰਾਨ ਕਰ ਦੇਣ ਵਾਲੀ ਅਜਾਇਬਤਾ (ਅਬਕਰੀਯਤ) ਨੂੰ ਮੰਨਣਾ ਪੈਂਦਾ ਹੈ।(79)

'ਦਾਸਤਾਨ ਅਮੀਰ ਹਮਜ਼ਾ' ਦਾ ਕਿੱਸਾ ਅਸਲ ਵਿਚ ਫ਼ਾਰਸੀ ਵਾਰਤਕ ਵਿਚ ਹੈ ਜਿਸ ਨੂੰ ਮੌਲਵੀ ਸਾਹਿਬ ਨੇ 1863 ਈ. ਵਿਚ ਫ਼ਾਰਸੀ ਵਾਰਤਕ ਤੋਂ ਪੰਜਾਬੀ ਨਜ਼ਮ ਦੇ ਰੂਪ ਵਿਚ ਢਾਲਿਆ। ਇਸ ਦਾ ਰੰਗ ਹੀ ਅਨੋਖਾ ਹੈ। ਆਪ ਜੀ ਦੀ ਲਿਖੀ ਹੋਈ ਹਮਦ ਦਾ ਇਕ ਸ਼ਿਅਰ ਹੈ—

*ਪਾਕ ਸ਼ੁਰੂ ਅੰਜਾਮ ਥੀਂ ਦਾਇਮ ਉਸ ਦਾ ਰਾਜ*
*ਨਾ ਵਿਚ ਆਪਣੀ ਕਾਰ ਦੇ ਹੋਰਾਂ ਦਾ ਮੋਹਤਾਜ।(80)*

ਮੌਲਵੀ ਸਾਹਿਬ ਨੇ ਦਸ ਬਾਰਾਂ ਸਾਲ ਦੀ ਉਮਰ ਵਿਚ ਪੰਜਾਬੀ ਭਾਸ਼ਾ ਵਿਚ ਕਵਿਤਾ ਦਾ ਅਭਿਆਸ ਸ਼ੁਰੂ ਕਰ ਦਿੱਤਾ ਅਤੇ ਸੀਹਰਫ਼ੀਆਂ ਅਤੇ ਬਾਰਾਂਮਾਹ ਲਿਖਣੇ ਅਰੰਭ ਕਰ ਦਿੱਤੇ। ਇਸੇ ਵਿਦਿਅਕ ਪ੍ਰਣਾਲੀ ਦਾ ਪ੍ਰਭਾਵ ਸੀ ਅਤੇ ਅੱਲਾਹ ਦੀ ਮਦਦ ਨਾਲ ਸੀ ਕਿ ਉਹਨਾਂ ਨੇ 15 ਸਾਲ ਦੀ ਉਮਰ ਵਿਚ ਦਾਸਤਾਨ ਅਮੀਰ ਹਮਜ਼ਾ ਜਿਹੀ ਰਚਨਾ ਦਾ ਪਹਿਲਾ ਭਾਗ ਮੁਕੰਮਲ ਕੀਤਾ ਜੋ ਪੰਜਾਬੀ ਕਾਵਿ ਪਰੰਪਰਾ ਵਿਚ ਮਹਾਨ ਕਲਾਸਿਕ ਦਾ ਦਰਜਾ



ਰੱਖਦੀ ਹੈ। ਦੂਜੀ ਅਤੇ ਤੀਜੀ ਜਿਲਦ 20 ਸਾਲ ਦੀ ਉਮਰ ਵਿਚ ਮੁਕੰਮਲ ਕਰਕੇ ਕਾਵਿ-ਜਗਤ ਵਿਚ ਆਪਣਾ ਲੋਹਾ ਮਨਵਾਇਆ।(81)

'ਦਾਸਤਾਨ ਅਮੀਰ ਹਮਜ਼ਾ' ਫ਼ਿਰਦੌਸੀ ਦੇ 'ਸ਼ਾਹਨਾਮਾ' ਈਰਾਨ ਦੇ ਜਵਾਬ ਵਿਚ ਲਿਖੀ ਗਈ ਮਹਾਨ ਦਾਸਤਾਨ ਹੈ। ਇਸ ਵਿਚ ਰੁਸਤਮ ਦੇ ਮੁਕਾਬਲੇ ਵਿਚ ਹਜ਼ੂਰ (ਸ.) ਦੇ ਚਾਚਾ ਹਜ਼ਰਤ ਹਮਜ਼ਾ ਨੂੰ ਨਾਇਕ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ। ਫ਼ਾਰਸੀ ਵਿਚ ਸਭ ਤੋਂ ਪਹਿਲਾਂ ਇਹ ਕਿੱਸਾ ਵਾਰਤਕ ਵਿਚ ਰਚਿਆ ਗਿਆ ਫਿਰ ਇਸ ਨੂੰ ਕਵਿਤਾ ਵਿਚ ਪੇਸ਼ ਕੀਤਾ ਗਿਆ। ਪੰਜਾਬੀ ਭਾਸ਼ਾ ਵਿਚ ਇਸ ਵਿਸ਼ੇ ਤੇ ਸਈਦ ਅਲੀ ਨਕਸ਼ਬਦੀ ਇਮਾਨ ਬਖਸ਼, ਅਹਿਮਦ ਯਾਰ ਓਜਲਵੀ, ਹਕੀਮ ਮੁਹੰਮਦ ਅਜ਼ਮਤ ਸੱਯਦ ਮੁਹੰਮਦ ਸਦੀਕ ਨੇ ਆਪਣੇ-ਆਪਣੇ ਜੌਹਰ ਦਿਖਾਏ ਹਨ। ਲੇਕਿਨ ਮੌਲਵੀ ਗੁਲਾਮ ਰਸੂਲ (ਰਹਿ.) ਆਲਮਪੁਰੀ ਨੇ ਆਪਣੇ ਇਨ੍ਹਾਂ ਵੀਹ ਹਜ਼ਾਰ (20,000) ਸ਼ਿਅਰਾਂ ਵਿਚ ਜੋ ਨਿਪੁੰਨਤਾ ਦਿਖਾਈ ਹੈ, ਉਸ ਦਾ ਵਿਲੱਖਣ ਸਥਾਨ ਹੈ। ਇਸ ਕਿੱਸੇ ਵਿਚ ਰਜ਼ਮ ਬਜ਼ਮ ਦੇ ਮਸਲਿਆਂ ਨੂੰ ਪੰਜਾਬੀ ਸ਼ਿਅਰਾਂ ਵਿਚ ਜਿਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਉਸ ਵਿਚ ਕਿਤੇ ਵੀ ਆਵੁਰਦ (ਵਿਸ਼ੇਸ਼ ਕਵਿਤਾ ਬਨਾਉਣ) ਦਾ ਯਤਨ ਨਹੀਂ।(82)

ਫ਼ਾਰਸੀ ਕਿੱਸੇ ਬਾਰੇ ਖ਼ੁਦ ਲਿਖਦੇ ਹਨ-

*ਕਿੱਸੇ ਮੁਵੱਰਖ਼ ਫ਼ਾਰਸੀ ਲਿਖੀ ਨਸਰ ਤਮਾਮ*
*ਹਾਲਤ ਅੱਮ ਰਸੂਲ ਦੀ ਹਮਜ਼ਾ ਜਿਸ ਦਾ ਨਾਮ।(83)*

ਫਿਰ ਫ਼ਰਮਾਉਂਦੇ ਹਨ—

*ਮੈਂ ਇਹ ਕਿੱਸਾ ਦੇਖਿਆ ਮਜਲਿਸ ਦਾ ਸ਼ਿੰਗਾਰ*
*ਦਿੱਤੀ ਹਿੰਦੀ ਸ਼ਿਅਰ ਥੀਂ ਜ਼ੀਨਤ ਜ਼ੇਬ ਹਜ਼ਾਰ।*
*ਪਈ ਪੁਕਾਰ ਮਜਾਲਿਸੇਂ ਸ਼ਿਅਰ ਚੜ੍ਹਾਏ ਜੋਸ਼*
*ਇਸ ਮੌਜ਼ੂੰ ਕਲਾਮ ਥੀਂ ਪਰਵਰ ਹੁਏ ਗੋਸ਼।*
*ਜ਼ਈਫ਼ ਰਿਵਾਇਤ ਜੇ ਕਹੋ ਮੈਂ ਸਰ ਧਰੂੰਕਾ*
*ਅਵੱਲ ਵਾਲੇ ਰਾਵੀਆਂ ਕੀਤੀ ਹੋਗ ਖ਼ਤਾ।*
*ਅੱਮ ਨਬੀ ਦੀ ਸਿਫ਼ਤ ਮੇਂ ਝੂਠ ਨਾ ਜੋੜੀ ਆਪ*
*ਅਸਲ ਮੁਵਾਫ਼ਿਕ ਨਕਲ ਹੈ ਮੈਂ ਸਿਰ ਨਹੀਂ ਪਾਪ।(84)*

ਇਸ ਸਬੰਧੀ ਹੋਰ ਲਿਖਦੇ ਹਨ—

*ਜੇ ਕੁੱਝ ਨਫ਼ਾ ਵਧੇਰ ਨਾ ਮਿਲੇ ਤੁਸਾਂ ਨੂੰ ਵੀ*
*ਦੂਰ ਕਰੇ ਦਿਲ ਗਿਰੀਆਂ ਤੇ ਪਰਚਾਵੇ ਜੀ।*
*ਮਕਬੂਲਾਂ ਦੀ ਸਿਫ਼ਤ ਥੀਂ ਦਿਲ ਨੂੰ ਮਿਲੇ ਸਫ਼ਾ*
*ਮੁਨਸਿਫ਼ ਦੇਖ ਗ਼ਰੀਬ ਦੇ ਲੈ ਸਨ ਐਬ ਛੁਪਾ।(85)*

ਪੂਰੀ ਜੰਗੀ ਮਸਨਵੀ ਦੀਆਂ ਤਿੰਨ ਜਿਲਦਾਂ ਅਤੇ ਵੀਹ ਹਜ਼ਾਰ ਸ਼ਿਅਰ ਹਨ। ਸ਼ਾਇਰ ਨੇ ਜਜ਼ਬਾਤਾਂ ਦੇ ਪ੍ਰਗਟਾ ਲਈ ਇਕ ਹਲਕੀ ਫੁਲਕੀ ਬਹਿਰ (ਛੰਦ) ਚੁਣੀ ਹੈ ਜੋ ਇਸ ਵਿਸ਼ੇ ਲਈ ਬਹੁਤ ਢੁਕਵੀਂ ਅਤੇ ਯੋਗ ਹੈ। ਜੰਗ ਨਾਮਾ ਅਮੀਰ ਹਮਜ਼ਾ ਦੀ ਲੋਕ ਪ੍ਰਿਯਤਾ ਦਾ ਇਸ

ਤੋਂ ਵੱਡਾ ਸਬੂਤ ਕੀ ਹੋ ਸਕਦਾ ਹੈ ਕਿ ਲਗਭਗ ਅੱਧੀ ਸਦੀ ਵਿਚ ਇਸ ਦੇ ਵੀਹ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ। ਹਰ ਵਾਰ ਇਹ ਕਿਤਾਬ ਤਿੰਨ ਹਜ਼ਾਰ ਦੀ ਗਿਣਤੀ ਤੋਂ ਘੱਟ ਨਹੀਂ ਛਪਦੀ। ਹੁਣ ਤੱਕ 60,000 (ਸੱਠ ਹਜ਼ਾਰ) ਕਿਤਾਬਾਂ ਵਿਕ ਚੁੱਕੀਆਂ ਹਨ। ਇਸ ਦੀ ਦਿਲਚਸਪੀ ਦੀ ਇਹ ਸਥਿਤੀ ਹੈ ਕਿ ਇਕ ਵਾਰ ਪੜ੍ਹਨਾ ਸ਼ੁਰੂ ਕਰ ਦੇਈਏ ਤਾਂ ਫੇਰ ਛੱਡਣ ਨੂੰ ਜੀ ਨਹੀਂ ਕਰਦਾ। ਜੰਗ ਦੇ ਵਰਣਨ ਦੇ ਨਾਲ-ਨਾਲ ਇਸ਼ਕ ਅਤੇ ਮੁਹੱਬਤ ਦਾ ਅਨੰਦ ਦੇਣ ਵਾਲੀਆਂ ਕਹਾਣੀਆਂ ਵੀ ਆ ਜਾਂਦੀਆਂ ਹਨ ਜਿਨ੍ਹਾਂ ਨੂੰ ਸ਼ਾਇਰ ਬੜੇ ਸ਼ੌਂਕ ਨਾਲ ਬਿਆਨ ਕਰਦਾ ਹੈ। ਇਹ ਕਿੱਸਾ ਸਿਪਾਹਗਰੀ ਦੀ ਕਲਾ ਦੀ ਵਧੀਆ ਸਿੱਖਿਆ ਹੈ। ਇਸ ਨੂੰ ਪੜ੍ਹ ਕੇ ਬੁਜ਼ਦਿਲ ਤੋਂ ਬੁਜ਼ਦਿਲ ਮਨੁੱਖ ਵੀ ਆਪਣੇ ਅੰਦਰ ਹਿੰਮਤ ਅਤੇ ਜੋਸ਼ ਮਹਿਸੂਸ ਕਰਨ ਲਗਦਾ ਹੈ। ਨੈਤਿਕ ਸਿੱਖਿਆ ਦੀ ਇਹ ਹਾਲਤ ਕਿ ਪੱਥਰ ਦਿਲ ਇਨਸਾਨ ਵੀ ਇਸਦੇ ਪ੍ਰਭਾਵ ਤੋਂ ਨਹੀਂ ਬਚ ਸਕਦਾ। ਮੁਰਦਾ ਦਿਲਾਂ ਵਿਚ ਪ੍ਰੇਮ ਪਿਆਰ ਦੀ ਉਮੰਗ ਦੀਆਂ ਲਹਿਰਾਂ ਉਭਰਨ ਲੱਗਦੀਆਂ ਹਨ। ਇਨਾਂ ਸਾਰੀਆਂ ਖ਼ੂਬੀਆਂ ਦੇ ਨਾਲ-ਨਾਲ ਇਹ ਸ਼ਾਇਰ ਆਪਣੇ ਦੀਨੀ ਫ਼ਰਜ਼ਾਂ ਤੋਂ ਵੀ ਅਣਜਾਣ ਨਹੀਂ ਰਹਿੰਦਾ। ਜਿੱਥੇ ਮੌਕਾ ਮਿਲਦਾ ਹੈ ਇਸ ਵੱਲ ਵੀ ਧਿਆਨ ਦਿੰਦਾ ਹੈ। ਪਹਿਲੀ ਜਿਲਦ ਦੇ ਸ਼ੁਰੂ ਦੀ ਘਟਨਾ ਹੈ ਕਿ ਅਲਕਸ਼ ਨਾਂ ਦਾ ਇਕ ਵਿਅਕਤੀ ਆਪਣੇ ਇੱਕ ਮਿੱਤਰ ਬਖ਼ਤ ਜਮਾਲ ਨੂੰ ਕੁੱਝ ਰੁਪਿਆਂ ਲਈ ਕਤਲ ਕਰ ਦਿੰਦਾ ਹੈ। ਇਹ ਘਟਨਾ ਬਿਆਨ ਕਰਨ ਤੋਂ ਬਾਅਦ ਮੌਲਵੀ ਸਾਹਿਬ ਆਪਣੇ ਵਿਚਾਰ ਇਸ ਤਰ੍ਹਾਂ ਬਿਆਨ ਕਰਦੇ ਹਨ-

***ਅਲਕਸ਼ ਦੁਨੀਆ ਵਾਸਤੇ ਹੋਇਆ ਬੇਈਮਾਨ***
***ਓੜਕ ਖਾਲੀ ਜਾਵਸੀ ਹੋ ਕੇ ਸਰ ਗਰਦਾਨ।***
***ਦੁਨੀਆਂ ਇਕ ਮਹਿਬੂਬ ਹੈ ਪਰ ਹੈ ਬਾਝ ਵਫ਼ਾ***
***ਲਿਖ ਹਜ਼ਾਰਾਂ ਏਸ ਨੇ ਮਾਰੇ ਯਾਰ ਬਣਾ।***
***ਜ਼ੇਬਾ ਨਜ਼ਰੀ ਆਂਵਦੀ ਇਸ ਦੀ ਸ਼ਕਲ ਅਜੀਬ***
***ਨਾਜ਼ ਹਮੇਸ਼ਾ ਏਸ ਦਾ ਨਾਹੀਂ ਕਿਸੇ ਨਸੀਬ।***
***ਭੁਲ ਨਾ ਖ਼ਾਕੀ ਜ਼ਾਦੀਆ ਪਾ ਉਸ ਦੇ ਸਰ ਖ਼ਾਕ***
***ਨਹੀਂ ਤੇ ਵਿਚ ਅਫ਼ਸੋਸ ਰਹੇ ਗ਼ਰੀਬਾਂ ਚਾਕ।(86)***

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਬਜ਼ੁਰਗਾਂ ਦੀ ਅਕਲ ਅਤੇ ਸਮਝ ਵਾਲੀਆਂ ਪ੍ਰਵਾਨਿਤ ਗੱਲਾਂ ਉਸ ਕਵੀ ਦੇ ਦਿਮਾਗ਼ ਵਿਚੋਂ ਨਿਕਲੀਆਂ ਹਨ ਜਿਸ ਦੀ ਉਮਰ ਅਜੇ 15 ਸਾਲ ਤੋਂ ਜ਼ਿਆਦਾ ਨਹੀਂ, ਜੋ ਅਜੇ ਜਵਾਨੀ ਨੂੰ ਵੀ ਨਹੀਂ ਪਹੁੰਚਿਆ। ਮੁਹੰਮਦ ਆਲਮ ਦੇ ਕਥਨ ਅਨੁਸਾਰ ਜਿੱਥੋਂ ਤਕ ਮੇਰੀ ਸੋਚ ਤੇ ਮੇਰਾ ਅਧਿਐਨ ਹੈ, ਮੈਂ ਇਹ ਕਹਿਣ ਵਿਚ ਆਪਣੇ ਆਪ ਨੂੰ ਝੂਠ ਤੋਂ ਮੁਕਤ ਅਤੇ ਬਿਲਕੁਲ ਹੱਕ ਤੇ ਸਮਝਦਾ ਹਾਂ ਕਿ ਪੰਦਰਾਂ ਸਾਲ ਦੇ ਬੱਚੇ ਨੂੰ ਇਹ ਦਿਲ ਮੋਹ ਲੈਣ ਵਾਲੀਆਂ ਗੱਲਾਂ ਨਾਲ ਭਰਪੂਰ ਦੁਨੀਆ ਬੱਚਿਆਂ ਲਈ ਹੱਸਣ ਖੇਡਣ ਤੋਂ ਵੱਧ ਕੋਈ ਮਹੱਤਤਾ ਨਹੀਂ ਰੱਖਦੀ ਅਤੇ ਉਹ ਇਸ ਦੇ ਫ਼ਨਾ ਹੋਣ ਬਾਰੇ ਸੋਚ ਵੀ ਨਹੀਂ ਸਕਦੇ। ਪ੍ਰੰਤੂ ਨੌਜਵਾਨ ਗ਼ੁਲਾਮ ਰਸੂਲ ਤਜਰਬੇਦਾਰ 70 ਸਾਲਾਂ ਬਜ਼ੁਰਗ ਤੋਂ ਵੀ ਜ਼ਿਆਦਾ ਇਸ ਪੁਰਾਤਨ ਦੁਨੀਆ ਦੀ ਨਬਜ਼ ਤੇ ਉਂਗਲੀ ਰੱਖ ਕੇ ਇਸ ਦੇ



ਅੰਦਰ ਦੀ ਹਾਲਤ ਨੂੰ ਬਿਆਨ ਕਰ ਰਹੇ ਹਨ। ਉਨ੍ਹਾਂ ਦੀ ਨਜ਼ਰ ਦੀ ਬਾਹਰੀ ਚਮਕ-ਦਮਕ ਦੀ ਤਹਿ ਵਿਚ ਕਮਜ਼ੋਰ ਹੱਡੀਆਂ ਨੂੰ ਦੇਖ ਰਹੀ ਹੈ। ਕੋਈ ਉਮਰ ਨੂੰ ਪਹੁੰਚਿਆ ਹੋਇਆ ਅਤੇ ਵੱਡੇ ਤੋਂ ਵੱਡਾ ਕਵੀ ਵੀ ਇਸ ਨਾਸ਼ਵਾਨ ਦੁਨੀਆ ਦੀ ਇਸ ਤੋਂ ਵਧ ਕੇ ਕੀ ਪੇਸ਼ਕਾਰੀ ਕਰੇਗਾ।(87)

***ਦੁਨੀਆ ਇਕ ਮਹਿਬੂਬ ਹੈ ਪਰ ਹੈ ਬਾਹਝ ਵਫ਼ਾ***
***ਲਿਖ ਹਜ਼ਾਰਾਂ ਏਸ ਨੇ ਮਾਰੇ ਯਾਰ ਬਨਾ।(88)***

ਈਰਾਨ ਦੇ ਬਹੁਤ ਵੱਡੇ ਕਵੀ ਖ਼੍ਵਾਜਾ ਹਾਫ਼ਿਜ਼ ਦੇ ਪ੍ਰਸਿੱਧ ਸ਼ਿਅਰ ਦੇ ਸਾਹਮਣੇ ਮੌਲਵੀ ਸਾਹਿਬ ਦੇ ਸ਼ਿਅਰ ਰੱਖ ਕੇ ਦੇਖੋ ਅਤੇ ਫੇਰ ਖ਼ੁਦ ਹੀ ਇਨਸਾਫ਼ ਕਰੋ—

***ਮਜੂ ਦੋਸਤੀ ਅਹਿਦ ਅਜ਼ ਜਹਾਨ-ਏ-ਬੇ ਬੁਨਿਆਦ***
***ਕਿ ਈਂ ਅਜੂਜ਼ਾ-ਏ-ਅਰੂਸ ਹਜ਼ਾਰ ਦਾਮਾਦ ਅਸਤ***

**ਅਰਥ**-ਨਾਸ਼ਵਾਨ ਦੁਨੀਆ ਤੋਂ ਅਹਿਦ ਦੀ ਪਕਿਆਈ ਨਾ ਲਭੋ ਇਸ ਬਜ਼ੁਰਗ ਦੁਲਹਨ ਦੇ ਹਜ਼ਾਰ ਦਮਾਦ ਹਨ।

ਕਿੱਸਾ ਅਮੀਰ ਹਮਜ਼ਾ ਦਾ ਆਰੰਭ ਮੌਲਵੀ ਸਾਹਿਬ ਨੇ ਆਪਣੇ ਮਨਪਸੰਦ ਅਤੇ ਸੁੰਦਰ ਢੰਗ ਨਾਲ ਕੀਤਾ ਹੈ। ਲਿਖਦੇ ਹਨ—

***ਐ ਦਿਲ ਟੋਰ ਮੁਕੱਦਮਾ ਨਕਸ਼ਾ ਅਗਾੜ ਦਿਖਾ***
***ਕਲਮ ਚੜ੍ਹੀ ਸਰਜੋਸ਼ ਦੇ ਵਰਕਾਂ ਵਿਚ ਵਗਾ।***
***ਲੈ ਚਲ ਵੱਲ ਨੌ ਸ਼ੀਰਵਾ ਨਰਾਜ਼ ਬਿਆਨੀ ਨੂੰ***
***ਪਹਿਲੋਂ ਜ਼ੀਨਤ ਜੇਬ ਦੇ ਤਖ਼ਤ ਕਯਾਨੀ ਨੂੰ।***

ਨੌਸ਼ੀਰਵਾਂ ਦੇ ਪਿਤਾ ਕਬਾਦ ਨਾਲ ਇਹ ਕਿੱਸਾ ਆਰੰਭ ਹੁੰਦਾ ਹੈ, ਕਬਾਦ ਦੇ ਬਾਅਦ ਨੌਸ਼ੀਰਵਾਂ ਦਾ ਦੌਰ ਆਉਂਦਾ ਹੈ। ਫੇਰ ਨੌਸ਼ੀਰਵਾਂ ਦੇ ਪੁੱਤਰ ਹਰਮਿਜ਼ ਅਤੇ ਫੇਰ ਹਰਗਜ਼ ਦੇ ਪੁੱਤਰ ਕਬਾਦ ਦੇ ਜਾ ਕੇ ਇਹ ਕਿੱਸਾ ਖਤਮ ਹੁੰਦਾ ਹੈ। ਇਸ ਕਿੱਸੇ ਦਾ ਨਾਇਕ ਅਮੀਰ ਹਮਜ਼ਾ ਹੈ। ਉਹਨਾਂ ਦਾ ਜਨਮ ਨੌਸ਼ੀਰਵਾਂ ਦੇ ਦੌਰ ਵਿਚ ਹੁੰਦਾ ਹੈ ਹੋਇਆ ਇਸ ਤਰ੍ਹਾਂ ਕਿ ਜਦੋਂ ਅਮੀਰ ਹਮਜ਼ਾ ਪੈਦਾ ਹੁੰਦੇ ਹਨ ਤੇ ਨੌਸ਼ੀਰਵਾਂ ਦਾ ਪਿਤਾ ਕਬਾਦ ਆਪਣੇ ਦਰਬਾਰੀ ਜੋਤਸ਼ੀ ਨੂੰ ਪੁੱਛਦਾ ਹੈ ਕਿ ਉਸ ਦਾ ਦੁਸ਼ਮਣ ਕੌਣ ਹੈ। ਇਹ ਗੱਲ ਮੌਲਵੀ ਸਾਹਿਬ ਦੀ ਜ਼ੁਬਾਨ ਤੋਂ ਸੁਣੋ—

***ਦੁਸ਼ਮਣ ਉਸ ਦਾ ਹੋਵਸੀ ਯਾ ਕੋ ਨਾ ਵਿੱਚ ਜੱਗ***
***ਨਾਮਵਰੀ ਵਿਚ ਏਸ ਦੇ ਦਾਗ਼ ਨਾ ਜਾਵੇ ਲੱਗ।***
***ਕਹਿਆ ਬੁਜ਼ੁਰਜਮਿਹਰ ਨੇ ਗੱਲ ਨਹੀਂ ਬਿਨ ਖ਼ਾਰ***
***ਰੰਜ ਖੁਸ਼ੀ ਦਾ ਮੇਲ ਹੈ ਗੰਜ ਸੁਨੀ ਬਨਮਾਰ।***

ਇਸ ਤੋਂ ਬਾਅਦ ਬੁਜ਼ੁਰਜਮਿਹਰ ਬਾਦਸ਼ਾਹ ਨੂੰ ਅਮੀਰ ਹਮਜ਼ਾ ਦੀ ਬਹਾਦਰੀ ਅਤੇ ਦਲੇਰੀ ਦਾ ਹਾਲ ਦੱਸਦਾ ਹੈ। ਬਾਦਸ਼ਾਹ ਗੱਲਾਂ ਸੁਣ ਕੇ ਆਪੇ ਤੋਂ ਬਾਹਰ ਹੋ ਜਾਂਦਾ ਹੈ ਅਤੇ ਬੁਜ਼ੁਰਜਮਿਹਰ ਨੂੰ ਆਦੇਸ਼ ਦਿੰਦਾ ਹੈ ਕਿ ਤੁਸੀਂ ਹੁਣ ਅਰਬ ਵਿਚ ਜਾ ਪਹੁੰਚੋ ਅਤੇ ਅਰਬੀ ਔਰਤਾਂ ਦੇ ਕੱਚੇ (ਹਮਲ) ਭਰੂਣ ਗਿਰਾ ਦਿਉ ਤਾਂ ਕਿ ਮੇਰੇ ਪੁੱਤਰ ਦਾ ਦੁਸ਼ਮਣ ਪੈਦਾ ਹੀ ਨਾ

ਹੋ ਸਕੇ। ਬੁਜ਼ੁਰਜਮਿਹਰ ਬਾਦਸ਼ਾਹ ਦਾ ਫ਼ਜ਼ੂਲ ਹੁਕਮ ਸੁਣ ਕੇ ਅਰਬ ਨੂੰ ਰਵਾਨਾ ਹੋ ਜਾਂਦਾ ਹੈ। (89)

ਹੁਣ ਤੁਸੀਂ ਮੌਲਵੀ ਸਾਹਿਬ ਦੀ ਜ਼ੁਬਾਨ ਤੋਂ ਅਮੀਰ ਹਮਜ਼ਾ ਦੇ ਪੈਦਾ ਹੋਣ ਦੀ ਭੂਮਿਕਾ ਦੇ ਕੁਝ ਸ਼ਿਅਰ ਸੁਣੋ—

*ਖੋਲ ਗ਼ੁਲਾਮ ਰਸੂਲ ਹੁਣ ਮਰਦਾਂ ਦੇ ਤੁਮਾਰ*
*ਬਾਹਰ ਲਿਆ ਮਿਆਨ ਥੀਂ ਹਮਜ਼ਾ ਦੀ ਤਲਵਾਰ*
*ਕੱਢ ਅਰਬ ਦੇ ਗੋਸ਼ਿਉਂ ਤੇਗ਼ ਬਹਾਦੁਰ ਨੂੰ*
*ਘੱਤ ਘੜੀ ਭਰ ਏੜੀਂ ਸ਼ੇਰ ਦਿਲਾਵਰ ਨੂੰ*
*ਹੁਣ ਉਹ ਵਾਲੀ ਅਰਬ ਦਾ ਹੋਣ ਲੱਗਾ ਇਜ਼ਹਾਰ*
*ਜਿਸ ਦਾ ਖੌਫ਼ ਕਬਾਦ ਦੇ ਦਿਲ ਨੂੰ ਗਿਆ ਨਿਘਾਰ*
*ਜੋ ਰੱਬ ਕਲਮ ਕਦੀਮ ਦੀ ਵਾਹੀ ਕੁਦਰਤ ਨਾਲ*
*ਕਿਹੜਾ ਮੋੜੇ ਉਸ ਨੂੰ ਮੋੜਨ ਬਹੁਤ ਮੁਹਾਲ*
*ਲਾ ਵਾਹਾਂ ਨਮਰੂਦ ਭੀ ਥੱਕ ਰਿਹਾ ਫ਼ਿਰਔਨ।*
*ਹੁਕਮ ਮੁਕਤਦਰ ਰੱਬ ਦਾ ਅੰਤ ਹਟਾਵੇ ਕੌਣ ।*

ਇਹਨਾਂ ਸ਼ਿਅਰਾਂ ਵਿਚ ਕਵੀ ਨੇ ਦੋ ਗੱਲਾਂ ਦੱਸੀਆਂ, ਇਕ ਤਾਂ ਬਹਾਦਰ ਮਰਦ ਦਾ ਪੈਦਾ ਹੋਣਾ ਇਸ ਲਈ ਅਜਿਹੇ ਸ਼ਬਦ ਵਰਤੇ ਗਏ ਹਨ, ਜਿਨ੍ਹਾਂ ਵਿਚ ਬਹਾਦਰੀ ਹੌਂਸਲਾ ਦਬਦਬਾ ਅਤੇ ਹੌਲਨਾਕੀ ਦੀ ਪੂਰਨ ਤਸਵੀਰ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ। ਤਲਵਾਰ, ਤੇਗ਼ ਬਹਾਦਰ, ਸ਼ੇਰ ਦਲਾਵਰ, ਵਾਲੀ-ਏ-ਅਰਬ ਆਦਿ ਦੀਆਂ ਤਰਕੀਬਾਂ ਰਣ ਖੇਤਰ ਦਾ ਨਕਸ਼ਾ ਪੇਸ਼ ਕਰ ਰਹੀਆਂ ਹਨ। ਆਖ਼ਰੀ ਸ਼ਿਅਰ ਵਿਚ ਦੁਨੀਆ ਦੀ ਨਾਸ਼ਵਾਨਤਾ ਅਤੇ ਬੇਵਸੀ ਦਾ ਇਤਿਹਾਸਕ ਪ੍ਰਮਾਣ ਪੇਸ਼ ਕਰ ਰਹੇ ਹਨ। ਇਹੀ ਭੂਮਿਕਾ ਅੱਗੇ ਚਲ ਕੇ ਬਾਦਸ਼ਾਹ ਕਬਾਦ ਦੇ ਇਰਾਦਿਆਂ ਨੂੰ ਤਬਾਹ ਕਰਕੇ ਹਾਰ ਤੇ ਖ਼ਤਮ ਹੁੰਦੀ ਹੈ। ਸ਼ਾਇਰ ਦਾ ਇਹ ਕਹਿਣਾ ਥੱਕ ਰਹਿਆ ਫ਼ਿਰਔਨ' (90)

*ਹੁਕਮ ਮੁਕਤਦਰ ਰੱਬ ਦਾ ਅੰਤ ਹਟਾਵੇ ਕੌਣ।*

ਇਹ ਸ਼ਿਅਰ ਉਸ ਇਤਿਹਾਸਕ ਘਟਨਾ ਵੱਲ ਇਸ਼ਾਰਾ ਕਰ ਰਹੀ ਹੈ ਜੋ ਹੇਠਾਂ ਵਾਲੀ ਕਹਾਣੀ ਦੇ ਨਾਲ ਪੂਰੀ ਅਨੁਸਾਰਤਾ ਰੱਖਦਾ ਹੈ। ਫ਼ਿਰਔਨ ਨੂੰ ਵੀ ਇਹ ਦੱਸਿਆ ਗਿਆ ਸੀ ਕਿ ਬਨੀ ਇਸਰਾਈਲ ਵਿਚ ਇਕ ਬੱਚਾ ਪੈਦਾ ਹੋਵੇਗਾ ਜੋ ਤੇਰੀ ਹਕੂਮਤ ਖ਼ਤਮ ਕਰ ਦੇਵੇਗਾ। ਉਸ ਨੇ ਇਸ ਘਟਨਾ ਤੋਂ ਬਚਣ ਲਈ ਬਨੀ ਇਸਰਾਈਲ ਦੇ ਬੱਚਿਆਂ ਨੂੰ ਜ਼ਬਹ (ਕੁਰਬਾਨ) ਕਰਨ ਦਾ ਆਦੇਸ਼ ਦੇ ਦਿੱਤਾ ਸੀ। ਮੌਲਵੀ ਸਾਹਿਬ ਦੇ ਕਹਿਣ ਅਨੁਸਾਰ—

*'ਹੁਕਮ ਮੁਕਤਦਰ ਰੱਬ ਦਾ ਅੰਤ ਹਟਾਵੇ ਕੌਣ।*

ਅੱਲਾਹ ਤਆਲਾ ਨੇ ਮੂਸਾ (ਅਲੈ.) ਦੀ ਫ਼ਿਰਔਨ ਦੇ ਘਰ ਵਿਚ ਹੀ ਪਰਵਰਿਸ਼ ਕਰਕੇ ਉਹਨਾਂ ਦੇ ਹੱਥੋਂ ਹੀ ਫ਼ਿਰਔਨ ਦੀ ਹਕੂਮਤ ਖ਼ਤਮ ਕਰਵਾ ਦਿੱਤੀ। ਇਸੇ ਤਰ੍ਹਾਂ ਕਬਾਦ ਜਿਸ ਨੇ ਬੁਜ਼ੁਰਜਮਿਹਰ ਨੂੰ ਅਮੀਰ ਹਮਜ਼ਾ ਨੂੰ ਖ਼ਤਮ ਕਰਨ ਲਈ ਭੇਜਿਆ ਸੀ, ਉਹ ਆਪ ਦੀ ਪਰਵਰਿਸ਼ ਦਾ ਸਾਧਨ ਬਣ ਜਾਂਦਾ ਹੈ। ਕਿੱਸਾ ਸੰਖੇਪ ਵਿਚ ਕਿ ਕਬਾਦ ਮਰ ਜਾਂਦਾ ਹੈ, ਉਸ



ਦਾ ਪੁੱਤਰ ਨੌਸ਼ੀਰਵਾਂ ਬਾਦਸ਼ਾਹ ਬਣ ਜਾਂਦਾ ਹੈ ਅਮੀਰ ਹਮਜ਼ਾ ਬੁਜ਼ੁਰਜਮਿਹਰ ਦੇ ਰਾਹੀਂ ਨੌਸ਼ੀਰਵਾਂ ਦੇ ਦਰਬਾਰ ਵਿਚ ਪਹੁੰਚ ਜਾਂਦਾ ਹੈ। ਉਨ੍ਹਾਂ ਦੀ ਬਹਾਦਰੀ ਸਦਕਾ ਸਿਪਾਹ ਸਲਾਰ ਦਾ ਅਹੁਦਾ ਆਪ ਨੂੰ ਮਿਲ ਜਾਂਦਾ ਹੈ। ਇਹ ਅਹੁਦਾ ਪਹਿਲਾਂ ਕਿਸੇ ਹੋਰ ਕੋਲ ਸੀ, ਜੋ ਚੀਨ ਦੀ ਮੁਹਿੰਮ ਤੇ ਗਿਆ ਹੋਇਆ ਸੀ। ਜਦੋਂ ਉਹ ਵਾਪਸ ਆਉਂਦਾ ਹੈ ਤਾਂ ਉਸ ਦੇ ਆਉਣ ਤੋਂ ਪਹਿਲਾਂ ਹੀ ਉਸ ਦਾ ਪੁੱਤਰ ਸ਼ਮਸ਼ੀਰ ਹਮਜ਼ਾ ਤੋਂ ਹਾਰ ਚੁੱਕਿਆ ਹੁੰਦਾ ਹੈ (91)

*ਉੱਠ ਸਾਕੀ ਹੁਣ ਨਸ਼ੇ ਦੇ ਦੋ ਘੱਟ ਹੋਰ ਪਿਲਾ*
*ਨਵੇਂ ਬਹਾਦਰ ਮਰਦ ਨੂੰ ਹਮਜ਼ਾ ਨਾਲ ਲੜਾ*
*ਸੁਣਦਿਆਂ ਚੜ੍ਹਨ ਖ਼ੁਮਾਰੀਆਂ ਗ਼ਮ ਲੀਜੀਏ ਉਡਾ*
*ਸ਼ਿਅਰ ਗ਼ੁਲਾਮ ਰਸੂਲ ਦਾ ਚਾੜ੍ਹ ਪੂਰੇ ਦੀ ਵਾਹ*
*ਵਿਚ ਮੈਦਾਨ ਦਿਲਾਵਰਾਂ ਕਰਨੀ ਜਾਨ ਫ਼ਿਦਾ*
*ਇਕਨਾਂ ਖ਼ਾਕ ਉਡਾਵਣੀ ਮੁਫ਼ਤ ਟਕੋਰਾਂ ਖਾ*
*ਦੁਨੀਆ ਦੇ ਵਿਚ ਬਾਜ਼ੀਆਂ ਤੂੰ ਮਤ ਵਕਤ ਗਵਾ*
*ਲੋਕ ਕਹਿਣ ਪਰ ਗਲਪਿਆ ਜਿਉਂ ਕਿਉਂ ਢੋਲ ਵਜਾ।(92)*

ਗਸਤਮ ਨੂੰ ਸਾਰੇ ਅਮੀਰ ਵਜ਼ੀਰ, ਅਮੀਰ ਹਮਜ਼ਾ ਦੇ ਵਿਰੁੱਧ ਕਰ ਦਿੰਦੇ ਹਨ ਜਦ ਬਾਦਸ਼ਾਹ ਉਸ ਦੇ ਆਉਣ ਦੀ ਖ਼ੁਸ਼ੀ ਵਿਚ ਜਸ਼ਨ ਕਰਦਾ ਹੈ ਤਾਂ ਗਸਤਮ ਸ਼ਰਾਬ ਪੀ ਕੇ ਅਮੀਰ ਹਮਜ਼ਾ ਦੇ ਨਾਲ ਇਸ ਤਰ੍ਹਾਂ ਬੋਲਦਾ ਹੈ—

*ਕਹਿੰਦਾ ਮੁਫ਼ਲਿਸ ਅਰਬੀਆਂ ਐ ਪਸ਼ਮੀਨਾ ਪੋਸ਼*
*ਪਲਿਉਂ ਅੰਦਰ ਜੰਗਲਾਂ ਤੇ ਪਾਈ ਕੁੱਝ ਹੋਸ਼*
*ਸ਼ੇਰ ਸ਼ੁਤਰ ਥੀਂ ਪਰਵਰਿਸ਼ ਜੰਗਲ ਪਾਈ ਤੈਂ*
*ਨਾ ਹੱਕ ਵਿਚ ਜਹਾਨ ਦੇ ਧੁਮ ਮਚਾਈ ਤੈਂ*
*ਫਰਵਾ ਹੋਇਉਂ ਖਾਇ ਕੇ ਲੂੰਬੜ ਤੇ ਖ਼ਰਗੋਸ਼*
*ਪਤ ਪਰਾਲ ਅੰਗੂਰੀਆਂ ਕਰਦਾ ਰਹਿਉਂ ਨੋਸ਼*
*ਰੁੱਖੀ ਸੁੱਕੀ ਜੋ ਅੰਨ ਦੀ ਟੁੱਕੀ ਤੇ ਗੁਜ਼ਰਾਨ*
*ਪੀ ਪੀ ਸੱਤੂ ਜੋ ਅਨ ਦੇ ਹੋਇਉਂ ਅੱਜ ਜਵਾਨ*
*ਖਾਧੇ ਭੁੱਖੇ ਮੁਰਦਿਆਂ ਹੁਣ ਮੱਲ੍ਹਿਆਂ ਦੇ ਬੇਰ*
*ਸੱਥਰ ਉਪਰ ਸੌਂਦਿਆਂ ਗੁਜਰ ਸ਼ਾਮ ਸਵੇਰ।(93)*

ਪਹਿਲੀ ਸਦੀ ਦੇ ਅਰਬ ਹਮਲਾਵਰਾਂ ਦੇ ਵਿਰੁੱਧ ਈਰਾਨੀ ਸੋਚ ਦੀ ਇਹ ਤਸਵੀਰ ਈਰਾਨ ਦੀ ਨਵੀਂਆਂ ਅਤੇ ਪੁਰਾਣੀਆਂ ਕਈ ਪੁਸਤਕਾਂ ਵਿਚ ਵਿਖਾਈ ਗਈ ਹੈ। ਫ਼ਿਰਦੌਸੀ ਨੇ ਆਪਣੇ ਦੋ ਸ਼ਿਅਰਾਂ ਵਿਚ ਇਸ ਦਾ ਪ੍ਰਗਟਾਵਾ ਕੀਤਾ ਹੈ—

*ਜ਼ਸ਼ੇਰ ਸ਼ੁਤਰ ਖ਼ੁਰਦਨ ਸੋ ਹਮਾਰ*
*ਅਰਬ ਰਾ ਬਜਾਏ ਰਸੀਦ ਅਸਤ ਕਾਰ*
*ਕਿ ਤਾਜ ਕੀਯਾਂ ਰਾ ਕੁਨਦ ਆਰਜ਼ੂ*
*ਤਫ਼ੂਬਰ ਤੂ ਐ ਚਰਖ਼ ਗਰਦਾਂ ਤਫ਼ੂ*

ਊਠ ਦਾ ਦੁੱਧ ਅਤੇ ਗੋਸ਼ਤ ਖਾਣ ਵਾਲੇ ਅਰਬ ਇੱਥੋਂ ਤੱਕ ਪਹੁੰਚ ਗਏ ਹਨ ਕਿ ਇਹ ਕਿਆਨੀ ਤਖ਼ਤ ਦੀ ਇੱਛਾ ਕਰਦੇ ਹਨ। ਐ ਘੁੰਮਣ ਵਾਲੇ ਅਸਮਾਨ ਤੇਰੇ ਤੇ ਅਫ਼ਸੋਸ ਬਹੁਤ ਅਫ਼ਸੋਸ।

ਫ਼ਾਰਸੀ ਵਾਰਤਕ ਦੇ ਲੇਖਕ ਇਸ ਬਾਰੇ ਬਿਲਕੁਲ ਚੁੱਪ ਹਨ। ਇਸ ਤੇ ਹੈਰਾਨੀ ਹੁੰਦੀ ਹੈ ਕਿ ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਅਜੇ ਨੌਜਵਾਨ ਹਨ ਅਤੇ ਇਕ ਗੁੰਮਨਾਮ ਪਿੰਡ ਵਿਚ ਬੈਠ ਕੇ ਜਿੱਥੇ ਕੋਈ ਲਾਇਬਰੇਰੀ ਨਹੀਂ ਹੈ, ਉਥੇ ਗਿਆਨ ਭਰਪੂਰ ਗੱਲਾਂ ਹਾਸਲ ਹੋਣ। ਇਸ ਤਰ੍ਹਾਂ ਜਾਪਦਾ ਹੈ ਕਿ ਗ਼ੈਬ ਦਾ ਫ਼ਰਿਸ਼ਤਾ ਉਨ੍ਹਾਂ ਦੀ ਜੁਬਾਨ ਤੋਂ ਈਰਾਨ ਦੀ ਅਰਬ ਦੁਸ਼ਮਣੀ ਬਿਆਨ ਕਰਾ ਰਿਹਾ ਹੈ ਜਿਸ ਦਾ ਉਸ ਯੁੱਗ ਵਿਚ ਚੰਗੇ ਭਲੇ ਪੜ੍ਹੇ ਲਿਖੇ ਵਿਅਕਤੀਆਂ ਨੂੰ ਵੀ ਗਿਆਨ ਨਹੀਂ ਸੀ। ਪ੍ਰੰਤੂ ਖੋਜ ਅਤੇ ਅਧਿਐਨ ਤੋਂ ਬਾਅਦ ਹਕੀਕਤ ਬਣ ਕੇ ਸਾਹਮਣੇ ਆਉਣ ਵਾਲੀਆਂ ਸਨ। ਈਰਾਨ ਦੀ ਅਰਬ ਦੁਸ਼ਮਣੀ ਬਹੁਤ ਪੁਰਾਣੀ ਹੈ। ਇਸ ਵਿਚ ਕਲਮ ਦਾ ਵੀ ਕਾਫ਼ੀ ਹੱਥ ਹੈ। ਉਹ ਅਰਬਾਂ ਦੀ (ਤਜ਼ਹੀਕ) ਕਰਨ ਵਿਚ ਕਮੀ ਨਹੀਂ ਕਰਦਾ ਹੈ। ਇਸ ਦੇ ਮੁਕਾਬਲੇ ਵਿਚ ਮੌਲਵੀ ਸਾਹਿਬ ਨੂੰ ਆਪਣੇ ਨਾਇਕ ਅਮੀਰ ਹਮਜ਼ਾ ਦੀ ਰੇਤ ਦੇ ਟਿੱਬਿਆਂ ਨਾਲ ਵੀ ਪਿਆਰ ਹੈ। ਫ਼ਿਰਦੌਸੀ ਨੇ ਜਿਨ੍ਹਾਂ ਅਰਬਾਂ ਨੂੰ ਜ਼ਲੀਲ ਕਰਨ ਦੀ ਕੋਸ਼ਿਸ਼ ਕੀਤੀ, ਮੌਲਵੀ ਸਾਹਿਬ ਨੇ ਉਸ ਤੋਂ ਕਈ ਗੁਣਾ ਜ਼ਿਆਦਾ ਅਰਬਾਂ ਨੂੰ ਬਹਾਦਰ, ਹਿੰਮਤੀ ਅਤੇ ਉੱਚੀਆਂ ਕਦਰਾਂ ਦੇ ਮਾਲਕ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਈਰਾਨੀਆਂ ਨੂੰ ਬੇਵਫ਼ਾ ਅਤੇ ਵਾਅਦੇ ਦੇ ਝੂਠੇ ਸਿੱਧ ਕੀਤਾ ਹੈ। ਹੋ ਸਕਦਾ ਹੈ ਸ਼ਾਹਨਾਮਾਂ ਤੋਂ ਪ੍ਰਭਾਵਿਤ ਹੋ ਕੇ ਮੌਲਵੀ ਸਾਹਿਬ ਨੇ ਜੰਗਨਾਮਾ ਅਮੀਰ ਹਮਜ਼ਾ ਲਿਖਿਆ ਹੋਵੇ ਪ੍ਰੰਤੂ ਜਿੱਥੋਂ ਤਕ ਵਾਕਿਆ ਨਿਗਾਰੀ ਦਾ ਸਬੰਧ ਹੈ, ਆਪ (ਰਹਿ.) ਨੇ ਹਰੇਕ ਚਰਿੱਤਰ ਦਾ ਪੂਰਾ ਹੱਕ ਅਦਾ ਕੀਤਾ ਹੈ।

ਇਸ ਪੁਸਤਕ ਦੀ ਕਹਾਣੀ ਦੇ ਸਬੰਧ ਵਿਚ ਲੇਖਕ ਦੀ ਗ਼ੈਰ ਮਾਮੂਲੀ ਸਮਝ ਦੀ ਦਾਦ ਦੇਣੀ ਪੈਂਦੀ ਹੈ। ਉਹਨਾਂ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ, ਬਿਆਨ ਦੀ ਖ਼ੂਬਸੂਰਤੀ, ਭਾਸ਼ਾ ਦੀ ਮਿਠਾਸ ਅਤੇ ਘਟਨਾਵਾਂ ਦਾ ਨਕਸ਼ਾ ਖਿੱਚਣਾ, ਸ਼ਬਦਾਂ ਦੀ ਬਣਤਰ ਤੇ ਤਰਤੀਬ, ਘਟਨਾਵਾਂ ਦਾ ਨਿਰੰਤਰ ਬਿਆਨ, ਬਿਨਾਂ ਰੁਕਾਵਟ ਦੇ ਸ਼ਿਅਰੀ ਜੁਗਤਾਂ ਦਾ ਪ੍ਰਯੋਗ ਅਤੇ ਫੇਰ ਮੌਕੇ ਅਨੁਸਾਰ ਢੁਕਵੇਂ ਸ਼ਬਦਾਂ ਦੀ ਚੋਣ ਅਤੇ ਪੰਦਰਾਂ ਸਾਲ ਦੀ ਉਮਰ ਹੈਰਾਨੀ ਦੇ ਦਰਿਆ ਵਿਚ ਗੋਤੇ ਲਗਾਉਣੇ ਪੈਂਦੇ ਹਨ ਅਤੇ ਇਹ 'ਹੈਰਤ ਅੰਦਰ ਹੈਰਤ ਅੰਦਰ ਹੈਰਤ ਅਸਤ' ਜਿਹੀ ਗੱਲ ਹੈ। ਨੌਸ਼ੀਰਵਾਂ ਦੀ ਧੀ ਮਿਹਰ ਨਿਗਾਰ ਜੋ ਅਮੀਰ ਹਮਜ਼ਾ ਤੇ ਦਿਲ ਹਾਰ ਬੈਠੀ ਹੈ, ਉਸ ਨੂੰ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੁੰਦਾ ਹੈ। ਅਸਲ ਕਹਾਣੀਕਾਰ ਨੇ ਇਸ ਬਾਰੇ ਇਕ ਸ਼ਬਦ ਵੀ ਨਹੀਂ ਕਿਹਾ। ਪ੍ਰੰਤੂ ਮੌਲਵੀ ਸਾਹਿਬ ਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਉਹ ਆਸ਼ਿਕ ਅਤੇ ਮਸ਼ੂਕ ਦੇ ਦਰਮਿਆਨ ਜੋ ਲੰਬਾ ਵਿਛੋੜਾ ਆਉਣ ਵਾਲਾ ਹੈ, ਉਸ ਨੂੰ ਕਿਵੇਂ ਭੁੱਲ ਸਕਦੇ ਹਨ (94) ਆਪ ਲਿਖਦੇ ਹਨ:—

*ਸੁਣ ਸੁਣ ਮਹਿਰ ਨਿਗਾਰ ਦਾ ਐਡਾ ਸਬਰ ਕਰਾਰ*
*ਬਾ ਗੋਸ਼ੇ ਵਿਚ ਦਰਦ ਦੇ ਰੋਈ ਜ਼ਾਰ-ਓ-ਜ਼ਾਰ*
*ਖ਼ਬਰ ਕਿਆ ਮੁੜ ਆਵਣਾ ਕਦੋਂ ਪਿਆਰੇ ਯਾਰ*



*ਕੀ ਜਾਣਾਂ ਕਿਸ ਦੇਸ ਦੇ ਲੋਕ ਕਰਨ ਦੀਦਾਰ*
*ਬ ਦਰ ਮੁਨੱਵਰ ਅਰਬੀਆ ਲਟ ਲਟੋਈ ਦਿਲ*
*ਰਹਾਂ ਤੜਫ਼ਦੀ ਤੈਂ ਬਿਨ ਗਿਉਂ ਨਾ ਜਾਂਦਾ ਮਿਲ*
*ਅੱਜ ਪਿਆਰੇ ਅਸਾਂ ਥੀਂ ਵਾਗਾਂ ਮੋੜ ਚਲੇ*
*ਗੱਲ ਮੇਰੇ ਥੀਂ ਪਿਆ ਦੇ ਹਾਰ ਤੋੜ ਚਲੇ*
*ਹਜਰੇ ਵਿਚ ਫ਼ਿਰਾਕ ਦੇ ਮੈਨੂੰ ਰੋੜ ਚਲੇ*
*ਪਾ ਦਿਲ ਨੂੰ ਵਿਚ ਦਰਦ ਦੇ ਦਿਲਬਰ ਛੋੜ ਚਲੇ*
*ਮੁੜ ਮਿਲਾਵੀਂ ਖ਼ਾਲਕਾ ਜਿਉਂਦਿਆਂ ਜੇ ਫੇਰ*
*ਆਣ ਮਿਲੀਂ ਜਿੰਦ ਵਾਰਸਾਂ ਯਾਰ ਨਾ ਲਾ ਦੇਣ ਦੇਰ।(95)*

ਇਨ੍ਹਾਂ ਸ਼ਿਅਰਾਂ ਵਿਚ ਬੇਚੈਨੀ ਦੀ ਅਵਸਥਾ ਇਸ ਤੋਂ ਪਤਾ ਚਲਦੀ ਹੈ ਕਿ ਮਿਹਰ ਨਿਗਾਰ ਪਹਿਲਾਂ ਗ਼ੈਬ ਦੇ ਰੂਪ ਵਿਚ ਦੁਹਾਈ ਦਿੰਦੀ ਹੈ। ਚੌਥੇ ਸ਼ਿਅਰ ਵਿਚ ਯਾਰ ਦੀ ਤਸਵੀਰ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ ਅਤੇ ਗੱਲ ਕਰਨ ਦੇ ਢੰਗ ਵਿਚ ਰੋਣ-ਧੋਣ ਲੱਗਦੀ ਹੈ। ਫਿਰ ਉਸੇ ਵੇਲੇ ਉਹ ਪਿਆਰਾ ਚਿਹਰਾ ਅੱਖਾਂ ਤੋਂ ਉਹਲੇ ਹੋ ਜਾਂਦਾ ਹੈ। ਫੇਰ ਗ਼ੈਬੀ ਤੌਰ ਤੇ ਗੱਲਾਂ ਸ਼ੁਰੂ ਹੋ ਜਾਂਦੀਆਂ ਹਨ। ਆਖ਼ਰੀ ਸ਼ਿਅਰ ਦੀ ਪਹਿਲੀ ਤੁਕ ਅੱਲ੍ਹਾ ਤਆਲਾ ਦੇ ਦਰਬਾਰ ਵਿਚ ਅਰਦਾਸ ਹੈ ਅਤੇ ਦੂਜੀ ਤੁਕ ਮਹਿਬੂਬ (ਪਿਆਰੇ) ਲਈ ਨਜ਼ਰਾਨਾ ਪੇਸ਼ ਕਰਦੀ ਹੈ। ਕਵੀ ਦੁਆਰਾ ਵਰਣਨ ਵਿਛੋੜੇ ਅਤੇ ਮਿਲਾਪ, ਬੇਚੈਨੀ, ਘਬਰਾਹਟ ਅਤੇ ਦੀਵਾਨਗੀ ਦਾ ਪੂਰਾ ਮਹੌਲ ਸ਼ਬਦਾਂ ਅਤੇ ਅਰਥਾਂ ਵਿਚ ਛਾ ਜਾਂਦਾ ਹੈ। ਅਰਥਾਂ ਦੇ ਲਿਹਾਜ਼ ਨਾਲ ਪਹਿਲੀ ਤੁਕ ਵਿਚ ਸਬਰ ਅਤੇ ਚੈਨ ਜਾਂਦਾ ਰਹਿੰਦਾ ਹੈ ਜਿਸ ਦਾ ਸਬੂਤ ਦੂਜੀ ਤੁਕ ਤੋਂ ਪ੍ਰਗਟ ਹੁੰਦਾ ਹੈ। ਦਰਦ-ਓ-ਗ਼ਮ ਵਿਚ ਰੋਣਾ-ਧੋਣਾ ਜਾਰੀ ਰਹਿੰਦਾ ਹੈ। ਇਸੇ ਤਰ੍ਹਾਂ ਇਕ ਸ਼ਿਅਰ ਤੇਜ਼ ਤੋਂ ਤੇਜ਼ ਹੁੰਦਾ ਜਾਂਦਾ ਹੈ। ਇਥੋਂ ਤਕ ਕਿ ਉਹ ਦੁਨੀਆ ਤੋਂ ਮੁਖ ਮੋੜ ਕੇ ਅੱਲਾਹ ਤਆਲਾ ਦੇ ਦਰਬਾਰ ਵਿਚ ਰੋਣ ਲੱਗਦੀ ਹੈ। ਉਸ ਜ਼ਾਤ ਨੂੰ ਇਹ ਤਾਕਤ ਹੈ ਕਿ ਉਹ ਨਾ ਤੈਅ ਹੋਣ ਵਾਲੀਆਂ ਮੰਜ਼ਿਲਾਂ ਨੂੰ ਤੈਅ ਕਰਕੇ ਅਤੇ ਨਾ ਖ਼ਤਮ ਹੋਣ ਵਾਲੀ ਰੁਕਾਵਟਾਂ ਨੂੰ ਦੂਰ ਕਰਕੇ ਦੋ ਚਾਹੁਣ ਵਾਲੇ ਦਿਲਾਂ ਨੂੰ ਮਿਲਾ ਦੇਵੇ ਅਤੇ ਧੜਕਦੇ ਹੋਏ ਦਿਲਾਂ ਨੂੰ ਸ਼ਾਂਤੀ ਬਖ਼ਸ਼ ਦੇਵੇ। ਜਦੋਂ ਅਮੀਰ ਹਮਜ਼ਾ ਲੰਧੋਰ ਨੂੰ ਫੜਣ ਲਈ ਜਾਂਦੇ ਹਨ ਤਾਂ ਉਨ੍ਹਾਂ ਦਾ ਲਾਂਘਾ ਇਕ ਜੰਗਲ ਵਿਚ ਹੁੰਦਾ ਹੈ। ਮੌਲਵੀ ਸਾਹਿਬ ਨੇ ਇਨ੍ਹਾਂ ਜੰਗਲਾਂ ਦੇ ਦਰੱਖ਼ਤਾਂ ਦੀਆਂ ਕਿਸਮਾਂ ਤੇ ਉਨ੍ਹਾਂ ਤੇ ਬੋਲਣ ਵਾਲੇ ਜਾਨਵਰਾਂ ਦਾ ਵਰਨਣ ਵੀ ਕੀਤਾ ਹੈ ਕਿ ਅੱਲਾਹ ਤਆਲਾ ਦੀ ਉਸਤਤਿ ਕਿਵੇਂ ਕਰਦੇ ਹਨ। ਜਦੋਂ ਤਿੱਤਰ ਦੀ ਗੱਲ ਕਰਦੇ ਹਨ ਤਾਂ ਤਿੱਤਰ ਦੇ ਬਾਰੇ ਪੰਜਾਬ ਵਿਚ ਜਿੰਨੀਆਂ ਵੀ ਕਹਾਵਤਾਂ ਪ੍ਰਸਿੱਧ ਹਨ, ਸਭ ਨਜ਼ਮ ਕਰ ਦਿੱਤੀਆਂ ਹਨ। ਪੰਜਾਬੀ ਸਾਹਿਤ ਵਿਚ ਤਿੱਤਰ ਦੀ ਅਵਾਜ਼ ਦੇ ਸਬੰਧ ਵਿਚ ਇੰਨ੍ਹਾਂ ਮਵਾਦ ਅੱਜ ਤਕ ਕਿਸੇ ਨੇ ਇਕੱਠਾ ਨਹੀਂ ਕੀਤਾ। ਆਮ ਤੌਰ ਤੇ ਤਿੱਤਰ ਦੀ ਅਵਾਜ਼ ਨਾਲ ਸਬੰਧਿਤ ਤਿੰਨ ਜਾਂ ਚਾਰ ਅਖੌਤਾਂ ਪ੍ਰਸਿੱਧ ਹਨ ਪਰ ਆਪ ਜੀ ਨੇ ਬਾਰਾਂ ਅਖੌਤਾਂ ਵਰਤੀਆਂ ਹਨ।(96) ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਫ਼ਰਮਾਉਂਦੇ ਹਨ :—

*ਰੱਖੀ ਤਿੱਤਰ ਬੋਲੀਆਂ ਮਗਜ਼ੋਂ ਭਰੇ ਕਲਾਮ*
*ਮਕਸਦ ਮਿਲਣ ਸੁਣੇਂਦਿਆਂ ਜਿਤ ਵਲ ਦਿਲ ਦਾ ਕਾਮ*
*ਸੁਣ ਆਸ਼ਿਕ ਆਵਾਜ਼ ਨੂੰ ਕਹਿੰਦਾ ਕਰ ਕਰ ਨਾਜ਼*
*ਇਸ਼ਕ ਕਜ਼ੀਆ ਚਾਣ ਚੱਕ ਤਿੱਤਰ ਦੀ ਆਵਾਜ਼*
*ਮਰਦ ਲੰਮਾ ਸੁਣ ਲ.ਫਜ਼ ਨੂੰ ਮਾਅਨੀ ਕਰੇ ਤਰਾਜ਼*
*ਆਬ ਸੁਮੰਦਰ ਲੁਕ ਲਕ ਤਿੱਤਰ ਦੀ ਆਵਾਜ਼*
*ਕਹੇ ਕਸਾਈ ਸੁਣ ਲਿਉ ਜੇ ਹੈ ਸਮਝ ਦਰਾਜ਼*
*ਸਿਰੀ ਖਰੋੜ੍ਹੇ ਢਕ ਰੱਖ ਤਿੱਤਰ ਦੀ ਆਵਾਜ਼*
*ਸੁਣ ਬੀਮਾਰ ਪੁਕਾਰਿਆ ਕਰਕੇ ਅਜਜ਼ ਨਿਆਜ਼*
*ਸੀਸ ਕਰੇਂਦਾ ਡਕ ਡਕ ਤਿੱਤਰ ਦੀ ਆਵਾਜ਼*
*ਨੱਕ ਵੱਢੇ ਕੰਨ ਚੋਰ ਦੇ ਉਹ ਹੁਣ ਕਹਿੰਦਾ ਰਾਜ਼*
*ਵੱਢ ਗਵਾਏ ਕੰਨ ਤਕ ਤਿੱਤਰ ਦੀ ਆਵਾਜ਼*
*ਕਰਦੀ ਮੀਰ ਸ਼ਿਕਾਰ ਦੀ ਰਮਜ਼ ਦਿਲੋਂ ਪਰਵਾਜ਼*
*ਚੜ੍ਹੀ ਕਬੂਤਰ ਤਕ ਤਕ ਤਿੱਤਰ ਦੀ ਆਵਾਜ਼*
*ਸੁਣ .ਫਰਮਾਏ ਬਾਣੀਆ ਹੋ ਇਸ਼ਰਤ ਪਰਵਾਜ਼*
*ਮਿਰਚ ਮਸਾਲਾ ਅਦਰਕ ਤਿੱਤਰ ਦੀ ਆਵਾਜ਼*
*ਸੁਣ ਕਹਿਆ ਤਰਖਾਣ ਨੇ ਹੋ ਤਕਰੀਰ ਨਵਾਜ਼*
*ਤੇਸ਼ਾ ਲਾਹੇ ਸੁਕ ਸੁਕ ਤਿੱਤਰ ਦੀ ਆਵਾਜ਼*
*ਕਹੇ ਲੋਂਹਾਰ ਵਿਚਾਰ ਕੇ ਹੋ ਗਰਦਨ ਅ.ਫਰਾਜ਼*
*ਆਹਰਨ ਦੇ ਸਰ ਠੱਕ-ਠੱਕ ਤਿੱਤਰ ਦੀ ਆਵਾਜ਼*
*ਭੁੱਖੇ ਨੇ ਸੁਣ ਆਖਿਆ ਸਮਝ ਵਜੇਂਦਾ ਸਾਜ਼*
*ਕੱਚਾ ਪੱਕਾ ਪੱਕ-ਪੱਕ ਤਿੱਤਰ ਦੀ ਆਵਾਜ਼*
*ਸੁਣੀ .ਗੁਲਾਮ ਰਸੂਲ ਨੇ ਪਈ ਪੁਕਾਰ ਨਮਾਜ਼*
*ਹੁਕਮ ਖ਼ੁਦਾ ਦਾ ਹੱਕ-ਹੱਕ ਤਿੱਤਰ ਦੀ ਆਵਾਜ਼।*

ਭਾਵ ਤਿੱਤਰ ਤਾਂ ਇਕ ਹੀ ਬੋਲੀ ਬੋਲਦਾ ਹੈ ਪਰ ਸੁਨਣ ਵਾਲੇ ਆਪਣੇ-ਆਪਣੇ ਖ਼ਿਆਲ ਅਨੁਸਾਰ ਅਰਥ ਕੱਢ ਲੈਂਦੇ ਹਨ। ਉਦਾਹਰਣ ਦੇ ਤੌਰ ਤੇ ਆਸ਼ਿਕ ਇਹ ਸਮਝਦਾ ਹੈ ਕਿ ਇਸ਼ਕ ਦਾ ਵਾਪਰਨਾ ਅਚਾਨਕ ਹੈ—ਲੰਬਾ ਆਦਮੀ ਸਮਝਦਾ ਹੈ ਕਿ ਸਮੁੰਦਰ ਦਾ ਪਾਣੀ ਲੱਕ-ਲੱਕ ਤਕ ਹੈ। ਕਸਾਈ ਸਮਝਦਾ ਹੈ ਕਿ ਤਿੱਤਰ ਕਹਿ ਰਿਹਾ ਹੈ ਕਿ ਸਿਰ ਅਤੇ ਪੈਰ ਜਮਾ ਕੇ ਰੱਖ। ਇਸੇ ਤਰ੍ਹਾਂ ਮਕਤਾ ਵਿਚ ਆਪ ਨੌਜਵਾਨੀ ਵਿਚ ਹੀ ਆਪਣੇ ਇਰਫ਼ਾਨ (ਗਿਆਨ) ਦੀ ਠਾਠ ਦਿਖਾ ਰਹੇ ਹਨ ਕਿ ਅਸਲ ਵਿਚ ਤਿੱਤਰ ਨਮਾਜ਼ ਲਈ ਬੁਲਾ ਰਿਹਾ ਹੈ ਅਤੇ ਕਹਿ ਰਿਹਾ ਹੈ ਕਿ ਅੱਲਾਹ ਦਾ ਹੁਕਮ ਹੱਕ ਹੈ।

ਮੌਲਵੀ ਸਾਹਿਬ ਕਾਫ਼ੀਆ ਬੰਦੀ ਦੇ ਬਾਦਸ਼ਾਹ ਹਨ। ਜਦੋਂ ਕੋਈ ਔਖਾ ਕਾਫ਼ੀਆ ਆਪ ਦੇ ਸਾਹਮਣੇ ਆਉਂਦਾ ਹੈ ਤਾਂ ਫਿਰ ਮਸਨਵੀ ਦੀ ਆਮ ਪਰੰਪਰਾ ਨੂੰ ਛੱਡ ਕੇ ਕਾਫ਼ੀਏ



ਦੇ ਪਿੱਛੇ ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਲਗਦਾ ਹੈ ਕਿ ਇਸ ਕਾਫ਼ੀਏ ਦੇ ਪਿੱਛੇ ਫੌਜ ਹੱਥ ਬੰਨੀ ਖੜੀ ਹੈ। ਸਾਰੀ ਮਸਨਵੀ ਵਿਚ ਕਵੀ ਨੇ ਲਗ ਭਗ ਬਾਰਾਂ ਥਾਂ ਤੇ ਆਪਣੀ ਇਸ ਕਾਫ਼ੀਏ ਦੀ ਵਰਤੋਂ ਵਿਚ ਕਾਫ਼ੀ ਪ੍ਰਵੀਨਤਾ ਦਿਖਾਈ ਹੈ। ਇਥੇ ਮੈਂ ਕੇਵਲ ਇਕ ਮੌਕੇ ਦੇ ਸ਼ਿਅਰ ਨਕਲ ਕਰਦਾ ਹਾਂ। ਇਹ ਸ਼ਿਅਰ ਪਿਛਲੀਆਂ ਘਟਨਾਵਾਂ ਨਾਲ ਸਬੰਧਤ ਹਨ। ਉਨ੍ਹਾਂ ਦਾ ਵਿਸਥਾਰ ਇਸ ਤਰ੍ਹਾਂ ਹੈ ਕਿ ਗਸਤਮ ਅਮੀਰ ਹਮਜ਼ਾ ਨੂੰ ਜ਼ਹਿਰ ਦੇ ਕੇ ਅਮੀਰ ਦੇ ਦੋਸਤਾਂ ਦੇ ਡਰ ਤੋਂ ਡਰਦਾ ਹੋਇਆ ਨੌਸ਼ੀਰਵਾਂ ਕੋਲ ਪਹੁੰਚ ਜਾਦੰਾ ਹੈ। ਜਦੋਂ ਉਸ ਨੂੰ ਖ਼ਬਰ ਮਿਲਦੀ ਹੈ ਕਿ ਅਮੀਰ ਹਮਜ਼ਾ ਅਜੇ ਜਿਉਂਦਾ ਹੈ ਅਤੇ ਉਹ ਲੰਧੋਰ ਨੂੰ ਫੜ ਕੇ ਨੌਸ਼ੀਰਵਾਂ ਦੇ ਕੋਲ ਲਿਆ ਰਿਹਾ ਹੈ ਤਾਂ ਉਹ ਤਖ਼ਤ ਨੂੰ ਛੱਡ ਦਿੰਦਾ ਹੈ। ਇੱਥੇ ਮੌਲਵੀ ਸਾਹਿਬ ਨੂੰ ਸ਼ਬਦ ਛੋੜ ਤੋਂ ਟੁਰਦਾ ਕਾਫ਼ੀਆ ਮਿਲ ਜਾਂਦਾ ਹੈ। ਮੈਂ ਮੌਲਵੀ ਸਾਹਿਬ ਦਾ ਸ਼ਿਅਰ ਪੇਸ਼ ਕਰਨ ਤੋਂ ਪਹਿਲਾਂ ਇਹ ਗੱਲ ਦੱਸਣੀ ਚਾਹੁੰਦਾ ਹਾਂ ਕਿ ਸੀਹਰਫ਼ੀਆਂ ਵਿਚ ਮੀਆਂ ਹਦਾਇਤੁੱਲਾ ਦਾ ਦਰਜਾ ਬਹੁਤ ਉੱਚਾ ਹੈ। ਮੀਆਂ ਸਾਹਿਬ ਦੀ ਇਸ ਕੋਸ਼ਿਸ਼ ਦੀ ਇਹ ਹਾਲਤ ਹੈ ਕਿ ਵਾਰਿਸ ਸ਼ਾਹ ਦੀ ਰਚਨਾ 'ਹੀਰ' ਵਿਚ ਜਿਹੜੇ ਸ਼ਿਅਰਾਂ ਦਾ ਆਪ ਜੀ ਨੇ ਵਾਧਾ ਕੀਤਾ ਹੈ, ਉਨ੍ਹਾਂ ਨੇ ਕਿਸੇ ਨੂੰ ਵੀ ਸ਼ੱਕ ਨਹੀਂ ਪਈ ਕਿ ਇਹ ਸ਼ਿਅਰ ਵਾਰਿਸ ਸ਼ਾਹ ਦੇ ਹਨ। 'ਹੀਰ' ਵਾਰਿਸ ਸ਼ਾਹ ਦਾ ਪ੍ਰਸਿੱਧ ਬੰਦ ਹੈ :—

*ਡੋਲੀ ਚੜ੍ਹਦਿਆਂ ਹੀਰ ਮਾਰੀਆਂ ਚੀਕਾਂ ਮੈਨੂੰ ਲੈ ਚੱਲ ਬਾਬਲਾ ਲੈ ਚੱਲ ਵੇ*

ਹਦਾਇਤੁੱਲਾ ਦੀ ਸੋਚ ਦੀ ਗੱਲ ਹੈ ਪ੍ਰੰਤੂ ਜਦ ਉਹ ਆਪਣੀ ਸੀਹਰਫ਼ੀ ਵਿਚ ਔਖੇ ਕਾਫ਼ੀਏ 'ੜੇ' ਤੇ ਆਉਂਦਾ ਹੈ ਤਾਂ ਕੇਵਲ ਚਾਰ ਤੁਕਾਂ ਹੀ ਕਹਿ ਸਕਿਆ ਹੈ।

(ਹ) *ਹੱਕ ਕਿਉਂ ਆਪਣਾ ਛੱਡਣਾ ਈਂ ਜੱਤੀ ਕਪੜਾ ਚੋਰ ਥੀਂ ਮੋੜ ਮੀਆਂ*
*ਤੋਬਾ ਵਾਲੜਾ ਕਿਸ ਥਾਂ ਭੌਰ ਤਾਜ਼ੀ ਵਾਗਾਂ ਢਿੱਲੀਆਂ ਛੱਤ ਤੋੜ ਮੀਆਂ*
*ਜੁੱਤੀ ਕਪੜਾ ਖ਼ੁੱਸ ਕੇ ਜ਼ਰਾ ਉਸ ਦੀ ਧੌਣ ਮਰੋੜ ਮੀਆਂ*
*ਜੁੱਤੀ ਕਪੜਾ ਹਦਾਇਤੁੱਲਾ ਦੁਸ਼ਮਣ ਜਾਣ ਸ਼ੈਤਾਨ ਹੈ ਚੋਰ ਮੀਆਂ।*

ਹੁਣ ਮੌਲਵੀ ਸਾਹਿਬ ਦਾ ਰੰਗ ਵੀ ਵੇਖੋ ਉਹ 'ੜ' ਦੇ ਕਾਫ਼ੀਏ ਨਾਲ ਕਿਸ ਤਰ੍ਹਾਂ ਖੇਲਦੇ ਹਨ:—

*ਡਰਦਾ ਅਰਬ ਅਮੀਰ ਥੀਂ ਗਿਆ ਮੈਦਾਨ ਛੋੜ*
*ਦੇਰੋਂ ਜੜਾਂ ਉਖੇੜੀਆਂ ਗਿਆ ਮੁਹਾਰਾਂ ਮੋੜ*
*ਝੱਗਾ ਚੌੜ ਹਰੀ.ਫ ਦਾ ਹੈਯਤ ਗਈ ਮਖੋੜ*
*ਕੀਤੇ ਅਮਲ ਸਿਆਹ ਤੇ ਗਰਦਨ ਗਈ ਮਰੋੜ*
*ਤੇ ਦੋ ਨੈਣ ਵਗਾਂਵਦੇ ਦਿਲ ਦਾ ਖ਼ੂਨ ਨਿਚੋੜ*
*ਵੈਰੀ ਨੇ ਕਾਅਬਾ ਛਾਣ ਕੇ ਦੰਦ ਦਵਾਏ ਓੜ*
*ਅਮਲ ਵਗਾਏ ਤਾਲਿਅ ਨੀ ਡੋਬੋ ਵਿਚ ਬੋੜ*
*ਨਾਲ ਹਰੀ.ਫ ਬਹਾਦਰਾਂ ਕੌਣ ਅਤੇ ਹੱਥ ਜੋੜ*
*ਹੁਣ ਦਮ ਨਾ ਕਟ ਸਕਦਾ ਦਿਲ ਹੋਇਆ ਅਣਮੋੜ*
*ਵੈਰੀ ਦਾ ਘਰ ਸਾਹਮਣਾ ਕੌਣ ਧਰਕਣ ਖੋੜ*

*ਕੱਢ ਦਰਿਆਉਂ ਲੈ ਗਿਆ ਕਹਿਰ ਗ਼ਜ਼ਬ ਵੱਲ ਮੋੜ*
*ਪਾਈਆ ਬਹੁਤ ਖ਼੍ਵਾਰੀਆਂ ਝੱਲੇ ਤਅਨ ਤਨੋੜ*
*ਵਸ ਨਾ ਰਹਿਆ ਦੱਸਣਾ ਖ਼ਾਰਾ ਕੁਵੱਤ ਅਰੋੜ*
*ਦਮ ਹਾਰੇ ਸਭ ਵਸਦੇ ਕਿਸ ਦੀ ਤੱਕੀ ਓੜ*
*ਦੇਰ ਪਏ ਅਰ ਸਖਣੇ ਕਿਤਨੇ ਲੱਖ ਕਰੋੜ*
*ਦੁਸ਼ਮਣਾਂ ਵਿਚ ਮੁਦਤਾਂ ਮਗ਼ਜ਼ ਘੁਰਿਆ ਫੋੜ*
*ਗਸਤਮ ਅੱਜ ਮਦਾਇਨੋਂ ਗਿਆ ਉਮੀਦਾਂ ਤੋੜ।(98)*

ਕਵਿਤਾ ਵਿਚ ਕਿੱਸੇ ਦਾ ਮੈਦਾਨ ਬਹੁਤ ਖੁੱਲਾ ਹੈ। ਘਟਨਾ 'ਚੋਂ ਘਟਨਾ ਨਿਕਲਦੀ ਰਹਿੰਦੀ ਹੈ। ਫੇਰ ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਕਾਬੂ ਵਿਚ ਰੱਖਣਾ ਅਤੇ ਇਕ ਘਟਨਾ ਨੂੰ ਦੂਜੀ ਘਟਨਾ ਨਾਲ ਇਸ ਤਰ੍ਹਾਂ ਮਿਲਾਉਣਾ ਕਿ ਪੜ੍ਹਣ ਵਾਲੇ ਨੂੰ ਪਤਾ ਵੀ ਨਾ ਚੱਲੇ ਕਿੱਸੇ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ, ਹਰੇਕ ਸ਼ਾਇਰ ਵਿਚ ਇਹ ਖ਼ੂਬੀ ਨਹੀਂ ਹੁੰਦੀ। ਫੇਰ ਇਕ ਘਟਨਾ ਤੋਂ ਦੂਜੀ ਘਟਨਾ ਵੱਲ ਇਸ ਤਰ੍ਹਾਂ ਪਲਟ ਜਾਣਾ ਕਿ ਪਾਠਕ ਉਕਸਾਹਟ ਮਹਿਸੂਸ ਨਾ ਕਰੇ ਹਰੇਕ ਕਵੀ ਦੇ ਵਸ ਦੀ ਗੱਲ ਨਹੀਂ। ਪ੍ਰੰਤੂ ਮੌਲਵੀ ਸਾਹਿਬ ਦੀ ਇਕ ਘਟਨਾ ਲਿਖਦੇ ਹੋਏ ਦੂਜੀ ਘਟਨਾ ਵਲ ਪਲਟ ਜਾਣ ਦਾ ਢੰਗ ਅਨੋਖਾ ਅਤੇ ਨਿਰਾਲਾ ਹੈ। ਆਪ ਇਕ ਸ਼ਿਅਰ ਵਿਚ ਇਹ ਉਦੇਸ਼ ਪੂਰਾ ਕਰ ਜਾਂਦੇ ਹਨ। ਸਮੰਦ ਖਾਂ ਅਤੇ ਖ਼ਵਾਜਾ ਅਹਿਮਦ ਆਪ ਜੀ ਦੇ ਦੋ ਮਿੱਤਰ ਹਨ। ਜਦੋਂ ਇਕ ਘਟਨਾ ਤੋਂ ਦੂਜੀ ਘਟਨਾ ਵੱਲ ਮੁੜਦੇ ਹਨ ਤਾਂ ਬੜੀ ਅਸਾਨੀ ਨਾਲ ਮਿੱਤਰਾਂ ਦੇ ਨਾਂ ਲੈਂਦੇ ਹਨ ਕਿ ਮੇਰੇ ਮਿੱਤਰਾਂ ਨੇ ਮੈਨੂੰ ਇਸ ਤਰ੍ਹਾਂ ਕਿਹਾ ਹੈ।(99)— ਮੌਲਵੀ ਸਾਹਿਬ ਕਹਿੰਦੇ ਹਨ :—

*ਐ ਦਿਲ ਕਰਕੇ ਮੁਖ਼ਤਸਰ ਇਹ ਗੱਲ ਐਥੇ ਤੋੜ*
*ਖ਼੍ਵਾਜਾ ਅਹਿਮਦ ਆਖਦਾ ਵਾਗ ਪਿਛਾੜੀ ਮੋੜ*
*ਛੋੜ ਗੁਲਾਮ ਰਸੂਲ ਹੁਣ ਇਸ ਝਗੜੇ ਦੀ ਬਾਤ*
*ਕਰਦਾ ਯਾਦ ਸਮੰਦ ਖਾਂ ਹਮਜ਼ਾ ਦੇ ਹਾਲਾਤ*

*ਮੇਲ ਗ਼ੁਲਾਮ ਰਸੂਲ ਹੁਣ ਹਮਜ਼ਾ ਯਾਰਾਂ ਨਾਲ*
*ਮੁੱਦਤ ਹੂਈ ਵਿਛੜਿਆਂ ਗਏ ਅਠਾਰਾਂ ਸਾਲ।*

*ਸ਼ਾਇਰ ਨੂੰ ਹੁਣ ਟੁੰਬਦੇ ਯਾਰ ਸਭੇ ਦਿਨ ਰਾਤ*
*ਕਿਉਂ ਆਵਰ ਅੰਗੇਜ਼ ਦੀ ਛੱਡ ਬੈਠੋਂ ਗੱਲ ਬਾਤ*

*ਬਸ ਗ਼ੁਲਾਮ ਰਸੂਲ ਹੁਣ ਐਥੇ ਛੋੜ ਬਿਆਨ*
*ਪਿਛਲਾ ਹਾਲ ਸੁਣਾ ਤੂੰ ਕਰਕੇ ਰਕਮ ਅਯਾਨ*



*ਹਮਜ਼ਾ ਉਮਰ ਅਯਾਰ ਦੀ ਐ ਦਿਲ ਗੱਲ ਸੁਣਾ।*
*ਛੋੜ ਅਹਿਵਾਲ ਨੌਂ ਸ਼ੀਰਵਾਂ ਰਹਿਣ ਦਿਉ ਇਕ ਦਾ*

ਕਲਾਮ ਵਿਚ ਲਗਾਤਾਰਤਾ ਤੇ ਆਪਸੀ ਸਬੰਧ ਅਤੇ ਅਰਥ ਵੱਲ ਵਾਪਸ ਆਉਣ ਦਾ ਇਹ ਢੰਗ ਮੌਲਵੀ ਸਾਹਿਬ ਦੀ ਆਪਣੀ ਕਾਢ ਹੈ। ਮਸਨਵੀ ਰੂਮੀ ਵਿਚ ਮੌਲਾਨਾ ਰੂਮ ਨੇ ਕਹਾਣੀਆਂ ਦੇ ਸੰਗ੍ਰਹਿ ਵਿਚ ਕਈ ਲੇਖ ਬਿਆਨ ਕੀਤੇ ਹਨ। ਵਿਭਿੰਨ ਲੇਖਾਂ ਦੇ ਸਬੰਧ ਵਿਚ ਕਈ ਤਮਸੀਲੀ ਕਹਾਣੀਆਂ ਲਿਆਏ ਹਨ। ਬਹੁਤ ਦੂਰ ਜਾ ਕੇ ਆਪਣੇ ਵਿਸ਼ੇ ਅਤੇ ਉਦੇਸ਼ ਵੱਲ ਮੁੜਦੇ ਹਨ, ਉਨ੍ਹਾਂ ਦੇ ਮੁੜਣ ਦਾ ਢੰਗ ਵੱਖਰਾ ਹੈ ?(100)

**ਨਸੀਹਤ ਅਤੇ ਸੁਭਾਅ ਦੀਆਂ ਗੱਲਾਂ**

ਮੌਲਵੀ ਗ਼ੁਲਾਮ ਰਸੂਲ (ਰਹਿ) ਆਲਮਪੁਰੀ ਆਪਣੇ ਪ੍ਰਚਾਰ ਦੇ ਮਿਸ਼ਨ ਤੋਂ ਵੀ ਬੇ ਖ਼ਬਰ ਨਹੀਂ ਹੁੰਦੇ ਅਤੇ ਨਾਲ ਹੀ ਇਸ਼ਕ ਮੁਹੱਬਤ, ਦੁਨੀਆ ਦੀ ਕੁਝ ਦਿਨਾਂ ਦੀ ਹਸਤੀ ਆਦਿ ਗੱਲਾਂ ਦੇ ਨਾਲ ਨਾਲ ਸਿੱਖਿਆ ਅਤੇ ਸਮਝ ਦੀਆਂ ਗੱਲਾਂ ਕਈ ਢੰਗ ਨਾਲ ਕਰ ਜਾਂਦੇ ਹਨ। ਮੌਲਵੀ ਸਾਹਿਬ ਦੇ ਕੁਝ ਸ਼ਿਅਰ ਸੁਣੋ :—

*ਜਦੋਂ ਵਗੇ ਹੜ੍ਹ ਫ਼ਜ਼ਲ ਦਾ ਰੋਹੜ੍ਹ ਖੜੇ ਦੁੱਖ ਸੂਲ*
*ਗਈਆਂ ਗੁਜ਼ਰ ਮੁਸੀਬਤਾਂ ਯਾਦ ਨਾ ਆਵਣ ਮੂਲ*
*ਦੁੱਖ-ਸੁੱਖ ਤੇ ਗ਼ਮ-ਖ਼ੁਸ਼ੀ ਹੈ ਐ ਗ਼ਫ਼ਿਲ ਮਤ ਭੂਲ*
*ਇਕੋ ਰਮਜ਼ ਪ੍ਰੇਮ ਦੀ ਜੇ ਸਕੇ ਲੈ ਮੂਲ*
*ਪਰ ਇਹ ਜੋ ਦਮ ਗੁਜ਼ਰਨਾ ਮੁੜ ਨਾ ਹੋਗ ਵਸੂਲ*
*ਤੇ ਅਗਲੇ ਤੇ ਧਰਮ ਤੇ ਛੋੜ ਉਮੀਦ ਨਾ ਮੂਲ*
*ਕੀ ਕਰਨੇ ਨੂੰ ਘੱਲਿਉਂ ਕੀ ਧਰਿਉਂ ਮਾਮੂਲ*
*ਆਇਉਂ ਫਤਿਹ ਕਮਾਵਨੋ ਖ਼ੁਦ ਹੋਇਉਂ ਮਕਤੂਲ*
*ਰਲਦੀ ਮਿਲਦੀ ਅਜ਼ ਥੀਂ ਯਾਰ ਨਾ ਹੋਣ ਮਲੂਲ*
*ਲਿਖਿਆ ਪੜ੍ਹੇ ਸਮੰਦ ਖਾਂ ਲਿਖੇ ਗ਼ੁਲਾਮ ਰਸੂਲ।*

**ਅਰਥ** :— ਮੌਲਵੀ ਸਾਹਿਬ ਫ਼ਰਮਾਉਂਦੇ ਹਨ ਕਿ ਜਦੋਂ ਅੱਲਾਹ ਤਆਲਾ ਦੀ ਮਿਹਰ ਤੇ ਕਰਮ ਹੁੰਦਾ ਹੈ ਤਾਂ ਉਹ ਦੁੱਖਾਂ ਨੂੰ ਵਹਾ ਕੇ ਲੈ ਜਾਂਦਾ ਹੈ ਅਤੇ ਫੇਰ ਕਦੇ ਦੁੱਖ ਯਾਦ ਵੀ ਨਹੀਂ ਆਉਂਦੇ। ਪ੍ਰੰਤੂ ਗ਼ਾਫਿਲ ਇਨਸਾਨ ਦੁੱਖ-ਸੁੱਖ, ਗ਼ਮ-ਖ਼ੁਸ਼ੀ ਇਹ ਜੀਵਨ ਦਾ ਅੰਗ ਹਨ। ਪਤੇ ਦੀ ਗੱਲ ਇਹ ਹੈ ਕਿ ਤੂੰ ਸਿਰਫ਼ ਪਿਆਰ ਕਰ ਅਤੇ ਪਿਆਰ ਹੀ ਇਕ ਅਜਿਹਾ ਜਜ਼ਬਾ ਹੈ ਜਿਸਦੀ ਦੁਨੀਆ ਵਿਚ ਲੋੜ ਹੈ ਜੋ ਸਮਾਂ ਲੰਘ ਰਿਹਾ ਹੈ, ਇਹ ਮੁੜ ਕੇ ਨਹੀਂ ਆਵੇਗਾ। ਇਹੀ ਇਕ ਪਲ ਹੈ ਜਿਸ ਵਿਚ ਚੰਗਾ ਕੰਮ ਕਰ ਲੈ। ਜ਼ਰਾ ਧਿਆਨ ਕਰ ਕਿ ਤੂੰ ਇਸ ਸੰਸਾਰ ਵਿਚ ਕੀ ਕਰਨ ਲਈ ਆਇਆ ਹੈਂ ਅਤੇ ਤੇਰਾ ਮਾਮੂਲ ਕੀ ਹੈ। ਤੈਨੂੰ ਤਾਂ ਚੰਗੇ ਕੰਮ ਕਰਨ ਲਈ ਭੇਜਿਆ ਗਿਆ ਹੈ ਪ੍ਰੰਤੂ ਇੱਥੇ ਆ ਕੇ ਤੂੰ ਆਪਣੇ ਆਪ ਨੂੰ ਜ਼ਿਲਤ ਵਿਚ ਸੁੱਟ ਲਿਆ ਹੈ, ਆਪਣੀ ਹੋਂਦ ਨੂੰ ਖ਼ਤਮ ਕਰ ਲਿਆ ਹੈ। ਮੈਂ ਰਮਜ਼ ਨਾਲ ਗੱਲ ਕੀਤੀ ਹੈ ਮੇਰੇ ਦੋਸਤ ਗੁੱਸੇ ਨਾ ਹੋਣ। ਗੁਲਾਮ ਰਸੂਲ ਲਿਖ ਰਿਹਾ ਹੈ ਮੇਰਾ ਮਿੱਤਰ ਸਮੰਦ ਖਾਂ ਪੜ੍ਹੇਗਾ।

ਸ਼ਬਦ ਮੂਲ ਮੌਲਵੀ ਸਾਹਿਬ ਨੇ ਤਿੰਨ ਵਾਰ ਵਰਤਿਆ ਹੈ। ਤਿੰਨੇ ਵਾਰ ਵੱਖ-ਵੱਖ

ਅਰਥ ਸਾਹਮਣੇ ਆਉਂਦੇ ਹਨ—ਮੂਲ-ਬਿਲਕੁਲ, ਮੂਲ-ਖ਼ਰੀਦ, ਮੂਲ-ਹਰਗਿਜ਼। ਦਾਸਤਾਨ ਅਮੀਰ ਹਮਜ਼ਾ ਵਿਚ ਹੀ ਦਿਨ ਸਿਲਸਿਲੇ ਦੀਆਂ ਕੁੱਝ ਹੋਰ ਉਦਾਹਰਨਾਂ ਵੇਖੋ :—

*ਕਾਨੂੰ ਸੁਨਹਿਰੇ ਆਲ੍ਹਣੇ ਵਛ ਕਰੇ ਮਤ ਦੇਹ*
*ਕੁਕੜ ਤਖ਼ਤ ਬਹਾਲਿਆ ਅੰਤ ਖਲਾਰੇ ਖੇਹ*
*ਬਘਿਆੜਾਂ ਨੂੰ ਪਾਲਣਾ ਚੰਗਾ ਕਦੀ ਨਾ ਹੋ*
*ਬਿੱਲੀ ਨੂੰ ਟੁੱਕ ਪਾਇ ਕੇ ਕੁੱਕੜ ਥੀਂ ਹੱਥ ਧੋ*
*ਸ਼ੀਸ਼ ਮਹਿਲ ਵਿਚ ਬੈਠੀਆਂ ਅੱਵਲ ਸੰਗ ਨਾ ਮਾਰ*
*ਇਕੋ ਸੰਗ ਹਰੀਫ਼ ਦਾ ਖ਼ਾਨਾ ਕਰੇ ਖ਼੍ਵਾਰ*
*ਸ਼ਹਿਰ ਸੰਵਾਰੇ ਕਾਰ ਤੇ ਜ਼ਹਿਰ ਨਹੀਂ ਦਰਕਾਰ*
*ਨਕਦ ਖ਼ਲਾਸੀ ਭਲੀ ਹੈ ਮੰਦਾ ਰਾਜ ਉਧਾਰ*
*ਲਾਹੇ ਦੀ ਉਮੀਦ ਤੇ ਰਹੋ ਨਾ ਮੂਲ ਵੰਜਾ*
*ਜੇ ਦੇਖੋ ਧਨ ਜਾਂਵਦਾ ਅੱਧਾ ਦਿਉ ਲੁਟਾ।*

**ਅਰਥ** :—ਇਥੇ ਮੌਲਵੀ ਸਾਹਿਬ ਨੇ ਬਹੁਤ ਸੋਹਣੇ ਢੰਗ ਨਾਲ ਨਸੀਹਤਾਂ (ਉਪਦੇਸ਼) ਕੀਤੀਆਂ ਹਨ।

ਕਾਂ ਨੂੰ ਜੇਕਰ ਸੁਨਹਿਰੀ ਆਲ੍ਹਣੇ ਵਿਚ ਬਿਠਾ ਦਿੱਤਾ ਜਾਵੇ ਤਾਂ ਉਸ ਦੀ ਅਸਲੀਅਤ ਬਦਲ ਨਹੀਂ ਸਕਦੀ ਜਿਸ ਤਰ੍ਹਾਂ ਦੇ ਪੰਛੀ ਜਾਂ ਪੰਛੀ ਦੀ ਖ਼ੂਬੀ ਰੱਖਣ ਵਾਲੇ ਮਨੁੱਖ ਨੂੰ ਮੁਹਰੀ ਬਣਾ ਦਿੱਤਾ ਜਾਵੇ ਤਾਂ ਉਹ ਮਿੱਟੀ ਹੀ ਉਡਾਵੇਗਾ ਭਾਵ ਕੋਈ ਚੰਗਾ ਕੰਮ ਨਹੀਂ ਕਰੇਗਾ। ਜੇਕਰ ਤੂੰ ਆਪਣੇ ਮੁਰਗ਼ੇ ਨੂੰ ਸੁਰੱਖਿਅਤ ਰੱਖਣਾ ਚਾਹੁੰਦਾ ਹੈ ਤਾਂ ਬਿੱਲੀ ਨੂੰ ਰੋਟੀ ਨਾ ਪਾ ਤਾਂ ਕਿ ਉਹ ਤੇਰੇ ਘਰ ਨਾ ਆਵੇ। ਸ਼ੀਸ਼ੇ ਦੇ ਘਰ ਵਿਚ ਬੈਠ ਕੇ ਪੱਥਰ ਨਾ ਮਾਰ ਭਾਵ ਦੂਸਰਿਆਂ ਦੀਆਂ ਘਾਟਾਂ ਅਤੇ ਗਲਤੀਆਂ ਨੂੰ ਲੋਕਾਂ ਕੋਲ ਬਿਆਨ ਨਾ ਕਰੋ। ਜ਼ਰਾ ਆਪਣੇ ਐਬਾਂ ਤੇ ਧਿਆਨ ਕਰ, ਜੇਕਰ ਤੇਰੀਆਂ ਗ਼ਲਤੀਆਂ ਵੱਧ ਹਨ ਤਾਂ ਦੂਜਾ ਵਿਅਕਤੀ ਤੇਰੇ ਇਕ ਐਬ ਨਾਲ ਤੇਰਾ ਖ਼ਾਨਾ ਖ਼ਰਾਬ ਕਰ ਦੇਵੇਗਾ। ਜੋ ਕੰਮ ਡਰਾ ਧਮਕਾ ਕੇ ਹੋ ਸਕਦਾ ਹੈ, ਉਸਦੇ ਲਈ ਲੜਾਈ ਦੀ ਲੋੜ ਨਹੀਂ। ਉਧਾਰ ਦਾ ਕਾਰੋਬਾਰ ਕਰਨ ਨਾਲੋਂ ਨਕਦ ਵਧੀਆ ਹੈ। ਲਾਭ ਦੀ ਉਮੀਦ ਤੇ ਅਸਲ ਰਕਮ ਨਾ (ਮੂਲਧਨ) ਖੋ ਦੇਣਾ। ਜੇਕਰ ਸਭ ਕੁਝ ਜਾਂਦਾ ਵੇਖੋ ਤਾਂ ਅੱਧਾ ਲੁਟਾ ਕੇ ਬਾਕੀ ਬਚਾ ਲਵੋ।

*****



# ਫ਼ਿਰਦੌਸੀ ਅਤੇ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)

ਫ਼ਿਰਦੌਸੀ ਅਤੇ ਮੌਲਵੀ ਗ਼ੁਲਾਮ ਰਸੂਲ ਦੀ ਸ਼ਾਇਰੀ ਦੀ ਤੁਲਨਾ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਕੁਝ ਸਾਂਝੇ ਅਤੇ ਕੁਝ ਵੱਖੋ-ਵੱਖਰੇ ਜੀਵਨ ਦੇ ਪਹਿਲੂਆਂ ਤੇ ਚਾਨਣਾ ਪਾਉਣਾ ਚਾਹੁੰਦਾ ਹਾਂ। ਪਹਿਲੀ ਗੱਲ ਤਾਂ ਇਹ ਕਿ ਇਹ ਦੋਵੇਂ ਵੱਡੇ ਕਵੀ ਪੇਂਡੂ ਸਨ। ਦੋਵਾਂ ਦੇ ਪੁਰਖਿਆਂ ਦਾ ਧੰਦਾ ਜ਼ਿਮੀਂਦਾਰਾ ਸੀ। ਦੋਵਾਂ ਦੀ ਸ਼ਾਇਰੀ ਦਾ ਵਿਸ਼ਾ ਇਕ ਹੀ ਹੈ, ਭਾਵ ਰਜ਼ਮੀਆ (ਜੰਗ ਨਾਮਾ) ਫ਼ਿਰਦੌਸੀ ਨੇ ਈਰਾਨ ਦਾ ਕਿੱਸਾ ਲਿਖਿਆ ਤਾਂ ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਨੇ ਅਰਬ ਦਾ। ਫ਼ਿਰਦੌਸੀ ਦਾ ਨਾਇਕ ਰੁਸਤਮ ਈਰਾਨੀ ਹੈ ਜਦੋਂ ਕਿ ਮੌਲਵੀ ਸਾਹਿਬ ਦਾ ਨਾਇਕ ਹਜ਼ਰਤ ਅਮੀਰ ਹਮਜ਼ਾ (ਰਜੀ.) ਹੈ। ਕਿੱਸਾਪਣ ਦੋਵੇ ਕਿੱਸਿਆਂ ਵਿਚ ਬਹੁਤ ਜ਼ਿਆਦਾ ਹੈ।(101)

*ਮਨੁਸ਼ ਕਰਦਾ ਅਮ ਰੁਸਤਮ ਦਾਸਤਾਂ*
*ਵਗਰਨਾ ਯਕੇ ਬੂਦ ਦਰ ਸੀਸਤਾਂ।*

**ਅਰਥ** :— ਮੈਂ ਰੁਸਤਮ ਦੀ ਦਾਸਤਾਨ ਲਿਖ ਕੇ ਉਸ ਨੂੰ ਰੁਸਤਮ ਬਣਾਇਆ। ਨਹੀਂ ਤਾਂ ਉਹ ਸੀਸਤਾਨ ਦਾ ਇਕ ਪਹਿਲਵਾਨ ਹੀ ਸੀ। ਇਸੇ ਤਰ੍ਹਾਂ ਹਜ਼ਰਤ ਅਮੀਰ ਹਮਜ਼ਾ (ਰਜੀ.) ਵੀ ਆਪਣੇ ਸਮੇਂ ਵਿਚ ਇਕ ਤਾਕਤਵਰ ਨੌਜਵਾਨ ਸਨ। ਇਥੇ ਤੱਕ ਸਾਂਝ ਮਿਲਦੀ ਹੈ। ਹੁਣ ਵੱਖਰਾਪਣ ਵੀ ਵੇਖੋ। ਸ਼ਾਹਨਾਮਾ ਲਿਖਦੇ ਸਮੇਂ ਫ਼ਿਰਦੌਸੀ ਦੀ ਉਮਰ 50 ਸਾਲ ਤਕ ਪਹੁੰਚੀ ਅਤੇ ਉਹ ਸ਼ਾਹੀ ਸਹਾਇਤਾ ਦੀ ਆਸ ਵਿਚ ਕੰਮ ਕਰਦਾ ਰਿਹਾ ਸੀ। ਜਿਵੇਂ ਉਹ ਕਹਿੰਦਾ ਹੈ:—

*ਬਸੇ ਰੰਜ ਬੁਰਦਮ ਦਰੀਂ ਸਾਲ ਸੀ*
*ਅਜਮ ਜ਼ਿੰਦਾ ਕਰਦਮ ਬਦੀਂ ਪਾਰਸੀ*
*ਚੂੰ ਸੀ ਸਾਲ ਬੁਰਦਮ ਬਾ ਸ਼ਾਹਨਾਮਾ ਰੰਜ*
*ਕਿ ਸ਼ਾਹਮ ਬਾ ਬਖ਼ਸ਼ੀਦ ਦੌਂ ਰਾਸ਼ ਗੰਜ*
*ਕਿਨੂੰ ਉਮਰ ਨਜ਼ਦੀਕ ਹੱਸ਼ਤਾਦ ਸ਼ੁਦ*
*ਉਮੀਦਮ ਬਾ ਯਕ ਬਾਰ੍ਹੇ ਬਰਬਾਦ ਸ਼ੁਦ*

**ਅਰਥ** : ਇਨ੍ਹਾਂ ਤੀਹ ਸਾਲਾਂ ਵਿਚ ਮੈਂ ਬੜੀਆਂ ਤਕਲੀਫ਼ਾਂ ਬਰਦਾਸ਼ਤ ਕੀਤੀਆਂ। ਮੈਂ ਇਸ ਫ਼ਾਰਸੀ ਵਿਚ ਈਰਾਨ ਨੂੰ ਜੀਵਤ ਕਰ ਦਿੱਤਾ। ਜਦੋਂ ਮੈਂ ਤੀਹ ਸਾਲ ਵਿਚ ਇਹ ਸ਼ਾਹਨਾਮਾ ਮੁਕੰਮਲ ਕਰ ਲਿਆ ਕਿ ਸ਼ਾਹ ਮੈਨੂੰ ਇਸ ਦੇ ਬਦਲੇ ਵਿਚ ਖ਼ਜ਼ਾਨਾ ਦੇਵੇਗਾ। ਹੁਣ ਜਦੋਂ ਕਿ ਮੇਰੀ ਉਮਰ ਅੱਸੀ ਸਾਲ ਦੇ ਲਗਭਗ ਹੋ ਗਈ ਪ੍ਰੰਤੂ ਮੇਰੀਆਂ ਸਾਰੀਆਂ ਉਮੀਦਾਂ ਖ਼ਤਮ ਹੋ ਗਈਆਂ।

ਪਤਾ ਚਲਦਾ ਹੈ ਕਿ ਫ਼ਿਰਦੌਸੀ ਨੇ ਸ਼ਾਹਨਾਮਾ ਤੀਹ ਸਾਲਾਂ ਵਿਚ ਇਸ ਉਮੀਦ ਤੇ ਲਿਖਿਆ ਕਿ ਬਾਦਸ਼ਾਹ ਉਸ ਨੂੰ ਇਨਾਮ ਦੇਵੇਗਾ। ਪੰਜਾਹ ਸਾਲ ਦੀ ਉਮਰ ਤੋਂ ਅੱਸੀ ਸਾਲ ਦੀ ਉਮਰ ਤੱਕ ਲਿਖਦਾ ਰਿਹਾ ਅਤੇ ਸੱਠ ਹਜ਼ਾਰ ਸ਼ਿਅਰ ਲਿਖੇ। ਇਸ ਦੇ ਮੁਕਾਬਲੇ ਵਿਚ ਮੌਲਵੀ ਸਾਹਿਬ ਨੇ ਤਿੰਨ ਮਹੀਨਿਆਂ ਵਿਚ ਵੀਹ ਹਜ਼ਾਰ ਸ਼ਿਅਰ ਲਿਖੇ। ਫ਼ਿਰਦੌਸੀ ਨੇ ਜਦੋਂ ਸ਼ਾਹਨਾਮਾ ਲਿਖਣਾ ਸ਼ੁਰੂ ਕੀਤਾ ਤਾਂ ਪਕੇਰੀ ਉਮਰ ਨੂੰ ਪਹੁੰਚ ਚੁੱਕਿਆ ਸੀ। ਉਸਦੇ ਮੁਕਾਬਲੇ ਵਿਚ ਮੌਲਵੀ ਸਾਹਿਬ ਦਾ ਬਚਪਨ ਸੀ। ਇਥੇ ਦੋਵਾਂ ਕਵੀਆਂ ਦੇ ਸਾਂਝੇ ਵਿਸ਼ਿਆਂ ਉਪਰ ਵਿਚਾਰ ਕੀਤਾ ਜਾਂਦਾ ਹੈ। ਅਮੀਰ ਹਮਜ਼ਾ ਇਕ ਦੇਵ ਤੇ ਸਵਾਰੀ ਕਰਦੇ ਹਨ। ਇਸੇ ਤਰ੍ਹਾਂ ਰੁਸਤਮ ਇਕ ਦੇਵ ਤੇ ਸਵਾਰ ਹੁੰਦਾ ਹੈ। ਜਦੋਂ ਦੇਵ ਉਚਾਈ ਤੇ ਪਹੁੰਚਦੇ ਹਨ ਤਾਂ ਉਹਨਾਂ ਦੀ ਨੀਯਤ ਬਦਲ ਜਾਂਦੀ ਹੈ ਅਤੇ ਹਰੇਕ ਆਪਣੇ ਸਵਾਰ ਨੂੰ ਪੁੱਛਦਾ ਹੈ ਕਿ ਦੱਸ ਤੈਨੂੰ ਕਿਥੇ ਸੁੱਟਾਂ।(102) ਇਸ ਘਟਨਾਂ ਨੂੰ ਦੋਵੇਂ ਕਵੀਆਂ ਦੇ ਵੱਖੋ-ਵੱਖਰੇ ਢੰਗ ਵਿਚ ਸੁਣੋ
:

ਫ਼ਿਰਦੌਸੀ

*ਚੂੰ ਰੁਸਤਮ ਬਜੁ ਥੀਦ ਬਰ ਖ਼ੇਸ਼ਤਨ*
*ਚੁਨੀਂ ਗੁ.ਫਤ ਜ਼ਆਂ ਕਿਹ ਐ ਪੀਲਤਨ*
*ਯਕੀ ਆਰਜ਼ੂ ਕੁਨ ਕਿਹ ਤਾ ਅਜ਼ ਹਵਾ*
*ਕੁਜਾ ਆਯਦ ਅਕਨੂੰ .ਫਗੰਦਨ ਰਵਾ*
*ਸੁਈ ਆਬਤ ਅੰਦਾਜ਼ਮ ਅਜ਼ ਸੁਈ ਕੋਹ*
*ਕੁਜਾ ਖ਼੍ਵਾਹੀ ਉ.ਫਤਾਦ ਦੂਰ ਅਜ ਗਿਰੋਹ*
*ਚੂੰ ਰੁਸਤਮ ਬਗੁ.ਫਤਾਰ ਊ ਬ ਨਗਰੀਦ*
*ਤਨ ਅੰਦਰ ਕ.ਫ ਆਂ ਦੇਵ ਵਾਜ਼ੂਨਾ ਦੀਦ*
*ਚੁਨੀਂ ਗੁ.ਫਤ ਬਾਦਿਲ ਗੋ ਪੀਂਲਤਨ*
*ਕਿਹ ਅਜ਼ ਚਾਰਾ ਬਾ ਨੀਸਤ ਦਰ ਹਰ ਸੁਖ਼ਨ*
*ਕਿਨੂੰ ਹਰ ਚਿਹ ਗੋਇਮਸ਼ ਜੁਜ਼ ਆਂ ਕੁਨਦ*
*ਨਾ ਸੋਗੰਦ ਦਾਨਦ ਨਾ ਪੈਮਾਂ ਕੁਨਦ*
*ਗਰ ਈਦੂੰ ਕਿਹ ਗੋਇਮ ਬਦਰਿਆ .ਫ ਗਨ*
*ਬਕੋਹ ਅ.ਫਗੰਦ ਬਦ ਗੋਹਰ ਅਹਰਮਨ*
*ਬਕੂ ਹਮ ਜ਼ਨਦ ਤਾ ਸ਼ਵਮ ਰੀਜ਼ ਰੀਜ਼*
*ਬਦਾਂ ਤਾ ਬਰ ਆਯਦ ਜ਼ਮਨ ਰੁਸਤਖ਼ੀਜ਼*
*ਯਕੀ ਚਾਰਾ ਬਾਯਦ ਕਿਨੂੰ ਸਾਖ਼ਤਨ*
*ਕਿਹ ਦਾਨਿਸ਼ ਬਆਬ ਆਯਦ ਅੰਦਾਖ਼ਤਨ*
*ਚੁਨੀਂ ਦਾਦ ਪਾਸਖ਼ ਕਿਹ ਦਾਨਾਈ ਚੀਨ*
*ਯਕੀ ਦਾਸਤਾਨੇ ਜ਼ਦਸਤ ਅੰਦਰੀਨ*
*ਕਿਹ ਦਰ ਆਬ ਹਰ ਕੋ ਬਰ ਆਯਦ ਹੋਸ਼*
*ਬ ਮੈਮੂਨਾ ਬੀਨਦ ਰਵਾਨਿਸ਼ ਸਰੋਸ਼*



*ਬ ਮਾਂਦ ਬਜ਼ਾਰੀ ਰਵਾਨਿਸ਼ ਬਜਾਏ*
*ਖ਼ਰਾਮਾਸ਼ ਨਯਾਬਦ ਬਾ ਦੀਗਰ ਸਰਾਏ*
*ਬ ਦਰਿਆ ਨਯਾਯਦ ਕਿ ਅੰਦਾਜ਼ੀਮ*
*ਕ.ਫਨ ਸੀਨਾ-ਏ-ਮਾਹੀਆਂ ਸਾਜ਼ੀਮ*
*ਬਕੂ ਹਮ ਦਰ ਅੰਦਾਜ਼ ਤਾ ਬੁਰਦ ਸ਼ੇਰ*
*ਬਾ ਬੀਨਦ ਬਜੰਗਾਲ ਆਂ ਮਰਦ ਦੇਰ (103)*

ਮੌਲਵੀ ਗ਼ੁਲਾਮ ਰਸੂਲ

*ਫਿਰ ਪੁੱਛੇ ਹੁਣ ਹਮਜ਼ਿਆ ਕੈਡਕ ਜ਼ਮੀ ਮਕਾਮ*
*ਛੋਟੇ ਹੁਜਰੇ ਵਾਂਗ ਹੈ ਕਹਿਆ ਧਰਤ ਤਮਾਮ*
*ਫਿਰ ਕਹਿੰਦਾ ਹੁਣ ਦੱਸ ਖਾਂ ਕਿੱਥੇ ਮਾਰਾਂ ਚਾਅ*
*ਯਾ ਕਹਿ ਵਿਚ ਪਹਾੜ ਦੇ ਯਾ ਅੰਦਰ ਦਰਿਆ*
*ਸੁਣ ਹਮਜ਼ਾ .ਫਰਮਾਂਵਦਾ ਇਹ ਕੀ ਕਰੇਂ ਜ.ਫਾ*
*ਕੀ ਮੇਰੇ ਅਹਿਸਾਨ ਦਾ ਲੱਗੋਂ ਕਰਨ ਵ.ਫਾ*
*ਦੇਵ ਕਹੇ ਐ ਖ਼ਾਕੀਆ ਗਿਉਂ ਅਕਲ ਥੀਂ ਭੁੱਲ*
*ਨਾਂ ਸੁਣਿਆਂ ਜੋ ਦੇਵ ਦੇ ਕੰਮ ਅਪੁੱਠੇ ਕੁਲ*
*ਭਲਾ ਕਰੇ ਜੋ ਦੇਵ ਥੀਂ ਬੁਰਾ ਕਰੇ ਦੇਵ ਤੀਕ*
*ਹੁਣ ਬਦਲਾ ਅਹਿਸਾਨ ਦਾ ਮਿਲਣ ਲੱਗਾ ਨਜ਼ਦੀਕ*
*ਸੁਣ ਹਮਜ਼ਾ ਵਿਚ ਦਿਲੇ ਦੇ ਪਛਤਾਵੇ ਸੌ ਵਾਰ*
*ਹੋ ਬੈਠਾ ਮੈਂ ਕਾਸਨੂੰ ਦੁਸ਼ਮਣ ਤੇ ਅਸਵਾਰ*
*ਸੋਚ ਕਰੇ ਜੇ ਕਹਾਂ ਮੈਂ ਮਾਰ ਅੰਦਰ ਦਰਿਆ*
*ਮਾਰੇ ਉਪਰ ਕੋਹ ਦੇ ਮੈਨੂੰ ਐ ਉਠਾ*
*ਮੇਰੀ ਹੱਡੀ ਪਸਲੀ ਹੋ ਜਾਵੇਗੀ ਚੂਰ*
*ਮੁ.ਫਤ ਮਿਲੇ ਬਿਨਯਾਰ ਦੇ ਜਿੰਦ ਹੋਵੇਗੀ ਦੂਰ*
*ਪਰ ਜੇ ਉਸ ਨੂੰ ਕਹਾਂ ਮੈਂ ਉਪਰ ਕੋਹ ਵਗਾ*
*ਇਹ ਅਪੁੱਠਾ ਦੇਵ ਹੈ ਸੁੱਟ ਸੀ ਵਿਚ ਦਰਿਆ*
*ਪਾਣੀ ਦੇ ਵਿਚ ਪਵਾਂਗਾ ਇਹ ਦਿਲ ਸੋਚ ਧਰੇ*
*ਜਾਨ ਮੇਰੀ ਬਚ ਜਾਵਸੀ ਜੇ ਰੱਬ .ਫਜ਼ਲ ਕਰੇ*
*ਕਹਿੰਦਾ ਸੁੱਟ ਪਹਾੜ ਤੇ ਮਰਸਾਂ ਟੁਕੜੇ ਹੋ*
*ਟੁੱਟੇ ਹੱਡੀ ਪੱਸਲੀ ਖ਼ਬਰ ਨਾ ਪਾਵੇ ਕੋ*
*ਦੇਵ ਕਹੇ ਕਮ ਦੇਵ ਦਾ ਉਲਟਾ ਹੈ ਹਰ ਹਾਲ*
*ਤੇਰਾ ਕਿਹਾ ਕਿਉਂ ਕਰਾਂ ਪਾਵਾਂ ਤੁਧ ਵਬਾਲ*
*ਖਾਵਣ ਤੈਨੂੰ ਮੱਛੀਆਂ ਸੁੱਟਾਂ ਵਿਚ ਦਰਿਆ*
*ਮੱਛੀ ਕੋਈ ਰੱਜ ਕੇ ਮੈਂ ਹੱਕ ਕਰੇ ਦੁਆ*

*ਐਹ ਗੱਲ ਕਹਿ ਦਰਿਆ ਵੱਲ ਮਾਰਿਆ ਹਮਜ਼ੇ ਨੂੰ*
*ਹਮਜ਼ਾ ਤਾਈਂ ਸੁੱਟ ਕੇ ਨੱਸਾ ਹਾਲ ਜ਼ਬੂੰ (104)*

ਫ਼ਿਰਦੌਸੀ ਅਤੇ ਮੌਲਵੀ ਸਾਹਿਬ ਦੇ ਇੱਕੋ ਜਿਹੇ ਵਿਸ਼ਿਆਂ ਤੇ ਰਚੇ ਗਏ ਸ਼ਿਅਰਾਂ ਨੂੰ ਵੇਖਣ ਤੋਂ ਪਹਿਲਾਂ ਦੋਵਾਂ ਦੇ ਹਾਲਾਤ ਦੇ ਅੰਤਰ ਨੂੰ ਸਾਹਮਣੇ ਰੱਖਿਆ ਜਾਵੇ।

(1) ਇਕ ਪਾਸੇ 70-72 ਸਾਲ ਦਾ ਤਜਰਬੇਕਾਰ ਵੱਡੀ ਉਮਰ ਦਾ ਵਿਅਕਤੀ ਹੈ ਅਤੇ ਦੂਜੇ ਪਾਸੇ ਇਕ ਨੌਜਵਾਨ ਹੈ ਜੋ ਅਜੇ ਭਰਪੂਰ ਜਵਾਨ ਵੀ ਨਹੀਂ ਹੋਇਆ।

(2) ਫ਼ਿਰਦੌਸੀ ਸ਼ਾਹੀ ਸਹਾਇਤਾ ਦੀ ਆਸ ਵਿਚ ਸ਼ਿਅਰ ਲਿਖ ਰਿਹਾ ਹੈ। ਮੌਲਵੀ ਸਾਹਿਬ ਦੇ ਸਾਹਮਣੇ ਸਮੰਦ ਖਾਂ ਅਤੇ ਖ਼੍ਵਾਜਾ ਅਹਿਮਦ ਵਰਗੇ ਦੋਸਤਾਂ ਦੀ ਸ਼ਾਬਾਸ਼ ਦੇ ਇਲਾਵਾ ਕੁਝ ਵੀ ਨਹੀਂ।

(3) ਫ਼ਿਰਦੌਸੀ ਇਕ ਅਜਿਹੀ ਭਾਸ਼ਾ ਵਿਚ ਸ਼ਿਅਰ ਕਹਿ ਰਿਹਾ ਹੈ ਜਿਸ ਦੇ ਪਿੱਛੇ ਇਕ ਪੂਰੀ ਕੌਮ ਹੈ ਅਤੇ ਉਹ ਕੌਮ ਜੋ ਆਪਣੀ ਭਾਸ਼ਾ, ਸਾਹਿਤ, ਰਹਿਣ-ਸਹਿਣ, ਸਭਿਅਤਾ, ਧਰਮ, ਬਾਦਸ਼ਾਹੀ ਅਤੇ ਇਤਿਹਾਸ ਦੇ ਮੁਕਾਬਲੇ ਵਿਚ ਦੁਨੀਆ ਦੀਆਂ ਸਾਰੀਆਂ ਕੌਮਾਂ ਨੂੰ ਤੁੱਛ ਅਤੇ ਹੀਣ ਸਮਝਣ ਦੀ ਆਦੀ ਹੈ। ਇਸ ਦੇ ਮੁਕਾਬਲੇ ਵਿਚ ਮੌਲਵੀ ਸਾਹਿਬ ਦੀ ਕਾਵਿ ਸ਼ੈਲੀ ਭਾਸ਼ਾ ਦੇ ਵਾਰਿਸ ਪੰਜਾਬ ਦੇ ਸਾਹਿਤਕ ਘੇਰੇ ਹਮੇਸ਼ਾ ਹੀ ਹੀਣਤਾ ਦਾ ਸ਼ਿਕਾਰ ਰਹੇ। ਇਸ ਤੋਂ ਵਧ ਪੰਜਾਬੀ ਦੀ ਮੰਦਭਾਗੀ ਕੀ ਹੋ ਸਕਦੀ ਹੈ ਕਿ ਦੁਨੀਆ ਦਾ ਇਹ ਇੱਕੋ ਇਕ ਖ਼ਿੱਤਾ ਹੈ ਜਿਥੋਂ ਦੇ ਰਹਿਣ ਵਾਲੇ ਆਪਣੀ ਮਾਤ ਭਾਸ਼ਾ ਦੀ ਵਿਰੋਧਤਾ ਵੀ ਕਰਦੇ ਹਨ। ਉਹਨਾਂ ਨੂੰ ਆਪਣੀ ਮਾਤ ਭਾਸ਼ਾ ਵਿਚ ਸ਼ਿਅਰ ਕਹਿਣ ਤਾਂ ਦੂਰ ਦੀ ਗੱਲ, ਪੰਜਾਬ ਦੇ ਆਰੰਭਿਕ ਵੱਡੇ ਕਵੀਆਂ ਦੇ ਕਲਾਮ ਵੱਲ ਧਿਆਨ ਦੇਣਾ ਵੀ ਆਪਣੀ ਵਿਦਵਤਾ ਦੇ ਵਿਰੁੱਧ ਸਮਝਦੇ ਹਨ।

(4) ਫ਼ਿਰਦੌਸੀ ਨੂੰ ਸ਼ਾਹਨਾਮਾ ਲਿਖਣ ਤੇ ਉਸ ਦੇ ਦੇਸ਼ ਵਾਸੀਆਂ ਨੇ ਉਪਰ ਚੁੱਕ ਲਿਆ ਅਤੇ ਉਹ ਅੱਜ ਤਕ ਵੱਡਾ ਸ਼ਾਇਰ ਹੈ।

ਅਸਲ ਵਿਚ ਮੌਲਵੀ ਸਾਹਿਬ ਇਕ ਗੁੰਮਨਾਮ ਪਿੰਡ ਵਿਚ ਪੈਦਾ ਹੋਏ ਅਤੇ ਆਲੇ ਦੁਆਲੇ ਦੇ ਪੇਂਡੂ ਅਤੇ ਅਨਪੜ੍ਹ ਲੋਕ ਉਹਨਾਂ ਨੂੰ ਪਹਿਚਾਣ ਵੀ ਨਾ ਸਕੇ। ਮੁਹੰਮਦ ਆਲਮ ਨੇ ਕਿੰਨੀ ਸੁਹਣੀ ਗੱਲ ਕਹੀ ਹੈ ਕਿ ਨਾ ਮੌਲਵੀ ਸਾਹਿਬ ਦਾ ਕਲਾਮ ਕਿਸੇ ਨੇ ਸੁਣਿਆ ਅਤੇ ਨਾ ਹੀ ਆਪ ਜੀ ਦੇ ਸੂਫ਼ੀਆਨਾ ਸੁਭਾਅ ਨੇ ਕਿਸੇ ਤੋਂ ਪ੍ਰਸ਼ੰਸਾ ਜਾਂ ਕਿਸੇ ਫ਼ਲ ਦੀ ਉਮੀਦ ਰੱਖੀ। ਦੋਵਾਂ ਕਵੀਆਂ ਦੇ ਹਾਲਾਤ ਅਤੇ ਸੁਭਾਅ ਦੀ ਭਿੰਨਤਾ ਨੂੰ ਧਿਆਨ ਵਿਚ ਰੱਖ ਕੇ ਵੇਖੋ ਕਿ ਜਿਵੇਂ ਫ਼ਿਰਦੌਸੀ ਨੇ ਅਰਥ ਨਿਭਾਉਣ ਵਿਚ ਪੂਰੀ ਕਲਾਕਾਰੀ ਅਤੇ ਉਸਤਾਦੀ ਤੋਂ ਕੰਮ ਲਿਆ ਹੈ। ਕੀ ਮੌਲਵੀ ਸਾਹਿਬ ਦੇ ਕਲਾਮ ਵਿਚ ਕੋਈ ਕਮੀ, ਉਲਝਣ ਜਾਂ ਢਿੱਲਾਪਣ ਹੈ? ਫ਼ਿਰਦੌਸੀ ਨੇ ਇਕ ਅਰਥ ਦੱਸਣ ਲਈ ਪੰਜ ਤੁਕਾਂ ਵਰਤੀਆਂ ਹਨ।

*ਚੁਨੀਂ ਗੁ.ਫ਼ਤ ਇਕਵਾਂ ਕਿਹ ਐ ਪੀਲਤਨ*
*ਯਕੀ ਆਰਜ਼ੂ ਕੁਨ ਕਿ ਤਾ ਅਜ਼ ਹਵਾ*
*ਕੁਜਾ ਆਯਦ ਅਕਨੂੰ .ਫ਼ ਗੰਦਾਂ ਰਵਾ*
*ਸੁਈ ਆਬਤ ਅੰਦਾਜ਼ਮ ਅਜ਼ ਸੁਈ ਕੋਹ*



*ਕੁਜਾ ਖ਼੍ਵਾਹੀ ਉ.ਫ਼ਤਾਦ ਦੂਰ ਅਜ਼ ਗਰੋਹ*

**ਅਰਥ** : ਦੇਵ ਨੇ ਕਿਹਾ ਹੇ! ਰੁਸਤਮ ਤੇਰੀ ਕੀ ਇੱਛਾ ਹੈ, ਹਵਾ 'ਚੋਂ ਤੁਹਾਨੂੰ ਕਿੱਥੇ ਗਿਰਾਵਾਂ? ਪਾਣੀ ਵਿਚ ਜਾਂ ਪਹਾੜ ਤੇ। ਦੋਨਾਂ ਵਿਚੋਂ ਜਿੱਥੇ ਤੇਰੀ ਪਸੰਦ ਹੈ ਦੱਸ!

ਮੌਲਵੀ ਸਾਹਿਬ ਕਹਿੰਦੇ ਹਨ :

*ਫਿਰ ਕਹਿੰਦਾ ਹੁਣ ਦੱਸ ਖਾਂ ਕਿੱਥੇ ਮਾਰਾਂ ਚਾਅ*
*ਯਾ ਕਹਿ ਵਿਚ ਪਹਾੜ ਦੇ ਯਾ ਅੰਦਰ ਦਰਿਆ।*

ਇੱਥੇ ਗੱਲ ਪੂਰੀ ਹੋ ਗਈ ਹੈ। ਜਵਾਬ ਦੇ ਵਿਚ ਰੁਸਤਮ ਦੀ ਜ਼ੁਬਾਨ ਤੋਂ ਫ਼ਿਰਦੌਸੀ ਕਹਿੰਦਾ ਹੈ :-

*ਚੂੰ ਰੁਸਤਮ ਬ ਗੁ.ਫ਼ਤਾਰ ਉ ਬ ਨਗਰੀਦ*
*ਤਨ ਅੰਦਰ ਕ.ਫ਼ ਆਂ ਦੇਵ ਵਾਜ਼ੂਨਾ ਦੀਦ*
*ਚੁਨੀਂ ਗੁ.ਫ਼ਤ ਬਾਦਲ ਗੋ ਪੀਲਤਨ*
*ਕਿ ਅਜ਼ ਚਾਰਾ ਬਾ ਨੀਸਤ ਦਰ ਹਰ ਸੁਖ਼ਨ*
*ਕਿਨੂੰ ਹਰ ਚਿਹ ਗੋਇਮਸ਼ ਜੁਜ਼ਆਂ ਕੁਨਦ*
*ਨਾ ਸੋਗੰਦ ਦਾਨਦ ਨਾ ਪੈਮਾਂ ਕੁਨਦ*
*ਗਰ ਈਦੂੰ ਕਿ ਗੋਇਮ ਬ ਦਰਿਆ .ਫ਼ ਗਨ*
*ਬ ਕੋਹ ਅ.ਫ਼ਗੰਦ ਬਦ ਗੋਹਰ ਅਹਰਮਨ*

**ਅਰਥ** : ਜਦੋਂ ਰੁਸਤਮ ਨੇ ਉਸ ਦੀ ਗੱਲ ਸੁਣੀ ਅਤੇ ਦੇਵ ਦੇ ਕਬਜ਼ੇ ਵਿਚ ਆਪਣਾ ਸਰੀਰ ਦੇਖਿਆ ਤਾਂ ਉਸ ਸਮੇਂ ਉਸ ਨੇ ਆਪਣੇ ਦਿਲ ਵਿਚ ਸੋਚਿਆ ਕਿ ਗੱਲਾਂ ਨਾਲ ਕੋਈ ਤਦਬੀਰ ਨਹੀਂ ਹੋ ਸਕੇਗੀ। ਹੁਣ ਮੈਂ ਜੋ ਉਸ ਨੂੰ ਕਹਾਂਗਾ, ਉਹ ਉਸ ਦੇ ਉਲਟ ਕਰੇਗਾ। ਨਾ ਉਹ ਕਸਮ ਜਾਣਦਾ ਹੈ ਨਾ ਵਾਅਦਿਆਂ ਨੂੰ ਸਮਝਦਾ ਹੈ। ਜੇਕਰ ਮੈਂ ਉਸ ਨੂੰ ਇਹ ਕਹਾਂ ਕਿ ਮੈਨੂੰ ਸਮੁੰਦਰ ਵਿਚ ਸੁੱਟ ਦੇ ਤਾਂ ਉਹ ਬੁਰੀ ਆਦਤ ਵਾਲਾ ਸ਼ੈਤਾਨ ਮੈਨੂੰ ਪਹਾੜ ਤੇ ਸੁੱਟ ਦੇਵੇਗਾ। ਮੌਲਵੀ ਸਾਹਿਬ ਨੇ ਪਹਿਲਾਂ ਦੋ ਸ਼ਿਅਰਾਂ ਨੂੰ ਦੋ ਤੁਕਾਂ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ ਅਤੇ ਨਾਲ ਹੀ ਇਕ ਵਾਪਰੀ ਹੋਈ ਘਟਨਾ ਦਾ ਵਾਧਾ ਕੀਤਾ ਹੈ ਜਿਸ ਤੇ ਫ਼ਿਰਦੌਸੀ ਦੇ ਸ਼ਿਅਰ ਚੁੱਪ ਹਨ।

*ਸੁਣ ਹਮਜ਼ਾ .ਫ਼ਰਮਾਉਂਦਾ ਇਹ ਕੀ ਕਰੇਂ ਜ.ਫ਼ਾ*
*ਕੀ ਮੇਰੇ ਅਹਿਸਾਨ ਦਾ ਲਗ੍ਹੂੰ ਕਰਨ ਵ.ਫ਼ਾ*

ਭਾਵ ਅਮੀਰ ਹਮਜ਼ਾ (ਰਜੀ.) ਨੇ ਦੇਵ ਦੀ ਗੱਲ ਸੁਣ ਕੇ ਕਿਹਾ-ਇਹ ਕੀ ਵਧੀਕੀ ਹੈ। ਦੂਜੀ ਤੁਕ ਵਿਚ ਉਸ ਜ਼ੁਲਮ ਦਾ ਸਬੂਤ ਦਿੱਤਾ ਕਿ ਮੈਂ ਤੇਰੇ ਤੇ ਅਹਿਸਾਨ ਕੀਤਾ। ਤੈਨੂੰ ਕੈਦ 'ਚੋਂ ਛੁਡਵਾਇਆ ਅਤੇ ਫੇਰ ਰੁਸਤਮ ਵਾਂਗ ਅਮੀਰ ਹਮਜ਼ਾ ਵੀ ਸੋਚਦਾ ਹੈ।

*ਸੋਚ ਕਰੇ ਜੇ ਕਹਾਂ ਮੈਂ ਮਾਰ ਅੰਦਰ ਦਰਿਆ*
*ਮਾਰੇ ਉਪਰ ਕੋਹ ਦੇ ਮੈਨੂੰ ਇਹ ਉਠਾ।*

ਫ਼ਿਰਦੌਸੀ ਦੇ ਦੂਜੇ ਦੋ ਸ਼ਿਅਰਾਂ ਦਾ ਅਰਥ ਕਿੰਨਾ ਸਪਸ਼ਟ ਤੌਰ ਤੇ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਸਾਰੇ ਸ਼ਿਅਰਾਂ ਵਿਚ ਫ਼ਿਰਦੌਸੀ ਦਾ ਅਰਥ ਪੇਸ਼ ਕਰਨ ਦੇ ਨਾਲ ਆਪਣੇ ਵੱਲੋਂ

ਵਾਧਾ ਕਰ ਰਹੇ ਹਨ। ਫ਼ਿਰਦੌਸੀ ਨੇ ਅਠਾਰਾਂ ਬੈਤਾਂ ਵਿਚ ਇਹ ਪਰੰਪਰਾ ਬਿਆਨ ਕੀਤੀ ਹੈ। ਮੌਲਵੀ ਸਾਹਿਬ ਨੇ ਚੌਦਾਂ ਸ਼ਿਅਰਾਂ ਵਿਚ ਇਸ ਤੋਂ ਵੱਧ ਅਰਥ ਪੇਸ਼ ਕਰ ਦਿੱਤਾ ਹੈ। ਕੋਈ ਘਾਟ ਮਹਿਸੂਸ ਨਹੀਂ ਹੁੰਦੀ। ਇਕ ਉਦਾਹਰਣ ਹੋਰ ਦੇਖੋ। ਰੁਸਤਮ ਦੇਵ ਨੂੰ ਕਹਿਣਾ ਚਾਹੁੰਦਾ ਹੈ ਕਿ ਮੈਨੂੰ ਪਹਾੜ ਤੇ ਸੁੱਟ ਦੇ ਤਾਂ ਕਿ ਮੈਂ ਟੋਟੇ ਟੋਟੇ ਹੋ ਜਾਵਾਂ ਅਤੇ ਉੱਥੇ ਹੀ ਮੇਰੀ ਮੌਤ ਹੋ ਜਾਵੇ;

*ਬਕੋ ਹਮ ਜ਼ਨਦ ਤਾ ਸ਼ਵਮ ਰੀਜ਼ ਰੀਜ਼*
*ਬਦਾਂ ਤਾ ਬਰ ਆਯਦ ਜ਼ਮਨ ਰੁਸਤਖ਼ੀਜ਼*

ਮੌਲਵੀ ਸਾਹਿਬ ਫ਼ਰਮਾਉਂਦੇ ਹਨ :-

*ਮੇਰੀ ਹੱਡੀ ਪੱਸਲੀ ਹੋ ਜਾਵੇਗੀ ਚੂਰ*
*ਮੁਫ਼ਤ ਮਿਲੇ ਬਿਨ ਯਾਰ ਦੇ ਜਿੰਦ ਹੋਵੇਗੀ ਦੂਰ*

ਫ਼ਿਰਦੌਸੀ ਨੇ ਸਰੀਰ ਟੁੱਟਣ ਤੇ ਗੱਲ ਖ਼ਤਮ ਕਰ ਦਿੱਤੀ ਹੈ। ਮੌਲਵੀ ਸਾਹਿਬ (ਰਹਿ.) ਹੱਡੀਆਂ ਅਤੇ ਪਸਲੀਆਂ ਨੂੰ ਅਲੱਗ ਅਲੱਗ ਕਰਕੇ ਦਿਖਾਉਂਦੇ ਹਨ ਅਤੇ ਨਾਲ ਹੀ ਮੌਤ ਦੇ ਸਮੇਂ ਪ੍ਰੇਮੀ ਦਾ ਤਸੱਵਰ ਸਾਹਮਣੇ ਲਿਆ ਰਹੇ ਹਨ। ਹੁਣ ਇਨ੍ਹਾਂ ਦੋਵੇਂ ਈਰਾਨੀ ਅਤੇ ਪੰਜਾਬੀ ਕਵੀਆਂ ਦੇ ਸ਼ੁੱਧ ਜੰਗੀ ਸ਼ਿਅਰ ਸੁਣੋ ਜੋ ਇਨਾਂ ਦੋਨਾਂ ਦਾ ਅਸਲ ਵਿਸ਼ਾ ਹੈ। ਇਥੋਂ ਹੀ ਕਵੀ ਦੀ ਸਫਲਤਾ ਅਤੇ ਅਸਫਲਤਾ ਦਾ ਪੱਤਾ ਚਲਦਾ ਹੈ ਕਿਉਂਕਿ ਰਜ਼ਮੀਆ ਸ਼ਾਇਰੀ ਦਾ ਅਸਲ ਕੰਮ ਜੰਗ ਦਾ ਦ੍ਰਿਸ਼ ਪੇਸ਼ ਕਰਨਾ ਹੈ।(105)

**ਫ਼ਿਰਦੌਸੀ**

*ਜ਼ ਲਸ਼ਕਰ ਬਰ ਆਮਦ ਸਰਾਸਰ ਖ਼ਰੋਸ਼*
*ਜ਼ਮੀਂ ਪੁਰ ਖ਼ਰੋਸ਼-ਵ-ਹਵਾ ਪੁਰ ਖ਼ਰੋਸ਼*
*ਜਹਾਂ ਲਰਜ਼-ਵ-ਲਰਜ਼ਾਂ ਸ਼ੁਦਾ ਦਸ਼ਤ-ਓ-ਕੋਹ*
*ਜ਼ਮੀ ਸ਼ੁਦਜ਼ ਫ਼ਿਅਲ ਸਤੂਰਾਂ ਸਤੋਹ*
*ਦਰਖ਼ਸ਼ ਅਜ਼ ਦਰਖ਼ਸ਼-ਵ-ਗਰੋਹ ਅਜ਼ ਗਰੋਹ*
*ਗੁਸਤਾ ਨਾ ਸ਼ੁਦ ਸ਼ਬ ਬਰ ਆਮਦ ਜ਼ਕੋਹ*
*ਦਰਖ਼ਸ਼ੀਦਨ ਤੇਗ਼ ਹਾਏ ਬਨ.ਫਸ਼*
*ਅਜ਼ਾਂ ਸਾਯਾ-ਏ-ਕਾਵਯਾਨੀ ਦਰਖ਼ਸ਼*
*ਤੂ ਗੁ.ਫਤੀ ਕਿ ਅੰਦਰ ਸ਼ਬ ਤੀਰਾ ਚਿਹਰ*
*ਸਿਤਾਰਾ ਹਮੀਂ ਬਰ ਨਸ਼ਾਨਦ ਸਿਪਹਰ*
*ਜ਼ਮੀਂ ਗਸ਼ਤ ਜੁੰਬਾਂ ਚੂੰ ਅਬਰ-ਏ-ਸਿਆਹ*
*ਤੂੰ ਗੁ.ਫਤੀ ਹਮੀ ਬਰ ਨਤਾਬਦ ਸਿਪਾਹ*
*ਬੁਲੰਦ ਆਸਮਾਂ ਚੂੰ ਜਮੀਂ ਸ਼ੁਦ ਜ਼ਖ਼ਾਕ*
*ਜ਼ਹਰ ਸੂ ਹਮੀ ਬਰ ਸ਼ੁਦਾ ਚਾਕ ਚਾਕ*
*ਦਿਲ ਕੋਹ ਗੁ.ਫਤੀ ਬਦੱਰਦ ਹਮੀ*
*ਜ਼ਮੀਂ ਬਾ ਸਵਾਰਾਂ ਬਪੌਰਦ ਹਮੀ*
*ਜ਼ਬਸ ਨਾਅਰਾ-ਏ-ਨਾਲਾ ਕਰਨਾਏ*



*ਹਮੀ ਆਸਮਾਂ ਅੰਦਰ ਆਮਦ ਜ਼ ਜਾਏ*
*ਚੁਨਾਂ ਤੀਰਾ ਸ਼ੁਦ ਰੂਏ ਗੀਤੀ ਜ਼ਗਰਦ*
*ਤੂ ਗੁ.ਫਤੀ ਕਿ ਖ਼ੁਰਸ਼ੀਦ ਸ਼ੁਦ ਲਾਜਵਰਦ*
*ਬਜ਼ਦ ਮਿਹਰਾ ਬਰ ਕੋਹ ਅਜ਼ ਜ਼ਿੰਦਾ ਪੀਲ*
*ਜ਼ਮੀਂ ਜੁੰਬ ਜੁੰਬਾਂ ਚੂ ਦਰਿਆ-ਏ-ਨੀਲ*
*ਜ਼ਗਰਦ-ਏ-ਸਵਾਰਾਂ ਹਵਾ ਬਸਤ ਮੇਗ਼*
*ਚੂ ਬਰਕ ਦਰਖ਼ਸ਼ੰਦਾ ਪੌਲਾਦ ਤੇਗ਼*
*ਜ਼ ਜੋਸ਼ ਸੂਰਾਂ-ਵ-ਆਵਾਜ਼ ਕੋਸ਼*
*ਹਵਾ ਕੀਰ ਗੂੰ ਸ਼ੁਦ ਜ਼ਮੀਂ ਆਬਨੋਸ*
*ਤੂ ਗੁ.ਫਤੀ ਜ਼ਮੀਂ ਮੌਜ ਕਿ ਬਰ ਸ਼ੁਦ ਬਦਸ਼ਤ*
*ਜ਼ਮੀਂ ਸ਼ਸ਼ ਸ਼ੁਦ ਆਸਮਾਂ ਗਸ਼ਤ ਹਸ਼ਤ*
*ਜ਼ਬਸ ਨੇਜ਼ਾ-ਓ-ਗੁਰਜ਼-ਓ-ਗੋਪਾਲ-ਓ-ਤੇਗ਼*
*ਤੂ ਗੁ.ਫਤੀ ਹਵਾ ਜ਼ਾਲਾ ਬਾਰਦ ਜ਼ ਮੇਗ਼*
*ਜ਼ ਕੁਸ਼ਤਾ ਹਮਾ ਦਸ਼ਤ ਆਵੁਰਦਗਾਹ*
*ਤਨ-ਵ-ਦਸਤ-ਵ-ਸਰ-ਬੂਦ-ਵ-ਤਰਕ-ਏ-ਕੁਲਾਹ*
*ਬਜੋਸ਼ੀਦ ਦਸ਼ਤ-ਓ-ਬਤੌਂਕੀਦ ਕੋਹ*
*ਜ਼ ਜੋਸ਼ ਸੂਰਾਨ-ਏ-ਹਰ ਦੋ ਗਰੋਹ*
*ਤੂ ਗੁ.ਫਤੀ ਕਿਹ ਰੂਏ ਜ਼ਮੀਂ ਗੋਸ਼ ਅਸਤ*
*ਜ਼ ਨੇਜ਼ਾ ਹਵਾ ਨੇਜ਼ ਦਰ ਜੋਸ਼ ਅਸਤ (106)*

ਗ਼ੁਲਾਮ ਰਸੂਲ ਆਲਮਪੁਰੀ (ਰਹਿ.)

*ਕਾਫ਼ਿਰ ਮੋਮਿਨ ਰਲ ਪਏ ਹੋਇਆ ਧੁੰਦੂਕਾਰ*
*ਸ਼ੋਰ ਤੰਬੂਰ ਨਕਾਰਿਆਂ ਮੂਲ ਨਾ ਸੁਣੇ ਪੁਕਾਰ*
*ਗੁਰਜ਼ਾਂ ਜ਼ੋਰ-ਓ-ਜ਼ੋਰ ਸੀ ਪਈ ਵਗੇ ਤਲਵਾਰ*
*ਬੰਦੂਕਾਂ ਬੇਹਦ ਤੇ ਸੀਲੇ ਖ਼ੂਨ ਗੁਜ਼ਾਰ*
*ਨੇਜ਼ਾ ਬਰਛੀ ਕਾਤੀਆਂ ਤੀਰ ਖ਼ਦੰਗ ਹਜ਼ਾਰ*
*ਬਾਰਿਸ਼ ਗੋਲੀ ਤੀਰ ਦੀ ਹੋਂਦੀ ਬਾਝ ਸ਼ੁਮਾਰ*
*ਗਲੀ ਕਮੰਦਨ ਪੇਚ ਪਾ ਸਾਹ ਕਰਾਏ ਬੰਦ*
*ਸੰਬਾਂ ਤਲੇ ਇਰਾਕੀਆਂ ਸ਼ਾਹਾਂ ਦੇ ਫ਼ਰਜ਼ੰਦ*
*ਘੱਟੇ ਨਾਲ ਜ਼ਮੀਨ ਦੇ ਇਕ ਹੋਇਆ ਆਸਮਾਨ*
*ਕਾਈ ਨਜ਼ਰ ਨਾ ਆਵੰਦਾ ਅੰਨ੍ਹਾ ਹੋਇਆ ਜਹਾਨ*
*ਇਕ ਦੂਜੇ ਨੂੰ ਮਾਰਦੇ ਅੰਨ੍ਹੇਵਾਹ ਤਲਵਾਰ*
*ਆਪਣਾ ਹੋਰ ਪਰਾਇਆ ਨਜ਼ਰ ਨਾ ਆਵਣ ਯਾਰ*
*ਖ਼ੌਫ਼ ਦਿਲਾਂ ਦੇ ਚੁੱਕ ਗਏ ਲੱਥਾ ਇਜ਼ਰਾਈਲ*

*ਰੂਹਾਂ ਉੱਡ ਉੱਡ ਜਾਂਦੀਆਂ ਆਪੇ ਵੱਲ ਕੰਦੀਲ*
*ਸੁਣ ਕੇ ਸ਼ੋਰ ਬਹਾਦਰਾਂ ਜ਼ਮੀਨੋਂ ਨੱਸੇ ਦੇਵ*
*ਅੰਦਰ ਤਬਕੇ ਧਰਤ ਦੇ ਹੋਇਆ ਸਖ਼ਤ ਗ਼ਰੇਵ*
*ਖ਼ੂਨ ਵਗੇ ਵਿਚ ਦਸ਼ਤ ਦੇ ਨਹਿਰਾਂ ਵਾਂਗ ਰਵਾਂ*
*ਰੁੜ੍ਹਦੇ ਸੀਸ ਦਿਲਾਵਰਾਂ ਵਿਚ ਮੈਦਾਨ ਅਜਾਂ*
*ਦਸ਼ਤ ਅਖ਼ਜ਼ਰ ਵਿਚ ਹੋ ਗਿਆ ਮੈਦਾਂ ਲਾਲੋ ਲਾਲ*
*ਨਦੀਆਂ ਵਗੀਆਂ ਖ਼ੂਨ ਥੀਂ ਫ਼ੌਜਾਂ ਵਿਚ ਵਬਾਲ*
*ਗੁਰਜ਼ਾਂ ਦੀ ਧਮਕਾਰ ਥੀਂ ਜ਼ਖ਼ਮੀ ਹੋਏ ਗੋਸ਼*
*ਨਾਅਰੇ ਕੀਤੇ ਯਲਾਂ ਨੇ ਮੁਗ਼ਲ ਪਏ ਬੇ ਹੋਸ਼*
*ਬੱਦਲ ਗਰਦ ਗ਼ੁਬਾਰ ਦਾ ਬਰਕੋਂ ਚਮਕੇ ਤੇਗ਼*
*ਯਾਰਾਂ ਤਬਰ ਉੜਾਂਵਦਾ ਮਰਦਾਂ ਬਾਝ ਦਰੇਗ਼*
*ਢਹਿ ਢਹਿ ਪੈਂਦੇ ਸੂਰਮੇ ਹੇਠ ਸਮਾਂ ਚੌਫਾਲ*
*ਗੁਰਜ਼ ਯਲਾਂ ਦੀ ਤੋੜ ਦੀ ਗਰਦਿਸ਼ ਦੋਸ਼ ਕੋ ਪਾਲ*
*ਧਸ ਨੇਜ਼ੇ ਵਿਚ ਸੀਨਿਆਂ ਪੁਸ਼ਤੋਂ ਪਾਰ ਚਲਣ*
*ਜ਼ਖ਼ਮ ਯਲਾਂ ਦੇ ਤਨਾਂ ਤੇ ਲਾਟਾਂ ਵਾਂਗ ਬਦਣ*
*ਨਾਅਰੇ ਮਾਰਦੇ ਜਾਂਦਿਆਂ ਉੱਠਣ ਵਾਰੋ ਵਾਰ*
*ਇਕ ਇਕ ਦੇ ਹੋ ਜਾਂਵਦੇ ਟੁਕੜੇ ਚਾਰੋ ਚਾਰ*
*ਹੋ ਘਾਇਲ ਸੁੱਖ ਜੀਵੜੇ ਰੋਵਣ ਜ਼ਾਰੋ ਜ਼ਾਰ*
*ਹਰ ਹਰ ਤਰਫ਼ੇ ਹੋਂਵਦਾ ਨਾਅਰਾ ਮਾਰੋ ਮਾਰ*
*ਵਿਚ ਹਜੂਮ ਅਫ਼ਵਾਜ ਦੇ ਫਸ ਟੁੱਟਦੇ ਅੰਦਾਮ*
*ਰਾਹ ਰੋਕੇ ਤਲਵਾਰ ਦੀ ਨੇਜ਼ਾ ਤੀਰ ਤਮਾਮ*
*ਫਸਣ ਬਾਜ਼ੂ ਵਿਚ ਬਾਜ਼ੂਆਂ ਸੀਨਾ ਸੀਨੇ ਨਾਲ*
*ਵਿਚ ਅਖਾੜੇ ਕਤਲ ਦੇ ਕੁਸ਼ਤੀ ਬਣੀ ਮਿਸਾਲ।(107)*

ਇਹ ਠੀਕ ਲਗਦਾ ਹੈ ਕਿ ਦੋਵੇਂ ਕਵੀਆਂ ਦੇ ਉਸ ਸਮੇਂ ਦੇ ਮਹੌਲ ਤੇ ਇਕ ਝਾਤ ਪਾਈ ਜਾਵੇ। ਫ਼ਿਰਦੌਸੀ ਜਿਸ ਮਹੌਲ ਵਿਚ ਸ਼ਾਹਨਾਮਾ ਲਿਖ ਰਿਹਾ ਹੈ। ਲੜਾਈ ਝਗੜਾ, ਰਾਜਿਆਂ ਦੇ ਆਪਸੀ ਟਕਰਾਅ, ਜੰਗੀ ਬਹਾਦਰੀ, ਉਸ ਸਮੇਂ ਦੇ ਰੋਜ਼ਾਨਾ ਜੀਵਨ ਵਿਚ ਮੌਜੂਦ ਸਨ। ਬਾਦਸ਼ਾਹ ਨੇ ਸ਼ਾਹੀ ਮਹਿਲ ਦੇ ਨੇੜੇ ਜੋ ਘਰ ਦਿੱਤਾ ਸੀ, ਉਸ ਵਿਚ ਸਾਰਾ ਜੰਗੀ ਸਮਾਨ ਮੌਜੂਦ ਸੀ। ਅੱਲਾਮਾ ਸ਼ਿਬਲੀ ਨੋਅਮਾਨੀ ਦੇ ਕਹਿਣ ਅਨੁਸਾਰ ਬਾਦਸ਼ਾਹ ਨੇ ਆਦੇਸ਼ ਦਿੱਤਾ ਸੀ ਕਿ ਉਹ ਮਕਾਨ ਸਾਰੇ ਜ਼ਰੂਰੀ ਸਮਾਨ ਨਾਲ ਭਰ ਦਿੱਤਾ ਜਾਵੇ। ਜੰਗੀ ਸਮਾਨ, ਲੜਾਈ ਦੇ ਹਥਿਆਰ, ਈਰਾਨ ਦੇ ਯੋਧਿਆਂ ਅਤੇ ਪਹਿਲਵਾਨਾਂ ਦੀਆਂ ਤਸਵੀਰਾਂ ਨਾਲ ਸਜੇ ਹੋਏ ਸਨ। ਇਸ ਦੇ ਨਾਲ ਹੀ ਫ਼ਿਰਦੌਸੀ ਲਈ ਕਾਫ਼ੀ ਸਮਾਂ ਸੀ ਜੋ ਸ਼ਿਅਰੀ ਮਹੌਲ ਲਈ ਜ਼ਰੂਰੀ ਹੁੰਦਾ ਹੈ। ਉਹ ਰੋਜ਼ੀ ਰੋਟੀ ਦੀ ਫ਼ਿਕਰ ਤੋਂ ਅਜ਼ਾਦ ਸੀ। ਇਸ ਦੇ ਬਿਲਕੁਲ ਉਲਟ ਮੌਲਵੀ ਗ਼ੁਲਾਮ ਰਸੂਲ (ਰਹਿ) ਵੱਲ ਵੇਖਦੇ ਹਾਂ। ਆਪ ਦਾ ਮਾਹੌਲ ਅੰਗਰੇਜ਼ੀ ਹਕੂਮਤ ਦੇ ਦੌਰ ਕਰਕੇ



ਸ਼ਾਂਤ ਅਤੇ ਚੁੱਪ ਧਾਰਨ ਕੀਤੀ ਹੋਈ ਸੀ। ਉਹਨਾਂ ਨੇ ਆਪਣੀਆਂ ਅੱਖਾਂ ਨਾਲ ਕੋਈ ਛੋਟੀ ਜਾਂ ਵੱਡੀ ਜੰਗ ਨਹੀਂ ਵੇਖੀ ਅਤੇ ਉਹਨਾਂ ਦੇ ਆਉਣ ਜਾਣ ਦੇ ਸਾਧਨ ਵੀ ਗ਼ਰੀਬੀ ਵਾਲੇ ਸਨ। ਰੋਜ਼ੀ ਕਮਾਉਣ ਲਈ ਉਨ੍ਹਾਂ ਨੂੰ ਕਦੇ ਸਕੂਲ ਵਿਚ ਵੀ ਪੜ੍ਹਾਉਣਾ ਪਿਆ ਤੇ ਗ਼ੈਰ ਜੰਗੀ ਮਹੌਲ ਵਿਚ ਜ਼ਰੂਰੀ ਕੰਮਾਂ ਤੋਂ ਸਮਾਂ ਕੱਢ ਕੇ ਨੌਜਵਾਨੀ ਦੀ ਉਮਰ ਵਿਚ ਅਹਿਮ ਰਚਨਾ ਦੀ ਜ਼ਿੰਮੇਦਾਰੀ ਸੰਭਾਲਦੇ ਹਨ। ਇਸ ਭੂਮਿਕਾ ਨੂੰ ਵੱਖ ਰੱਖ ਕੇ ਦੋਵੇਂ ਕਵੀਆਂ ਦੇ ਸ਼ਿਅਰਾਂ ਤੇ ਇਕ ਝਾਤ ਮਾਰਨ ਤੇ ਸਾਨੂੰ ਦੋਵਾਂ ਦੇ ਜੰਗ ਨਾਲ ਸਬੰਧਤ ਸ਼ਿਅਰਾਂ ਦਾ ਅੰਦਾਜ਼ਾ ਹੋ ਸਕਦਾ ਹੈ।(108)

*ਜਮੀਂ ਪੁਰ ਖ਼ਰੋਸ਼-ਵ-ਹਵਾ ਪੁਰ ਖ਼ਰੋਸ਼*
*ਜਹਾਂ ਲਰਜ਼ ਲਰਜ਼ਾਂ ਸ਼ੁਦਾ ਕੋਹ ਦਸ਼ਤ*
*ਦਰਫ਼ਸ਼ ਅਜ਼ ਦਰਫ਼ਸ਼ ਵ ਗਰੋਹ ਦਰ ਗਰੋਹ*
*ਦਰਖ਼ਸ਼ੀਦਨ ਤੇਗ਼ ਹਾਏ ਬ ਨਕਸ਼*
*...............................*
*ਦਿਲ ਕੋਹ ਗੁਫ਼ਤੀ ਬਦੱਰਦ ਹਮੀ*
*ਜ਼ਮੀਂ ਬਾ ਸਵਾਰਾਂ ਬਪੱਰਦ ਹਮੀ*
*ਜ਼ਸਮੇ ਸਤੂਰਾਂ ਦਰ ਆਂ ਪਹਨ ਦਸ਼ਤ*
*ਜ਼ਮੀਂ ਸ਼ਸ਼ ਸ਼ੁਦਾ ਆਸਮਾਂ ਗਸ਼ਤ ਹਸਤ*

ਹੁਣ ਅਸੀਂ ਫ਼ਿਰਦੌਸੀ ਦੇ ਜੰਗੀ ਕਾਰਨਾਮਿਆਂ 'ਚੋਂ ਨਿਕਲ ਕੇ ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਦੇ ਮਸੀਤ ਦੇ ਹੁਜਰੇ ਤੇ ਝਾਤ ਮਾਰਦੇ ਹਾਂ ਜਿੱਥੇ ਬੈਠ ਕੇ ਉਹਨਾਂ ਨੇ ਜੰਗਨਾਮਾ ਲਿਖਿਆ। ਜਦੋਂ ਅਸੀਂ ਇਸ ਵਿਚ ਰੁਅਬਦਾਬ, ਠਾਠ ਬਾਠ, ਦਬਦਬਾ ਜਾਂ ਬਾਜ਼ੀ, ਕੁਰਬਾਨੀ, ਜੰਗੀ ਕਾਰਨਾਮੇ ਅਤੇ ਘਮਸਾਨ ਦੇਖਦੇ ਹਾਂ ਤਾਂ ਸਾਡੀ ਹੈਰਾਨੀ ਦੀ ਕੋਈ ਹੱਦ ਨਹੀਂ ਰਹਿੰਦੀ। ਮੁਹੰਮਦ ਆਲਮ ਦੇ ਕਥਨ ਅਨੁਸਾਰ ਇਸ ਪੂਰੇ ਬਜ਼ਮੀਆ (ਮਹਿਫ਼ਲ) ਮਹੌਲ ਦੇ ਇਕ ਕੋਨੇ ਵਿਚ ਰੱਬ ਦਾ ਬੰਦਾ ਇਕੱਲਾ ਹੀ ਆਪਣੀ ਵੱਖਰੀ ਦੁਨੀਆ ਵਸਾ ਕੇ ਬੈਠਾ ਹੋਇਆ ਹੈ ਜਿਸ ਤੇ ਮਹੌਲ ਦਾ ਬਿਲਕੁਲ ਕੋਈ ਅਸਰ ਨਹੀਂ ਸੀ। ਇਹ ਆਪਣੀ ਦੁਨੀਆ ਦਾ ਖ਼ੁਦ ਹੀ ਬਾਦਸ਼ਾਹ ਹੈ ਅਤੇ ਖ਼ੁਦ ਹੀ ਉਸ ਦੀ ਵਿਵਸਥਾ ਚਲਾ ਰਿਹਾ ਹੈ।

ਇਕ ਸ਼ਿਅਰ ਵੀ ਅਜਿਹਾ ਨਹੀਂ ਜਿਸ ਨੂੰ ਪੜ੍ਹ ਕੇ ਇਨਸਾਨੀ ਰੂਹ ਤੜਫ਼ ਨਾ ਉੱਠੇ, ਜਿਸ ਦੀਆਂ ਰਗਾਂ ਵਿਚ ਜਵਾਨੀ ਦਾ ਖ਼ੂਨ ਹੈ ਅਤੇ ਉਹ ਇਹ ਸ਼ਿਅਰ ਪੜ੍ਹ ਕੇ ਮੈਦਾਨ-ਇ-ਜੰਗ ਵਿਚ ਜਾਣ ਲਈ ਬੇਚੈਨ ਨਾ ਹੋ ਜਾਵੇ। ਸ਼ਾਇਰੀ ਦੀ ਇਸ ਤੋਂ ਵੱਡੀ ਸਫਲਤਾ ਕੀ ਹੋ ਸਕਦੀ ਹੈ ਕਿ ਉਹ ਆਪਣੇ ਜਾਦੂ ਭਰੇ ਸ਼ਬਦਾਂ ਨਾਲ ਆਪਣੇ ਪਾਠਕ ਦੇ ਦਿਲ ਅਤੇ ਦਿਮਾਗ਼ ਤੇ ਇਨਕਲਾਬ ਪੈਦਾ ਕਰ ਦੇਵੇ ਅਤੇ ਆਪਣੀ ਰਾਹ ਤੇ ਚੱਲਣ ਲਈ ਮਜਬੂਰ ਕਰ ਦੇਵੇ। ਸਦੀਆਂ ਦੀ ਗ਼ੁਲਾਮੀ ਨੇ ਪੰਜਾਬੀਆਂ ਦੇ ਦਿਲ ਤੇ ਦਿਮਾਗ ਨੂੰ ਬਦਲ ਦਿੱਤਾ ਹੈ, ਉਹ ਆਪਣੇ ਆਪ ਨੂੰ ਭੁੱਲ ਗਏ। ਇਸੇ ਤਰ੍ਹਾਂ ਸਾਡੇ ਦੇਸ਼ ਦੇ ਧਾਰਮਿਕ ਵਿਦਵਾਨਾਂ ਦਾ ਇਕ ਵਰਗ ਹੈ ਜਿਹਨਾਂ ਨੇ ਧਾਰਮਿਕ ਪਾਠਸ਼ਾਲਾ ਤੋਂ ਗਿਆਨ ਪ੍ਰਾਪਤ ਕੀਤਾ ਹੈ। ਉਹ ਪੰਜਾਬੀ ਨੂੰ ਸਿੱਖਾਂ ਦੀ ਭਾਸ਼ਾ ਸਮਝਦਾ ਹੈ ਕਿਉਂਕਿ ਸਿੱਖਾਂ ਦਾ ਧਾਰਮਿਕ ਗ੍ਰੰਥ ਪੰਜਾਬੀ ਵਿਚ

ਹੈ। ਉਹਨਾਂ ਨੂੰ ਇਹ ਗਿਆਨ ਨਹੀਂ ਕਿ ਉਹਨਾਂ ਦੀ ਭਾਸ਼ਾ ਵੀ ਪੰਜਾਬੀ ਹੈ। ਉਹ ਸ਼ਾਇਦ ਭੁੱਲ ਰਹੇ ਹਨ ਕਿ ਮੌਲਵੀ ਗ਼ੁਲਾਮ ਰਸੂਲ (ਰਹਿ) ਜਿਹੇ ਬੁੱਧੀਜੀਵੀ ਤੇ ਵਿਦਵਾਨ ਜੋ ਅਰਬੀ, ਫ਼ਾਰਸੀ ਦੇ ਮਹਾਨ ਗਿਆਨੀ ਸਨ, ਉਹ ਬੜੀ ਅਸਾਨੀ ਨਾਲ ਆਪਣੀਆਂ ਰਚਨਾਵਾਂ, ਅਰਬੀ, ਫ਼ਾਰਸੀ ਵਿਚ ਲਿਖ ਸਕਦੇ ਸਨ। ਪ੍ਰੰਤੂ ਉਨ੍ਹਾਂ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਨੂੰ ਆਪਣੇ ਵਿਚਾਰਾਂ ਤੇ ਕਵਿਤਾ ਨੂੰ ਪ੍ਰਗਟਾਉਣ ਦਾ ਸਾਧਨ ਬਣਾਇਆ। ਮਦਰਸੇ ਤੇ ਮਸੀਤ ਦੀ ਇਸ ਵਿਰੋਧਤਾ ਦਾ ਸਿੱਟਾ ਇਹ ਨਿਕਲਿਆ ਕਿ ਪੰਜਾਬੀ ਭਾਸ਼ਾ ਨੂੰ ਠੋਸ ਕੰਮ ਕਰਨ ਵਾਲੇ ਨਸੀਬ ਨਾ ਹੋ ਸਕੇ। ਪੰਜਬੀ ਭਾਸ਼ਾ ਤੇ ਅਜਿਹੇ ਲੋਕਾਂ ਦੀ ਠੇਕੇਦਾਰੀ ਸਥਾਪਿਤ ਹੋ ਗਈ ਜੋ ਸਿੱਖਿਆ ਦੇ ਖੇਤਰ ਵਿਚ ਥੋੜੀ ਬਹੁਤ ਸੁੱਧ ਬੁੱਧ ਰਖਦੇ ਸਨ ਪ੍ਰੰਤੂ ਠੋਸ ਗਿਆਨ ਦੇ ਹਵਾਲੇ ਨਾਲ ਉਹਨਾਂ ਨੂੰ ਅਨਪੜ੍ਹ ਹੀ ਕਿਹਾ ਜਾ ਸਕਦਾ ਹੈ। ਅਜਿਹੇ ਵਿਅਕਤੀਆਂ ਦੇ ਹੱਥਾਂ ਵਿਚ ਪੰਜਾਬੀ ਭਾਸ਼ਾ ਦੇ ਉੱਚ ਕੋਟੀ ਦੇ ਬਜ਼ੁਰਗ ਲੇਖਕਾਂ ਦੀਆਂ ਰਚਨਾਵਾਂ ਦੀ ਪ੍ਰਕਾਸ਼ਨਾ ਦਾ ਕੰਮ ਦਿੱਤਾ ਗਿਆ ਹੈ ਅਤੇ ਉਹ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦੀ ਪ੍ਰਕਾਸ਼ਨਾ ਕਰਨ ਅਤੇ ਪੂਰੀ ਗਿਆਨਤਾ ਨਾਲ ਕੁਝ ਲਿਖਣ ਦਾ ਕੰਮ ਤਾਂ ਇਕ ਪਾਸੇ ਰਿਹਾ ਇਹਨਾਂ ਕਿਤਾਬਾਂ ਨੂੰ ਸਮਝਣ ਅਤੇ ਪਰੂਫ਼ ਰੀਡਿੰਗ ਦੀਆਂ ਗਲਤੀਆਂ ਠੀਕ ਕਰਨ ਦੀ ਯੋਗਤਾ ਵੀ ਨਹੀਂ ਰੱਖਦੇ ਸਨ। ਲੇਕਿਨ ਅੱਲਾਹ ਦਾ ਲੱਖ ਲੱਖ ਸ਼ੁਕਰ ਹੈ ਕਿ ਹੁਣ ਕੁਝ ਪੜ੍ਹੇ ਲਿਖੇ ਇਸ ਵੱਲ ਤਵੱਜੋ ਦੇ ਰਹੇ ਹਨ।(109)

*****



## 'ਅਹਸਨੁਲ ਕਸਸ' ਦੀਆਂ ਵਿਸ਼ੇਸ਼ਤਾਵਾਂ

ਮੁਸਲਮਾਨ ਪੰਜਾਬੀ ਕਵੀਆਂ ਨੇ ਇਸਲਾਮੀ ਸਿੱਖਿਆਵਾਂ ਦੇ ਪ੍ਰਭਾਵ ਹੇਠ ਸਥਾਨਕ ਭਾਸ਼ਾ ਨੂੰ ਅਰਬੀ, ਫ਼ਾਰਸੀ ਸ਼ਬਦਾਂ ਨਾਲ ਮਾਲਾ ਮਾਲ ਕਰਨ ਦਾ ਕੰਮ ਜਾਰੀ ਰੱਖਿਆ ਤਾਂ ਕਿ ਮੁਸਲਮਾਨ ਲੋਕ ਦੀਨੀ (ਧਾਰਮਿਕ) ਤੌਰ ਤੇ ਜ਼ਿਆਦਾ ਸਮਝਦਾਰ ਹੋ ਸਕਣ ਅਤੇ ਧਾਰਮਿਕ ਗੱਲਾਂ ਨੂੰ ਅਸਾਨੀ ਨਾਲ ਸਮਝ ਸਕਣ। ਇਹ ਲੜੀ ਸਲਮਾਨ ਸਅਦ ਮਸਊਦ ਤੋਂ ਲੈ ਕੇ ਬਾਬਾ ਫ਼ਰੀਦ, ਬੁੱਲ੍ਹੇਸ਼ਾਹ, ਵਾਰਿਸ਼ ਸ਼ਾਹ ਤੱਕ ਹਰੇਕ ਪਾਸੇ ਚਲਦੀ ਰਹੀ ਅਤੇ ਮੌਲਵੀ ਗ਼ੁਲਾਮ ਰਸੂਲ (ਰਹਿ) ਦੀ ਪੰਜਾਬੀ ਸ਼ਾਇਰੀ ਇਸ ਪੱਖੋਂ ਬਹੁਤ ਅਮੀਰ ਹੈ। ਅਰਬੀ, ਫ਼ਾਰਸੀ ਸ਼ਬਦਾਂ ਨੂੰ ਪੰਜਾਬੀ ਰੂਪ ਦੇਣ ਵਿਚ ਮੌਲਵੀ ਸਾਹਿਬ ਬੜੇ ਨਿਪੁੰਨ ਹਨ। ਖ਼ੁਮਰ ਤਹੂਰੋਂ, ਅਦਮ ਤਕੱਲੁਫ਼ ਵਾਲੀਆਂ, ਕਦਰ-ਏ-ਨਿਅਮ ਥੀਂ, ਹਰ ਮਾਅਲੂਮੋਂ, ਹਰ ਮੌਜੂਦੋਂ, ਹਰ ਸਾਜਿਦ ਮਸਜੂਦ, ਹਮਦ ਚਿਰਾਗ਼ ਆਦਿ ਇਕ ਜਾਨ ਹੋ ਕੇ ਪੰਜਾਬੀ ਜ਼ੁਬਾਨ ਦਾ ਰੂਪ ਧਾਰ ਗਏ ਗ਼ਾਲਿਬ ਅਤੇ ਇਕਬਾਲ ਨੇ ਆਪਣੀ ਉਰਦੂ ਸ਼ਾਇਰੀ ਵਿਚ ਫ਼ਾਰਸੀ ਟੁਕੜੇ ਨਗੀਨਿਆਂ ਵਾਂਗ ਜੜੇ ਹਨ। ਇਸ ਦੇ ਪਿੱਛੇ ਵੀ ਇਹੋ ਜਜ਼ਬਾ ਕੰਮ ਕਰ ਰਿਹਾ ਸੀ। ਇਸ ਕਿੱਸੇ ਦੇ ਲੇਖਕਾਂ ਦੀ ਗਿਣਤੀ ਅੱਸੀ (80) ਤੋਂ ਵੱਧ ਹੈ ਇਨ੍ਹਾਂ ਵਿਚੋਂ ਕੁੱਝ ਕਵੀਆਂ ਨੇ ਇਸ ਕਿੱਸੇ ਦੇ ਹਿੱਸਿਆਂ ਨੂੰ ਸ਼ਿਅਰਾਂ ਵਿਚ ਬਿਆਨ ਕੀਤਾ ਅਤੇ ਕਈ ਕਵੀਆਂ ਨੇ ਮੁਕੰਮਲ ਕਿੱਸੇ ਲਿਖੇ। ਕਈ ਕਵੀਤਆਂ ਨੇ ਕੇਵਲ ਕੁਰਆਨ ਕਰੀਮ ਵਿਚ ਬਿਆਨ ਕੀਤੇ ਗਏ ਕਿੱਸੇ ਨੂੰ ਵਿਆਖਿਆ ਦੇ ਰਾਹੀਂ ਬਿਆਨ ਕਰਨ ਦਾ ਯਤਨ ਕੀਤਾ ਹੈ ਅਤੇ ਕਈ ਕਵੀਆਂ ਨੇ ਵੱਡੀਆਂ ਵੱਡੀਆਂ ਤਫ਼ਸੀਰਾਂ ਲਿਖ ਦਿੱਤੀਆਂ ਹਨ, ਪ੍ਰੰਤੂ ਕੋਈ ਵੀ ਕਵੀ ਉਸ ਮਕਾਮ ਤੇ ਨਹੀਂ ਪਹੁੰਚ ਸਕਿਆ ਜਿੱਥੇ ਤੱਕ ਮੌਲਵੀ ਗ਼ੁਲਾਮ ਰਸੂਲ ਪਹੁੰਚੇ ਹਨ। ਉਹਨਾਂ ਦੀ ਇਹ ਸ਼ਾਹਕਾਰ ਪੁਸਤਕ ਵਿਚ ਬਹੁਤ ਸਾਰੀਆਂ ਖ਼ੂਬੀਆਂ ਵੇਖਣ ਨੂੰ ਮਿਲਦੀਆਂ ਹਨ ਅਤੇ ਚੰਗੀ ਸ਼ਾਇਰੀ ਦਾ ਨਮੂਨਾ ਹਨ। ਉੱਚ ਦਰਜੇ ਦੀ ਅਤੇ ਸੱਚੀ ਸ਼ਾਇਰੀ ਦੀ ਪਹਿਚਾਣ ਇਹ ਹੈ ਕਿ ਉਹ ਪੂਰਨ ਤੌਰ ਤੇ ਸਾਡੇ ਜਜ਼ਬਾਤਾਂ ਅਤੇ ਅਹਿਸਾਸਾਂ ਦੀ ਪ੍ਰਤਿਨਿਧਤਾ ਕਰਦੀ ਹੋਵੇ। ਜਿਸ ਸ਼ਾਇਰੀ ਵਿਚ ਇਹ ਖ਼ੂਬੀਆਂ ਨਜ਼ਰ ਆਉਂਦੀਆਂ ਹੋਣਗੀਆਂ, ਉਸ ਨੂੰ ਅਸੀਂ ਉੱਚ ਦਰਜੇ ਦੀ ਸ਼ਾਇਰੀ ਮੰਨ ਸਕਦੇ ਹਾਂ। ਇਸ ਦਾ ਕਾਰਨ ਇਹ ਹੈ ਕਿ ਸ਼ਾਇਰੀ ਜ਼ਿੰਦਗੀ ਦੀ ਤਰਜਮਾਨ ਹੁੰਦੀ ਹੈ। ਇਸ ਗੱਲ ਨੂੰ ਮੁੱਖ ਰੱਖ ਕੇ ਕਿਹਾ ਜਾ ਸਕਦਾ ਹੈ ਕਿ ਉੱਚ ਕੋਟੀ ਦੀ ਸ਼ਾਇਰੀ ਵਿਚ ਸਾਡੀ ਜ਼ਿੰਦਗੀ ਦਾ ਅਕਸ ਹੋਣਾ ਜ਼ਰੂਰੀ ਹੈ। ਇਸ ਪੱਖ ਤੋਂ ਕਿੱਸਾ 'ਅਹਸਨੁਲ ਕਸਸ' ਦੀ ਪਰਖ ਦੀ ਗੱਲ ਕੀਤੀ ਜਾਵੇ ਤਾਂ ਇਹ ਸਪਸ਼ਟ ਨਜ਼ਰ ਆਉਂਦਾ ਹੈ ਕਿ ਮੌਲਵੀ ਸਾਹਿਬ ਕਾਦਰ ਉਲ ਕਲਾਮ ਮੰਨੇ ਜਾਂਦੇ ਹਨ ਅਤੇ ਉਹਨਾਂ ਨੇ ਕਿੱਸਾ 'ਅਹਸਨੁਲ ਕਸਸ' ਮਸਨਵੀ ਦੇ ਅੰਦਾਜ਼ ਵਿਚ ਲਿਖਿਆ ਹੈ। ਮਸਨਵੀ ਵਿਚ ਘਟਨਾਵਾਂ ਦੀ ਲੜੀ ਅਤੇ ਕੜੀ ਕਾਇਮ ਰੱਖੀ ਜਾਂਦੀ ਹੈ

ਅਤੇ ਇਸ ਵਿਚ ਚਰਿੱਤਰ ਚਿਤ੍ਰਣ ਨੂੰ ਵਿਸ਼ੇਸ਼ ਮਹੱਤਤਾ ਹੁੰਦੀ ਹੈ। ਲੇਖਕ ਲਈ ਇਹ ਵੀ ਜ਼ਰੂਰੀ ਹੁੰਦਾ ਹੈ ਕਿ ਉਹ ਵਿਭਿੰਨ ਪਾਤਰਾਂ ਦੀਆਂ ਵਿਸ਼ੇਸ਼ਤਾਵਾਂ ਨੂੰ ਸਾਹਮਣੇ ਲਿਆਵੇ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਮੌਲਵੀ ਸਾਹਿਬ ਨੇ ਆਪਣੀ ਮਸਨਵੀ 'ਅਹਸਨੁਲ ਕਸਸ' ਵਿਚ ਇਨਾਂ ਅਸੂਲਾਂ ਅਤੇ ਪੱਧਰ ਨੂੰ ਕਿਸ ਹੱਦ ਤਕ ਨਿਭਾਇਆ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਇਸ਼ਕ ਦੀ ਕਹਾਣੀ ਹੈ। ਇਹ ਬਾਹਰੀ ਤੱਥਾਂ ਦੇ ਨਾਲ ਨਾਲ ਅੰਦਰੂਨੀ ਅਵੱਸਥਾਵਾਂ ਨੂੰ ਵੀ ਬਿਆਨ ਕਰਦੀ ਹੈ।

ਮੌਲਵੀ ਸਾਹਿਬ ਦੇ ਕਿੱਸੇ 'ਅਹਸਨੁਲ ਕਸਸ' ਦੇ ਕਿੰਨੇ ਹੀ ਪਹਿਲੂ ਹਨ, ਜਿਨ੍ਹਾਂ ਨੂੰ ਪਕੜ ਵਿਚ ਲਿਆਉਣਾ ਔਖਾ ਕੰਮ ਹੈ। ਉਨ੍ਹਾਂ ਵਿਚ ਇਕ ਪਹਿਲੂ ਇਸਲਾਮ ਦੇ ਪ੍ਰਚਾਰ ਨਾਲ ਸਬੰਧ ਰੱਖਦਾ ਹੈ। ਮੌਲਵੀ ਸਾਹਿਬ ਕੇਵਲ ਕਵੀ ਹੀ ਨਹੀਂ ਬਲਕਿ ਉਹ ਵੱਡੇ ਕਾਮਿਲ ਵਲੀ ਅੱਲਾਹ ਵੀ ਸਨ। ਜਿੱਥੋਂ ਤੱਕ ਕਿੱਸੇ ਦਾ ਸਬੰਧ ਹੈ, ਇਸ ਵਿਚ ਦੋ ਗੱਲਾਂ ਧਿਆਨ ਵਿਚ ਰੱਖਣੀਆਂ ਪੈਂਦੀਆਂ ਹਨ – ਇਕ ਪਾਤਰ ਅਤੇ ਦੂਜੀ ਘਟਨਾਵਾਂ ਦੀ ਤਰਤੀਬ। ਯੂਸਫ਼ ਜ਼ੁਲੈਖ਼ਾ ਵਿਚ ਹਜ਼ਰਤ ਯੂਸਫ਼ (ਅਲੈ.) ਅੱਲਾਹ ਤਆਲਾ ਦੇ ਪੈਗ਼ੰਬਰ ਹਨ ਅਤੇ ਉਹਨਾਂ ਦੇ ਚਰਿੱਤਰ ਨੂੰ ਪੇਸ਼ ਕਰਦੇ ਹੋਏ ਇਹ ਗੱਲ ਬਹੁਤ ਜ਼ਰੂਰੀ ਸੀ ਕਿ ਉਹਨਾਂ ਦੀ ਸ਼ਾਨ ਵਿਚ ਕੋਈ ਗ਼ਲਤੀ ਨਾ ਹੋ ਜਾਵੇ। ਮੌਲਵੀ ਸਾਹਿਬ ਨੇ ਪਾਤਰ ਉਸਾਰੀ ਵਿਚ ਕਲਾਤਮਕ ਸੂਝ ਬੂਝ ਤੋਂ ਕੰਮ ਲਿਆ ਅਤੇ ਪਾਤਰ ਨੂੰ ਇਸ ਤਰ੍ਹਾਂ ਪੇਸ਼ ਕੀਤਾ ਕਿ ਉਸ ਦੇ ਜੀਵਨ ਦੀਆਂ ਵੱਖ-ਵੱਖ ਕੜੀਆਂ ਜ਼ਿਹਨੀ ਇਨਕਲਾਬ ਅਤੇ ਬਾਹਰੀ ਘਟਨਾਵਾਂ ਦਾ ਪ੍ਰਭਾਵ ਇਕੱਠਾ ਹੋ ਕੇ ਪਾਤਰ ਦੀ ਸੁਭਾਵਿਕ ਬਣਤਰ ਨੂੰ ਪ੍ਰਗਟ ਕਰਦਾ ਹੈ। ਇਸ ਤਰ੍ਹਾਂ ਨਹੀਂ ਹੋਇਆ ਕਿ ਮੌਲਵੀ ਸਾਹਿਬ ਨੇ ਜ਼ਬਰਦਸਤੀ ਗ਼ੈਰ ਅਕਲੀ, ਗ਼ੈਰ ਸੁਭਾਵਿਕ ਜਾਂ ਅਰਧ ਧਾਰਮਿਕ ਕਾਰਨਾਂ ਕਰਕੇ ਪਾਤਰ ਦੇ ਕਿਸੇ ਵਿਸ਼ੇਸ਼ ਮੋੜ ਨੂੰ ਸਪਸ਼ਟ ਕਰਨ ਲਈ ਪੇਸ਼ ਕੀਤਾ ਹੋਵੇ। ਇਸ ਤਰ੍ਹਾਂ ਹਜ਼ਰਤ ਯੂਸਫ਼ (ਅਲੈ.) ਦੇ ਪਾਤਰ ਨੂੰ ਅਤੇ ਉਸ ਦੇ ਨਾਲ ਹੀ ਜ਼ੁਲੈਖ਼ਾ ਦੇ ਚਰਿੱਤਰ ਵਿਚ ਇਕ ਲੜੀ ਸਬੰਧ ਅਤੇ ਸਹਿਮਤੀ ਪੈਦਾ ਹੋ ਜਾਂਦੀ ਹੈ ਜੋ ਇਲਹਾਮੀ (ਅਕਾਸ਼ਵਾਣੀ) ਕਿੱਸੇ ਦੀ ਤਹਿ ਵਿਚ ਤਾਂ ਮੌਜੂਦ ਸੀ, ਪ੍ਰੰਤੂ ਇਸ ਨੂੰ ਖੋਲ ਕੇ ਬਿਆਨ ਨਹੀਂ ਕੀਤਾ ਗਿਆ ਸੀ। ਮੌਲਵੀ ਸਾਹਿਬ ਖੋਲ੍ਹ ਖੋਲ੍ਹ ਕੇ ਅਤੇ ਬਦਲ ਬਦਲ ਕੇ ਇਕ ਹੀ ਵਿਸ਼ੇ ਨੂੰ ਨਵੇਂ ਨਵੇਂ ਢੰਗ ਅਤੇ ਸ਼ੈਲੀ ਵਿਚ ਪੇਸ਼ ਕਰਦੇ ਹਨ। ਸਭ ਤੋਂ ਵੱਡੀ ਗੱਲ ਇਸ ਸਬੰਧ ਵਿਚ ਇਹ ਹੈ ਕਿ ਜਿੱਥੇ ਬਾਜ਼ੀਗਾ ਜਾਂ ਜ਼ੁਲੈਖ਼ਾਂ ਦੇ ਪੂਰੇ ਸਰੀਰ ਦਾ ਬਿਆਨ ਕੀਤਾ ਗਿਆ ਹੈ ਉੱਥੇ ਵੀ ਜਿਸ ਤਰ੍ਹਾਂ ਆਮ ਕਵੀਆਂ ਦਾ ਢੰਗ ਹੈ, ਉਸ ਦੇ ਉਲਟ ਮੌਲਵੀ ਸਾਹਿਬ ਨੇ ਕੋਈ ਸ਼ਿਅਰ ਦੁਰਾਚਾਰੀ ਜਾਂ ਅਸ਼ਲੀਲ ਨਹੀਂ ਲਿਖਿਆ। ਜਦੋਂ ਕਿ ਸਰੋਪਾ (ਸਿਰ ਤੋਂ ਪੈਰਾਂ ਤਕ ਤਾਰੀਫ਼ ਲਿਖਣ ਦਾ ਭਾਵ) ਲਿਖਣ ਵੇਲੇ ਜ਼ਿਆਦਾਤਾਰ ਸ਼ਾਇਰਾਂ ਦਾ ਦਾਮਨ ਦਾਗ਼ਦਾਰ ਹੋ ਜਾਂਦਾ ਹੈ। ਇਹ ਗੱਲ ਕਈ ਹਵਾਲਿਆਂ ਨਾਲ ਮਹੱਤਵਪੂਰਨ ਬਣ ਜਾਂਦੀ ਹੈ ਕਿ ਮੌਲਵੀ ਸਾਹਿਬ ਨੂੰ ਹਜ਼ਰਤ ਯੂਸਫ਼ (ਅਲੈ.) ਦੀ ਪੈਗ਼ੰਬਰੀ ਦਾ ਬੜਾ ਸਤਿਕਾਰ ਹੈ। ਆਪ ਜੀ ਨੂੰ ਇਹ ਅਹਿਸਾਸ ਵੀ ਬੜੀ ਸ਼ਿੱਦਤ ਨਾਲ ਹੈ ਕਿ ਇਹ ਇਕ ਇਲਹਾਮੀ ਕਿੱਸਾ ਹੈ। ਇਸ ਲਈ ਇਸ ਨੂੰ ਅਸ਼ਲੀਲਤਾ ਤੋਂ ਪਵਿੱਤਰ ਰੱਖਣਾ ਚਾਹੀਦਾ ਹੈ। ਇਹ ਇਕ ਦਾਈ ਦਾ ਸਿਰੋਪਾ ਇੰਨਾਂ ਭਿਆਨਕ ਹੈ ਕਿ ਪੜ੍ਹਦੇ ਪੜ੍ਹਦੇ ਕਈ ਥਾਂ ਤੇ ਕੰਬਾਹਟ ਮਹਿਸੂਸ ਹੋਣ ਲਗ ਜਾਂਦੀ ਹੈ ਪ੍ਰੰਤੂ ਇਸ ਦੇ ਬਾਵਜੂਦ ਵੀ ਇਸ ਵਿਚ ਕੋਈ ਅਸ਼ਲੀਲ ਸ਼ਿਅਰ ਨਹੀਂ ਆਏ। ਪੂਰਬੀ ਸ਼ਾਇਰੀ ਵਿਚ ਕਸੀਦਾ ਅਤੇ ਮਸਨਵੀ ਦੋ ਅਜਿਹੀਆਂ



ਵੰਨਗੀਆਂ ਹਨ ਕਿ ਜਿਨ੍ਹਾਂ ਵਿਚ ਕਵੀ ਪ੍ਰਚਲਿਤ ਗਿਆਨ ਅਤੇ ਕਲਾਵਾਂ ਦਾ ਖੋਲ੍ਹ ਕੇ ਵਰਨਣ ਕਰਦੇ ਹਨ। ਇਸ ਦਾ ਉਦੇਸ਼ ਇਹ ਹੁੰਦਾ ਹੈ ਕਿ ਇਕ ਪਾਸੇ ਤਾਂ ਕਵਿਤਾ ਵਿਚ ਬੁਲੰਦੀ ਅਤੇ ਸ਼ਾਨ ਪੈਦਾ ਹੁੰਦੀ ਹੈ ਅਤੇ ਦੂਜੇ ਪਾਸੇ ਸ਼ਾਇਰ ਦੇ ਗਿਆਨ ਅਤੇ ਬਿਆਨ ਦਾ ਪ੍ਰਗਟਾਵਾ ਵੀ ਹੋ ਜਾਂਦਾ ਹੈ। 'ਅਹਸਨੁਲ ਕਸਸ' ਵਿਚ ਮੌਲਵੀ ਸਾਹਿਬ ਨੇ ਵੀ ਇਸ ਤਕਨੀਕ ਤੋਂ ਕਈ ਥਾਵਾਂ ਤੇ ਕੰਮ ਲਿਆ ਹੈ।

ਮੌਲਵੀ ਸਾਹਿਬ ਦੀ ਲਿਖੀ ਹੋਈ ਲੰਬੀ ਹਮਦ (ਰੱਬ ਦੀ ਉਸਤਤਿ) ਨੂੰ ਵੇਖਦੇ ਹਾਂ ਤਾਂ ਹਰੇਕ ਸ਼ਿਅਰ ਵਿਚ ਇਲਾਹਿਯਾਤ ਦਾ ਮਸਲਾ ਬਿਆਨ ਕੀਤਾ ਗਿਆ ਹੈ। ਇਸ ਦੇ ਪੜ੍ਹਣ ਨਾਲ ਬਹੁਤ ਸਾਰੇ ਨੁਕਤੇ ਅਤੇ ਤੱਥ ਸਾਹਮਣੇ ਆਉਂਦੇ ਹਨ। ਤੋਹੀਦ-ਏ-ਸ਼ਹੂਦੀ ਦੀ ਵਿਆਖਿਆ ਹੈ। ਮਕਾਮ ਤਨਜ਼ੀਆ, ਹਦੂਸ-ਓ-ਕਦਮ ਦੀ ਬਹਿਸ, ਵਜੂਦ-ਓ-ਅਦਮ ਕੇ ਅਸਰਾਰ, ਬਾਰ-ਏ-ਅਮਾਨਤ, ਨਫ਼ਸ, ਕਲਬ, ਰੂਹ, ਖ਼ਲਕ-ਓ-ਅਮਰ, ਇਰਫ਼ਾਨ-ਏ-ਨਫ਼ਸ, ਤਨਬੀਹ, ਅੰਦਾਜ਼, ਨਫ਼ਸ-ਏ-ਅਮਾਰਾ, ਨਫ਼ੀ ਅਸਬਾਤ, ਵਸਫ਼-ਏ-ਮਜ਼ਾਕ ਏ-ਸਲੀਮ ਆਦਿ ਇਸ ਕਿਸਮ ਦੇ ਮਸਲੇ ਹਨ ਜਿਨ੍ਹਾਂ ਨੂੰ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਅੱਲਾਮਾ ਅਰਸ਼ੀ ਅੰਮ੍ਰਿਤਸਰੀ ਫ਼ਰਮਾਉਂਦੇ ਹਨ ਕਿ 'ਅਹਸਨੁਲ ਕਸਸ' ਦੇ ਅਧਿਐਨ ਤੋਂ ਬਾਅਦ ਇਹ ਮੰਨਣਾ ਪੈਂਦਾ ਹੈ ਕਿ ਸ਼ਾਇਰ ਉੱਚ ਕੋਟੀ ਦਾ ਸੂਫ਼ੀ, ਫ਼ਲਸਫ਼ੇ ਦਾ ਮਾਹਿਰ, ਬੋਲਣ ਵਾਲਾ ਅਤੇ ਵਿਆਖਿਆਕਾਰ ਹੋਣ ਤੋਂ ਇਲਾਵਾ ਬਹੁਤ ਸਾਰੀਆਂ ਕਲਾਵਾਂ ਵਿਚ ਕਾਫ਼ੀ ਪਕੜ ਰੱਖਦਾ ਹੈ। ਉੱਚ ਦਰਜੇ ਦੇ ਵਿਸ਼ੇ ਕਾਰਨ ਕੁੱਝ ਸ਼ਾਇਰ ਨੈਤਿਕਤਾ ਦੀ ਹੱਦ ਤੱਕ ਪਹੁੰਚ ਗਏ ਹਨ। ਆਮ ਲੋਕ ਤਾਂ ਖ਼ੈਰ ਕੀ ਸਮਝਣਗੇ, ਖ਼ਾਸ ਨੂੰ ਵੀ ਇਨ੍ਹਾਂ ਦੇ ਅਰਥ ਸਮਝਣ ਵਿਚ ਔਖਿਆਈ ਪੇਸ਼ ਆ ਸਕਦੀ ਹੈ। (110)

**ਭੂਮਿਕਾ ਦੀ ਵਿਆਖਿਆ** :-

ਮੌਲਵੀ ਸਾਹਿਬ ਦੀ ਰਚਨਾ 'ਅਹਸਨੁਲ ਕਸਸ' ਦੀ ਭੂਮਿਕਾ ਬਹੁਤ ਔਖੀ ਹੈ ਇਸ ਲਈ ਇਥੇ ਭੂਮਿਕਾ ਦੇ ਔਖੇ ਸ਼ਿਅਰਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਾਂਗਾ। ਮੌਲਵੀ ਗ਼ੁਲਾਮ ਰਸੂਲ (ਰਹਿ.) ਬਹੁਤ ਵੱਡੇ ਸੂਫ਼ੀ ਕਵੀ ਸਨ। ਇਸੇ ਕਰਕੇ ਉਨ੍ਹਾਂ ਨੇ ਆਪਣੀ ਪੁਸਤਕ ਵਿਚ ਤਸੱਵੁਫ਼ ਦੀ ਕਾਫ਼ੀ ਸਾਹਿਤਕ ਸ਼ਬਦਾਵਲੀ ਵਰਤੋਂ ਵਿਚ ਲਿਆਂਦੀ ਹੈ। ਇਸ ਕਰਕੇ ਇਹ ਯੋਗ ਜਾਪਦਾ ਹੈ ਕਿ ਭੂਮਿਕਾ ਦੀ ਵਿਆਖਿਆ ਕਰਨ ਤੋਂ ਪਹਿਲਾਂ ਤਸੱਵੁਫ਼ ਦੀ ਕੁੱਝ ਸ਼ਬਦਾਵਲੀ ਦੀ ਪਹਿਚਾਣ ਕਰਵਾ ਦਿੱਤੀ ਜਾਵੇ ਤਾਂ ਕਿ ਪੜ੍ਹਣ ਵਾਲਿਆਂ ਲਈ ਪੁਸਤਕ ਨੂੰ ਸਮਝਣ ਵਿਚ ਆਸਾਨੀ ਆ ਜਾਵੇ।

ਅਅਯਾਨ-ਏ-ਸਾਬਿਤਾ :- ਅਅਯਾਨ, ਐਨ ਦਾ ਬਹੁ ਵਚਨ ਹੈ ਅਤੇ ਸਾਬਿਤਾ, ਸਾਬਿਤ ਤੋਂ ਬਣਿਆ। ਅਰਥ ਇਹ ਹੈ ਕਿ ਸਾਬਤ ਹਕੀਕਤ। ਤਸੱਵੁਫ਼ ਦੇ ਸ਼ਬਦ ਕੋਸ਼ ਵਿਚ ਇਸ ਦਾ ਅਰਥ ਹੈ ਕਿ ਸਿਫ਼ਤਾਂ ਦੇ ਸਾਹਮਣੇ ਆਉਣ ਤੋਂ ਪਹਿਲਾਂ ਵਸਤੂਆਂ ਦਾ ਜੋ ਨਕਸ਼ਾ ਅੱਲਾਹ ਤਆਲਾ ਦੇ ਜ਼ਿਹਨ ਵਿਚ ਮੌਜੂਦ ਸੀ, ਉਸ ਨੂੰ ਅਅਯਾਨ-ਏ-ਸਾਬਿਤਾ ਕਿਹਾ ਜਾਂਦਾ ਹੈ।

ਅਅਯਾਨ-ਏ-ਖ਼ਾਰਜਾ :- ਜਦੋਂ ਸਿਫ਼ਤਾਂ ਦਾ ਬਾਹਰੀ ਰੂਪ ਵਿਚ ਪ੍ਰਗਟਾਵਾ ਹੋਵੇ, ਕਾਇਨਾਤ ਹੋਂਦ ਵਿਚ ਆ ਗਈ ਤਾਂ ਉਸ ਨੂੰ ਅਅਯਾਨ-ਏ-ਖ਼ਾਰਜਾ ਕਿਹਾ ਜਾਂਦਾ

ਹੈ। ਕੁੱਝ ਸੂਫ਼ੀਆਂ ਦੇ ਨਜ਼ਦੀਕ ਇਹ ਪ੍ਰਗਟਾਵਾ ਛੇ ਪੜਾਵਾਂ ਵਿਚ ਹੋਇਆ। ਇਸ ਲਈ ਇਸ ਨੂੰ ਤਨੱਜ਼ੁਲਾਤ ਸਤਾ ਕਿਹਾ ਜਾਂਦਾ ਹੈ। ਪਰ ਇਹ ਠੀਕ ਨਹੀਂ। ਹਸਤੀ ਦੇ ਤਨੱਜ਼ਲ ਅਣਗਿਣਤ ਹਨ ਪਰ ਸ਼ੇਖ਼ ਅਕਬਰ ਇਬਨੇ ਅਰਬੀ ਅਤੇ ਉਸ ਦੇ ਪੈਰੋਕਾਰਾਂ ਦੇ ਨਜ਼ਦੀਕ ਸੱਤ ਹਨ। ਇਨਾਂ ਵਿਚ ਤਿੰਨ ਕਦੀਮ ਦੇ, ਤਿੰਨ ਹਾਦਸ ਦੇ ਅਤੇ ਇਕ ਜਾਮਿਅ ਕੁਲ ਦਾ ਹੈ। ਤਨੱਜ਼ੁਲਾਤ ਦੀ ਵੰਡ ਇਸ ਪ੍ਰਕਾਰ ਹੈ :-

ਕਿਦਮ ਅਤੇ ਵਜੂਬ ਦੇ ਰੁਤਬੇ :- ਅਹਦੀਯਤ, ਵਹਦਤ, ਵਾਹਦੀਯਤ, ਅਹਦੀਯਤ, ਅਹਦੀਯਤ। ਅਹਦੀਯਤ ਨੂੰ ਜ਼ਾਤ ਬਹਿਤ, ਜ਼ਾਤ-ਏ-ਸਰਫ਼ ਵੀ ਕਿਹਾ ਜਾਂਦਾ ਹੈ।

ਵਹਦਤ :- ਭਾਵ ਅੱਲਾਹ ਤਆਲਾ ਦਾ ਆਪਣੇ ਆਪ ਨੂੰ ਜਾਨਣਾ ਸਭ ਤਾਇਨਾਤ ਦੇ ਤਈਯਨ-ਏ-ਜਾਮਿਅ ਦੇ ਤੌਰ ਤੇ ਇਹ ਅਹਦੀਯਤ ਅਤੇ ਵਾਹਦੀਯਤ ਦੇ ਦਰਮਿਆਨ ਬਰਜ਼ਖ਼ ਹੈ।

ਵਾਹਦੀਯਤ :- ਭਾਵ ਜ਼ਾਤ ਦਾ ਮੁਤਸਿਫ਼ ਹੋਣਾ ਸਭ ਇਤਬਾਹ ਦੇ ਨਾਲ ਪ੍ਰਗਟਾਵਾ ਅਤੇ ਸਭ ਅਸਮਾ-ਏ-ਸਿਫ਼ਾਤ ਕਾ ਬ ਤਰਜ਼-ਏ-ਅਜਮਾਲ

ਹਦੂਸ ਔਰ ਇਮਕਾਨ ਦੇ ਮਰਤਬੇ :-

(1) ਰੂਹ (2) ਮਿਸਾਲ (3) ਜਿਸਮ (ਸਰੀਰ)

(1) ਰੂਹ :- ਵਜੂਦ (ਹਸਤੀ) ਦਾ ਪ੍ਰਗਟਾਵਾ, ਰੂਹ (ਆਤਮਾ) ਨਾਲ ਸਬੰਧਤ ਤੌਰ ਤਰੀਕੇ ਅਤੇ ਆਦੇਸ਼ ਨਾਲ ਉਹ ਜਵਾਹਰ (ਹੀਰੇ) ਹਨ।

(2) ਮਿਸਾਲ :- ਇਹ ਹਾਦਿਸ (ਹੋਂਦ ਵਿਚ ਆਉਣ ਵਾਲੀ ਨਵੀਂ ਚੀਜ਼) ਦਾ ਦੂਜਾ ਦਰਜਾ ਹੈ, ਇਹ ਪ੍ਰਗਟਾਅ ਹੈ ਹੱਕ ਤਆਲਾ ਦਾ ਤਰੀਕਾ ਅਤੇ ਆਦੇਸ਼ ਦੇ ਨਾਲ। ਇਸ ਰੁਤਬੇ ਨੂੰ 'ਆਲਮ ਖ਼ਿਆਲ' ਵੀ ਕਹਿੰਦੇ ਹਨ ਇਹ ਬਰਜ਼ਖ਼ (ਸਵਰਗ ਅਤੇ ਨਰਕ ਦੇ ਵਿਚਕਾਰ ਦੀ ਥਾਂ) ਹੈ ਇਸ ਨੂੰ ਪੂਰਨ ਅਤੇ ਸਪਸ਼ਟ ਵੀ ਕਹਿੰਦੇ ਹਨ।

(3) ਜਿਸਮ :- ਇਹ ਪ੍ਰਗਟਾਵਾ ਹੈ ਹਜ਼ਰਤ-ਏ-ਵਜੂਦ ਦਾ। ਜਿਸਮਾਨੀ (ਸਰੀਰਕ) ਤੌਰ ਤਰੀਕੇ ਅਤੇ ਆਦੇਸ਼ ਦੇ ਨਾਲ।

ਜਾਮਿਅ ਕੁਲ :- ਇਹ ਹੋਂਦ ਹੈ ਤੌਰ ਤਰੀਕੇ ਅਤੇ ਆਦੇਸ਼ ਐਨ ਮੁਤੱਲਿਕਾ ਇਨਸਾਨੀਆ ਦੇ ਨਾਲ ਬੱਸ ਹਜ਼ਰਤ-ਏ-ਇਨਸਾਨ ਆਖ਼ਰੀ ਪ੍ਰਗਟਾਅ ਹੈ ਜਾਮਿਅ ਅਤੇ ਮਜ਼ਹਰ ਸਭ ਮਰਤਬਿਆਂ ਦਾ। ਇਸ ਤੋਂ ਬਾਅਦ ਪ੍ਰਗਟਾਅ ਦਾ ਰੁਤਬਾ ਕੋਈ ਨਹੀਂ ਹੈ। ਸੂਫ਼ੀਆਂ ਦੇ ਅਨੁਸਾਰ ਯਕੀਨ ਦੇ ਤਿੰਨ ਦਰਜੇ ਹਨ :-

(1) ਇਲਮ-ਉਲ-ਯਕੀਨ (2) ਐਨ-ਉਲ-ਯਕੀਨ (3) ਹੱਕ-ਉਲ-ਯਕੀਨ

(1) ਇਲਮ-ਉਲ-ਯਕੀਨ :- ਜਦੋਂ ਕੋਈ ਬੰਦਾ ਧੂੰਆਂ ਦੇਖੇ ਤਾਂ ਉਸ ਨੂੰ ਯਕੀਨ ਹੋ ਜਾਂਦਾ ਹੈ ਕਿ ਅੱਗ ਹੈ ਇਹ ਇਲਮ-ਉਲ-ਯਕੀਨ ਹੈ।

(2) ਐਨ-ਉਲ-ਯਕੀਨ :- ਜਦੋਂ ਕੋਈ ਬੰਦਾ ਅੱਗ ਨੂੰ ਆਪਣੀਆਂ ਅੱਖਾਂ ਨਾਲ ਦੇਖੇ ਤਾਂ ਪਹਿਲਾਂ ਨਾਲੋਂ ਜ਼ਿਆਦਾ ਉਸ ਨੂੰ ਅੱਗ ਦੇ ਹੋਣ ਦਾ ਯਕੀਨ ਹੋ ਜਾਂਦਾ ਹੈ, ਇਹ ਐਨ-ਉਲ-ਯਕੀਨ ਹੈ।

(3) ਹੱਕ-ਉਲ-ਯਕੀਨ :- ਜੋ ਬੰਦਾ ਆਪਣਾ ਹੱਥ ਅੱਗ ਵਿਚ ਪਾ ਦੇਵੇ ਤਾਂ



ਜਲਣ ਮਹਿਸੂਸ ਕਰੇਗਾ। ਇਹ ਹੱਕ ਉਲ ਯਕੀਨ ਹੈ।

**ਸੈਰ** :- ਸੈਰ ਦੇ ਅਰਥ ਫਿਰਨਾ ਦੇ ਹਨ ਜਦੋਂ ਵਿਵਹਾਰ ਵਿਚ ਰੱਬ ਦੇ ਰਾਹ ਤੇ ਚੱਲਣ ਵਾਲਾ ਸਾਧਕ (ਸਾਲਿਕ) ਇਕ ਅਜਿਹੇ ਸਥਾਨ ਤੇ ਪਹੁੰਚ ਜਾਂਦਾ ਹੈ ਕਿ ਰੱਬ ਦੇ ਰਸਤੇ ਤੇ ਚੱਲਣ ਵਾਲੇ ਨੂੰ ਇਹ ਪ੍ਰਤੀਤ ਹੋਣ ਲੱਗੇ ਕਿ ਉਹ ਅਸਮਾਨਾਂ ਵਿਚ ਛਾਂ ਦੇਣ ਵਾਲੀ ਕਿਸੇ ਚੀਜ਼ (ਜ਼ਲਾਲ) ਨੂੰ ਵੇਖਦਾ ਹੈ ਤਾਂ ਉਸ ਸਥਾਨ ਦਾ ਨਾਂ ਸੈਰ ਇਲਾਹ ਹੈ। ਜਦੋਂ ਸਾਧਕ (ਮਾਲਿਕ) ਇਸ ਸਥਾਨ ਤੋਂ ਲੰਘ ਕੇ ਇਹ ਮਹਿਸੂਸ ਕਰਨ ਲੱਗੇ ਕਿ ਉਹ ਰੱਬ ਦੀ ਜ਼ਾਤ ਨੂੰ ਵੇਖ ਰਿਹਾ ਹੈ ਤਾਂ ਇਸ ਸਥਾਨ ਨੂੰ ਸੈਰ ਫਿਲਾਹ ਕਹਿੰਦੇ ਹਨ ਫਿਰ ਜਦੋਂ ਸਾਧਕ ਇਸ ਸਥਾਨ ਤੋਂ ਵਾਪਸ ਹੁੰਦਾ ਹੈ। ਇਸ ਵਾਪਸੀ ਦਾ ਨਾਂ ਸੈਰ ਅਨਿਲਾਹ ਹੈ। ਫੇਰ ਉਹ ਮਨੁੱਖਾਂ ਵਾਂਗ ਆਪਣੇ ਕੰਮ ਕਾਜ ਵਿਚ ਰੁਝ ਜਾਂਦਾ ਹੈ।

**ਫ਼ਰਕ** :- ਫ਼ਰਕ ਦੇ ਅਰਥ ਵੱਖਰਾਪਣ ਜਾਂ ਜੁਦਾਈ ਦੇ ਹਨ। ਤਸੱਵੁਫ਼ ਦੀ ਤਕਨੀਕੀ ਸ਼ਬਦਾਵਲੀ ਵਿਚ ਫ਼ਰਕ ਸਾਧਕ ਦੇ ਉਸ ਸਥਾਨ ਨੂੰ ਪ੍ਰਗਟ ਕਰਦਾ ਹੈ ਜਿਸ ਵਿਚ ਉਸ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਮੈਂ ਰੱਬ ਤੋਂ ਵੱਖ ਹਾਂ ਅਤੇ ਵੱਖਰਾ ਵਜੂਦ ਰੱਖਦਾ ਹਾਂ।

**ਜਮਅ** :- ਜਮਅ ਦੇ ਅਰਥ ਇਕ ਥਾਂ ਹੋਣਾ ਹੈ। ਤਸੱਵੁਫ਼ ਦੀ ਤਕਨੀਕੀ ਸ਼ਬਦਾਵਲੀ ਵਿਚ ਇਸ ਨਾਲ ਸਾਧਕ ਦਾ ਉਸ ਸਥਾਨ ਤੋਂ ਭਾਵ ਹੈ ਜਿਸ ਵਿਚ ਇਹ ਮਹਿਸੂਸ ਹੁੰਦਾ ਹੈ ਕਿ ਮੈਂ ਅਤੇ ਖ਼ੁਦਾ ਇਕ ਹੋ ਗਏ। ਮੌਲਵੀ ਗ਼ੁਲਾਮ ਰਸੂਲ ਜਮਅ ਤਫ਼ਰੀਕ ਤੋਂ ਇਕ ਸਥਾਨ ਅਰਥ ਲੈਂਦਾ ਜਮਅ ਸਥਾਨ ਵਿਚ ਰੱਬ ਅਤੇ ਮਨੁੱਖ ਇਕ ਸਨ। ਦੁਨੀਆ ਭਾਵ ਤਫ਼ਰੀਕ ਵਿਚ ਆਉਣ ਤੋਂ ਬਾਅਦ ਫ਼ਰਕ ਪੈ ਗਿਆ।

***ਕੀ ਆਖਾਂ ਮੈਂ ਕਿੱਥੋਂ ਆਈ, ਆਈ ਤੇ ਕੁਰਲਾਈ***
***ਆਪ ਮੁਕਾਮ ਜਮਅ ਥੀਂ ਤੂੰ ਹੀ ਦਿਲ ਤਫ਼ਰੀਕ ਵਗਾਈ***

**ਜ਼ਾਹਰੀ ਇਲਮ** (ਬਾਹਰਲਾ ਗਿਆਨ) :- ਜ਼ਾਹਰੀ ਇਲਮ ਤੋਂ ਭਾਵ ਆਮ ਗਿਆਨ ਮਿਸਾਲ ਵਜੋਂ ਤਫ਼ਸੀਰ, ਫ਼ਿਕਾ, ਹਦੀਸ ਅਤੇ ਇਲਮ ਉਲ ਕਲਾਮ ਆਦਿ। ਅੰਦਰੂਨੀ ਗਿਆਨ ਤੋਂ ਭਾਵ ਉਹ ਮਾਰਫ਼ਤ ਹੈ ਜੋ ਸੂਫ਼ੀਆਨਾ ਕੋਸ਼ਿਸ਼ ਕਰਨ ਨਾਲ ਪ੍ਰਾਪਤ ਹੁੰਦੀ ਹੈ। ਭਾਵ ਰੱਬ ਅਤੇ ਦੁਨੀਆ ਦਾ ਬਿਨਾਂ ਸਬਬ ਸ਼ਹੂਦ (ਇਕ ਪੜਾਅ ਜਿਸ ਤੇ ਪਹੁੰਚ ਕੇ ਸੂਫ਼ੀਆ ਨੂੰ ਹਰੇਕ ਚੀਜ਼ ਵਿਚ ਰੱਬ ਦਿਸਦਾ ਹੈ) ਪ੍ਰਾਪਤ ਕਰਨ ਦਾ ਯਤਨ।

ਕਸ਼ਫ਼ ਦੇ ਕੋਸ਼ਗਤ ਅਰਥ ਖੋਲ੍ਹਣਾ ਹੈ। ਅੰਦਰੂਨੀ ਨੂਰ ਦੇ ਨਾਲ ਘਟਨਾਵਾਂ ਅਤੇ ਤੱਥਾਂ ਦੇ ਸਮਝਣ ਨੂੰ ਕਸ਼ਫ਼ ਕਹਿੰਦੇ ਹਨ। ਆਮ ਤੌਰ ਤੇ ਮਾਨਸਿਕ ਚਿੰਨ੍ਹਾਂ ਦੇ ਤੌਰ ਤੇ ਵੀ ਪ੍ਰਗਟ ਹੁੰਦਾ ਹੈ।

ਦਿਲ ਵਿਚ ਕਿਸੇ ਗੱਲ ਦੇ ਆਉਣ ਨੂੰ ਇਲਹਾਮ ਕਹਿੰਦੇ ਹਨ। ਸ਼ਬਦਾਵਲੀ ਦੇ ਅਧਾਰ ਤੇ ਇਹ ਰੱਬ ਦੇ ਨੇਕ ਬੰਦਿਆਂ ਨਾਲ ਸਬੰਧਤ ਹੈ। ਰੱਬ ਵਲੋਂ ਹਦਾਇਤ ਦਾ ਪ੍ਰਾਪਤ ਹੋਣਾ। ਜੋ ਹਦਾਇਤ ਇਸ ਤਰ੍ਹਾਂ ਹੁੰਦੀ ਹੈ, ਉਹ ਕੋਈ ਤਸਦੀਕ ਕੀਤੀ ਹੋਈ ਗੱਲ ਨਹੀਂ ਹੁੰਦੀ। ਇਸ ਲਈ ਇਸ ਦੀ ਪਾਬੰਦੀ ਦੂਸਰਿਆਂ ਲਈ ਜ਼ਰੂਰੀ ਨਹੀਂ। ਮੌਲਵੀ ਸਾਹਿਬ ਪੂਰਨ ਤੌਰ ਤੇ (ਕਾਮਿਲ) ਵਲੀ ਅੱਲਾਹ (ਰੱਬ ਦੇ ਨੇਕ ਬੰਦੇ) ਸਨ। ਉਨ੍ਹਾਂ ਦਾ ਗਿਆਨ ਅਥਾਹ ਸੀ। ਸੱਯਦ ਰੋਸ਼ਨ ਨੂੰ ਇਕ ਖ਼ਤ ਵਿਚ ਲਿਖਦੇ ਹਨ। (111)

ਇਹ ਕਲਮ ਸਪੁਰਦ ਮੈਂ ਵਰਗਿਆਂ ਨੂੰ ਜਿੰਦ ਜਿਹਨਾਂ ਦੀ ਤੇਗ਼ ਦੀਆ ਧਾਰੀਆਂ ਤੇ

ਅੱਲਾਹ ਦੇ ਵਲੀਆਂ ਦਾ ਦੁਨੀਆ ਵਿਚ ਰਹਿਣਾ ਬਹੁਤ ਔਖਾ ਹੁੰਦਾ ਹੈ
ਗੁੱਝੇ ਨੈਣ ਜਿਨ੍ਹਾਂ ਦੇ ਦਿਲ ਤੇ ਤੇਜ਼ ਕਟਾਰੀਆਂ ਧਰਦੇ
ਬੇ ਬਸਰਾਂ ਦੇ ਇਸ਼ਵਿਆਂ ਦੇ ਵਲ ਕਦ ਉਹ ਨਜ਼ਰਾਂ ਕਰਦੇ
ਤੇ ਗ਼ੈਰਾਂ ਦੇ ਸੰਵਰੋਂ ਸੜਦੇ ਨਫ਼ਸ ਹਵਾ ਦੇ ਬਰਦੇ
ਕਦ ਗੈਰਾਂ ਵੱਲ ਝਾਤ ਘੱਤਣ ਜੇ ਯਾਰ ਹੋਵੇ ਵਿਚ ਘਰ ਦੇ।

ਸੂਫ਼ੀ ਬਾਹਰੀ ਅੱਖਾਂ ਨੂੰ ਅੱਖਾਂ ਨਹੀਂ ਸਮਝਦੇ। ਉਹ ਆਮ ਲੋਕਾਂ ਨੂੰ ਬੇ ਬਸਰ (ਅੰਨ੍ਹਾ) ਭਾਵ ਬਿਨਾਂ ਅੱਖਾਂ ਦੇ ਸਮਝਦੇ ਹਨ ਅਤੇ ਇਹ ਗੱਲ ਹੈ ਵੀ ਠੀਕ। ਜਿਵੇਂ ਜੇਕਰ ਅਸੀਂ ਕਮਰੇ ਦੇ ਦਰਵਾਜ਼ੇ ਚੰਗੀ ਤਰ੍ਹਾਂ ਬੰਦ ਕਰ ਲਈਏ ਅਤੇ ਕੋਈ ਸੁਰਾਖ਼ ਵੀ ਬਾਕੀ ਨਾ ਰਹੇ ਤਾਂ ਸਾਨੂੰ ਕੁਝ ਵੀ ਦਿਖਾਈ ਨਹੀਂ ਦਿੰਦਾ। ਸਾਨੂੰ ਜੋ ਕੁਝ ਵੀ ਨਜ਼ਰ ਆਉਂਦਾ ਹੈ, ਸੂਰਜ ਦੀ ਰੌਸ਼ਨੀ ਕਰਕੇ ਨਜ਼ਰ ਆਉਂਦਾ ਹੈ। ਅਸਲ ਵਿਚ ਦਿਲ ਦੀਆਂ ਅੱਖਾਂ ਹੁੰਦੀਆਂ ਹਨ। ਇਕ ਥਾਂ ਤੇ ਮੌਲਵੀ ਸਾਹਿਬ ਲਿਖਦੇ ਹਨ :-

*ਇਹਨਾਂ ਚਸ਼ਮ ਨਜ਼ਾਰਿਆਂ ਲਾਇਕ ਜਿਸ ਦੀ ਧਿਰੀ ਕਾਲੀ*
*ਇਹ ਖ਼ੁਦ ਫ਼ਾਨੀ ਫ਼ਾਨੀ ਦੇਖੇ ਦੇਖ ਰਹੇ ਮਤਵਾਲੀ।*

ਇਸ ਲਈ ਮੌਲਵੀ ਸਾਹਿਬ ਦੁਨੀਆ ਦੇ ਮਾਸ਼ੂਕਾਂ ਨੂੰ ਬਿਨ੍ਹਾਂ ਅੱਖਾਂ ਦੇ ਮੰਨਦੇ ਹਨ। ਪ੍ਰੰਤੂ ਜੇਕਰ ਯਾਰ ਘਰ ਵਿਚ ਦਿਲ ਦੇ ਅੰਦਰ ਹੀ ਵਸਦਾ ਹੋਵੇ ਤਾਂ ਕਿਸੇ ਹੋਰ ਪਾਸੇ ਵੇਖਣ ਦੀ ਲੋੜ ਨਹੀਂ। ਮੌਲਵੀ ਸਾਹਿਬ ਦੀ ਕਵਿਤਾ ਇਲਾਹੀ ਇਸ਼ਕ ਦੇ ਦੁਆਲੇ ਘੁੰਮਦੀ ਹੈ। 'ਅਹਸਨੁਲ ਕਸਸ' ਦਾ ਪਹਿਲਾ ਸ਼ਿਅਰ ਹੀ ਇਸ਼ਕ ਨਾਲ ਆਰੰਭ ਹੁੰਦਾ ਹੈ।

ਮੌਲਵੀ ਸਾਹਿਬ ਨੇ ਇਸ ਵਿਚ ਇਕ ਨਵੀਂ ਗੱਲ ਪੈਦਾ ਕੀਤੀ ਹੈ ਭਾਵ ਕਾਇਨਾਤ ਦਾ ਖ਼ਾਲਕ ਜੋ ਕਿ ਸਾਰੇ ਜਹਾਨਾਂ ਦਾ ਰੱਬ ਹੈ ਦੀ ਹਮਦ ਤੋਂ ਪਹਿਲਾਂ ਖ਼ੁਦ ਹਮਦ ਦੀ ਤਾਰੀਫ਼ ਕੀਤੀ ਹੈ ਕਿ ਉਸ ਰੱਬ ਦੇ ਲਈ ਜੋ ਹਮਦ ਕੀਤੀ ਜਾਵੇ, ਉਹ ਕਿਹੋ ਜਿਹੀ ਹੋਣੀ ਚਾਹੀਦੀ ਹੈ:-

*ਇਸ਼ਕ ਭਿੰਨਾ ਇਖ਼ਲਾਸ ਨਹਿਲਾਇਆ ਰੰਗਿਆ ਰੰਗ ਸ਼ਹੂਦੀ*
*ਸਿਦਕ ਸਫ਼ਾ ਦੀ ਆਬ ਹਵਾਏਂ ਪਲਿਆ ਵਿਚ ਖ਼ੁਸ਼ਨੂਦੀ*
*ਬਰਗ-ਓ--ਬਰਗ ਇਰਾਦਤ ਅਜ਼ਲੀ ਨੂਰ ਰਚਾਇਆ ਹੋਇਆ*
*ਮਹਿਵੀਯਤ ਦੇ ਖ਼ੁਮਰ ਤਹੂਰੋਂ ਨਸ਼ਾ ਚੜ੍ਹਾਇਆ ਹੋਇਆ*
*ਅਫ਼ਜ਼ਲ ਅਤਹਰ ਅਕਮਲ ਅਨਵਰ ਜੈਂ ਵਿਚ ਸਭ ਵਡਿਆਈਆਂ*
*ਅਦਮ ਤਕੱਲੁਫ਼ ਵਾਲੀਆਂ ਨਦੀਆਂ ਜਿਸ ਥੀਂ ਵਹਿੰਦੀਆਂ ਆਈਆਂ*
*ਅਜ਼ਲ, ਅਜ਼ਾਲੀ, ਅਬਦ ਆਬਾਦੀ ਹਮਦ ਦਵਾਮ ਦਵਾਮੀ*
*ਵਿਚ ਦਰਬਾਰ ਵਜੂਬ ਗਿਨਾ ਦੇ ਐਹ ਸਰ ਸਬਜ਼ ਮਦਾਮੀ*(112)

ਇਨ੍ਹਾਂ ਸ਼ਿਅਰਾਂ ਦੀ ਵਿਆਖਿਆ ਵਿਚ ਸੰਖੇਪ ਜਿਹਾ ਹਾਸ਼ੀਆ ਜਾਂ ਮੌਲਵੀ ਸਾਹਿਬ ਨੇ ਆਪਣੇ ਕਲਮ ਨਾਲ ਲਿਖਿਆ ਹੈ :-

*"ਈਂ ਹਰ ਸਹਿ ਬੈਤ ਇਬਤਦਾ ਮਅ ਨਿਸਫ਼ ਮਿਸਰਾ ਅਜ਼ ਬੈਤ*
*ਚਹਾਰਮ ਬਤਰਜ਼ੇ ਤਨਸੀਕ ਉਲ ਸਿਫ਼ਾਤ ਸਿਫ਼ਤ ਅਸਤ ਕਲਮਾ ਹਮਦ*
*ਮੌਸੂਫ਼ ਆਂ ਮੁਅੱਖ਼ਰ ਉਫ਼ਤਾਦਾ ਅਸਤ"*



ਭਾਵ ਉਪਰੋਕਤ ਸਾਰੀਆਂ ਸਿਫ਼ਤਾਂ ਜਿਸ ਲਈ ਕੀਤੀਆਂ ਗਈਆਂ ਹਨ। ਹਮਦ ਹੈ ਜੋ ਅੰਤ ਵਿਚ ਆਈ ਹੈ। ਸੰਖੇਪ ਤੌਰ ਤੇ ਇਹ ਸਮਝੋ ਕਿ ਰੱਬ ਦੀ ਹਮਦ ਵਿਚ ਹੇਠ ਲਿਖੀਆਂ ਸਿਫ਼ਤਾਂ (ਵਡਿਆਈਆਂ) ਹੋਣੀਆਂ ਚਾਹੀਦੀਆਂ ਹਨ।

1. ਇਸ਼ਕ ਦਾ ਰਲਾ, ਸਾਫ਼ ਸੁਥਰਾ, ਪਾਕ ਸਾਫ਼ ਅਤੇ ਸ਼ਹੂਦੀ ਤੌਹੀਦ (ਅਦਵੈਤਵਾਦ) ਦੇ ਰੰਗ ਵਿਚ ਰੰਗੀ ਹੋਈ।
2. ਸਿਦਕ-ਓ-ਸਫ਼ਾ ਦੇ ਪੌਣ ਪਾਣੀ ਨਾਲ ਰਜ਼ਾ ਦੇ ਮਹੌਲ ਵਿਚ ਪਲੀ ਹੋਈ।
3. ਪੱਤੇ ਪੱਤੇ ਵਿਚ ਇਰਾਦਤ-ਏ-ਅਜ਼ਲੀ ਦਾ ਨੂਰ ਸਰਾਯਤ ਕੀਤਾ ਹੋਇਆ।
4. ਸ਼ਰਾਬ-ਏ-ਤਹੂਰ ਵਿਚ ਲੀਨਤਾ ਦੇ ਨਸ਼ੇ ਵਿਚ ਮਸਤ
5. ਵਡਿਆਈ, ਪਵਿੱਤਰਤਾ ਕਮਾਲ ਅਤੇ ਨੂਰਾਨੀਅਤ ਦੀਆਂ ਸਾਰੀਆਂ ਖ਼ੂਬੀਆਂ ਨਾਲ ਭਰਪੂਰ
6. ਜਿਸ ਵਿਚ ਵਿਖਾਵਾ ਅਤੇ ਬਣਾਵਟ ਦੀ ਖੋਟ ਤਕ ਨਾ ਹੋਵੇ।
7. ਆਰੰਭ ਰਹਿਤ ਅਤੇ ਅੰਤ ਰਹਿਤ ਹਮਦ ਹਮੇਸ਼ਾ ਹਮੇਸ਼ਾ ਲਈ
8. ਹਜ਼ਰਤ-ਏ-ਵਾਜਬ ਉਲ ਵਜੂਦ ਦੀ ਦਰਗਾਹ ਵਿਚ ਸਦੀਵਤਾ ਦੀ ਤਰ੍ਹਾਂ

**ਅਜਜ਼-ਏ-ਹਮਦ (ਹਮਦ ਦੀ ਨਿਮਰਤਾ)** :- ਅੱਗੇ ਫ਼ਰਮਾਉਂਦੇ ਹਨ :

*ਅਜਜ਼ ਕਮਾਲ ਖ਼ੁਦਾ ਦੇ ਹਮਦੋਂ ਹਰ ਜ਼ੱਰਾ ਇਕਰਾਰੀ*
*ਦਮ ਦਮ ਲਖ ਲਖ ਲੂੰ ਲੂੰ ਹਮਦੋਂ ਥਏ ਨਾ ਸ਼ੁਕਰ ਗੁਜ਼ਾਰੀ*(113)

**ਕਾਇਨਾਤ** ਦਾ ਹਰ ਕਣ ਖ਼ੁਦਾ ਦੀ ਹਮਦ ਤੋਂ ਨਿਮਰਤਾ ਨੂੰ ਮੰਨਣ ਵਾਲਾ ਹੈ ਅਤੇ ਹਰੇਕ ਰੋਂਗਟੇ (ਲੂੰ ਲੂੰ) ਵਿਚ ਲੱਖ ਲੱਖ ਜ਼ੁਬਾਨਾਂ ਪੈਦਾ ਹੋ ਜਾਣ ਅਤੇ ਹਰੇਕ ਪਲ ਹਮਦ ਕਰਦੇ ਰਹਿਣ ਤਾਂ ਵੀ ਹਮਦ ਅਤੇ ਸ਼ੁਕਰ ਦਾ ਹੱਕ ਅਦਾ ਨਹੀਂ ਕਰ ਸਕਦੇ।

ਸਵੈ ਦਾ ਗਿਆਨ ਦੇ ਸਬੰਧ ਵਿਚ ਅਕਲ ਅਤੇ ਸਮਝ ਤਕ ਨਾ ਪੁੱਜਣ ਦਾ ਵਰਨਣ ਪੁਰਾਣਾ ਵਿਸ਼ਾ ਹੈ ਅਤੇ ਹਰੇਕ ਵਿਅਕਤੀ ਨੇ ਇਸ ਨੂੰ ਆਪਣੇ ਰੰਗ ਵਿਚ ਬਿਆਨ ਕੀਤਾ ਹੈ। ਮੌਲਵੀ ਸਾਹਿਬ ਫ਼ਰਮਾਉਂਦੇ ਹਨ :

*ਹਾਦਿਸ ਕਯਾ ਕਦੀਮੋਂ ਜਾਣੇ ਜੇ ਲੱਖ ਉੱਡੇ ਹਵਾਏਂ*
*ਵਿਚੇ ਡੁੱਬ ਮਰੇਂਦਿਆਂ ਅਕਲਾਂ ਹੈਰਤ ਦੇ ਦਰਿਆਏਂ*

ਹਾਦਿਸ ਬਹੁਤ ਉੱਡਣ ਦੇ ਬਾਅਦ ਵੀ ਪੁਰਾਤਨ ਨੂੰ ਸਮਝ ਨਹੀਂ ਸਕਦਾ। ਇਹ ਉਹ ਸਥਾਨ ਹੈ ਜਿਥੇ ਹੈਰਾਨੀ ਦੇ ਦਰਿਆਵਾਂ ਵਿਚ ਅਕਲਾਂ ਡੁੱਬ ਕੇ ਰਹਿ ਜਾਂਦੀਆਂ ਹਨ। ਸਾਅਦੀ ਦੇ ਕਥਨ ਅਨੁਸਾਰ :

*ਚਿਹ ਸ਼ਬ ਹਾ ਨਸ਼ਿਸਤਮ ਦਰੀਂ ਦੇਰ ਗੁਮ*
*ਕਿ ਹੈਰਤ ਗਰਿਫ਼ਤ ਆਸਤੀਨਮ ਕਿ ਕੁਮ*

ਕਈ ਰਾਤਾਂ ਮੈਂ ਇਸ ਸੰਸਾਰ ਦੇ ਬੁਤਖ਼ਾਨੇ ਅੰਦਰ ਸੋਚ ਵਿਚ ਡੁੱਬਿਆ ਰਿਹਾ। ਅੰਤ ਵਿਚ ਹੈਰਾਨੀ ਨੇ ਮੇਰਾ ਹੱਥ ਫੜ ਕੇ ਕਿਹਾ ਕਿ ਉੱਠ ਖੜਾ ਹੋ। (114)

ਮੌਲਵੀ ਸਾਹਿਬ ਨੂੰ ਆਪਣੀ ਕਲਾ ਦੀ ਨਿਪੁੰਨਤਾ ਦਾ ਪੂਰਨ ਅਹਿਸਾਸ ਹੈ। ਮੌਲਵੀ ਸਾਹਿਬ ਦੀਆਂ ਲਿਖੀਆਂ ਹੋਈਆਂ ਚਿੱਠੀਆਂ ਅਤੇ 'ਅਹਸਨੁਲ ਕਸਸ' ਦੇ ਕੁੱਝ

ਸ਼ਿਅਰਾਂ ਵਿਚ ਕਲਾਤਮਕ ਤਕਨੀਕੀ ਸ਼ਬਦਾਵਲੀ ਅਤੇ ਅਹਿਸਾਸ ਦੇ ਪ੍ਰਗਟਾਅ ਦੇ ਨਮੂਨੇ ਮਿਲਦੇ ਹਨ।

*ਕਦੋਂ ਸ਼ਿਅਰ ਦਾ ਕਾਫ਼ੀਆ ਤੰਗ ਸਾਡਾ ਕਦੇ ਬਿਗੜਦਾ ਵਜ਼ਨ ਮਿਕਦਾਰ ਨਾਹੀਂ।*
*ਤਕਤੀਅ ਦੇ ਵਿਚ ਮੀਜ਼ਾਨ ਤੁਲਦਾ, ਮਤਲਾ, ਹਸ਼ਵ, ਅਰੂਜ਼ ਕਜਦਾਰ ਨਾਹੀਂ।*
*ਵਿਚ ਇਕਤ ਮਅਨੀ ਵਾਹਦ ਕਾਫ਼ੀਏ ਦੇ ਸੋਚ ਦੇਖ ਲੈ ਪੀਯਾ ਤਕਰਾਰ ਨਾਹੀਂ।*
*ਇਹ ਸ਼ਿਅਰ ਸ਼ਊਰ ਥੀਂ ਦੂਰ ਭਾਵੇਂ ਐਪਰ ਸਹਰ ਹੈ ਸਿਰਫ਼ ਅਸ਼ਆਰ ਨਾਹੀਂ।*
*ਨੋਕ ਕਲਮ ਦੀ ਛਾਣਦੀ ਮੋਤੀਆਂ ਨੂੰ ਐਸਾ ਅਬਰ ਨੀਸਾਂ ਗੌਹਰ ਬਾਰ ਨਾਹੀਂ।*(115)

*ਨਜ਼ਮ ਲੜੀ ਵਿਚ ਲੁਗ਼ਤ ਪੰਜਾਬੀ ਮੋਤੀ ਇਸ਼ਕ ਪਰੋਵਾਂ*
*ਦਿਨ ਕਾਈ ਵਿਚ ਬਹਿਰ ਬਿਰਹੋਂ ਦੇ ਦਾਗ਼ ਦਿਲੇ ਦਾ ਧੋਵਾਂ।*(116)

ਫ਼ਰਮਾਉਂਦੇ ਹਨ :-

*ਆ ਇਸ਼ਕ ਹੁਣ ਤੇਰਾ ਵੇਲਾ ਨੋਕ ਕਲਮ ਚੜ੍ਹ ਰਸਨਾਂ*
*ਪੈ ਚੱਲਿਆਂ ਜੱਗ ਤੇਰੀਆਂ ਵਾਰਾਂ ਕਦ ਤੋੜੀ ਛੁਪ ਵਸਨਾਂ*
*ਚਾ ਤੂਫ਼ਾਨ ਕਲਮ ਦਾ ਕਾਈ ਰੁੜ੍ਹਦਿਆਂ ਹੋਰ ਰੁੜ੍ਹਾਈਂ*
*ਰੋਂਦਿਆਂ ਦੀ ਅੱਖੀਂ ਵਿਚ ਵੀ ਬੇੜੀਆਂ ਤਾਰ ਦਿਖਾਈਂ।*(117)

ਅਤੇ ਪਾਠਕ ਨੂੰ ਸੰਬੋਧਨ ਕਰਦੇ ਹਨ :-

*ਐਹ ਨਾਜ਼ਰ ਕਰ ਗ਼ੌਰ ਵਡੇਰਾ ਦੇਖ ਸੁਖ਼ਨ ਦੀਆਂ ਲਹਿਰਾਂ*
*ਇਹ ਗੁਲਸ਼ਨ ਬਸਤਾਨ ਇਰਮ ਥੀਂ ਸ਼ੌਕ ਵਗਣ ਵਿਚ ਨਹਿਰਾਂ*
*ਇਹ ਗੁਲਜ਼ਾਰ ਬਹਾਰ ਇਨਾਯਤ ਖੁਲੀ ਲੁਤਫ਼ ਇਲਾਹੋਂ*
*ਇਸ਼ਕ ਮੁਅੱਸਰ ਨਜ਼ਰੀ ਆਇਆ ਦਰਦ ਭਰੀ ਇਸ ਆਹੋਂ*
*ਪਕੜ ਕਲਮ ਭਰ ਇਸ਼ਕ ਅਲੰਬਾ ਵਰਕਾਂ ਵਿਚ ਵਗਾਈ*
*ਰਖ਼ਤ ਜਲੇ ਵਿਚ ਸੋਜ਼ ਬਿਰਹੋਂ ਦੇ ਦੇਖ ਰਹਿਣ ਸੌਦਾਈ।*(118)

**ਨਿਮਰਤਾ ਦਾ ਪ੍ਰਗਟਾਵਾ :**

ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਫ਼ਰਮਾਉਂਦੇ ਹਨ :

*ਤੈਂ ਹੁੰਦੇ ਮੈਂ ਕਿਤ ਵੱਲ ਜਾਵਾਂ ਨਾਹੀਂ ਹੋਰ ਟਿਕਾਣਾ*
*ਜੇ ਤਕਸੀਰੋਂ ਮੈਂ ਪੁਰ ਦਾਮਨ ਗ਼ਾਲਿਬ ਫ਼ਜ਼ਲ ਰਬਾਨਾਂ*
*ਇਹ ਗਰਦਾਬ ਅੰਧੇਰ ਗਮਾਂ ਦਾ ਦੁਨੀਆ ਨਾਮ ਸਦਾਵੇ*
*ਪੂਰ ਭਰੇ ਵਿਚ ਬੇੜੇ ਗਰਕਨ ਜੇ ਨਾ ਬੰਨੇ ਲਾਵੇ*
*ਮੇਰੇ ਕਾਰ ਹਵਾਲੇ ਤੇਰੇ ਯਾ ਸੱਤਾਰ ਗੱਫ਼ਾਰਾ*
*ਅਦਲ ਕਰੀਂ ਮੈਂ ਪਕੜਿਆ ਜਾਵਾਂ ਫ਼ਜ਼ਲ ਕਰੀਂ ਛੁਟਕਾਰਾ*
*ਮੈਂ ਬੰਦਾ ਤੂੰ ਸਾਹਿਬ ਮੇਰਾ ਅੰਤ ਨਾ ਤੈਂ ਵਡਿਆਇਉਂ*
*ਰਹਿਮਤ ਤੇਰੀ ਬਹੁਤ ਜ਼ਿਆਦਾ ਬੰਦੇ ਦੀ ਬੁਰਿਆਇਉਂ*
*ਯਾ ਰਬ ਮੇਰੀ ਸਰ ਗਰਦਾਨੀ ਮੇਰੀਉਂ ਗਈ ਸ਼ੁਮਾਰੋਂ*
*ਇਕ ਰਹਿਮਤ ਦਾ ਦਾਰੂ ਤੇਰਾ ਰੋਗ ਕਟੇ ਬੀਮਾਰੋਂ*



*ਤੌਬਾ ਦੀ ਤੌਫ਼ੀਕ ਅਸਾਨੂੰ ਦੇਵੀਂ ਪਾਕ ਇਲਾਹਾ*
*ਦਰ ਆਪਣੇ ਦਾ ਰੱਖ ਸਵਾਲੀ ਹਰਦਮ ਸ਼ਾਹਨਸ਼ਾਹਾ।*(119)

*ਜੇ ਮੈਂ ਬਹੁਤ ਗੁਨਾਹ ਕਮਾਏ ਤੂੰ ਹੈਂ ਬਖ਼ਸ਼ਣਹਾਰਾ*
*ਰਹਿਮ ਕਰੀਂ ਤੂੰ ਮੇਰੇ ਉੱਤੇ ਤੈਂ ਬਿਨ ਨਾਹੀਂ ਚਾਰਾ।*(120)

ਹੇ ਅੱਲ੍ਹਾ! ਮੈਂ ਤੇਰੇ ਹੁੰਦੇ ਹੋਏ ਕਿੱਥੇ ਜਾਵਾਂ ਤੇਰੇ ਬਿਨ੍ਹਾਂ ਕੋਈ ਛੁਪਣ ਦੀ ਥਾਂ ਨਹੀਂ ਹੈ। ਭਾਵੇਂ ਮੈਂ ਸਾਰੇ ਦਾ ਸਾਰਾ ਪਾਪਾਂ ਦੇ ਵਿਚ ਡੁੱਬਿਆ ਹੋਇਆ ਹਾਂ ਤਾਂ ਫਿਰ ਵੀ ਤੇਰਾ ਰਹਿਮ ਇਸ ਤੇ ਭਾਰੂ ਹੈ। ਇਹ ਥਾਂ ਜਿਸ ਨੂੰ ਦੁਨੀਆ ਕਹਿੰਦੇ ਹਨ ਦੁੱਖਾਂ ਅਤੇ ਤਕਲੀਫਾਂ ਦੀ ਘੁੰਮਣਘੇਰੀ ਹੈ ਜਿਸ ਵਿਚ ਮਨੁੱਖ ਘਿਰਿਆ ਹੋਇਆ ਹੈ। ਜੇ ਅੱਲਾਹ ਤਆਲਾ ਬਚਾ ਕੇ ਕਿਨਾਰੇ ਤੇ ਨਾ ਲੈ ਕੇ ਆਵੇ ਤਾਂ ਕਿਸੇ ਦੀ ਵੀ ਕਿਸ਼ਤੀ ਡੁੱਬਣ ਤੋਂ ਨਹੀਂ ਬਚ ਸਕਦੀ। ਹੇ ਐਬ ਪੋਸ਼ (ਐਬ ਛੁਪਾਉਣ ਵਾਲੇ) ਹੇ ਭੁੱਲਾਂ ਬਖ਼ਸ਼ਣ ਵਾਲੇ! ਮੇਰਾ ਮਾਮਲਾ ਤੇਰੇ ਹਵਾਲੇ ਹੈ ਜੇਕਰ ਤੁਸੀਂ ਇਨਸਾਫ਼ ਕਰੋ ਤਾਂ ਮੈਂ ਸਜ਼ਾ ਦੇ ਲਾਇਕ ਹਾਂ ਅਤੇ ਜੇਕਰ ਆਪਣੀ ਰਹਿਮਤ ਨਾਲ ਬਖ਼ਸ਼ ਦੇਵੋ ਤਾਂ ਛੁਟਕਾਰਾ ਸੰਭਵ ਹੈ। ਮੈਂ ਆਪ ਦਾ ਬੰਦਾ ਹਾਂ, ਤੁਸੀਂ ਮੇਰੇ ਮਾਲਕ ਹੋ। ਤੁਹਾਡੀ ਵਡਿਆਈ ਦੀ ਕੋਈ ਸੀਮਾ ਨਹੀਂ ਹੈ। ਤੁਹਾਡੀ ਰਹਿਮਤ ਮੇਰੇ ਗੁਨਾਹਾਂ ਨਾਲੋਂ ਬਹੁਤ ਜ਼ਿਆਦਾ ਹੈ। ਪੈਗੰਬਰਾਂ ਨੇ ਵੀ **ਇੱਲਾ ਅਹਸੀ ਸਨਾਅਨ ਅਲੈਕ** ਕਹਿ ਕੇ ਤੇਰੀ ਪ੍ਰਸੰਸਾ ਨਾਲ ਆਪਣੀ ਗ਼ਰੀਬੀ ਨੂੰ ਮੰਨਿਆ। ਹੇ ਖ਼ੁਦਾ ਤਆਲਾ ਤੁਸੀਂ ਬੇਮਿਸਾਲ ਹੋ, ਹੇ ਅੱਲ੍ਹਾ! ਤੁਸੀਂ ਮੈਨੂੰ ਭੁੱਲਾਂ ਨੂੰ ਮੁਆਫ਼ ਕਰਵਾਉਣ ਦੀ ਤੌਫ਼ੀਕ ਬਖ਼ਸ਼ੋ। ਹੇ ਬਾਦਸ਼ਾਹਾਂ ਦੇ ਬਾਦਸ਼ਾਹ ਸਾਨੂੰ ਹਰ ਵੇਲੇ ਆਪਣੇ ਹੀ ਦਰ ਦਾ ਸਵਾਲ ਕਰਨ ਵਾਲਾ ਬਣਾਈਂ।

ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਕਹਿੰਦੇ ਹਨ ਕਿ ਮੌਲਾਨਾ ਜਾਮੀ ਜੋ ਆਪਣੇ ਤਖ਼ੱਲੁਸ (ਉਪਨਾਮ) ਦੀ ਗਿਣਤੀ ਦੇ ਸਬੰਧ ਨਾਲ 54 (ਚੁਰੰਜਾ) ਕਿਤਾਬਾਂ ਦੇ ਲੇਖਕ ਮੰਨੇ ਜਾਂਦੇ ਹਨ। ਸਾਹਿਤਕ ਦ੍ਰਿਸ਼ਟੀ ਤੋਂ ਦਾਸਤਾਨ-ਏ-ਜ਼ੁਲੈਖ਼ਾ ਉਨ੍ਹਾਂ ਦੀ ਸ਼ਾਹਕਾਰ ਰਚਨਾ ਦਾ ਦਰਜਾ ਰੱਖਦੀ ਹੈ। ਨਿਰਸੰਦੇਹ ਇਸ ਵਿਚ ਕਈ ਸਥਾਨ ਅਜਿਹੇ ਆਉਂਦੇ ਹਨ ਜੋ ਆਪਣੀ ਤੀਖਣ ਬੁੱਧੀ ਵਾਲੇ ਪਾਠਕ ਨਾਲ ਹੰਝੂ ਅਤੇ ਆਹ (ਹਾਅ) ਦਾ ਖ਼ਿਰਾਜ ਲਏ ਬਿਨਾਂ ਨਹੀਂ ਰਹਿ ਸਕਦੇ। ਮੈਂ ਉਹਨਾਂ ਦੀ ਹਮਦ ਨੂੰ ਮੌਲਵੀ ਗ਼ੁਲਾਮ ਰਸੂਲ (ਰਹਿ.) ਦੀ ਹਮਦ ਦੇ ਸਨਮੁੱਖ ਰੱਖ ਕੇ ਵੇਖ ਰਿਹਾ ਹਾਂ। ਮੈਨੂੰ ਇਹ ਗੱਲ ਮੰਨਣ ਵਿਚ ਕੋਈ ਝਿਜਕ ਮਹਿਸੂਸ ਨਹੀਂ ਹੁੰਦੀ ਕਿ ਮੌਲਵੀ ਗ਼ੁਲਾਮ ਰਸੂਲ (ਰਹਿ.) ਦਾ ਰੁਤਬਾ ਬਹੁਤ ਉੱਚਾ ਤੇ ਬਹੁਤ ਹੀ ਉੱਚਾ ਹੈ। ਉਨ੍ਹਾਂ ਨੇ ਨਾ ਕੇਵਲ ਧਾਰਮਿਕ ਮਸਲੇ ਬਿਆਨ ਕੀਤੇ ਹਨ ਸਗੋਂ ਮਸਲਿਆਂ ਦੇ ਅੰਦਰ ਇਕ ਲੱਜ਼ਤ (ਅਨੰਦ) ਵੀ ਰੱਖ ਦਿੱਤੀ ਹੈ ਜੋ ਪਾਠਕ ਨੂੰ ਇਸ ਮਹੌਲ ਵਿਚੋਂ ਕੱਢ ਕੇ ਪਰ੍ਹਾਂ ਲੈ ਜਾਂਦੀ ਹੈ। ਇਸ ਦੇ ਨਾਲ ਉੱਚੀਆਂ ਨੈਤਿਕ ਸਿੱਖਿਆਵਾਂ ਅਤੇ ਰੂਹ ਦੀ ਪਵਿੱਤਰਤਾ ਦੀ ਪ੍ਰਭਾਵਿਤ ਸਿੱਖਿਆ ਵੀ ਮੌਜੂਦ ਹੈ। ਪੰਜਾਬੀ ਭਾਸ਼ਾ ਵਿਚ ਤਸੱਵੁਫ਼ ਅਤੇ ਇਲਾਹੀਯਤ ਦਾ ਇੰਨਾ ਵੱਡਾ ਜ਼ਖ਼ੀਰਾ ਘੱਟੋ ਘੱਟ ਮੇਰੀ ਨਜ਼ਰ ਤੋਂ ਅੱਜ ਤਕ ਨਹੀਂ ਗੁਜ਼ਰਿਆ।(121)

**ਨਾਅਤ** : ਸਾਡੇ ਦਾਸਤਾਨ ਲਿਖਣ ਵਾਲੇ ਕਵੀਆਂ ਦਾ ਪੁਰਾਤਨ ਸਮਿਆਂ ਤੋਂ ਇਹ ਦਸਤੂਰ ਚੱਲਿਆ ਆ ਰਿਹਾ ਹੈ ਕਿ ਹਮਦ ਤੋਂ ਬਾਅਦ ਨਾਅਤ ਵਿਚ ਸ਼ਰਧਾ ਦਾ ਜੋਸ਼ ਅਤੇ ਜ਼ੋਰ-ਏ-ਤਬੀਅਤ ਦਾ ਪ੍ਰਗਟਾਵਾ ਕਰਦੇ ਹਨ। ਪ੍ਰੰਤੂ ਅਫ਼ਸੋਸ ਦੀ ਗੱਲ ਹੈ ਕਿ ਇਹ ਵਿਸ਼ਾ ਜਿੰਨਾ

ਆਮ ਹੈ ਇੰਨੀ ਹੀ ਇਸ ਵਿਚ ਸਾਵਧਾਨੀਆਂ ਦੀ ਘਾਟ ਹੈ।

ਅੱਲਾਮਾ ਅਰਸ਼ੀ ਨੇ ਨਾਅਤ ਦੇ ਸਬੰਧ ਵਿਚ ਚਿੰਤਨਯੋਗ ਗੱਲ ਕੀਤੀ ਹੈ ਲਿਖਦੇ ਹਨ ਕਿ ਨਾਅਤ ਦੇ ਖੇਤਰ ਵਿਚ ਬਹੁਤ ਘੱਟ ਲੋਕ ਹੁਸ਼ਿਆਰ ਪਾਏ ਜਾਂਦੇ ਹਨ। ਆਮ ਕਵੀਆਂ ਨੇ ਵਦੂੱਹਾ ਚਿਹਰਾ ਅਤੇ ਵੱਲੈਲ ਜ਼ੁਲਫ ਦੀ ਕਿਸਮ ਦੀਆਂ ਨਾਅਤਾਂ ਲਿਖੀਆਂ ਹਨ ਜਾਂ ਫਿਰ ਅਹਿਮਦ ਵਾਹਿਦ ਦਾ ਸਹੀ ਰੁਤਬਾ ਅਤੇ ਫ਼ਰਕ ਸਮਝਣ ਵਿਚ ਸਖ਼ਤ ਠੋਕਰ ਖਾਈ ਹੈ। ਇਸ ਦਾ ਸਿੱਟਾ ਲੋਕਾਈ ਦੀ ਪ੍ਰਭਾਵੀ ਅਤੇ ਸ਼ਰਧਾ ਦੇ ਰੂਪ ਵਿਚ ਇਸਲਾਮ ਦੀ ਹੋਂਦ ਦੇ ਵਿਰੁੱਧ ਸਿੱਧ ਹੋਇਆ ਹੈ। ਠੀਕ ਅਤੇ ਲਾਹੇਵੰਦ ਨਾਅਤ ਉਹੀ ਲੋਕ ਕਹਿ ਸਕਦੇ ਹਨ ਜਿਨ੍ਹਾਂ ਨੂੰ ਮੁਕਾਮ-ਏ-ਨਵੱਬੁਤ (ਨਬੀ ਹੋਣ ਦਾ ਭਾਵ) ਦੇ ਨਾਲ ਪਯਾਮ-ਏ-ਨਵੂਬਤ ਤੇ ਗ਼ੌਰ ਕਰਨ ਦੀ ਖੁਸ਼ਨਸੀਬੀ ਪ੍ਰਾਪਤ ਹੋਈ। ਸਭ ਤੋਂ ਉੱਚਤਮ ਤੇ ਠੀਕ ਨਾਅਤ ਉਹ ਹੈ ਜੋ ਹਜ਼ਰਤ ਆਇਸ਼ਾ ਸਦੀਕਾ (ਰਹਿ.) ਦੀ ਮੁਬਾਰਕ ਜ਼ੁਬਾਨ ਤੋਂ ਇਕ ਫ਼ਕੀਰ ਦੇ ਜਵਾਬ ਵਿਚ ਨਿਕਲੀ ਸੀ। ਜਦੋਂ ਉਨ੍ਹਾਂ ਤੋਂ ਹਜ਼ਰਤ ਮੁਹੰਮਦ ਦੇ ਗੁਣ ਅਤੇ ਵਿਵਹਾਰਾਂ ਬਾਰੇ ਪੁੱਛਿਆ ਗਿਆ ਤਾਂ ਆਇਸ਼ਾ (ਰਜੀ.) ਨੇ ਫ਼ਰਮਾਇਆ। ਕਾਨਾ ਖ਼ੁਲਕੁਹੁਲ ਕੁਰਆਨ ਇਸ ਵਾਕ ਦੀ ਬਲਾਗ਼ਤ ਨੂੰ ਕਿਸੇ ਅਨੁਵਾਦ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ। ਇਸ ਤਰ੍ਹਾਂ ਸਮਝ ਲਵੋ ਕਿ ਹਜ਼ਰਤ ਮੁਹੰਮਦ (ਸ.) ਆਪਣੇ ਇਖ਼ਲਾਕ-ਏ-ਫ਼ਾਜ਼ਲਾ ਦੇ ਤੌਰ ਤੇ ਚਲਦਾ ਫਿਰਦਾ ਕੁਰਆਨ ਸਨ। ਇਸ ਤੋਂ ਵਧੀਆ ਅਤੇ ਸਹੀ ਨਾਅਤ ਕੋਈ ਨਹੀਂ ਕਹਿ ਸਕਿਆ। ਇਸ ਦਾ ਭਾਵ ਇਹ ਹੋਇਆ ਕਿ ਕੁਰਆਨ ਪਾਕ ਵਿਚ ਥਾਂ ਥਾਂ ਤੇ ਆਪ (ਸ.) ਹੀ ਦੀ ਨਾਅਤ ਫੈਲੀ ਹੋਈ ਹੈ ਅਤੇ ਇਸ ਨਾਅਤ ਦਾ ਲੇਖਕ ਖ਼ੁਦ ਅੱਲਾ ਤਆਲਾ ਹੈ।(122)

ਮੌਲਵੀ ਗੁਲਾਮ ਰਸੂਲ (ਰਹਿ.) ਆਲਮਪੁਰੀ ਵੀ ਹਜ਼ੂਰ (ਸ.) ਦੀ ਨਾਅਤ ਕਹਿੰਦੇ ਹੋਏ ਇਸ ਤੱਥ ਵੱਲ ਇਸ਼ਾਰਾ ਕਰਦੇ ਹਨ ਅਤੇ ਆਪ (ਸ.) ਦੀ ਸ਼ਾਨ ਵਿਚ 'ਅਹਸਨੁਲ ਕਸਸ' ਵਿਚ ਜੋ ਨਾਅਤ ਲਿਖੀ ਗਈ ਹੈ ਉਹ ਇਕ ਅਜਿਹੀ ਰਚਨਾ ਹੈ ਜਿਸ ਦੀ ਵਿਆਖਿਆ ਬਹੁਤ ਵਧੀਆ ਢੰਗ ਨਾਲ ਹੋ ਸਕਦੀ ਹੈ। ਮੌਲਵੀ ਸਾਹਿਬ ਫ਼ਰਮਾਉਂਦੇ ਹਨ :

*ਜੌਹਰ ਅਰਜ਼ ਵਜੂਦ ਖ਼ਲਾਇਕ ਅਸਲ ਅਸੂਲੀ ਕਮਾਲੀ*
*ਉੱਮਤ ਖ਼ੈਰ ਉਮਮ ਦਾ ਵਾਲੀ ਨਾਮ ਮੁਹੰਮਦ ਆਲੀ।*(123)

ਉਹਨਾਂ ਨੇ ਰਸੂਲ-ਏ-ਅਕਰਮ (ਸ.) ਨੂੰ ਜੌਹਰ-ਏ-ਅਰਜ਼ ਕਿਹਾ ਹੈ। ਅਰਜ਼ ਦਾ ਅਰਥ ਹੈ ਕਿਸੇ ਚੀਜ਼ ਦਾ ਪ੍ਰਗਟ ਹੋਣਾ। ਲੁਗ਼ਾਤ ਉਲ ਕੁਰਆਨ ਜਿਲਦ ਨੰ: 3 ਪੰਨਾ ਨੰਬਰ 1150, ਸੰਪਾਦਕ ਗ਼ੁਲਾਮ ਅਹਿਮਦ ਪ੍ਰਵੇਜ਼ ਉਲ ਅਰਜ਼ ਕਿਸੇ ਚੀਜ਼ ਦੀ ਚੌੜਾਈ ਨੂੰ ਕਹਿੰਦੇ ਹਨ। (ਤਾਜ ਉਲ ਉਰੂਸ) ਘਰ ਦੇ ਸਮਾਨ ਅਤੇ ਧਨ ਦੌਲਤ ਨੂੰ ਵੀ ਕਿਹਾ ਜਾਂਦਾ ਹੈ। (ਕੁਰਆਨ 24-33) ਰਾਗ਼ਿਬ ਅਸਫ਼ਹਾਈ ਮੁਜਿਬ "ਅਲ ਅਰਜ਼" ਦੇ ਅਰਥ ਨਾ ਪਾਇਦਾਰ ਚੀਜ਼ ਹੈ (ਲੁਗ਼ਾਤ-ਉਲ-ਕੁਰਆਨ, ਪੰਨਾ ਨੰ.1151, ਜਿਲਦ ਤੀਜੀ) ਇਸ ਤੋਂ ਪਤਾ ਚਲਦਾ ਹੈ ਕਿ ਕਿਸੇ ਚੀਜ਼ ਨੂੰ ਅਰਜ਼ ਕਹਿੰਦੇ ਹਨ ਤਾਂ ਚੀਜ਼ ਮਖ਼ਲੂਕ ਹੁੰਦੀ ਹੈ। ਭਾਵ ਮਖ਼ਲੂਕ ਅਰਜ਼ ਹੈ ਅਤੇ ਕਾਇਨਾਤ ਮਖ਼ਲੂਕ ਹੈ। ਮਨੁੱਖ ਮਖ਼ਲੂਕ ਹੈ। ਜਿੰਨ ਅਤੇ ਫਰਿਸ਼ਤੇ ਮਖ਼ਲੂਕ ਹਨ ਅਤੇ ਮੌਲਵੀ ਗ਼ੁਲਾਮ ਰਸੂਲ (ਮਰਹੂਮ) ਰਸੂਲ-ਏ-ਅਕਰਮ (ਸ.) ਨੂੰ ਜੌਹਰ-ਏ-ਅਰਜ਼ ਕਹਿ ਰਹੇ ਹਨ ਭਾਵ ਆਪ (ਸ.) ਦੀ ਜ਼ਾਤ ਉਹ ਜੌਹਰ ਹੈ ਜਿਸ ਤੋਂ ਰਚਨਾ ਦੀ ਸ਼ੁਰੂਆਤ ਹੋਈ ਅਤੇ ਅੱਲਾਹ ਵਾਲੇ ਉਸ ਜੌਹਰ-ਏ-ਅਰਜ਼ ਨੂੰ ਨੂਰ-ਏ-ਮੁਹੰਮਦੀ (ਸ.) ਦਾ ਨਾਂ ਦਿੰਦੇ ਹਨ



ਅਤੇ ਮੌਲਵੀ ਸਾਹਿਬ ਨੇ ਜੌਹਰ-ਏ-ਅਰਜ਼ ਨੇ ਵਜੂਦ-ਏ-ਖ਼ਲਾਇਕ ਵੀ ਕਿਹਾ ਹੈ ਜਿਸ ਨਾਲ ਗੱਲ ਹੋਰ ਸਪਸ਼ਟ ਹੋ ਗਈ ਹੈ ਅਤੇ ਨਾਲ ਅਸਲ ਅਸੂਲ ਕਮਾਲੀ ਦੇ ਸ਼ਬਦ ਵਰਤੇ ਗਏ ਹਨ ਜਿਸ ਨਾਲ ਆਪ (ਸ.) ਦੀ ਜ਼ਾਤ ਨੂੰ ਕਮਾਲ ਦਰਜੇ ਦੀ ਜ਼ਾਤ ਮੰਨਿਆ ਹੈ। ਉਹ ਜ਼ਾਤ ਜੋ ਅਸਲ ਅਸੂਲ ਭਾਵ ਅਸੂਲਾਂ ਅਤੇ ਜੜ੍ਹਾਂ ਦੀ ਜੜ੍ਹ ਹੈ ਅਤੇ ਕਮਾਲ ਦੇ ਦਰਜੇ ਤੇ ਮੌਜੂਦ ਹੈ। ਉਹ ਜ਼ਾਤ ਮੁਹੰਮਦ (ਸ.) ਦੀ ਜ਼ਾਤ ਹੈ ਜੋ ਇਸ ਉੱਮਤ ਦਾ ਵਾਲੀ ਹੈ।

ਰੱਬ ਨੇ ਵੀ ਉਨ੍ਹਾਂ ਨੂੰ ਸੱਭ ਉੱਮਤਾਂ (ਕੌਮਾਂ/ਸੰਪਰਦਾਇ) ਤੋਂ ਵਧੀਆ ਬਣਾਇਆ ਹੈ। ਪੂਰੀ ਸਾਵਧਾਨੀ ਰੱਖ ਕੇ ਸੀਰਤ-ਏ-ਪਾਕ ਤੋਂ ਜੀਵਨ ਨੂੰ ਹਨ੍ਹੇਰੇ ਵਿੱਚੋਂ ਕੱਢਣ ਲਈ ਨੂਰ (ਰੌਸ਼ਨੀ) ਪ੍ਰਾਪਤ ਕੀਤਾ ਜਾਵੇ। ਅਸੀਂ ਇਸ ਪੱਧਰ ਤੇ ਮੌਲਵੀ ਗ਼ੁਲਾਮ ਰਸੂਲ ਨੂੰ ਵੇਖਦੇ ਹਾਂ ਤਾਂ ਉਹ ਬੜੇ ਸੁਚੇਤ ਵਿਖਾਈ ਦਿੰਦੇ ਹਨ। ਕੁੱਝ ਸ਼ਿਅਰ ਵੇਖੋ-

*ਰਹਿਮਤ ਨੂਰ ਜਹਾਨ ਖਿਲਾਰੇ, ਮਰਜ਼ਾਂ ਦਿਲਾਂ ਗਵਾਈਆਂ*
*ਡੁੱਬਦਿਆਂ ਜਾਂਦਿਆਂ ਕੱਢ ਕਰਮ ਥੀਂ ਬੇੜੀਆਂ ਬੰਨੇ ਲਾਈਆਂ।*
*ਗੁੰਮ ਗਿਆਂ ਨੂੰ ਰਾਹ ਦਿਖਾਏ, ਰੋਗ ਕਟੇ ਬੀਮਾਰਾਂ*
*ਤਾਰੀਕੀ ਵਿੱਚ ਚਲਦਿਆਂ ਤਾਈਂ ਮਿਲੀਆਂ ਸ਼ਮਾ ਹਜ਼ਾਰਾਂ।*
*ਵਾਗਾਂ ਵੱਲ ਮਕਸੂਦ ਚਲਾਈਆਂ ਮੋੜ ਕਰਾਹੋਂ ਉਵੇਂ*
*ਵਾਹ ਸੱਯਦ ਸਕਲੈਨ ਮੁਹੰਮਦ, ਤਰ ਗਏ ਆਲਮ ਦੋਵੇਂ।*
*ਪਾਵਨਹਾਰਿਆਂ ਸੱਭ ਕੁੱਝ ਪਾਇਆ, ਮੁਨਕਰ ਗਏ ਅਜਾਈਂ*
*ਅਹਿਮਦ ਬਾਦ ਨਾ ਹੰਦੀ ਪੈਂਦਾ, ਜੰਨਤ ਨਾਰ ਕਦਾਈਂ।*

ਆਪ (ਸ.) ਦੁਨੀਆ ਲਈ ਰਹਿਮਤ ਅਤੇ ਕਾਇਨਾਤ ਦਾ ਨੂਰ ਸਨ। ਆਪ (ਸ.) ਨੇ ਮਨੁੱਖੀ ਦਿਲਾਂ ਦੇ ਰੋਗਾਂ ਨੂੰ ਤੰਦਰੁਸਤੀ ਪ੍ਰਦਾਨ ਕੀਤੀ। ਦੁਨੀਆ ਦੀਆਂ ਕੌਮਾਂ ਦੀਆਂ ਡੁੱਬਦੀਆਂ ਹੋਈਆਂ ਕਿਸ਼ਤੀਆਂ ਨੂੰ ਛੁਟਕਾਰੇ (ਨਿਜਾਤ) ਦੇ ਕਿਨਾਰੇ ਤੇ ਪਹੁੰਚਾਇਆ। ਭਟਕਿਆਂ ਹੋਇਆਂ ਨੂੰ ਹਦਾਇਤ ਦੀ ਰਾਹ ਵਿਖਾਈ। ਰੋਗੀਆਂ ਦੇ ਰੋਗ ਤੋੜੇ। ਕੁਫ਼ਰ ਅਤੇ ਸ਼ਿਰਕ (ਰੱਬ ਦੇ ਗੁਣਾਂ ਵਿੱਚ ਕਿਸੇ ਹੋਰ ਨੂੰ ਸ਼ਾਮਿਲ ਕਰਨਾ) ਅਤੇ ਵਹਿਮਾਂ ਭਰਮਾਂ ਅਤੇ ਰੀਤੀ-ਰਿਵਾਜਾਂ ਦੇ ਅੰਧ ਵਿਸ਼ਵਾਸਾਂ ਵਿੱਚ ਘਿਰੀ ਹੋਈ ਦੁਨੀਆ ਵਿੱਚ ਅਣਗਿਣਤ ਦਿਮਾਗ਼ ਰੌਸ਼ਨ ਕਰ ਦਿੱਤੇ। ਗੁੰਮਰਾਹੀ ਦੇ ਰਸਤੇ 'ਚੋਂ ਕੱਢ ਕੇ ਸੱਚੇ ਰਸਤੇ ਵੱਲ ਤੋਰਿਆ। ਵਾਹ-ਵਾਹ ਦੋਵੇਂ ਜਹਾਨਾਂ ਦੇ ਸਰਦਾਰ ਹਜ਼ਰਤ ਮੁਹੰਮਦ (ਸ.) ਜਿਨਾਂ ਨੇ ਲੋਕ ਅਤੇ ਪਰਲੋਕ (ਦੁਨੀਆ ਅਤੇ ਆਖ਼ਰਤ) ਵਿੱਚ ਕਾਮਯਾਬ ਬਣਾ ਦਿੱਤਾ।

**ਇਸ਼ਕ ਦੀ ਅਵੱਸਥਾ**

ਇਸ ਤੋਂ ਬਾਅਦ ਮੁੱਸ਼ਹਿਦ-ਏ-ਇਸ਼ਕ-ਓ-ਰਜ਼ਾ ਦੇ ਉੱਚ ਦਰਜੇ ਵੱਲ ਦਿਲ ਨੂੰ ਮੋੜ ਰਹੇ ਹਨ-

*ਇਸ਼ਕ ਬਿਨਾਂ ਤਨ ਦੁਸ਼ਮਣ ਦਿਲ ਦਾ ਤੇ ਦਿਲ ਦੁਸ਼ਮਣ ਤਨ ਦਾ*
*ਵੈਰੀ ਨਾਲ ਪਿਆ ਵਸ ਵੈਰੀ ਵਾਸਾ ਖ਼ਾਰ ਦਮਨ ਦਾ*
*ਇਸ਼ਕ ਬਿਨਾਂ ਦਿਲ ਮੁਰਦਾ ਗ਼ਾਫ਼ਿਲ ਕਿਸ ਗਿਣਤੀ ਵਿੱਚ ਆਵੇ*
*ਇਸ਼ਕ ਦਿਲਾਂ ਨੂੰ ਸਿਕਲ ਗ਼ਮਾਂ ਥੀਂ ਕਰ ਸ਼ਮਸ਼ੀਰ ਦਿਖਾਵੇ*

ਇਸ਼ਕ ਤੋਂ ਬਿਨਾਂ ਸਰੀਰ, ਦਿਲ ਦਾ ਅਤੇ ਦਿਲ, ਸਰੀਰ ਦਾ ਦੁਸ਼ਮਣ ਹੈ ਭਾਵ ਦੋ

ਦੁਸ਼ਮਣਾਂ ਨੂੰ ਇੱਕ ਦੂਜੇ ਨਾਲ ਵਾਹ ਪਿਆ ਹੈ, ਜਿਵੇਂ ਫੁੱਲ ਦੇ ਨਾਲ ਕੰਡਾ। ਇਸ਼ਕ ਤੋਂ ਬਿਨਾਂ ਦਿਲ, ਮੌਤ ਜਿਹੀ ਬੇਹੋਸ਼ੀ ਵਿੱਚ ਹੈ ਜਿਸਦੀ ਜਿਉਂਦਿਆਂ ਵਿੱਚ ਗਿਣਤੀ ਨਹੀਂ ਹੁੰਦੀ। ਇਸ਼ਕ ਦਿਲਾਂ ਨੂੰ ਨਿਰਾਰਥਕ (ਲਗਣ) ਅਤੇ ਫ਼ਜੂਲ ਡਰ ਦੇ ਜ਼ੰਗ ਤੋਂ ਸਾਫ਼ ਕਰਕੇ ਤਲਵਾਰ ਬਣਾ ਦਿੰਦਾ ਹੈ–

*ਦੀਦਾ ਹੋਰ ਸ਼ੁਨੀਦਾ ਦੇ ਵਿੱਚ ਜੈਂਡਨ ਫ਼ਰਕ ਜੁਦਾਈਆਂ*
*ਕਾਲੀਆਂ ਹਾਲੀਆਂ ਦੇ ਵਿੱਚ ਐਵੇਂ ਹੱਦਾਂ ਫ਼ਰਕ ਲਗਾਈਆਂ।*

ਜਿਵੇਂ ਦੀਦ ਅਤੇ ਸ਼ੁਨੀਦ ਵਿੱਚ ਯਕੀਨ ਅਤੇ ਗੁਮਾਨ ਦਾ ਫ਼ਰਕ ਹੁੰਦਾ ਹੈ, ਉਸੇ ਤਰ੍ਹਾਂ ਕਹਿਣ ਵਾਲਿਆਂ (ਅਹਿਲ–ਏ–ਕਾਲ) ਅਤੇ ਹਾਲ ਵਾਲਿਆਂ (ਅਹਿਲ–ਏ–ਹਾਲ) ਵਿੱਚ ਅੰਤਰ ਅਤੇ ਸੀਮਾਵਾਂ ਨਿਸ਼ਚਿਤ ਹਨ।

*ਇਸ਼ਕ ਕਰਮ ਦਾ ਕਤਰਾ ਅਜ਼ਲੀ ਤੈਂ ਮੈਂ ਦੇ ਵਸ ਨਾਹੀਂ*
*ਇਕਨਾਂ ਲਭਦਿਆਂ ਹੱਥ ਨਾ ਆਵੇ ਇਕਨਾਂ ਦੇ ਵਿੱਚ ਰਾਹੀਂ।*

ਇਸ਼ਕ ਅੱਲਾਹ ਤਆਲਾ ਦੀ ਕ੍ਰਿਪਾ ਦਾ ਅਨਾਦੀ ਕਤਰਾ (ਬੂੰਦ) ਹੈ ਜਿਸ ਤੇ ਕਿਸੇ ਦਾ ਅਧਿਕਾਰ ਨਹੀਂ। ਕੁੱਝ ਉਹ ਹਨ, ਜੋ ਉਸਦੀ ਭਾਲ ਵਿੱਚ ਲੱਗੇ ਰਹਿੰਦੇ ਹਨ ਪ੍ਰੰਤੂ ਪ੍ਰਾਪਤ ਨਹੀਂ ਕਰ ਸਕਦੇ ਅਤੇ ਕੁੱਝ ਅਜਿਹੇ ਭਾਗਾਂ ਵਾਲੇ ਹਨ ਜਿਨ੍ਹਾਂ ਨੂੰ ਬਿਨਾਂ ਇੱਛਾ ਦੇ ਮਿਲ ਜਾਂਦਾ ਹੈ।

**ਕਾਮਯਾਬੀ ਦਾ ਰਸਤਾ–**

ਜਿਹੜੇ ਲੋਕ ਇਸ਼ਕ ਦੀ ਮੰਜ਼ਿਲ ਪ੍ਰਾਪਤ ਕਰਨ ਵਿੱਚ ਕਾਮਯਾਬ ਹੋਏ ਹਨ। ਉਨ੍ਹਾਂ ਬਾਰੇ ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਲਿਖਦੇ ਹਨ–

*ਇਸ ਦੁਨੀਆ ਦੀ ਗਰਦਨ ਉੱਤੇ ਕਦਮ ਧਰੇ ਲੰਘ ਜਾਵੇ*
*ਬਹਿਰ ਤਲਬ ਦੇ ਰੁੜ੍ਹਿਆ ਜਾਂਦਾ ਲੋਕਾਂ ਨਜ਼ਰ ਨਾ ਆਵੇ।*

ਹੁਣ ਇਸ ਸਾਧਕ (ਮਾਲਿਕ) ਬਾਰੇ ਮੌਲਵੀ ਸਾਹਿਬ ਫ਼ਰਮਾਉਂਦੇ ਹਨ–

*ਝਾਲ ਝੱਲੇ ਤਲਵਾਰ ਬਿਰਹੋਂ ਦੀ ਕਦਮ ਨਾ ਮੋੜ ਹਟਾਵੇ*
*ਤੇਗ਼ ਵਗੇ ਪਰ ਪੈਰ ਅਗਾਹੀਂ ਜ਼ਖ਼ਮੋਂ ਖ਼ਬਰ ਨਾ ਪਾਵੇ।*
*ਵਿੱਚ ਉਡੀਕਾਂ ਵਕਤ ਵਹਾਵੇ ਵਸਲ ਮਿਲਣ ਦੀ ਤਾਂਘੇ*
*ਗਰਦ ਗ਼ੁਬਾਰ ਇਮਕਾਨੀ ਸਾਰਾ ਗੁਜ਼ਰੇ ਵਿਕਤ ਉਲਾਂਘੇ।*
*ਪੀਵੇ ਘੋਲ ਪਿਆਲੇ ਜ਼ਹਿਰੋਂ, ਮਸਤੀ ਚੜ੍ਹੇ ਸਵਾਈ*
*ਵੱਜੇ ਤੇਗ਼ ਕਹੇ 'ਬਿਸ ਮਿੱਲਾਹ' ਇਹ ਮਹਿਬੂਬ ਲਗਾਈ।*
*ਇਸ਼ਕ ਚੰਗਾ ਪਰ ਔਖੇ ਪੈਂਡੇ ਮਰਦ ਹੋਵੇ ਦੁੱਖ ਝੱਲੇ*
*ਵਾਟ ਚੱਲੇ ਦੁੱਖ ਪਾਵਣ ਵੇਲੇ ਚੁੱਪ ਰਹੇ ਦਮ ਠੱਲੇ।*

ਬਿਰਹੋਂ ਦੀ ਤਲਵਾਰ ਦੇ ਵਾਰ ਤੇ ਵਾਰ ਸਹਿੰਦਾ ਜਾਏ ਪਰ ਪਿੱਛੇ ਨਾ ਹਟੇ। ਇੱਥੋਂ ਤੱਕ ਕਿ ਇਸ਼ਕ ਵਿੱਚ ਲੀਨ ਆਪਣੇ ਜ਼ਖ਼ਮਾਂ ਦਾ ਵੀ ਹੋਸ਼ ਨਾ ਰਹੇ। ਸਮਾਂ ਉਸਦੀ ਉਡੀਕ ਵਿੱਚ ਲੰਘੇ ਅਤੇ ਇੱਛਾ ਉਸਦੇ ਮਿਲਾਪ ਦੀ ਰਹੇ। ਇਸ ਦੁਨੀਆ ਨੂੰ ਕੂੜ ਕੁੱਸਤ ਸਮਝਦੇ ਹੋਏ ਲੰਘ ਜਾਵੇ। ਖ਼ੁਮਾਰੀ ਦੀ ਅਵੱਸਥਾ ਵਧਦੀ ਹੀ ਜਾਵੇ। ਸਿਰ ਤੇ ਤਲਵਾਰ ਦਾ ਵਾਰ ਪਵੇ ਤਾਂ ਬਿਸਮਿੱਲਾਹ ਕਹਿ ਕੇ ਉਸਦੀ ਆਉ ਭਗਤ ਕਰੇ ਕਿ ਇਹ ਪਿਆਰੇ (ਮਹਿਬੂਬ) ਵੱਲੋਂ ਹੈ। ਇਸ਼ਕ ਉਂਜ ਤਾਂ ਬਹੁਤ ਅਨੰਦ ਦੀ ਚੀਜ਼ ਹੈ ਲੇਕਿਨ ਇਹ ਸਫਰ ਔਖਿਆਈ ਵਾਲਾ ਹੈ।



ਕੋਈ ਮਰਦ ਹੀ ਇਸਦੇ ਦੁੱਖਾਂ ਦਾ ਭਾਰ ਚੁੱਕ ਸਕਦਾ ਹੈ। ਦੁੱਖਾਂ ਵਿੱਚ ਘਿਰ ਕੇ ਸਫ਼ਰ ਵਿਚਾਲੇ ਨਾ ਛੱਡੇ, ਸਗੋਂ ਸਬਰ ਸੰਤੋਖ ਨਾਲ ਇਹ ਸਫ਼ਰ ਤੈਅ ਕਰਦਾ ਰਹੇ।

ਅੱਲਾਮਾ ਅਰਸ਼ੀ ਲਿਖਦੇ ਹਨ– ਇੰਜ ਜਾਪਦਾ ਹੈ ਕਿ ਇਲਮ ਅਤੇ ਯਕੀਨ, ਇਸ਼ਕ ਅਤੇ ਗਿਆਨ ਦਾ ਇੱਕ ਸਮੁੰਦਰ ਹੈ ਜਿਸਦਾ ਕੋਈ ਕਿਨਾਰਾ ਨਹੀਂ ਅਤੇ ਮੌਲਾਨਾ ਦੀ ਕਲਮ ਹੀ ਸਮੁੰਦਰੀ ਮੱਛੀ ਦੀ ਤਰ੍ਹਾਂ ਇਸ ਦੀਆਂ ਮੌਜਾਂ (ਲਹਿਰਾਂ) ਨੂੰ ਚੀਰਦੀ ਹੋਈ ਲੰਘੀ ਜਾ ਰਹੀ ਹੈ। ਕਿਤਾਬ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਹੇਠ ਲਿਖੇ ਇਲਮ ਤੇ ਉਹ ਡੂੰਘੀ ਨਜ਼ਰ ਰੱਖਦੇ ਹਨ। ਦੀਨੀਆਤ, ਇਲਾਹੀਆਤ, ਫਲਕੀਆਤ ਸਨਾਇ, ਬਦਾਇ (ਕਾਰੀਗਰੀ), ਬਲਾਗ਼ਤ (ਅਜਿਹਾ ਕਲਾਮ ਜਿਸ ਵਿੱਚ ਕੋਈ ਐਬ ਨਾ ਹੋਵੇ), ਬਿਆਨ, ਅਰੂਜ਼, ਇਤਿਹਾਸ, ਕਾਵਿ–ਵੰਨਗੀਆਂ, ਪ੍ਰਸ਼ੰਸਾ ਅਤੇ ਨਿੰਦਿਆ, ਸੰਗੀਤ ਅਤੇ ਹਿਕਮਤ ਆਦਿ। ਇਨ੍ਹਾਂ ਸਾਰਿਆਂ ਤੋਂ ਵੱਧ ਕੇ ਜੋ ਸ਼ਿਅਰ ਦੇ ਜਿਸਮ ਵਿੱਚ ਜਾਨ ਪਾਉਣ ਵਾਲੀ ਚੀਜ਼ ਹੈ, ਉਹ ਸ਼ਾਇਰ ਦਾ ਦੁੱਖ ਅਤੇ ਗ਼ਮ ਹੈ ਜੋ ਪੜ੍ਹਨ ਪੜ੍ਹਾਉਣ ਨਾਲ ਪ੍ਰਾਪਤ ਨਹੀਂ ਹੁੰਦਾ।

ਮੌਲਵੀ ਗ਼ੁਲਾਮ ਰਸੂਲ (ਰਹਿ.) ਆਲਮਪੁਰੀ ਦੇ ਕਥਨ ਅਨੁਸਾਰ—

*ਇਸ਼ਕ ਕਰਮ ਦਾ ਕਤਰਾ ਅਜ਼ਲੀ, ਤੈਂ ਮੈਂ ਦੇ ਵਸ ਨਾਹੀਂ*

ਮੁਹੰਮਦ ਹੁਸੈਨ ਅਰਸ਼ੀ ਦੇ ਕਥਨ ਅਨੁਸਾਰ ਕਿ ਮੌਲਵੀ ਗ਼ੁਲਾਮ ਰਸੂਲ ਦਾ ਕਲਾਮ ਇੱਕ ਨਾ ਖ਼ਤਮ ਹੋਣ ਵਾਲਾ ਖ਼ਜ਼ਾਨਾ ਹੈ। ਦਰਦ ਅਤੇ ਅਸਰ ਦੇ ਸੰਬੰਧ ਨਾਲ ਸ਼ਿਅਰੀ ਦੁਨੀਆ ਦੀਆਂ ਬਹੁਤ ਘੱਟ ਰਚਨਾਵਾਂ ਮੌਲਵੀ ਗ਼ੁਲਾਮ ਰਸੂਲ ਦੀ ਜ਼ੁਲੈਖ਼ਾ ਦੇ ਮੁਕਾਬਲੇ ਵਿੱਚ ਰੱਖੀਆਂ ਜਾ ਸਕਦੀਆਂ ਹੈ। ਇਹ ਤਾਂ ਹੈ ਇਸਦੀ ਵਿਸ਼ੇਸ਼ਤਾ, ਪ੍ਰੰਤੂ ਇਸਦਾ ਅਰਥ ਇਹ ਨਹੀਂ ਲੈਣਾ ਚਾਹੀਦਾ ਕਿ ਉਹ ਦੂਜੇ ਵਿਭਿੰਨ ਨਜ਼ਾਰਿਆਂ ਦੇ ਦ੍ਰਿੱਸ਼ ਚਿਤ੍ਰਣ ਵਿੱਚ ਕਾਮਯਾਬ ਨਾ ਹੋਏ ਹੋਣ, ਸੱਚ ਤਾਂ ਇਹ ਹੈ ਕਿ ਉਹ ਜਿਸ ਵਿਸ਼ੇ ਤੇ ਵੀ ਲਿਖਦੇ ਹਨ ਅਜਿਹਾ ਮਾਲੂਮ ਹੁੰਦਾ ਹੈ ਕਿ

*ਕਰਿਸ਼ਮਾ ਦਾਮਨ–ਏ–ਦਿਲ ਸੀ ਕੁਸ਼ਦ ਕਿ ਜਾ ਈਂ ਜਾ ਅਸਤ*

ਸਾਰੀ ਦੀ ਸਾਰੀ ਪੁਸਤਕ ਇੱਕ ਲੜੀ ਵਿੱਚ ਬੱਝੀ ਹੋਈ ਹੈ। ਇੱਕ–ਇੱਕ ਵਿਸ਼ੇ ਦੇ ਅੰਤਰਗਤ, ਵੀਹਾਂ ਤੋਂ ਸੈਂਕੜਿਆਂ ਤੱਕ ਸ਼ਿਅਰ ਕਹਿੰਦੇ ਚਲੇ ਗਏ ਪ੍ਰੰਤੂ ਕਲਾਮ ਵਿੱਚ ਕਿਧਰੇ ਵੀ ਝੋਲ ਨਹੀਂ, ਵਹਾਅ ਵਿੱਚ ਕਮੀ ਨਹੀਂ, ਬਨਾਵਟ ਦਾ ਕੰਮ ਨਹੀਂ। ਹਰੇਕ ਸਿਰਲੇਖ ਦਾ ਆਰੰਭ ਅਜਿਹੇ ਸ਼ਿਅਰਾਂ ਨਾਲ ਹੁੰਦਾ ਹੈ ਜੋ ਸਾਰੇ ਪਿੱਛੋਂ ਆਉਣ ਵਾਲਿਆਂ ਨਾਲ ਵਿਸ਼ੇਸ਼ ਸਬੰਧ ਰੱਖਦੇ ਹਨ। ਸ਼ਬਦਾਂ ਦੀ ਚੋਣ ਅਤੇ ਉਨ੍ਹਾਂ ਦੇ ਅਸਰ ਦੀ ਸ਼ਿੱਦਤ ਵਿੱਚ ਤਾਂ ਮੌਲਵੀ ਸਾਹਿਬ ਦੇ ਬਰਾਬਰ ਦਾ ਮੁਸ਼ਕਿਲ ਨਾਲ ਹੀ ਮਿਲੇਗਾ।

ਜਦੋਂ ਜ਼ੁਲੈਖ਼ਾ ਯੂਸਫ਼ ਨੂੰ ਦੂਜੀ ਵਾਰ ਸੁਪਨੇ ਵਿੱਚ ਵੇਖਦੀ ਹੈ ਤਾਂ ਇੱਥੇ ਬੁਰਜਾਂ ਦੇ ਹਵਾਲੇ ਨਾਲ ਮੌਲਵੀ ਸਾਹਿਬ ਉਸਦਾ ਦ੍ਰਿੱਸ਼ ਚਿੱਤ੍ਰਣ ਕਰਦੇ ਹਨ–

*ਰਾਤ ਇਕਾ ਉਸ ਉਹਾ ਜਿਹੀ, ਕਾਲੀਆਂ ਜ਼ੁਲਫ਼ਾਂ ਵਾਲੀ*
*ਖ਼ੂਨ ਭਰਾਏ ਦਾਮਨ ਵਾਲੀ, ਵਿੱਚ ਸ਼ਫ਼ਕ ਦੀ ਲਾਲੀ।*

*ਜ਼ਾਲਿਮ ਦੀ ਉਸ ਕਬਰੋਂ ਆਂਦੀ ਮੰਗ ਉਧਾਰ ਸਿਆਹੀ*
*ਤੇ ਇੱਕ ਦੋਸ਼ ਉੱਪਰ ਲਟਕਾਈ ਕਾਹਕਸ਼ਾਂ ਦੀ ਫਾਹੀ।*

*ਮੀਨਾ ਕਾਰ ਹਿਸਾਰ ਸਮਾਵੇ, ਭਰੇ ਬਰੂਜ ਬਲਾਏਂ*
*ਰੋੜ੍ਹੇ ਤੋਲ ਤਰਾਜ਼ੂ ਜੌਜ਼ਾ ਦਲਵ ਬਲਾ ਹਵਾਏਂ।*

*ਝੜਿਆ ਰੰਗ ਸ਼ਹਾਬ ਸ਼ਹਿਬ ਥੀਂ ਵਸਿਆ ਵਿੱਚ ਦਿਲਾਂ ਦੇ*
*ਵਿੱਚ ਬਨਾਤੁੱਨਾਸ਼ ਸਹਾਵੇ, ਨੁਕਤਿਉਂ ਦਰਦ ਸੁਹਾਂਦੇ।*

ਤੀਜੇ ਸੁਪਨੇ ਦੀ ਭੂਮਿਕਾ ਵਿੱਚ ਫ਼ਰਮਾਉਂਦੇ ਹਨ–

*ਸਅਦ ਸਊਦ ਬਰਸਪਤ ਸਾਅਤ ਖੋਲ ਸਆਦਤ ਵਾਲੀ*
*ਸਿਟ ਵਿੱਚ ਲਾਟ ਮਰੀਖ਼ ਜਲਾਈ ਦ.ਫਤਰ ਥੀਂ ਬਦ .ਫਾਲੀ*
*ਪੜ੍ਹਆਇਤ ਵਸ਼ੱਮਸ ਨਸੀਬਾਂ ਖ਼ੂਬੇ ਸ਼ਕਲ ਦਿਖਾਈ*
*ਤੀਰ ਅਤਾਰਦ ਥੀਂ ਚਾ ਵਾਹੇ ਸੁੱਧ ਬੁੱਧ .ਗਮਾਂ ਗਵਾਈ*
*ਤਾਲਿਆ ਸੋਮ ਸਖ਼ੀ ਹੋ ਆਏ ਨਕਸ਼ ਟਟਾ ਕੀ ਵਾਨੀ*
*ਨੀਂਦਰ ਦੇ ਵਿੱਚ ਸਕਰ ਸਮਾਈ ਉਹ ਜ਼ੁਹਰਾ ਪੇਸ਼ਾਨੀ।*

ਕਹਿਕਸ਼ਾਂ, ਹਿਸਾਰ ਸਮਾਈਸ਼ ਬਰੂਜ, ਤਰਾਜ਼ੂ, ਗ੍ਰਹਿ (ਜੌਜ਼ਾ), ਦਲਵ (ਇੱਕ ਬੁਰਜ ਦਾ ਨਾਂ), ਸ਼ਹਾਬ, ਬਨਾਤੁੱਨਾਸ, ਸਅਦ ਸਊਦ, ਸਆਦਤ ਮਰੀਖ਼, ਬ੍ਰਹਿਸਮਤ, ਸਾਅਤ, ਬਦ.ਫਾਲੀ, ਵੱਸ਼ਮਸ, ਅਤਾਰਦ, ਤਾਲਿਅ, ਨਕਸ਼, ਕੀਵਾਨ, ਜ਼ਹਰਾ–ਇਹ ਬੁਰਜਾਂ ਅਤੇ ਸਿਤਾਰਿਆਂ ਦੇ ਨਾਂ ਅਤੇ ਗੁਣ ਹਨ ਜਿਨ੍ਹਾਂ ਦਾ ਇਸਤੇਮਾਲ ਦੱਸ ਰਿਹਾ ਹੈ ਕਿ ਸ਼ਾਇਰ ਕੇਵਲ ਸ਼ਾਇਰ ਨਹੀਂ ਸਗੋਂ ਜੋਤਿਸ਼ ਵਿਗਿਆਨ ਤੇ ਉਨ੍ਹਾਂ ਦੀ ਡੂੰਘੀ ਨਜ਼ਰ ਹੈ। ਇਸ ਲੇਖ ਦੇ ਹੋਰ ਵੀ ਬਹੁਤ ਸਾਰੇ ਸ਼ਿਅਰ ਹਨ ਜਿਨ੍ਹਾਂ ਦੇ ਬਿਆਨ ਅਤੇ ਵਿਆਖਿਆ ਦੀ ਇੱਥੇ ਗੁੰਜਾਇਸ਼ ਨਹੀਂ।

ਜ਼ੁਲੈਖ਼ਾ ਨੇ ਜੋ ਬਾ.ਗ ਬਣਵਾਇਆ ਸੀ, ਉਸ ਵਿੱਚ ਪੰਛੀ ਆਪਣੀਆਂ ਸੁਰੀਲੀਆਂ ਅਵਾਜ਼ਾਂ ਨਾਲ ਸੰਗੀਤ ਪੈਦਾ ਕਰਦੇ ਹਨ–

*ਕੁਕਨਸ ਨਾਰ ਬਿਰਹੋਂ ਦਾ ਜਲਿਆ ਦਿੰਦਾ ਖ਼ਬਰ ਫਿਰਾਕੋਂ*
*ਵਕਤ ਨਵਾਈ ਹਿਜਾਜ਼ ਰਿਹਾਵੇ ਲੁੱਟਦਾ ਸਬਰ ਉਸ਼ੱਾਕੋਂ*
*ਬੋਸਲੀਕ ਸ.ਫਾਹਾਂ ਕੂਚਕ ਹੋਰ ਬਜ਼ੁਰਗ ਇਰਾਕੋਂ*
*ਜ਼ੰਗਲੀਉਂ ਕਰ ਰਾਸਤ ਨ.ਗਮਾ ਪੜ੍ਹੇ ਹੁਸੈਨੀ ਤਾਕੋਂ।*

ਇਨ੍ਹਾਂ ਸ਼ਿਅਰਾਂ ਵਿੱਚ ਹੇਠ ਲਿਖੇ ਸ਼ਬਦ ਜਿਸ ਢੰਗ ਨਾਲ ਆਏ ਹਨ, ਇਸ ਨਾਲ ਮੌਲਵੀ .ਗੁਲਾਮ ਰਸੂਲ ਦੀ ਸੰਗੀਤਾਤਮਕਤਾ ਸਿੱਧ ਹੋ ਜਾਂਦੀ ਹੈ। ਕੁਕਨੂਸ ਇੱਕ ਅਜਿਹਾ ਸੁਹਣੇ ਰੰਗ ਅਤੇ ਸੁਰੀਲੀ ਅਵਾਜ਼ ਦਾ ਪੰਛੀ ਹੈ ਜਿਸ ਦੀ ਚੁੰਜ ਵਿੱਚ 360 ਸੁਰਾਖ਼ (ਛੇਦ) ਹੁੰਦੇ ਹਨ ਅਤੇ ਹਰੇਕ ਸੁਰਾਖ਼ ਵਿੱਚੋਂ ਇੱਕ ਰਾਗ ਨਿਕਲਦਾ ਹੈ। ਅਸਮਾਨ ਦੇ 12 (ਬਾਰਾਂ) ਬੁਰਜਾਂ ਅਨੁਸਾਰ ਇਸ ਕਲਾ ਦੇ ਬਾਰਾਂ ਪੜਾਅ ਨਿਸ਼ਚਿਤ ਕੀਤੇ ਗਏ ਹਨ। ਅਬਾਵੇ ਹੁਸੈਨੀ, ਰਾਸਤ, ਹਿਜਾਜ਼, ਬਜ਼ੁਰਗਾਂ ਕੂਚਕ, ਇਰਾਕ, ਸ.ਫਾਹਾਂ, ਨਵਾਂ, ਉਸ਼ੱਾਕ, ਜ਼ੰਗਲਾਂ ਅਤੇ ਬੋਸਲੀਕ। ਇਨ੍ਹਾਂ ਵਿੱਚੋਂ ਹਰੇਕ ਕਈ ਗੀਤਾਂ ਨਾਲ ਬਣਿਆ ਹੈ। ਹਰੇਕ ਦਾ ਸਮਾਂ ਅਤੇ ਮੌਸਮ ਵੱਖਰਾ ਹੈ। ਜਮਾਲ–ਏ–ਯੂਸ.ਫੀ (ਯੂਸ.ਫ ਦੀ ਸੁੰਦਰਤਾ) ਨੂੰ ਸਾਰਿਆਂ ਨੇ ਵੇਖਿਆ ਜੋ ਜ਼ੁਲੈਖ਼ਾ ਨੇ ਵੇਖਿਆ, ਉਹ ਕਿਸੇ ਹੋਰ ਨੂੰ ਵਿਖਾਈ ਨਾ ਦਿੱਤਾ। ਇਸ ਸਬੰਧ ਵਿੱਚ ਇੱਕ ਤੁਕ



ਵੇਖੋ ਜਿਸ ਦੀ ਤਾਰੀ.ਫ ਨਹੀਂ ਹੋ ਸਕਦੀ।

***ਮੈਂ ਵਿੱਚ ਆਸ ਤੇਰੀ ਦੀ ਹਰ ਦਮ ਨੈਣ ਧਰੇ ਸਰ ਅਣੀਆਂ***

ਭਾਵ ਤੇਰੇ ਮਿਲਾਪ ਦੀ ਆਸ ਵਿੱਚ ਮੇਰੀਆਂ ਰਾਤਾਂ ਜਾਗ ਕੇ ਅਤੇ ਹੰਝੂਆਂ ਭਰੇ ਦਿਨ ਇਸ ਤਰ੍ਹਾਂ ਲੰਘੇ, ਮੰਨੋ ਕਿ ਅੱਖਾਂ ਹਰ ਵੇਲੇ ਨੇਜ਼ੇ ਦੀ ਨੋਕ ਤੇ ਰੱਖੀਆਂ ਹੋਈਆਂ ਹਨ। ਇੱਥੇ ਸਾਅਦੀ ਦਾ ਇੱਕ ਸ਼ਿਅਰ ਯਾਦ ਆ ਰਿਹਾ ਹੈ–

*ਜ਼ਦੀਦਨਤ ਨਤਵਾਨਮ ਕਿ ਦੀਦ ਬਰ ਬੰਦਮ*
*ਗਰ ਅਜ਼ ਮੁਕਾਬਲਾ ਬੀਨਮ ਕਹਿ ਤੀਰ ਮੀ ਆਯਦ*

ਤੇਰੇ ਦੇਖਣ ਨਾਲ ਮੈਂ ਅੱਖਾਂ ਬੰਦ ਨਹੀਂ ਕਰ ਸਕਦਾ ਭਾਵੇਂ ਕਿ ਸਾਹਮਣੇ ਤੋਂ ਤੀਰ ਆਉਂਦਾ ਹੋਇਆ ਵਿਖਾਈ ਦੇਵੇ।

ਅੱਲਾਮਾ ਅਰਸ਼ੀ ਜਿਨ੍ਹਾਂ ਨੂੰ ਅੱਲਾਮਾ ਇਕਬਾਲ ਨੇ ਪੁਖ਼ਤਾਕਾਰ ਕਿਹਾ ਜਾਂਦਾ ਹੈ, ਉਹ ਕਹਿੰਦੇ ਹਨ ਕਿ ਮੌਲਵੀ .ਗੁਲਾਮ ਰਸੂਲ ਦੀ ਤਰ੍ਹਾਂ (ਮਿਸਰਾ) ਸਾਅਦੀ ਤੋਂ ਕਿੰਨਾ ਉੱਚਾ ਹੈ ਇਸਦੇ ਲਈ ਵਿਆਖਿਆ ਅਤੇ ਦਲੀਲ ਦੀ ਲੋੜ ਨਹੀਂ।(133)

**ਸੋਜ਼–ਓ–ਗੁਦਾਜ਼** :– ਸੋਜ਼–ਓ–ਗੁਦਾਜ਼ ਮੌਲਵੀ ਸਾਹਿਬ ਦਾ ਵਿਸ਼ੇਸ਼ ਵਿਸ਼ਾ ਹੈ। ਪਾਠਕ ਅਤੇ ਸਰੋਤੇ ਦੇ ਸੀਨੇ ਵਿੱਚ ਜੇਕਰ ਪੱਥਰ ਦਾ ਦਿਲ ਨਾ ਹੋਵੇ ਤਾਂ ਉਹ ਇਸ ਪੁਸਤਕ ਦੇ ਅਧਿਐਨ ਦੇ ਦੌਰਾਨ ਵਾਰ–ਵਾਰ ਹੰਝੂਆਂ ਦੀ ਭੇਂਟ ਚੜ੍ਹਣ ਲਈ ਮਜਬੂਰ ਹੋ ਜਾਂਦਾ ਹੈ। ਕਵੀ ਦਾ ਆਪਣਾ ਦਿਲ ਦੁੱਖ ਦਰਦ ਦਾ ਸਮੁੰਦਰ ਹੈ ਜੋ ਕਿਧਰੇ ਵੀ ਖ਼ੁਸ਼ਕ ਨਹੀਂ ਹੁੰਦਾ। ਇਹੀ ਚੀਜ਼ ਸ਼ਿਅਰਾਂ ਦੀ ਜਾਨ ਹੈ, ਇਸ ਸੰਬੰਧ ਵਿੱਚ ਕਿਹਾ ਗਿਆ ਹੈ। 'ਅੱਜ ਦਿਲ ਖੇਜ਼ਦ–ਵ–ਬਰਦਿਲ ਰੇਜ਼ਦ' ਜਿਸ ਕਵੀ ਕੋਲ ਇਹ ਦੌਲਤ ਨਹੀਂ ਉਸਦੀ ਸ਼ਾਇਰੀ ਝੂਠੇ ਨਗਾਂ ਦੀ ਮੀਨਾਕਾਰੀ ਹੈ। ਉਹ ਬੇਜਾਨ ਬੁਤ ਬਨਾਉਣ ਵਾਲਾ ਔਜ਼ਾਰ ਹੈ। ਉਸਦੀ ਸਿਰਜਣਾ ਉਸਦੀ ਜ਼ਿੰਦਗੀ ਵਿੱਚ ਹੀ ਮੁਰਦਾ ਹੈ। ਇਸਦੇ ਉਲਟ ਦਰਦਮੰਦ ਦਿਲ ਵਿੱਚੋਂ ਨਿਕਲੇ ਹੋਏ ਖ਼ੂਨੀ ਸ਼ਿਅਰ ਆਪਣੀ ਸਦੀਵਤਾ ਨਾਲ ਸ਼ਾਇਰ ਨੂੰ ਅਮਰ ਕਰ ਦਿੰਦੇ ਹਨ। ਉਰਦੂ ਵਿੱਚ ਕਿੰਨੇ ਕਲਾ ਦੇ ਉਸਤਾਦ ਹੋਏ ਹਨ ਜੋ ਮੀਰ ਤਕੀ ਮੀਰ ਦੇ ਦੁੱਖ ਅਤੇ .ਗਮ ਤੋਂ ਬੇ ਬਹਿਰਾ ਹੋਣ ਕਰਕੇ ਸਿਰ.ਫ ਤਜ਼ਕਰਿਆਂ ਤੱਕ ਸੀਮਤ ਰਹਿ ਗਏ।

ਅੱਲਾਮਾ ਅਰਸ਼ੀ ਮੌਲਵੀ ਸਾਹਿਬ ਬਾਰੇ ਬੜੀ ਜ਼ਿੰਮੇਦਾਰੀ ਨਾਲ ਲਿਖਦੇ ਹਨ ਕਿ ਮੌਲਵੀ .ਗੁਲਾਮ ਰਸੂਲ (ਰਹਿ.) ਦੇ ਸਮਕਾਲੀਆਂ ਵਿੱਚੋਂ ਕੋਈ ਉਨ੍ਹਾਂ ਦੀ ਇਲਮੀ (ਗਿਆਨ) ਸਲਾਹੀਅਤ ਨੂੰ ਨਾ ਸਮਝ ਸਕਿਆ ਬਲਕਿ ਪੁਰਾਤਨ ਕਵੀਆਂ ਵਿੱਚੋਂ ਤਲਾਸ਼ ਕਰਨ ਤੇ ਸ਼ਾਇਦ ਹੀ ਕੋਈ ਹੋਰ ਉਨ੍ਹਾਂ ਦੇ ਪੱਧਰ ਦਾ ਮਿਲੇ। .ਗੁਲਾਮ ਰਸੂਲ (ਰਹਿ.) ਦੇ ਪੇਸ਼ ਰੌ (ਪਹਿਲਾਂ ਵਾਲੇ) ਹਜ਼ਰਤ ਮੁੱਲਾ ਜਾਮੀ (ਰਹਿ.) ਨੇ ਵੀ ਦੂਜੇ ਸੁਪਨੇ ਦੀ ਦਾਸਤਾਨ ਬਿਆਨ ਕੀਤੀ ਹੈ। ਕੁੱਝ ਸ਼ਿਅਰ ਵੇਖੋ–

*ਹਮਾਂ ਸੂਰਤ ਕਜ਼ ਅਵੱਲ ਜ਼ੂ ਬੁਰਦ ਰਾਹ*
*ਦਰ ਆਮਦ ਬਾ ਰੁਖ ਰੋਸ਼ਨ ਤਰ ਅਜ਼ ਮਾਹ*
*ਨਜ਼ਰ ਚੂੰ ਬਰ ਰੁਖ ਜ਼ੇਬਾਇਸ਼ ਅ.ਫਗੰਦ*
*ਜ਼ਜਾਬਰ ਜਸਤ–ਓ–ਸਰਵਰ ਪਾਸ ਅ.ਫਗੰਦ*
*ਜ਼ਮੀਂ ਬੋਸੀਦ ਕਾਏ ਸੂਰ ਗੁਲ ਅੰਦਾਮ*

*ਕਿ ਹਮ ਸਬਰਮ ਜ਼ ਦਿਲ ਬਰਦੀ ਹਮ ਆਰਾਮ*
*ਬਆਂ ਸਾਨਿਅ ਕਿ ਅਜ਼ ਨੂਰ ਆਫ਼ਰੀਦਤ*
*ਜ਼ਹਰ ਆਲਾਇਸ਼ੇ ਦੂਰ ਆਫ਼ਰੀਦਤ*

ਉਹੀ ਪਹਿਲੇ ਸੁਪਨੇ ਵਾਲਾ ਲੁਟੇਰੀ ਸ਼ਕਲ ਵਾਲਾ ਦੂਜੀ ਵਾਰ ਚੰਨ ਤੋਂ ਜ਼ਿਆਦਾ ਰੌਸ਼ਨ ਨਜ਼ਰ ਆਇਆ। ਜਦੋਂ ਉਸ ਦੇ ਸੁਹਣੇ ਮੁੱਖੜੇ ਤੇ ਨਜ਼ਰ ਮਾਰੀ, ਥਾਂ ਤੋਂ ਉੱਠ ਕੇ ਸਿਰ ਉਹਨਾਂ ਦੇ ਕਦਮਾਂ ਵਿੱਚ ਰੱਖ ਦਿੱਤਾ ਅਤੇ ਸਤਿਕਾਰ ਨਾਲ ਆਖਿਆ, ਹੇ ਪਿਆਰੇ ਤੂੰ ਮੇਰਾ ਸਬਰ ਅਤੇ ਸੁੱਖ ਅਰਾਮ ਖੋਹ ਲਿਆ। ਉਸ ਸਾਨਿਅ (ਕਾਰੀਗਰ) ਦੀ ਸਹੁੰ ਜਿਸਨੇ ਤੁਹਾਨੂੰ ਨੂਰ ਤੋਂ ਬਣਾਇਆ ਅਤੇ ਹਰੇਕ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਪਵਿੱਤਰ ਰੱਖਿਆ ਤੇਰੇ ਇਸ ਸੁਹੱਪਣ ਦਾ ਸਬੰਧ ਕਿਸ ਖ਼ਾਨਦਾਨ ਨਾਲ ਹੈ, ਤੂੰ ਕਿਹੜੇ ਕੰਨ ਦਾ ਚਮਕਦਾਰ ਮੋਤੀ ਹੈਂ ਤੂੰ ਬਾਦਸ਼ਾਹ ਹੈਂ ਤੇਰਾ ਮਹਿਲ ਕਿੱਥੇ ਹੈ ?

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਇਸ ਮਜ਼ਮੂਨ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ–

*ਸੱਚ ਕਲਾਮ ਸਬਾਹੋਂ ਸਾਦਿਕ ਸਾਫ਼ ਗੌਹਰ ਦੀ ਆਬੋਂ*
*ਰੋਸ਼ਨ ਨੂਰੋਂ ਸ਼ੀਰੀਂ ਸ਼ਹਿਦੋਂ ਖ਼ੁਸ਼ਬੂ ਨਾਕ ਗੁਲਾਬੋਂ*
*ਸਿਦਕ ਭਰੀ ਕਜ਼ਬ ਥੀਂ ਖ਼ਾਲੀ ਦਰਦ ਗਵਾਵਣ ਵਾਲੀ*
*ਕੌਣ ਕੋਈ ਤੂੰ ਕਿਹੜੀ ਕੋਟੋਂ ਕੀ ਹੈਂ ਜਿਨਸ ਨਿਰਾਲੀ (135)*

ਇਸ ਸਵਾਲ ਦੇ ਨਾਲ ਬਿਆਨ ਦੀ ਤੇਜ਼ ਧਾਰ ਵਹਿ ਨਿਕਲਦੀ ਹੈ।

*ਵਸੇਂ ਜਮੀਨੇਂ ਯਾ ਆਸਮਾਨੇ ਚੰਦ ਹੋਵੇਂ ਯਾ ਤਾਰਾ*
*ਯਾ ਤੂੰ ਸੂਰਜ ਯਾ ਤੂੰ ਬਿਜਲੀ ਯਾ ਤੂੰ ਕੁੱਝ ਨਿਆਰਾ*
*ਯਾ ਤੂੰ ਸਿਰਫ਼ ਬਿਰਹੋਂ ਦਾ ਸ਼ੁਅਲਾ ਯਾ ਆਹਾਂ ਦੀਆਂ ਲਾਟਾਂ*
*ਯਾ ਤੂੰ ਦਾਗ਼ ਗ਼ਮਾਂ ਦਾ ਰੌਸ਼ਨ ਯਾ ਫ਼ੁਰਕਤ ਦੀਆਂ ਵਾਟਾਂ (136)*

ਅੱਲਾਮਾ ਅਰਸ਼ੀ ਲਿਖਦੇ ਹਨ ਕਿ ਮੇਰੇ ਦਿਲ ਵਿੱਚ ਹਜ਼ਰਤ ਮੁੱਲਾ ਜਾਮੀ (ਰਹਿ.) ਦੇ ਗਿਆਨ, ਪਵਿੱਤਰਤਾ ਅਤੇ ਰਚਨਾਵਾਂ ਦੀਆਂ ਵੰਨਗੀਆਂ ਦੀ ਬੇਹੱਦ ਕਦਰਦਾਨੀ ਹੈ ਲੇਕਿਨ ਇਹ ਕਦਰਦਾਨੀ ਨਿਆਂ ਦੀਆਂ ਅੱਖਾਂ ਨੂੰ ਬੰਦ ਨਹੀਂ ਕਰ ਸਕਦੀ। ਹਜ਼ਰਤ ਗ਼ੁਲਾਮ ਰਸੂਲ (ਰਹਿ.) ਦੇ ਦਰਿਆ–ਏ–ਤਬਅ ਦੀ ਰਵਾਨੀ ਕਮਾਲ ਦੀ ਸੀ ਜਿਸਨੇ ਸਾਅਦੀ ਦੇ ਦੌਰ ਦੀ ਗ਼ਜ਼ਲ ਨੂੰ ਪਿੱਛੇ ਦਿੱਤਾ। ਉਹ ਮੁਕੰਮਲ ਸ਼ਾਇਰ ਹੈ, ਅਜਿਹਾ ਸ਼ਾਇਰ ਕਿ ਖ਼ੁਦ ਜ਼ੁਲੈਖ਼ਾ ਦੇ ਸੀਨੇ ਵਿੱਚ ਸ਼ਾਇਦ ਇੰਨੀ ਅੱਗ ਨਾ ਹੋਵੇ ਜੋ ਉਨ੍ਹਾਂ ਦੇ ਤਰਜਮਾਨ ਮੌਲਵੀ ਗ਼ੁਲਾਮ ਰਸੂਲ (ਰਹਿ.) ਦੇ ਪਹਿਲੂ ਵਿੱਚ ਭੜਕ ਰਹੀ ਹੈ। ਉਨ੍ਹਾਂ ਦੀ ਫ਼ਰਿਆਦ ਇੰਨੀ ਸੁਭਾਵਿਕ ਹੈ ਕਿ ਵਜ਼ਨ ਅਤੇ ਕਾਫ਼ੀਆ ਦੀ ਕੈਦ ਵਿੱਚ ਹੋ ਕੇ ਵੀ ਬੇਕੈਦ ਹੋਈ ਜਾਂਦੀ ਹੈ। ਉਨ੍ਹਾਂ ਦੇ ਸ਼ਬਦ ਤੜਫ ਰਹੇ ਹਨ। ਉਨ੍ਹਾਂ ਦੀਆਂ ਤੁਕਾਂ (ਮਿਸਰੇ) ਜਲ ਰਹੀਆਂ ਹਨ। ਸ਼ਿਅਰਾਂ 'ਚੋ ਧੂੰਆਂ ਉੱਠ ਰਿਹਾ ਹੈ। ਚੰਗਿਆੜੀਆਂ ਨਿਕਲ ਰਹੀਆਂ ਹਨ। ਖ਼ੁਦਾਰਾ ਇਨਸਾਫ਼! ਮਖ਼ਦੂਮ ਉਸਤਾਦ ਜਾਮੀ ਦੇ ਕਲਾਮ ਵਿੱਚ ਇਹ ਆਤਿਸ਼ਨਾਕੀ ਕਿੱਥੇ ਮਿਲਦੀ ਹੈ ? ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੀ ਜ਼ਬਾਨੀ ਜ਼ੁਲੈਖ਼ਾ ਦੇ ਤੀਜੇ ਸੁਪਨੇ ਦੀ ਭੂਮਿਕਾ ਦੇ ਕੁੱਝ ਸ਼ਿਅਰ ਵੇਖੋ– (137)



*ਹੁਣ ਸਾਕੀ ਬਸ ਕਰੀਂ ਸ਼ਰਾਬੋਂ ਦੇ ਇੱਕ ਜਾਮ ਗੁਲਾਬੋਂ*
*ਮਿਲੇ ਆਰਾਮ ਖ਼ੁਮਾਰ ਅਜ਼ਾਬੋਂ, ਮਸਤਾਂ ਹਾਲ ਖ਼ਰਾਬੋਂ।*

ਮੌਲਵੀ ਗ਼ੁਲਾਮ ਰਸੂਲ (ਰਹਿ.) ਅੱਗੇ ਫ਼ਰਮਾਉਂਦੇ ਹਨ–

*ਖੋਲ ਅੱਖੀਂ ਦਮ ਕਾਈ ਫਿਰ ਮੁੜ ਦੇਖ ਲੂੰ ਜੱਗ ਵਸਦਾ*
*ਗੁਜ਼ਰਿਆ ਦਰਦ ਹਿਸਾਬ ਕਿਤਾਬੋਂ ਯਾਰ ਮਿਲੇ ਹੁਣ ਹਸਦਾ*

**ਸਬਰ ਦੀ ਸਿੱਖਿਆ** (ਤਲਕੀਨ)

ਕੋਈ ਵੀ ਉਦੇਸ਼ ਸਬਰ ਤੋਂ ਬਗ਼ੈਰ ਪ੍ਰਾਪਤ ਨਹੀਂ ਹੋ ਸਕਦਾ। ਬੇਸਬਰੀ, ਤਬੀਅਤ ਵਿੱਚ ਠਹਿਰਾਉ ਨਾ ਹੋਣ ਅਤੇ ਨਾ ਪਾਇਦਾਰੀ ਦੇ ਕਾਰਨ ਪੈਦਾ ਹੁੰਦੀ ਹੈ, ਜਿਸਦਾ ਸਿੱਟਾ ਅਸਫਲਤਾ ਦੀ ਸ਼ਕਲ ਵਿੱਚ ਸਾਹਮਣੇ ਆਉਂਦਾ ਹੈ। ਕੁਦਰਤ ਸਾਨੂੰ ਸਬਰ ਸੰਤੋਖ ਦਾ ਸਬਕ ਦਿੰਦੀ ਹੈ। ਇਸਦਾ ਹਰੇਕ ਕੰਮ ਜੋ ਸਿੱਧੇ ਤੌਰ ਤੇ ਅੱਲ੍ਹਾ ਤਆਲਾ ਦੀ 'ਕੁਨ ਫਾਇਆ ਕੁਨੀ' ਦੇ ਵਿਧਾਨ ਨਾਲ ਪ੍ਰਗਟ ਹੁੰਦਾ ਹੈ, ਉਹ ਵੀ ਇੱਕ ਪਲ ਵਿੱਚ ਹੀ ਪੈਦਾ ਨਹੀਂ ਹੋ ਜਾਂਦਾ। ਬੀਜ ਨੂੰ ਦਰੱਖ਼ਤ ਬਨਣ ਅਤੇ ਫ਼ਲ ਬਨਣ ਤੱਕ ਕਿੰਨੀ ਦੇਰ ਲਗਦੀ ਹੈ ਨੁਤਫ਼ੇ (ਵੀਰਜ) ਨੂੰ ਜਨੀਨ (ਲੋਥੜਾ) ਅਤੇ ਜਨੀਨ ਨੂੰ ਬੱਚਾ, ਫੇਰ ਬਾਲਗ, ਫੇਰ ਤਜਰਬੇਕਾਰ ਬੁੱਢਾ ਬਨਣ ਲਈ ਕਿੰਨੇ ਸਮੇਂ ਦੀ ਲੋੜ ਹੈ। ਇਹ ਕਰਾਤ–ਏ–ਸਮਾਵੀ, ਚੰਨ, ਸੂਰਜ, ਤਾਰੇ ਕੌਣ ਜਾਣਦਾ ਹੈ ਕਿ ਇਨ੍ਹਾਂ ਨੂੰ ਆਪਣੀ ਵਰਤਮਾਨ ਹਾਲਤ ਤੱਕ ਪਹੁੰਚਣ ਲਈ ਕਿੰਨੇ ਲੱਖ ਸਾਲ, ਕਿੰਨੇ ਕਰੋੜ ਅਤੇ ਕਿੰਨੇ ਅਰਬ ਸਾਲ ਜਾਂ ਸਦੀਆਂ ਲੱਗੀਆਂ। ਕਰਨ ਵਾਲਾ ਯਕੀਨੀ ਤੌਰ 'ਤੇ ਇੱਕ ਹੀ ਪਲ ਵਿੱਚ ਸੱਭ ਕੁੱਝ ਕਰ ਸਕਦਾ ਸੀ। ਲੇਕਿਨ ਉਸਦੀ ਹਿਕਮਤ (ਸਿਆਣਪ) ਨੇ ਕਾਇਨਾਤ ਦੀ ਸਿਰਜਣਾ ਵਿੱਚ ਹੌਲੀ–ਹੌਲੀ ਵਾਧਾ ਕੀਤਾ। (138)

ਬਿਆਨ ਦੀ ਤੀਬਰਤਾ ਵੇਖੋ–

*ਜੋਸ਼ ਨਾ ਖੁੱਲ੍ਹੇ ਆਹ ਨਾ ਛੁੱਟੇ, ਉੱਖੜ ਕਦਮ ਨਾ ਜਾਏ*
*ਆਸ਼ਿਕ ਤੇ ਅੰਧੇਰੀ ਝੁੱਲੇ, ਜ਼ਰਾ ਨਾ ਜੁੰਬਿਸ ਖਾਏ*
*ਡੋਲ ਨਹੀਂ ਰੱਖ ਕਦਮ ਟਿਕਾਣੇ, ਝੱਲ ਜ਼ੁਲੈਖ਼ਾ ਪਿਆਰੀ*
*ਇਹ ਵੀ ਦੇਖ ਨਾ ਰਹਿਸੀ ਆਖ਼ਰ ਦੁੱਖ ਨਾ ਦਰਦ ਖ਼ੁਆਰੀ (139)*

ਹਰੇਕ ਮੁਸੀਬਤ ਦਾ ਇੱਕੋ ਇੱਕ ਇਲਾਜ ਸਬਰ ਸੰਤੋਖ ਹੈ।

*ਸਬਰ ਬਿਨਾਂ ਦੁੱਖ ਜਾਵੇ ਨਾਹੀਂ ਸਬਰ ਦੁੱਖਾਂ ਦਾ ਦਾਰੂ*
*ਸਬਰ ਬਿਨਾਂ ਵਿੱਚ ਮੁਸ਼ਕਿਲ ਵੇਲੇ ਹੋਰ ਨਾ ਕਾਈ ਵਾਹਰੂ।*

ਪ੍ਰੰਤੂ ਮੌਲਵੀ ਸਾਹਿਬ ਇਹ ਵੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਪ੍ਰੇਮੀ ਦੇ ਦਿਲ ਵਿੱਚ ਸਬਰ ਅਤੇ ਛਾਲਣੀ ਵਿੱਚ ਪਾਣੀ ਰੁਕ ਨਹੀਂ ਸਕਦਾ। ਹੁਣ ਦਾਈ ਦੀਆਂ ਨਸੀਹਤਾਂ ਤੋਂ ਬਾਅਦ ਜ਼ੁਲੈਖ਼ਾ ਦੇ ਘਰ ਦੀ ਤਰਜਮਾਨੀ ਫ਼ਰਮਾਉਂਦੇ ਹਨ :–

*ਸੁਣ ਕਰ ਸਬਰ ਜ਼ੁਲੈਖ਼ਾ ਬੈਠੀ ਪਰ ਕੁੱਝ ਸਾਅਤ ਅੱਧੀ*
*ਆਸ਼ਿਕ ਸਬਰ ਦਿਲੇ ਵਿੱਚ ਐਸਾ ਪੰਡ ਹਵਾਉਂ ਬੱਧੀ।*

ਜਿਵੇਂ ਹਵਾ ਨੂੰ ਕੱਪੜੇ ਵਿੱਚ ਬੰਨ ਕੇ ਗਠੜੀ ਨਹੀਂ ਬਣਾਈ ਜਾ ਸਕਦੀ ਇਵੇਂ ਹੀ ਆਸ਼ਿਕ ਦੇ ਦਿਲ ਵਿੱਚ ਸਬਰ ਨਹੀਂ ਆ ਸਕਦਾ। ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਵੇਖੋ:–

*ਆਸ਼ਿਕ ਦੇ ਦਿਲ ਸਬਰ ਅਵੇਹਾ ਜਿਉਂ ਪਾਣੀ ਵਿੱਚ ਜਾਲੀ*
*ਯਾ ਬਥੇਰਾ ਡੁਲਦਾ ਜਾਸੀ ਨਜ਼ਰ ਪੌਲੀਸੀ ਖ਼ਾਲੀ*
*ਇਸ਼ਕ ਸਬਰ ਵਿੱਚ ਵੈਰ ਪੁਰਾਣਾ ਮੁਢੋਂ ਬੁ.ਗਜ਼ ਲੜਾਈ*
*ਇਸ਼ਕ ਜਿੱਥੇ ਉਥੇ ਸਬਰ ਬੇਚਾਰਾ ਦਖ਼ਲ ਨਾ ਰੱਖਦਾ ਕਾਈ*
*ਇਸ਼ਕ ਸਿਤਮਗਰ ਤੇ.ਗ ਫੌਲਾਦੀ ਸਬਰ ਸਮਨ ਦੀ ਡਾਲੀ*
*ਅੰਤ ਕਦਾਂ ਤੱਕ ਉਨਹਾਂ ਲੜਾਈ ਕਹਿਰ ਕਜ਼ੀਆਂ ਵਾਲੀ (141)*

**ਸ਼ਿਰਕ ਅਤੇ ਤੌਹੀਦ (ਦਵੈਤ ਅਤੇ ਅਦਵੈਤ)**

ਕੁ.ਫਰ ਨੂੰ ਰੋਕਣ ਅਤੇ ਤੌਹੀਦ ਦੇ ਪ੍ਰਚਾਰ ਕਰਨ ਸਮੇਂ ਇੰਜ ਲੱਗਦਾ ਹੈ ਕਿ ਮੌਲਵੀ ਸਾਹਿਬ ਦਾ ਦਿਲ ਸੀਨੇ ਵਿੱਚੋਂ ਨਿਕਲ ਕੇ ਕਾ.ਗਜ਼ ਤੇ ਆ ਰਿਹਾ ਹੈ। ਕਿਤਾਬ ਦੇ ਆਰੰਭ ਤੋਂ ਲੈ ਕੇ ਦਾਸਤਾਨ ਨੂੰ ਪੇਸ਼ ਕਰਨ ਤੱਕ ਜਿੱਥੇ ਕਿਧਰੇ ਵੀ ਉਨ੍ਹਾਂ ਨੂੰ ਮੌਕਾ ਮਿਲਦਾ ਹੈ, ਆਪਣੇ ਇਸ .ਫਰਜ਼ ਨੂੰ ਨਿਭਾਉਂਦੇ ਹਨ। ਜ਼ੁਲੈਖ਼ਾ ਆਪਣੇ ਇਸ਼ਟ ਬੁਤ ਨੂੰ ਲੈ ਕੇ ਯੂਸ.ਫ (ਅਲੈ.) ਦੇ ਰਾਹ ਵਿੱਚ ਇੰਤਜ਼ਾਰ ਕਰ ਰਹੀ ਹੈ। ਯੂਸ.ਫ (ਅਲੈ.) ਉੱਚੇ ਦਰਜੇ ਤੇ ਪਹੁੰਚ ਚੁੱਕੇ ਹਨ ਅਤੇ ਉਹ ਆਪਣੇ ਰੁਤਬੇ ਅਤੇ ਸੁਹੱਪਣ ਨੂੰ ਗੁਆਚ ਚੁੱਕੀ ਹੈ। ਆਪਣੇ ਰੱਬ ਨੂੰ ਕਹਿ ਰਹੀ ਹੈ–

*ਐ ਬੁਤ ਜ਼ਾਲਿਮ ਤੇਰੇ ਕੋਲੋਂ ਮੈਂ ਕੁੱਝ ਨ.ਫਾ ਨਾ ਪਾਇਆ*
*ਤੂੰ ਵਟਾ ਜੜ ਪਟਾ ਜ਼ਾਲਿਮ, ਬਹਿ ਘੜੀਆਂ ਬਦਕਾਰਾਂ*
*ਕਿਸ ਪਹਾੜੋਂ ਚੁੱਕ ਲਿਆਦੋਂ ਬੁਤ ਸਾਜਾਂ ਮਰਦਾਰਾਂ*
*ਆਪ ਤੋਂ ਜਿੰਦੋਂ ਖ਼ਾਲੀ ਡਿੱਗਿਆ ਉੱਠ ਨਾ ਸਕੇਂ*
*ਤਾਲਿਆ ਮੇਰੇ ਜਾਂ ਘਰ ਆਵਣ ਵਜ ਹਿਕੇ ਜਾ ਧੱਕੇ*
*ਮੈਂ ਭਲੀ ਕਿਉਂ ਪੂਜਿਆ ਤੈਨੂੰ ਉਮਰ ਗਈ ਸੜਸੜ ਕੇ*
*ਤੂੰ ਵਟਾ ਵਿੱਚ ਛਾਤੀ ਲਗੋਂ ਜ਼ਖ਼ਮ ਤੇਰਾ ਦਿਲ ਰੜ ਕੇ (143)*

*ਮਕਸੂਦੋਂ ਤੂੰ ਆਪੇ ਖ਼ਾਲੀ ਸਭ ਥੀਂ ਆਪ ਨਕਾਰਾ*
*ਡੁੱਬ ਮਰੇ ਜੋ ਤੈਨੂੰ ਜਾਣੇ ਮਕਸਦ ਦੇਵਣਹਾਰਾ*
*ਤੇਸ਼ੇ ਨਾਲ ਛਿੱਲੇ ਤੁਹ ਪਾਸੇ ਸਥੇ ਨਕ ਬਣਾਇਆ*
*ਕੁਨਾਂ ਦੇ ਵਿੱਚ ਸੁਨਨੇ ਕਾਰਣ ਕਿਉਂ ਨਾ ਛੇਕ ਰਖਾਇਆ*
*ਸਜਦਾ ਕਰੇ ਜੋ ਤੇਰੇ ਤਾਈਂ ਯਾ ਤੇ ਤੋੜ ਗਵਾਵੇ*
*ਗੁੱਸਾ ਖ਼ੁਸ਼ੀ ਨਾ ਤੈਂ ਵਿੱਚ ਆਵੇ .ਫਰਕ ਨਾ ਤੁਦ ਦਸਾਵੇ।(144)*

*ਤੈਨੂੰ ਰੱਬ ਹੀ ਮੈਂ ਕਹਿੰਦੀ ਅਕਲ ਕਿਆਸੋਂ ਹਾਰੀ*
*ਮੈਂ ਵਿੱਚ ਜਾਨ ਤੇ ਤੈਂ ਵਿੱਚ ਨਾਹੀਂ ਇਹ ਨਾ ਸਮਝ ਵਿਚਾਰੀ।(145)*

ਅਹਸਨੁਲ ਕਸਸ ਦੇ ਬਹੁਤ ਸਾਰੇ ਸ਼ਿਅਰਾਂ ਵਿੱਚ ਸੱਚੇ ਇਸ਼ਟ ਅਤੇ ਝੂਠੇ ਇਸ਼ਟ ਵਿੱਚ ਤੁਲਨਾ ਕੀਤੀ ਹੈ–

*ਯੂਸ.ਫ ਦਾ ਰੱਬ ਕੁਦਰਤ ਵਾਲਾ ਸੱਚ ਯਕੀਨੋਂ ਪਾਇਆ*
*ਜਿਸ ਬਰਦੇ ਨੂੰ ਤਖ਼ਤ ਬਹਾਇਆ ਸਿਰ ਤੇ ਤਾਜ ਰਖਾਇਆ।*



*ਯੂਸ.ਫ ਦਾ ਰੱਬ ਸਭ ਥੀਂ ਚੰਗਾ, ਖ਼ਲਕ ਉਪਾਵਨ ਹਾਰਾ*
*ਤੂੰ ਮੇਰਾ ਰੱਬ ਸਭ ਥਾ ਮੰਦਾ ਕੰਮ ਗਵਾਵਨਹਾਰਾ।*
*ਯੂਸ.ਫ ਦਾ ਰੱਬ ਹਾਜ਼ਰ ਨਾਜ਼ਰ ਆਸ ਪਚਾਵਣ ਹਾਰਾ*
*ਤੂੰ ਮੇਰਾ ਰੱਬ ਚੁੱਕੇ ਬਾਝੋਂ ਕਿਤੇ ਨਾ ਜਾਵਣ ਹਾਰਾ।*
*ਯੂਸ.ਫ ਦਾ ਰੱਬ ਸੁਣ .ਫਰਿਆਦਾਂ ਦਰਦ ਉਠਾਵਣ ਹਾਰਾ*
*ਤੂੰ ਮੇਰਾ ਰੱਬ ਗੂੰਗਾ ਬੋਲਾ ਮ.ਗਜ਼ ਖਪਾਵਣਹਾਰਾ (146)*

*ਯੂਸ.ਫ ਦਾ ਰੱਬ ਰੁੜ੍ਹਦੇ ਬੇੜੇ ਬੰਨੇ ਲਾਵਣਹਾਰਾ*
*ਤੂੰ ਮੇਰਾ ਰੱਬ ਡਰਦਿਆਂ ਤਾਈਂ .ਗਰਕ ਕਰਾਵਣਹਾਰਾ*

ਮੌਲਵੀ .ਗੁਲਾਮ ਰਸੂਲ ਨੇ ਤੌਹੀਦ (ਰੱਬ ਦੇ ਇੱਕ ਹੋਣ ਦਾ ਭਾਵ) ਦਾ ਪ੍ਰਚਾਰ ਬੜੇ ਸੁਹਣੇ ਢੰਗ ਨਾਲ ਕੀਤਾ ਹੈ :–

*ਨੂਰ ਵਰ੍ਹੇ ਜੇ ਇਸ਼ਕੋਂ ਸੀਨੇ ਹਾਲ ਕਹਾਂ ਕਹਿ ਗੁਜ਼ਰੇ*
*ਗੁਜ਼ਰ ਇਮਕਾਨੋਂ ਵਗਣ ਇਸ਼ਾਰੇ ਮਾਅਜ਼ੂਰੋਂ ਵਿੱਚ ਉਜ਼ਰੇ*
*ਤੂੰ ਸ਼ੀਸ਼ੇ ਵਿੱਚ ਦਰਿਆ ਵੱਗੇ ਜੌਹਰ ਹੈਂ ਉਹ ਕਾਰੀ*
*ਜੇ ਵਿੱਚ ਕੱਲ ਮਤਲੂਬ ਜਗਤ ਦੀਆਂ ਨੂਰੀ ਲਹਿਰਾਂ ਜਾਰੀ*
*ਤੂੰ ਕਾਇਮ ਜਿਸ ਜਿੰਦੋਂ .ਗਾ.ਫਿਲ ਸੂਰਤ ਤਿਸ ਨਾ ਕਾਈ*
*ਵਸ ਤੁਸੇ ਵਿੱਚ ਜਾਰੀ ਹਰ ਸ਼ੈਅ ਤੂੰ ਅਪਨੇ ਵਿੱਚ ਪਾਈ*
*ਵਹਦਾਨੀਅਤ ਹਕ ਬਦੀਹੀ ਮਿਲੇ ਸ਼ਹੂਦ ਕਮਾਲੋਂ*
*ਤੋੜ ਸੁਵਰ ਦੀ ਬੰਦ ਜੋ ਨਾਹੀਂ ਹਾਜਤ ਇਸਤ ਦਲਾਲੋਂ*
*ਲਭ ਉਹਾ ਜੇ ਕੁੱਝ ਨਾ ਸੂਰਤ ਨੁਕਸੋਂ ਨਾਮ ਨਾ ਐਬੋਂ*
*ਮੀਟ ਅੱਖੀਂ ਦਿਲ ਖੋਲ ਦੋ ਸਾਅਤ ਰਾਜ਼ ਖੁੱਲੇ ਕੁੱਝ ਗੈਬੋਂ।(147)*

ਇਹ ਗੱਲ ਅੱਲਾਹ ਤਆਲਾ ਅਤੇ ਮਨੁੱਖ ਦੇ ਸਬੰਧਾਂ ਬਾਰੇ ਕੀਤੀ ਜਾ ਰਹੀ ਹੈ। ਪ੍ਰੰਤੂ ਨਾਲ ਹੀ ਧਿਆਨ ਆ ਗਿਆ ਕਿ ਸ਼ਾਇਦ ਕੋਈ ਵਹਦਾਤੁਲ ਵਜੂਦ ਦੀ ਆੜ ਵਿੱਚ ਵਹਦਾਤੁਲ ਸ਼ਹੂਦ ਨੂੰ ਵੀ ਉਹੀ ਅਰਥ ਦੇਣ ਲੱਗੇ ਜੋ ਮੌਲਵੀ ਸਾਹਿਬ ਦੀ ਨਜ਼ਰ ਵਿੱਚ ਠੀਕ ਨਹੀਂ ਸਨ।

*ਤੇ ਨਾ ਲਾਜ਼ਮ ਕਰੀਂ ਖ਼ੁਦਾ ਤੇ ਹੁਕਮ ਮਨਾ.ਫੀ ਸ਼ਾਨੋਂ*
*ਸ਼ਿਰਕ ਕੁ.ਫਰ ਦਾ ਨਾਮ ਨਾ ਉੱਥੇ ਜਿੱਥੇ ਨੂਰ ਈਮਾਨੋਂ (148)*

ਮੌਲਵੀ ਸਾਹਿਬ ਸ਼ੁੱਧ ਤੌਹੀਦ ਦੀ ਸਿੱਖਿਆ ਦੇ ਕੇ ਅੱਗੇ ਵੱਧਦੇ ਜਾ ਰਹੇ ਹਨ ਅਤੇ ਨਾਲ ਹੀ ਇਹ ਯਾਦ ਕਰਵਾਉਣਾ ਵੀ ਨਹੀਂ ਭੁੱਲਦੇ ਕਿ ਜ਼ਬਾਨੀ ਜਮਾਂ ਖ਼ਰਚ ਕਰਕੇ ਕੁੱਝ ਪ੍ਰਾਪਤ ਨਹੀਂ ਹੁੰਦਾ।

ਹਜ਼ਰਤ ਯੂਸ.ਫ (ਅਲੈ.) ਨੇ ਜੋ ਨਿਆਂ ਵਿਵਸਥਾ ਸਥਾਪਿਤ ਕੀਤੀ, ਉਹ ਉਸ ਸਮਿਆਂ ਵਿੱਚ ਇੱਕ ਨਮੂਨੇ ਦੀ ਵਿਵਸਥਾ ਸੀ। ਬਾਦਸ਼ਾਹ ਜਾਂ ਹੁਕਮਰਾਨ ਲਈ ਸਖ਼ਤ ਇਮਤਿਹਾਨ ਦਾ ਸਮਾਂ ਉਹ ਹੁੰਦਾ ਹੈ ਜਦੋਂ ਧਰਤੀ ਤੇ ਆਸਮਾਨੀ ਰਹਿਮਤਾਂ ਦੇ ਦਰਵਾਜ਼ੇ ਬੰਦ ਹੋ ਜਾਣ। ਜੇਕਰ ਅਜਿਹੇ ਸਮੇਂ ਵਿੱਚ ਉਹ ਆਪਣੀ ਪਰਜਾ ਦੀ ਖ਼ਬਰਸਾਰ ਲਵੇ ਉਸਨੂੰ ਆਪਣੇ ਅਹੁਦੇ

ਦਾ ਹੱਕਦਾਰ ਸਮਝਿਆ ਜਾਂਦਾ ਹੈ। ਕੇਵਲ ਅਮੀਰਾਂ ਅਤੇ ਜਾਗੀਰਦਾਰਾਂ ਦੇ ਹਿੱਤਾਂ ਦੀ ਰੱਖਿਆ ਕਿਸੇ ਹਕੂਮਤ ਦੇ ਬਾਕੀ ਰਹਿਣ ਦੀ ਜ਼ਮਾਨਤ ਨਹੀਂ ਹੋ ਸਕਦੀ। ਬਹੁ ਗਿਣਤੀ ਹਮੇਸ਼ਾ ਲੋਕਾਂ ਦੀ ਹੁੰਦੀ ਹੈ। ਉਨ੍ਹਾਂ ਵਿੱਚੋਂ ਹਰੇਕ ਵਿਅਕਤੀ ਦੀਆਂ ਲੋੜਾਂ ਦੀ ਪੂਰਤੀ ਨਿਆਂ ਪੂਰਕ ਸਰਕਾਰ ਦਾ ਫ਼ਰਜ਼ ਹੁੰਦਾ ਹੈ। ਹਕੂਮਤ ਦਿਨ ਰਾਤ ਲੋਕਾਂ ਦੀ ਸੇਵਾ ਦਾ ਨਾਂ ਹੈ। ਮੌਲਵੀ ਗ਼ੁਲਾਮ ਰਸੂਲ ਮਨੁੱਖਤਾ ਦੀ ਇਸ ਮੁੱਖ ਲੋੜ ਤੋਂ ਅਨਜਾਣ ਨਹੀਂ। ਮੌਲਵੀ ਸਾਹਿਬ ਜਦੋਂ ਮਿਸਰ ਵਿੱਚ ਯੂਸਫ਼ ਦੀ ਹੁਕਮਰਾਨੀ ਦਾ ਵਰਨਣ ਕਰਦੇ ਹਨ ਤਾਂ ਇਤਿਹਾਸ ਦੇ ਇਸ ਅਧਿਆਇ ਦਾ ਪ੍ਰਭਾਵੀ ਦ੍ਰਿਸ਼ ਚਿੱਤਰਦੇ ਹਨ। ਲੋਕਾਂ ਦੀਆਂ ਮੁਸ਼ਕਲਾਂ ਦਾ ਵਰਨਣ ਕਰਕੇ ਯੂਸਫ਼ (ਅਲੈ.) ਦੀ ਸਿਆਣਪ, ਅਦਾਲਤ, ਸਖ਼ੀਪੁਣੇ ਅਤੇ ਰਾਜਨੀਤੀ ਤੇ ਚਾਨਣਾ ਪਾਉਂਦੇ ਹਨ।(149)

ਕੁੱਝ ਸ਼ਿਅਰ ਨਮੂਨੇ ਵਜੋਂ ਵੇਖੋ-

*ਐਡਕ ਕਾਲ ਜਗਤ ਵਿੱਚ ਧਾਨਾ ਹੱਥ ਨਾ ਆਵੇ ਦਾਣਾ*
*ਤਬਕ ਜ਼ਮੀਂ ਵਿੱਚ ਲੱਭੇ ਨਾਹੀਂ ਬਾਝੋਂ ਮਿਸਰ ਟਿਕਾਣਾ।(150)*

ਨੈਤਿਕਤਾ ਦੀ ਸ਼ਰਤ ਹੈ ਕਿ ਲੋੜਵੰਦਾਂ ਦੇ ਇੱਕਠ ਨੂੰ ਵੇਖ ਕੇ ਮੱਥੇ ਵੱਟ ਨਾ ਪਵੇ।

*ਖ਼ੈਰ ਕਰੇ ਖ਼ੈਰਾਤਾਂ ਹੱਥੀਂ ਆਪ ਤਆਮ ਖਿਲਾਵੇ*
*ਸ਼ੋਰ ਜਹਾਂ ਰਹੇ ਤਿਸ ਗਰਦੇ ਮੱਥੇ ਵੱਟ ਨਾ ਪਾਵੇ।(151)*

ਰਿਆਸਤ ਵਿੱਚ ਨਿਆਂ ਮਹਿੰਗਾ ਨਾ ਹੋਵੇ ਇਸਨੂੰ ਪ੍ਰਾਪਤ ਕਰਨ ਵਿੱਚ ਦੇਰ ਨਾ ਕੀਤੀ ਜਾਵੇ। ਗ਼ਰੀਬ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਅਤੇ ਖਾਣ-ਪੀਣ ਦਾ ਪ੍ਰਬੰਧ ਕੀਤਾ ਜਾਵੇ।

*ਹੋਰਾਂ ਨੂੰ ਉਹ ਆਪ ਖਿਲਾਵੇ, ਖਾਂਦਾ ਨਜ਼ਰ ਨਾ ਆਵੇ*
*ਕਰੇ ਅਦਾਲਤ ਦਿਨ ਤੇ ਰਾਤੀਂ ਨੀਂਦ ਨਾ ਉਸਨੂੰ ਭਾਵੇ (152)*

ਰਿਸ਼ਵਤ, ਸਿਫ਼ਾਰਸ਼ ਅਤੇ ਵਧੀਕੀਆਂ ਨਾ ਹੋਣ।

*ਸਖ਼ੀ ਮੁਲਕ ਵਸਾਇਆ ਸਾਰਾ, ਜ਼ੁਲਮੋਂ ਰਸਮ ਹਟਾਈ*
*ਅਸੀਂ ਨਾ ਸੁਣਿਆ ਦੇਸ ਮਿਸਰ ਦੇ ਜ਼ੁਲਮ ਕੁਨਿੰਦਾ ਕਾਈ (153)*

ਜਿਸਦੇ ਹੱਥ ਵਿੱਚ ਸੱਤਾ ਹੋਵੇ, ਉਹ ਸਹੀ ਸੋਚ ਅਤੇ ਚਿੰਤਨ ਰੱਖਦਾ ਹੋਵੇ ਤਾਂ ਉਸਦੇ ਅਧੀਨ ਸਾਰੇ ਮਹਿਕਮੇ ਠੀਕ ਕੰਮ ਕਰਦੇ ਹਨ ਇਸ ਤਰ੍ਹਾਂ ਪੂਰੀ ਰਿਆਸਤ ਵਿੱਚ ਅਮਨ ਸ਼ਾਂਤੀ ’ਤੇ ਖ਼ੁਸ਼ਹਾਲੀ ਦਾ ਮਾਹੌਲ ਬਣ ਜਾਂਦਾ ਹੈ-

*ਰਹਜ਼ਨ ਚੋਰ ਨਾ ਠੱਗ ਮਕਾਰੀ ਮੁਲਕ ਅਮਨ ਵਿੱਚ ਸਾਰਾ*
*ਦੇਸ ਸਾਰਾ ਮਹਿਮਾਨ ਉਸੇ ਦਾ ਸਿਦਕੀਉਂ ਕਰਨ ਗੁਜ਼ਾਰਾ (154)*

ਦੇਸ਼ ਦਾ ਪ੍ਰਬੰਧਕ ਮਹਿਮਾਨ ਨਿਵਾਜ਼ੀ ਕਰਦਾ ਹੈ ਅਤੇ ਆਮ ਲੋਕ ਉਸਦੇ ਮਹਿਮਾਨ ਹੁੰਦੇ ਹਨ। ਜਿਵੇਂ ਮਹਿਮਾਨ ਰੋਜ਼ੀ ਰੋਟੀ ਦੇ ਫ਼ਿਕਰ ਤੋਂ ਮੁਕਤ ਹੁੰਦਾ ਹੈ, ਉਵੇਂ ਹੀ ਪਰਜਾ ਨੂੰ ਇਸ ਫ਼ਿਕਰ ਤੋਂ ਛੁਟਕਾਰਾ ਮਿਲਣਾ ਚਾਹੀਦਾ ਹੈ। ਲੋਕਾਂ ਦੀ ਯੋਗਤਾ ਦੇ ਅਨੁਸਾਰ ਰੁਜ਼ਗਾਰ ਮੁਹੱਈਆ ਕਰਵਾਉਣਾ ਅਤੇ ਸੁਰੱਖਿਆ ਦੀ ਜ਼ਿੰਮੇਦਾਰੀ ਮੌਜੂਦਾ ਸਰਕਾਰ ਦੀ ਹੁੰਦੀ ਹੈ। ਬਚਪਨ, ਜਵਾਨੀ, ਬੁਢਾਪਾ ਆਦਿ ਸਥਿਤੀਆਂ ਅਨੁਸਾਰ ਲੋੜਾਂ ਦੀ ਪੂਰਤੀ ਕਰਨਾ ਸਰਕਾਰ ਦਾ ਫ਼ਰਜ਼ ਹੈ। ਇਸਦਾ ਸਿੱਟਾ ਇਹ ਹੋਵੇਗਾ ਕਿ ਕਿਸੇ ਨੂੰ ਬੇਈਮਾਨੀ, ਜਮਾਂਖ਼ੋਰੀ ਆਦਿ



ਨਜਾਇਜ਼ ਸਾਧਨਾਂ ਦੀ ਜ਼ਰੂਰਤ ਨਹੀਂ ਪਵੇਗੀ।(155)

*ਤਕਵੇ ਵਿੱਚ ਅਮਾਨਤ ਪੂਰਾ ਹਰ ਹਰ ਨਜ਼ਰੀ ਆਇਆ*
*ਸ਼ਾਹ ਅਜ਼ੀਜ਼ ਕਿਆ ਈ ਚੰਗਾ ਜਿਸਦਾ ਆਲੀ ਸਾਇਆ।*
*ਖ਼ਲਕਾਂ ਵਿੱਚ ਸਿਆਸਤ ਉਸਦੀ ਤੇ ਉਲਫ਼ਤ ਵਿੱਚ ਜਾਨਾਂ*
*ਉਸ ਵਿੱਚ ਨੁਕਸ ਨਾ ਡਿੱਠਾ ਕਾਈ, ਕਹੇ ਪੁਕਾਰ ਜਮਾਨਾਂ।*

*ਨਵੀਆਂ ਅਖੀਂ ਖ਼ੌਫ਼ ਇਲਾਹੋਂ ਦਿਲ ਪੁਰ ਰਹਿਮ ਕਰਮ ਥੀਂ*
*ਜੇ ਕੋ ਕਰੇ ਜ਼ਿਆਰਤ ਉਸ ਦੀ ਛੁੱਟੇ ਦਰਦ ਅਲਮ ਥੀਂ।*
*ਖ਼ੁਲਕ ਹਲੀਮ ਕਰੀਮ ਤਬਅ ਦਾ ਅਕਲ ਫ਼ਿਰਾਸਤ ਭਾਰੀ*
*ਜੇ ਮਸਕੀਨ ਪਵੇ ਤਿਨ ਨਜ਼ਰ ਪੁੱਛੇ ਹਾਲਤ ਸਾਰੀ (156)*

ਹਜ਼ਰਤ ਯਾਕੂਬ (ਅਲੈ.) ਦੇ ਖ਼ਾਨਦਾਨ ਵਿੱਚ ਕਾਲ ਪੈ ਜਾਣ ਕਰ ਕੇ ਦੁਰਦਸ਼ਾ ਹੈ। ਉਹ ਆਪਣੇ ਪੁੱਤਰਾਂ ਨੂੰ ਜਦੋਂ ਅਨਾਜ ਲੈਣ ਲਈ ਮਿਸਰ ਰਵਾਨਾ ਕਰਦੇ ਹਨ ਤਾਂ ਉਨ੍ਹਾਂ ਨੂੰ ਸ਼ਾਹੀ ਦਰਬਾਰ ਦੇ ਅਦਾਬ ਸਿਖਾਉਂਦੇ ਹਨ। ਪੁੱਤਰ ਉਨ੍ਹਾਂ ਨੂੰ ਸਵਾਲ ਕਰਦੇ ਹਨ ਕਿ ਅਸੀਂ ਬਾਦਸ਼ਾਹ ਨੂੰ ਆਪਣਾ ਹਾਲ ਕਿਵੇਂ ਦੱਸੀਏ ਅਤੇ ਆਪਣੀ ਜਾਣ-ਪਛਾਣ ਕਿਵੇਂ ਕਰਵਾਈਏ ਤਾਂ ਹਜ਼ਰਤ ਯਾਕੂਬ (ਅਲੈ.) ਫ਼ਰਮਾਉਂਦੇ ਹਨ-

*ਅੱਵਲ ਜਾਂ ਲਗ ਇਜ਼ਨ ਨਾ ਹੋਵੇ ਵਿੱਚ ਹਜ਼ੂਰ ਨਾ ਜਾਇਓ*
*ਇਜ਼ਨ ਮਿਲੇ ਤੇ ਹਾਜ਼ਰ ਹੋਇਓ ਪਰ ਕੁੱਝ ਨਾ ਅਲਾਇਓ*
*ਵਿੱਚ ਦਰਬਾਰ ਖੜ੍ਹੇ ਹੋ ਅਦਬੋਂ ਚੁੱਪ ਰਹਿਉ ਹੋ ਸਾਰੇ*
*ਆਪਸ ਅੰਦਰ ਗੱਲ ਨਾ ਕਰਿਉ ਰਹੇ ਨਜ਼ਰ ਵੱਲ ਸ਼ਾਹੇ*
*ਮੁਕਦੀ ਗੱਲ ਸੁਣਾਇਉ ਥੋੜੀ ਜਾਂ ਉਹ ਪੁਰਸਿਸ਼ ਚਾਹੇ*
*ਜਿਦਾਂ ਇਜਾਜ਼ਤ ਮਿਲੇ ਮੁੜਣ ਦੀ ਫੇਰ ਨਾ ਅਰਜ਼ ਅਲਾਇਉ*
*ਵੱਲ ਸੁਲਤਾਨ ਨਾ ਪੁਸ਼ਤਾਂ ਕਰਿਉ ਪਿਛਲੇ ਪੈਰੀਂ ਆਇਉ।(157)*

ਮੌਲਵੀ ਸਾਹਿਬ ਸਫ਼ਲਤਾ ਦਾ ਇੱਕ ਅਜਿਹਾ ਅਸੂਲ ਦੱਸਦੇ ਹਨ, ਮੈਂ ਸਮਝਦਾ ਹਾਂ ਕਿ ਜਿਸ ਤੇ ਅਮਲ ਕਰਕੇ ਦੁਨੀਆ ਅਤੇ ਆਖ਼ਰਤ ਵਿੱਚ ਹਰ ਥਾਂ ਤੇ ਕਾਮਯਾਬੀ ਮਿਲ ਸਕਦੀ ਹੈ।

*ਬੇ ਅਦਬਾਂ ਮਕਸੂਦ ਨਾ ਹਾਸਲ ਤੇ ਦਰਗਾਹ ਨਾ ਢੋਈ*
*ਤੇ ਮੰਜ਼ਿਲ ਮਕਸੂਦ ਨਾ ਪਹੁਤਾ ਬਾਝ ਅਦਬ ਥੀਂ ਕੋਈ।(158)*

ਕਿਤਾਬ ਵਿੱਚ ਥਾਂ-ਥਾਂ ਇਸ ਵਿਸ਼ੇ ਦੇ ਸ਼ਿਅਰ ਪੇਸ਼ ਹੋਏ ਹਨ। ਮੌਲਵੀ ਸਾਹਿਬ ਆਪਣੇ ਆਪ ਨੂੰ ਸੰਬੋਧਨ ਕਰਦੇ ਹਨ।

*ਜੇ ਤੁਧ ਕਦਮ ਗ਼ੁਲਾਮ ਰਸੂਲਾ! ਅਟਕ ਰਹੇ ਅੱਧਵਾਟੇ*
*ਜ਼ਾਇਆ ਗਾਇਉਂ, ਗਈ ਤੁਧ ਹੱਥੋਂ, ਸਰਮਾਇਆ ਵਿੱਚ ਘਾਟੇ*
*ਰੋ ਜ਼ਾਲਿਮ ਕਿਤ ਕਾਰੇ ਆਇਉਂ ਕਰਨੇ ਨੂੰ ਕੁੱਝ ਕਾਈ*
*ਸੌਦਾਈ ਇਹ ਹਾਲ ਕਯਾਈ ਲਿਖ ਪਨਾਹ ਕਮਾਈ*
*ਗ਼ਫ਼ਲਤ ਛੋੜ ਨਾ ਅਜੇ ਤਕੇਂਦੋਂ ਗਈ ਬਜ਼ਾਅਤ ਸਾਰੀ*

*ਦਮ ਦੇ ਦਮੇਂ ਲੇਖਾ ਪੋਸੀ, ਵਿੱਚ ਖ਼ਸਾਰਤ ਕਾਰੀ*
*ਮੀਟ ਅਖੀਂ ਕਿਤ ਦਹਿਨੇ ਰੁੜਿਉਂ ਤਅਮ ਨਹਿੰਗਾਂ ਹੋਸੀਂ*
*ਚਸ਼ਮ ਉਖਾੜ, ਕੁਵੇਲਾ ਹੁੰਦਾ ਮੱਤ ਵੇਲਾ ਛਲ ਰੋਸੀਂ (159)*

ਜਦੋਂ ਅਸੀਂ ਭੂਤਕਾਲ ਅਤੇ ਵਰਤਮਾਨ ਤੇ ਝਾਤ ਮਾਰਦੇ ਹਾਂ ਤਾਂ ਗ਼ੈਰ ਮਾਮੂਲੀ ਦਿਲ ਅਤੇ ਦਿਮਾਗ਼ ਰੱਖਣ ਵਾਲੇ ਬੰਦਿਆਂ ਬਾਰੇ ਇਨਕਾਰ ਨਹੀਂ ਕੀਤਾ ਜਾ ਸਕਦਾ। ਪ੍ਰੰਤੂ ਵੱਡੇ ਤੋਂ ਵੱਡਾ ਹਕੀਮ ਅਤੇ ਫ਼ਿਲਾਸਫ਼ਰ ਵੀ ਇਸ ਭੇਦ ਤੋਂ ਪਰਦਾ ਨਹੀਂ ਚੁੱਕ ਸਕਿਆ ਕਿ ਇਕ ਪ੍ਰਤਿਭਾਸ਼ਾਲੀ ਕਿਸ ਤਰ੍ਹਾਂ ਬਣ ਜਾਂਦਾ ਹੈ। ਆਪਣੇ ਆਲੇ-ਦੁਆਲੇ ਦੀ ਦੁਨੀਆ ਤੋਂ ਇੰਨਾ ਉੱਚਾ ਕਿਵੇਂ ਹੋ ਜਾਂਦਾ ਹੈ ਅਤੇ ਉਸਦੇ ਦੌਰ ਦੇ ਲੋਕ ਉਸਦੇ ਵੱਡਮੁੱਲੇ ਵਿਚਾਰਾਂ ਅਤੇ ਚਿੰਤਨ ਦੀ ਬੁਲੰਦੀ ਨੂੰ ਵੀ ਹਜ਼ਮ ਨਹੀਂ ਕਰ ਸਕਦੇ। ਪ੍ਰੰਤੂ ਉਹ ਆਪਣੀ ਯੋਗਤਾ (ਰੱਬੀ ਬਖਸ਼ਿਸ਼) ਦੇ ਜ਼ੋਰ ਤੇ ਆਪਣੇ ਆਲੇ-ਦੁਆਲੇ ਦੀ ਦੁਨੀਆ ਨੂੰ ਪ੍ਰਭਾਵਿਤ ਕਰਕੇ ਲੋਕਾਂ ਨੂੰ ਪਿੱਛੇ ਲਗਾ ਲੈਂਦਾ ਹੈ। ਉਸ ਦੀਆਂ ਖ਼ੂਬੀਆਂ ਵਿੱਚ ਸਮਾਂ ਬੀਤਣ ਦੇ ਨਾਲ-ਨਾਲ ਵਾਧਾ ਹੁੰਦਾ ਰਹਿੰਦਾ ਹੈ। ਇੱਥੋਂ ਤੱਕ ਕਿ ਅੰਤਲੀਆਂ ਹੱਦਾਂ ਨੂੰ ਪਹੁੰਚ ਜਾਂਦੀਆਂ ਹਨ। ਉਹ ਆਪਣੇ ਪ੍ਰਭਾਵ ਅਤੇ ਨਿਸ਼ਾਨ ਦੁਨੀਆ ਵਿੱਚ ਇਸ ਤਰ੍ਹਾਂ ਛੱਡ ਦਿੰਦਾ ਹੈ ਕਿ ਸਮਿਆਂ ਦੇ ਇਨਕਲਾਬ ਜੋ ਵੱਡੇ-ਵੱਡੇ ਰਾਜਿਆਂ ਦੇ ਪਤਨ ਦਾ ਕਾਰਨ ਬਣਦੇ ਹਨ, ਅਜਿਹੀਆਂ ਹਸਤੀਆਂ ਨੂੰ ਨਹੀਂ ਮਿਟਾ ਸਕਦੇ। ਮੌਲਵੀ ਸਾਹਿਬ ਇੱਕ ਮਹਾਨ ਵਿਦਵਾਨ, ਪ੍ਰਤਿਭਾਸ਼ਾਲੀ ਮਨੁੱਖ ਹਨ। ਉਨ੍ਹਾਂ ਦੀ ਸ਼ਾਇਰੀ ਆਮਦ ਹੀ ਆਮਦ ਹੈ, ਆਵੁਰਦ ਬਿਲਕੁਲ ਨਹੀਂ। ਆਮਦ ਦੇ ਸਿਰੇ ਇਲਹਾਮ ਨਾਲ ਮਿਲਦੇ ਹਨ ਅਤੇ ਇਹੀ ਇਲਹਾਮੀਪੁਣਾ ਉਨ੍ਹਾਂ ਨੂੰ (ਅਕਾਸ਼ਵਾਣੀ) ਲੋਕਪ੍ਰਿਯਤਾ ਬਖ਼ਸ਼ਦਾ ਹੈ। ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਸ਼ਿਅਰਾਂ ਵਿੱਚ ਵਿਛੋੜੇ ਦੀ ਅੱਗ ਅਤੇ ਦੁੱਖ ਦਰਦ ਦਾ ਸੇਕ ਹਰੇਕ ਮਨੁੱਖ ਦੇ ਅੰਦਰ ਦੀ ਆਵਾਜ਼ ਹੈ। ਕਹਿੰਦੇ ਹਨ ਸੱਭ ਤੋਂ ਉੱਤਮ ਸ਼ਿਅਰ ਉਹ ਮੰਨਿਆ ਜਾਂਦਾ ਹੈ ਜਿਸਨੂੰ ਹਰੇਕ ਬੰਦਾ ਇਹ ਸਮਝੇ ਕਿ ਇਹ ਉਸ ਦੇ ਦਿਲ ਦੀ ਆਵਾਜ਼ ਹੈ, ਪ੍ਰੰਤੂ ਹਰ ਕੋਈ ਦਿਲ ਦੀ ਇਸ ਅਵਸਥਾ ਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ। ਸ਼ਾਇਰ ਉਸਨੂੰ ਕੁਦਰਤੀ ਸ਼ਬਦਾਂ ਵਿੱਚ ਬਿਆਨ ਕਰਨ ਦੀ ਯੋਗਤਾ ਰੱਖਦਾ ਹੈ। ਇਹੀ ਉਸਦੀ ਲੋਕ ਪ੍ਰਿਯਤਾ ਦਾ ਭੇਦ ਹੈ। ਹਰੇਕ ਬੰਦਾ ਉਸਨੂੰ ਆਪਣਾ ਭੇਤੀ ਪਾਉਂਦਾ ਹੈ। ਮੌਲਵੀ ਸਾਹਿਬ ਆਪਣੇ ਗਿਆਨ, ਮਾਨਸਿਕ ਡੂੰਘਾਈ, ਚਿੰਤਨ ਦੀ ਬੁਲੰਦੀ ਅਤੇ ਆਪਣੀ ਵਿਦਵਤਾ ਨਾਲ ਪੰਜਾਬੀ ਕਵਿਤਾ ਜਗਤ ਵਿੱਚ ਬੇਮਿਸਾਲ ਸ਼ਾਇਰ ਜਾਪਦੇ ਹਨ। ਉਨ੍ਹਾਂ, ਵਿੱਚ ਨਵਾਂਪਣ, ਅਨੋਖਾਪਣ ਅਤੇ ਨਵੇਂ ਖ਼ਿਆਲ ਪੇਸ਼ ਕਰਨ ਦੀਆਂ ਖ਼ੂਬੀਆਂ ਬਹੁਤ ਜਿਆਦਾ ਮਿਲਦੀਆਂ ਹਨ। ਇਸ ਤੋਂ ਪਤਾ ਚਲਦਾ ਹੈ ਕਿ ਆਪ ਗ਼ੈਰ ਮਾਮੂਲੀ ਦਿਲ ਅਤੇ ਦਿਮਾਗ਼ ਦੇ ਮਾਲਕ ਸਨ। ਅੱਲਾਹ ਤਆਲਾ ਦੀ ਮਿਹਰਬਾਨੀ ਨਾਲ ਉਨ੍ਹਾਂ ਨੂੰ ਉਹ ਦਿਲ ਮਿਲਿਆ ਜਿਸ ਵਿੱਚ ਦੁੱਖ ਦਰਦ ਕੁੱਟ ਕੁੱਟ ਕੇ ਭਰਿਆ ਹੋਇਆ ਸੀ।

ਅੱਲਾਮਾ ਇਕਬਾਲ ਨੂੰ ਖ਼ੁਦੀ ਦੀ ਆਧੁਨਿਕ ਵਿਚਾਰਧਾਰਾ ਦਾ ਬਾਨੀ ਕਿਹਾ ਜਾਂਦਾ ਹੈ। ਪ੍ਰੰਤੂ ਮੌਲਵੀ ਗ਼ੁਲਾਮ ਰਸੂਲ (ਰਹਿ) ਦੀ ਪੁਸਤਕ 'ਅਹਸਨੁਲ ਕਸਸ' ਵਿੱਚ ਭੇਦ ਖੋਲਣ ਦੀ ਕੋਸ਼ਿਸ਼ ਕੀਤੀ ਗਈ ਹੈ ਮਨੁੱਖ ਨੂੰ ਉਸਦੀ ਖ਼ੁਦਦਾਰੀ ਯਾਦ ਕਰਵਾਈ ਜਾ ਰਹੀ ਹੈ :-

*ਤੂੰ ਵਿੱਚ ਖ਼ੁਦੀ ਖ਼ੁਦੋਂ ਛੁੱਟ ਵਗਿਉਂ ਖ਼ੁਦ ਥੀ ਖ਼ਬਰ ਨਾ ਪਾਈ*
*ਫਸੀਆਂ ਛੋੜ ਉਡੇਂਦਿਆਂ ਦੇ ਵੱਲ ਝਾਕ ਅਯਾਨੀਆਂ ਲਾਈ*



*ਸਭ ਕੁੱਝ ਮਾਲਿਕ ਦਿੱਤਾ ਤੈਨੂੰ ਤੂੰ ਸਭ ਕੁੱਝ ਪਾਇਆ*
*ਜੋ ਤੂੰ ਆਪ ਤੇ ਆਪਣਾ ਪਾਇਆ ਦੇਖ ਕਿੱਥੋਂ ਹੱਥ ਆਇਆ*
*ਜਿਨਹਾਂ ਸ਼ੈਆਂ ਦਾ ਖ਼੍ਵਾਹਾਂ ਹੋਇਉਂ ਸਭ ਤੇਰੇ ਵਿੱਚ ਆਈਆ*
*ਫ਼ਿਕਰ ਗ਼ਿਨਾ ਤੇਰੇ ਵਿੱਚ ਵਸਦਾ ਵਿੱਚੇ ਨੂਰ ਸਫ਼ਾਈਆਂ*
*ਪਾਏ ਨੂੰ ਅਣ ਪਾਇਆ ਜਾ ਤੂ, ਮੁੜ ਮੁੜ ਪਵੇਂ ਕੁਰਾਹੀਂ*
*ਹਰ ਪਾਇਆ ਅਣ ਪਾਇਆ ਤੇਰਾ ਜੇ ਇੱਕ ਪਾਇਉਂ ਨਾਹੀਂ। (160)*

ਅਤੇ ਅੰਤ ਵਿੱਚ ਮਨੁੱਖ ਨੂੰ ਉਸਦੀ ਖ਼ੁਦੀ ਦੀ ਯਾਦ ਦਿਵਾਉਂਦੇ ਹੋਏ ਫ਼ਰਮਾਉਂਦੇ ਹਨ:-

*ਲਾਜ਼ਮ ਜਿਹਲ ਫ਼ਨਾ ਨੂੰ ਆਇਆ ਜਾਂ ਇਹ ਪਾਵੇਂ ਨਾਹੀਂ*
*ਸਭ ਪਰਵਾਜ਼ ਤੇਰਾ ਵਿੱਚ ਤੇਰੇ ਖ਼ੁਦੀਉਂ ਜਾਵੇਂ ਨਾਹੀਂ। (161)*

ਭਾਵ ਤੇਰੇ ਅੰਦਰ ਘਮੰਡ ਨਹੀਂ ਹੋਣਾ ਚਾਹੀਦਾ। ਖ਼ੁਦਦਾਰੀ (ਸਵੈਮਾਨਤਾ) ਜ਼ਰੂਰ ਹੋਣੀ ਚਾਹੀਦੀ ਹੈ। ਤੂੰ ਆਪਣਾ ਆਪ ਪਹਿਚਾਣ ਅਤੇ ਆਪਣੇ ਆਪ ਨੂੰ ਇੰਨਾਂ ਘਟੀਆ ਅਤੇ ਤੁੱਛ ਨਾ ਸਮਝ। ਘਮੰਡ ਤੈਨੂੰ ਰੱਬ ਦਾ ਬਾਗ਼ੀ ਬਣਾ ਦਿੰਦਾ ਹੈ। ਜਦੋਂ ਕਿ ਰੱਬ ਦੀ ਨੇੜਤਾ ਪ੍ਰਾਪਤ ਕਰਕੇ ਜੀਵਨ ਬਤੀਤ ਕਰਨਾ ਅਤੇ ਸਦੀਵੀ ਜੀਵਨ ਦੀ ਪ੍ਰਾਪਤੀ ਹੀ ਜੀਵਨ ਦਾ ਅਸਲ ਉਦੇਸ਼ ਹੈ।

ਅਕਲ ਅਤੇ ਇਸ਼ਕ ਬਾਰੇ ਅੱਲਾਮਾ ਸਾਹਿਬ ਦਾ ਕਹਿਣਾ ਹੈ ਕਿ

*ਤੇਰੀ ਨਿਗਾਹ-ਏ-ਨਾਜ਼ ਸੇ ਦੋਨੋਂ ਮੁਰਾਦ ਪਾ ਗਏ*
*ਅਕਲ, ਗ਼ਯਾਬ-ਓ-ਜੁਸਤਜੂ ਇਸ਼ਕ ਹਜ਼ੂਰ-ਓ-ਇਜ਼ਤਰਾਬ।*

ਹੁਣ ਤੁਸੀਂ ਧਿਆਨ ਨਾਲ ਵੇਖੋ ਕਿ ਇਹ ਗੱਲ ਮੌਲਵੀ ਸਾਹਿਬ (ਰਹਿ) ਨੇ ਕਿਸ ਢੰਗ ਨਾਲ ਕਹੀ ਹੈ-

*ਆਦਤ ਅਕਲ ਦੁਰਾਡੀ ਵਗਣਾ ਤੇ ਤੂੰ ਨੇੜਿਉਂ ਨੇੜੇ*
*ਖ਼ੁਦਥੀਂ ਨੇੜੇ ਅਕਲ ਨਾ ਪਾਏ ਤੇ ਨਾ ਰਾਜ਼ ਨਿਖੇੜੇ। (162)*

ਭਾਵ ਅਕਲ ਦੂਰ ਤੋਂ ਹੀ ਅੰਦਾਜ਼ਾ ਲਗਾਉਂਦੀ ਹੈ, ਨੇੜੇ ਨਹੀਂ ਜਾ ਸਕਦੀ ਕਿਉਂਕਿ ਉਹ ਸੀਮਤ ਹੈ ਜਦੋਂ ਕਿ ਅੱਲਾਹ ਦੀ ਜ਼ਾਤ ਅਸੀਮਤ ਹੈ। ਅਕਲ ਦੀ ਤੁਲਨਾ ਵਿੱਚ ਇਸ਼ਕ ਦੀ ਉਡਾਣ ਬੜੀ ਦੂਰ ਤੱਕ ਹੈ, ਉਸਨੂੰ ਬਾਦਸ਼ਾਹਤ ਦਾ ਦਰਜਾ ਪ੍ਰਾਪਤ ਹੈ। ਇਸ ਤਰ੍ਹਾਂ ਅਕਲ ਰੱਬ ਨੂੰ ਪ੍ਰਾਪਤ ਨਹੀਂ ਕਰ ਸਕਦੀ ਕਿਉਂਕਿ ਰੱਬ ਅਕਲ ਵਿਚ ਸਮਾ ਨਹੀਂ ਸਕਦਾ। ਮੌਲਵੀ ਗੁਲਾਮ ਰਸੂਲ ਆਲਮਪੁਰੀ ਕਹਿੰਦੇ ਹਨ ਕਿ ਅਕਲ ਇੱਥੇ ਬੇਕਾਰ ਹੈ, ਕੇਵਲ ਤੇਰੀ ਰਹਿਮਤ ਨਾਲ ਬੇੜੇ ਪਾਰ ਹਨ। ਤੌਬਾ (ਗੁਨਾਹਾਂ ਤੋਂ ਬਾਜ਼ ਆਉਣ) ਦੀ ਤੌਫ਼ੀਕ (ਹਿੰਮਤ) ਵੀ ਸਿਰਫ਼ ਤੂੰ ਹੀ ਦੇ ਸਕਦਾ ਹੈਂ।

*ਅਕਲਾਂ ਦੀ ਇੱਥੇ ਪੇਸ਼ ਨਾ ਜਾਵੇ ਜੇ ਲਾਵਣ ਲੱਖ ਵਾਹਾਂ*
*ਇੱਥ ਆਕਿਲ ਬੇ ਅਕਲ ਤਮਾਮੀ ਰਹਿਣ ਸਭੇ ਵਿੱਚ ਰਾਹਾਂ*
*ਅਕਲ ਖ਼ਿਆਲੋਂ, ਵਹਮ ਗੁਮਾਨੋਂ ਤੇਰੀਆਂ ਸਿਫ਼ਤਾਂ ਆਲੀ। (163)*

ਗਿਆਨ ਦੀ ਗਰਮੀ ਨਾਲ ਮੌਲਵੀ ਸਾਹਿਬ ਦਾ ਇਹ ਹਾਲ ਸੀ ਕਿ-

*ਅਸੀਂ ਭੇਦ ਸਾਰੇ ਖੋਲ੍ਹ ਦੱਸਦੇ ਹਾਂ ਜਦੋਂ ਸਕਦੇ ਦਰਦ ਸਹਾਰ ਨਾਹੀਂ*

ਕਿਉਂਕਿ ਰੱਬ ਦੇ ਭੇਤਾਂ ਤੋਂ ਜਾਣੂ ਹੋ ਕੇ ਉਹਨਾਂ ਨੂੰ ਬਰਦਾਸ਼ਤ ਕਰਨਾ ਬੜਾ ਮੁਸ਼ਕਿਲ ਕੰਮ ਹੈ। ਰਸੂਲੱਲਾਹ (ਸ.) ਦੁਨੀਆ ਵਿੱਚ ਸੱਭ ਤੋਂ ਵੱਧ ਹੌਂਸਲੇ ਵਾਲੇ ਪ੍ਰਚਾਰਕ ਸਨ। ਜਦੋਂ ਆਪ (ਸ.) ਨੂੰ ਅਲਮ ਨਸ਼ਰਾਹ ਦਾ ਤੋਹਫ਼ਾ ਮਿਲਿਆ ਤਾਂ ਉਸਦੇ ਵਜ਼ਨ ਨੂੰ ਰੱਬ ਨੇ ਵੀ ਮੰਨਿਆ ਅਤੇ ਫ਼ਰਮਾਇਆ।

"ਕੀ ਮੈਂ ਤੇਰਾ ਸੀਨਾ ਖੁੱਲਾ ਨਹੀਂ ਕਰ ਦਿੱਤਾ ਤੇਰੇ ਵਾਸਤੇ ? ਅਤੇ ਤੇਰੇ ਉੱਪਰੋਂ ਤੇਰਾ ਉਹ ਬੋਝ ਉਤਾਰ ਦਿੱਤਾ ਜਿਸਨੇ ਤੁਹਾਡੀ ਪਿੱਠ ਤੋੜ ਦਿੱਤੀ ਸੀ ਅਤੇ ਮੈਂ ਤੁਹਾਡੇ ਲਈ ਤੁਹਾਡਾ ਜ਼ਿਕਰ ਬੁਲੰਦ ਕਰ ਦਿੱਤਾ।"

ਇਹ ਜ਼ਿੰਮੇਦਾਰੀ ਬੜੀ ਔਖੀ ਹੁੰਦੀ ਹੈ। ਇਹ ਭਾਰ ਮਾਮੂਲੀ ਨਹੀਂ ਹੁੰਦਾ। ਕੁਰਆਨ ਮਜੀਦ ਸਾਰੇ ਦਾ ਸਾਰਾ ਤਬਲੀਗ਼ ਹੈ। ਇਸ ਬਾਰੇ ਫ਼ਰਮਾਉਂਦੇ ਹਨ।

"ਜੇਕਰ ਅਸੀਂ ਇਸ ਕੁਰਆਨ ਨੂੰ ਕਿਸੇ ਪਹਾੜ ਤੇ ਉਤਾਰਦੇ ਤਾਂ ਤੁਸੀਂ ਇਸਨੂੰ ਵੇਖਦੇ ਕਿ ਉਹ ਦਬ ਜਾਂਦਾ, ਫਟ ਜਾਂਦਾ ਰੱਬ ਦੇ ਡਰ ਕਾਰਨ ਅਤੇ ਇਹ ਉਦਾਹਰਣਾਂ ਮੈਂ ਲੋਕਾਂ ਲਈ ਬਿਆਨ ਕਰਦਾ ਹਾਂ ਤਾਂ ਕਿ ਉਹ ਸੋਚਣ ਅਤੇ ਸਮਝਣ।" ਅਤੇ ਮੌਲਵੀ ਸਾਹਿਬ (ਰਹਿ.) ਇਸ ਰੱਬਾਨੀ ਫ਼ੈਜ਼ ਨੂੰ ਇਸ ਤਰ੍ਹਾਂ ਮੰਨਦੇ ਹਨ।

*ਭਰ ਭਰ ਦੋਵੇਂ ਜ਼ੌਂਕ ਪਿਆਲੇ ਸਾਕੀ ਨੂਰ ਕਦਮ ਦਾ*
*ਹਰ ਦਮ ਜ਼ੌਂਕ ਸ਼ਹੂਦ ਸੱਜਣ ਦਾ ਤੋੜੇ ਨਕਸ਼ ਅਦਮ ਦਾ*
*ਜ਼ੋਰ-ਓ-ਜ਼ੋਰ ਸ਼ਹੂਦ ਤੇਰੇ ਦੀਆਂ ਮੈਂ ਵੱਲ ਚਮਕਾਂ ਪਈਆਂ*
*ਜਿਉਂ-ਜਿਉਂ ਮੈਥੀਂ ਸਿਫ਼ਤਾਂ ਮੇਰੀਆਂ ਫ਼ਾਨੀ ਹੁੰਦੀਆਂ ਗਈਆਂ*
*ਨੂਰ ਵਰੇ ਜੈਂ ਇਸ਼ਕੋ ਸੀਨੇ ਹਾਲ ਕਹਾਂ ਕੀਹ ਗੁਜ਼ਰੇ*
*ਗੁਜ਼ਰ ਇਮਕਾਨੋਂ ਵਗਣ ਇਸ਼ਾਰੇ ਮਾਅਜ਼ੂਰੋਂ ਵਿੱਚ ਉਜ਼ਰੇ।(164)*

*****



# ਰੱਬੀ ਗਿਆਨ ਅਤੇ ਅਧਿਆਤਮਵਾਦ

ਇਹ ਕੀਮਤੀ ਗੱਲਾਂ ਤਾਂ ਤੁਹਾਨੂੰ ਸਾਰੀ ਪੁਸਤਕ ਵਿੱਚ ਨਜ਼ਰ ਆਉਣਗੀਆਂ। ਅਸਲ ਵਿੱਚ ਇਹ ਕਿੱਸਾ ਇੰਨਾ ਸੋਹਣਾ ਹੈ ਕਿ ਕੁਰਆਨ ਵਿੱਚ ਇਸਨੂੰ 'ਅਹਸਨੁਲ ਕਸਸ' ਦਾ ਨਾਂ ਦਿੱਤਾ ਗਿਆ ਹੈ। ਇਸ ਵਿੱਚ ਅਣਗਿਣਤ ਭੇਤ ਦੀਆਂ ਗੱਲਾਂ ਹਨ। ਇਲਾਹੀਆਤ ਅਤੇ ਤੱਸਵੁਫ਼ ਦੇ ਬਹੁਤ ਸਾਰੇ ਨਮੂਨੇ ਹਰ ਥਾਂ ਨਜ਼ਰ ਆਉਂਦੇ ਹਨ।(165) ਇੱਥੇ ਕੁੱਝ ਨਮੂਨੇ ਪੇਸ਼ ਕੀਤੇ ਜਾਂਦੇ ਹਨ :-

*ਯੂਸਫ਼ ਨਾਲ ਹੋਈ ਪਰ ਲੂੰ ਲੂੰ ਖ਼ੁਦੀਉਂ ਗਈ ਤਮਾਮੀ*
*ਹੁਣ ਆਰਾਮ ਨਾ ਜਾਪੇ ਇਸ ਨੂੰ ਅੰਦਰ ਬੇ ਆਰਾਮੀ।*
*ਜਾਨ ਵੱਲੋਂ ਹੁਣ ਖ਼ਬਰ ਨਾ ਕਾਈ ਤਨ ਵਲ ਨਜ਼ਰ ਨਾ ਪਾਈ*
*ਪਾਵਣ ਪੀਵਣ ਆਵਣ ਜਾਵਣ ਇਸਨੂੰ ਖ਼ਬਰ ਨਾ ਕਾਈ।(166)*

ਮੌਲਵੀ ਸਾਹਿਬ (ਰਹਿ.) ਆਪਣੇ ਦਿਲ ਨੂੰ ਸੰਬੋਧਨ ਕਰਦੇ ਹਨ

*ਏਦੋਂ ਪਰੇ ਕਿਆਈ ਐ ਦਿਲ, ਦਰਦਮੰਦੀ ਦੀਆਂ ਵਾਹਾਂ*
*ਹੈਫ਼ ਇਹੀ ਵੱਲ ਗ਼ੈਰਾਂ ਜਾਵਣ ਵਗਦੀਆਂ ਅਜੇ ਨਿਗਾਹਾਂ।*

*ਮਰ ਜ਼ਾਲਿਮ ਇਹ ਇਸ਼ਕ ਜਿਨ੍ਹਾਂ ਦੇ ਤੇ ਫ਼ਾਨੀ ਦੀ ਯਾਰੀ*
*ਜਾਂ ਸੂਰਤ ਵਿੱਚ ਐਡਕ ਜਲਵੇ, ਮਅਨੀਆਂ ਕੇਡ ਖ਼ੁਮਾਰੀ।*
*ਜਾਂ ਜਾਂ ਅਤ ਮਕਾਮ ਨਾ ਪਹੁੰਚੇ ਤਲਬੋਂ ਸਬਰ ਨਾ ਆਵੇ*
*ਤੇ ਉਥ ਜੋ ਕੁੱਝ ਹਾਲਾ ਗੁਜ਼ਰੇ ਇਹ ਨਾ ਲਿਖਿਆ ਜਾਵੇ।*
*ਹੁਣ ਉੱਥ ਤਾਲਿਬ ਰੱਜੇ ਨਾਹੀਂ ਨਾਂ ਮੰਜ਼ਿਲ ਸਰ ਆਵੇ*
*ਛੋੜ ਕਿਨਾਰ ਜ਼ਮਾਨ ਮਕਾਨਾਂ ਦੇਖੇ ਜੋ ਦਸਿਆ ਵੇ।(167)*

ਇਨ੍ਹਾਂ ਸ਼ਿਅਰਾਂ ਦੀ ਵਿਆਖਿਆ ਹਾਲ ਜਾਨਣ ਵਾਲੇ ਹੀ ਸਮਝ ਸਕਦੇ ਹਨ। ਆਖ਼ਰੀ ਸ਼ਿਅਰ ਵਿੱਚ ਮੌਲਵੀ ਸਾਹਿਬ (ਰਹਿ) ਖ਼ੁਦ ਆਪਣੀ ਕਲਮ ਨੂੰ ਇਸ ਲੇਖ ਦੀ ਲਿਖਤ ਤੋਂ ਵਾਪਸੀ ਦਾ ਸੁਝਾਅ ਦੇ ਰਹੇ ਹਨ।

*ਮੁੜ ਵਗ ਅਜੇ ਕਲਮ ਕੁੱਝ ਰਹਿੰਦਾ ਵਧਦਾ-ਵਧਦਾ ਜਾ ਨਾ ਮੂਲੇ*
*ਦਾਅਵੇ ਏਡ ਪੱਲੇ ਦਮ ਖੋਟੇ, ਕਦ ਸਰਾਫ਼ ਕਬੂਲੇ*

ਇੱਕ ਥਾਂ ਤੇ ਜ਼ੁਲੈਖ਼ਾ ਦੀ ਹਾਲਤ ਬਿਆਨ ਫ਼ਰਮਾਉਂਦੇ ਹਨ :-

*ਇਹ ਹਾਲ ਰਿਹਾ ਜਗ ਬੀਤੇ ਪਹੁਤਾ ਇਸ਼ਕ ਟਿਕਾਣੇ*
*ਖ਼ਾਸ ਮੁਕਾਮ .ਫਨਾ ਦਾ ਹੋਇਆ ਇਹ, ਜ਼ੁਲੈਖ਼ਾ ਭਾਣੇ*
*ਬਿਲ ਮਹਿਬੂਬ ਬਕਾ ਵਿੱਚ ਆਈ ਤੇ ਉਹ ਖ਼ੁਦੀਉਂ .ਫਾਨੀ*
*ਸੁਣ .ਗੈਰਾਂ ਖ਼ੁਦ ਇਸ਼ਕ ਜਲਾਈ ਲਾਟਾਂ ਭੱਖਣ ਨਿਹਾਨੀ*
*ਸੈਰ ਇਲਲ ਮਹਿਬੂਬ ਤੁਦਾਂ ਨੂੰ ਖ਼ਤਮ ਹੋ ਗਿਆ ਸਾਰਾ*
*ਫਿਲ ਮਹਿਬੂਬ ਸਯਾਰ ਹੋਇਆ ਈ ਹੁਣ ਦਿਲ ਦਾ ਵਰਤਾਰਾ*
*ਸੈਰ ਅਨਲ ਮਹਿਬੂਬ ਪੁਕਾਰੇ ਜਾਂ ਕਲੀ ਵਲ ਆਵੇ*
*ਬਿਲ ਮਹਿਬੂਬ ਅਜੇ ਵੀ ਉਵੇਂ ਖ਼ੁਦ ਨੂੰ ਕਦੀ ਨਾ ਪਾਵੇ।(168)*

ਮੌਲਵੀ ਗ਼ੁਲਾਮ ਰਸੂਲ (ਰਹਿ.) ਵਹਦਾਤੁਲ ਸ਼ਹੂਦ ਨੂੰ ਮੰਨਣ ਵਾਲੇ ਸੂਫ਼ੀ ਸ਼ਾਇਰ ਹਨ। ਜ਼ੁਲੈਖ਼ਾ ਦੇ ਹਵਾਲੇ ਨਾਲ ਰਾਹ-ਏ-ਸਲੂਕ ਅਤੇ ਤਸੱਵੁ.ਫ ਵਿੱਚ ਨਾਸ਼ ਹੋਣ ਅਤੇ ਬਾਕੀ ਰਹਿਣ ਦੇ ਪੜਾਵਾਂ ਦਾ ਵਰਨਣ ਉਹ ਇਸ ਤਰ੍ਹਾਂ ਕਰਦੇ ਹਨ :-

*ਜਾਂ ਨਸ਼ਤਰ .ਫਸਾਦ ਵਗਾਵੇ ਕਤਰਾ ਖ਼ੂਨ ਜੋ ਆਵੇ*
*ਪਵੇ ਜ਼ਮੀਂ ਤੇ ਯੂਸ.ਫ ਯੂਸ.ਫ ਹਰ ਜਾ ਲਿਖਿਆ ਜਾਵੇ*
*ਅੱਖੀਂ ਮੀਟ ਰਹੇ ਯਾ ਖੋਲੇ ਦਿਸੇ ਯਾਰ ਮਦਾਮੀ*
*ਤੇ ਖ਼ੁਦ ਇਸ ਬੁਤਖ਼ਾਨੇ ਵਿੱਚੋਂ ਨਿੱਕਲ ਵਗੇ ਤਮਾਮੀ*
*ਪਹਿਲਾ ਸੈਰ ਤਮਾਮ ਹੋਇਆ ਈ ਜਿਸ ਵਿੱਚ ਸਖ਼ਤੀਆਂ ਪਾਈਆਂ*
*ਤੇ ਇਹ ਮੰਜ਼ਿਲ ਮਕਸਦ ਵਾਲੀ ਗਈਆਂ ਦੂਰ ਜੁਦਾਈਆਂ।(169)*

*ਆਹੇ ਜਦੋਂ ਜ਼ੁਲੈਖ਼ਾ ਵਸਲੋਂ ਦਿਲ ਦੇ ਮਕਸਦ ਪਾਏ*
*ਸੂਰਤ ਛੋੜ ਝੁਕੀ ਵੱਲ ਮਅਨੀ ਰਾਜ਼ ਅਜਬ ਦਸਿਆਏ*
*ਵਲਵਲ ਅਹਿਦ ਅਲਸਤ ਅਜ਼ਲ ਦੇ ਕੌਲ ਨਿਭਾਇਆ ਲੋੜੇ*
*ਇਲਮੋਂ ਐਨ ਇਕੋ ਹੱਕ ਪਾਇਆ .ਗੈਰ ਤੱਅਲੁਕ ਤੋੜੇ*
*ਵਹਦਤ ਦੇ ਵਿੱਚ ਆਣ ਸਮਾਈ ਚਸ਼ਮ ਦਿਲੇ ਥੀਂ ਖੁੱਲੀ*
*ਇਸ਼ ਹੱਕਾਨੀ .ਗਲਬਾ ਕੀਤੁਸ ਹੋਰ ਮੁਹੱਬਤ ਭੁੱਲੀ।(170)*

ਮੌਲਵੀ ਸਾਹਿਬ .ਗੈਰ ਅਤੇ ਅਸਲ ਦੇ ਦੋਵੇਂ ਭੇਤਾਂ ਤੋਂ ਜਾਣੂ ਹਨ। ਜਦੋਂ ਤੱਕ ਸੂਰਤ ਖ਼ੁਦ ਵਾਪਿਸ ਨਾ ਆਏ ਉਸ ਦੇ ਦਰਸ਼ਨ ਔਖੇ ਹਨ। ਇਸੇ ਤਰ੍ਹਾਂ ਮਹਿਬੂਬ ਅਸਲੀਅਤ ਦੀ ਪਹਿਲ ਖ਼ੁਦ ਕਰਦਾ ਹੈ। .ਗੈਰ ਅਸਲ ਨੂੰ ਅਸਲੀਅਤ ਤੱਕ ਪਹੁੰਚਾਉਣ ਦਾ ਪਲ ਕਿਹਾ ਗਿਆ ਹੈ। ਇਸ ਤੋਂ ਉਮੀਦ ਰੱਖੀ ਜਾਂਦੀ ਹੈ ਕਿ ਚਾਹੁਣ ਵਾਲੇ ਦੀਆਂ ਗਲਤੀਆਂ ਨੂੰ ਮਾਫ਼ ਕਰਕੇ ਉਸਨੂੰ ਆਪਣੇ ਦਰਸ਼ਨ ਕਰਾਵੇ। ਮਿਲਾਪ ਅਸਲੀਅਤ ਦੇ ਪੜ੍ਹਾਅ ਤੋਂ ਦੂਰ ਹੈ ਪ੍ਰੰਤੂ ਉਮੀਦ ਉਸਨੂੰ ਨੇੜੇ ਲੈ ਆਉਂਦੀ ਹੈ। ਇਹੀ ਉਮੀਦ ਹੈ ਜੋ ਪ੍ਰੇਮੀ ਨੂੰ ਤੜ.ਫ ਤੜ.ਫ ਕੇ ਮਰਨ ਤੋਂ ਬਚਾਉਂਦੀ ਹੈ। ਮੌਲਵੀ ਗ਼ੁਲਾਮ ਰਸੂਲ ਨੂੰ .ਗੈਬ ਤੋਂ ਇਹ ਆਵਾਜ਼ ਆ ਰਹੀ ਹੈ ਕਿ ਦੁੱਖਾਂ ਦਾ ਇਲਾਜ ਸੁੱਖਾਂ ਦੀ ਉਮੀਦ ਰੱਖਣ ਵਿੱਚ ਹੁੰਦੀ ਹੈ। ਉਹਨਾਂ ਨੂੰ ਮੂਸਾ (ਅਲੈ) ਕੋਹੇ ਤੂਰ ਦੇ ਉੱਪਰ ਅਰਨੀ ਅਰਨੀ ਕਹਿੰਦੇ ਨਜ਼ਰ ਆ ਰਹੇ ਹਨ ਅਤੇ ਉਹ ਇਹ ਵੀ ਸਮਝ ਰਹੇ ਹਨ ਕਿ



ਇਸ ਰੰਗ ਦੀ ਜੇਕਰ ਇੱਕ ਝਲਕ ਵੀ ਪ੍ਰਗਟ ਹੋ ਗਈ ਤਾਂ ਪਹਾੜ ਇੰਨਾ ਮਜ਼ਬੂਤ ਹੋਣ ਦੇ ਬਾਵਜੂਦ ਉਸਨੂੰ ਸਹਾਰ ਨਹੀਂ ਸਕੇਗਾ ਅਤੇ ਹੁਣ ਉਹ ਆਪਣੇ ਆਪ ਨੂੰ ਦ੍ਰਿੜ ਰਹਿਣ ਦੀ ਗੱਲ ਕਰਦੇ ਹੋਏ ਅਜਿਹੇ ਢੰਗ ਨਾਲ ਇਸ਼ਕ ਦੇ ਭੇਤ ਬਿਆਨ ਕਰਨ ਦਾ ਸੁਝਾਅ ਦਿੰਦੇ ਹਨ-

*ਮੈਂ ਸੁਣਿਆ ਦਰਮਾਨ ਦੁੱਖਾਂ ਦਾ ਆਸ ਸੁੱਖਾਂ ਦੀ ਧਰਨੀ*
*ਖੜਾ ਕਲੀਮ ਪੁਕਾਰੇ ਅਰਨੀ ਤੂਰ ਨਹੀਂ ਮਿਟ ਜਰਨੀ।(171)*

*ਜੇ ਲਿਖ ਵਕਤ ਵਿਸਾਲ ਦੁਰਾਡਾ ਪਾਸ ਉਮੀਦ ਦਿਖਾਵੇ*
*ਜੇ ਉਮੀਦ ਨਾ ਪਾਵੇ ਆਸ਼ਿਕ ਤੜਪ ਤੜਪ ਮਰ ਜਾਵੇ।*
*ਉਛਲ ਵਗੀਂ .ਗੁਲਾਮ ਰਸੂਲਾ ਥਾਉਂ ਨਾ ਕਦਮ ਹਲਾਇਆਂ*
*ਮਹਿਬੂਬਾਂ ਦੇ ਰਾਜ਼ ਸੁਹਾਂਦੇ ਵਿੱਚ ਕਲਾਮ ਪਰਾਇਆਂ।(172)*

ਕੁੱਝ ਸ਼ਿਅਰ ਸੁਣੋ :-

*ਚਲ ਵਿੱਚ ਕੈਦ ਦਿਲਾ ਕਟ ਦੇਖਾਂ ਛੁੱਟਣ ਮਕਰ ਜਹਾਨਾਂ*
*ਤੇ ਉਮੀਦ ਦਿਲੇ ਵਿੱਚ ਹਰ ਦਮ ਵਸਲੋਂ ਬੰਦੀਵਾਨਾਂ*
*ਕਸਰਤ ਛੋੜ ਕਦਮ ਧਰ ਵਹਦਤ ਆਪਣਾ ਆਪ ਨਾ ਜਾਪੇ*
*ਤੇ ਉਹ ਵਸਲ ਦਿਲੇ ਦਾ ਮਕਸਦ ਮਿਲੇ ਦਿਲ ਨੂੰ ਆਪੇ*
*ਵਿੱਚ ਰਿਆਜ਼ਤ ਬੰਦੀਖ਼ਾਨੇ ਕੈਦ ਨਾ ਪਵੀਂ ਜੁਦਾਈਂ*
*ਇਹ ਕਦੂਰਤ ਦਿਲ ਥੀਂ ਤੇਰੇ ਹਰ ਗਿਜ਼ ਜਾਵੇ ਨਾਹੀਂ*
*ਮੁੜ ਚਲ ਯਾਰ ਦੁਰਾਡਾ ਵਗਿਉਂ ਭੇਤ ਨਾ ਸਮਝੇ ਜਾਵਣ*
*ਮਹਿਬੂਬਾਂ ਨੂੰ ਬੰਦੀਖ਼ਾਨੇ ਯਾਰ ਹੱਥੀਂ ਦਾ ਪਾਵਣ।(173)*

ਹੇ ਦਿਲ ਹੁਣ ਤੂੰ ਕੈਦਖ਼ਾਨੇ ਵਿੱਚ ਚੱਲ, ਇਹ ਕੰਮ ਵੀ ਕਰਕੇ ਵੇਖਦੇ ਹਾਂ। ਹੋ ਸਕਦਾ ਹੈ ਇਸ ਤਰ੍ਹਾਂ ਦੁਨੀਆ ਦੇ ਧੋਖਿਆਂ ਤੋਂ ਜਾਨ ਬਚ ਜਾਵੇ। ਦੂਜੀ ਤੁਕ ਵਿੱਚ ਸ਼ਾਇਰ ਜ਼ੁਲੈਖ਼ਾ ਦੇ ਦਿਲ ਦੀ ਤਰਜਮਾਨੀ ਕਰ ਰਿਹਾ ਹੈ। ਜ਼ੁਲੈਖ਼ਾ ਦੇ ਦਿਲ ਵਿੱਚ ਇਹ ਉਮੀਦ ਦਿਖਾਈ ਦਿੰਦੀ ਹੈ ਕਿ ਹੋ ਸਕਦਾ ਹੈ ਕੈਦੀ ਮਹਿਬੂਬ ਦੀ ਕੈਦ ਦੀ ਸਖ਼ਤੀ ਤੋਂ ਤੰਗ ਆ ਕੇ ਜ਼ੁਲੈਖ਼ਾ ਦੇ ਦਿਲ ਦੀ ਆਸ ਪੂਰੀ ਕਰ ਦੇਵੇ। ਦੂਜੇ ਸ਼ਿਅਰ ਵਿੱਚ ਮੌਲਵੀ ਸਾਹਿਬ ਵਲੋਂ ਤਸੱਵੁ.ਫ ਦੀ ਸ਼ਬਦਾਵਲੀ ਵਰਤੋਂ ਵਿੱਚ ਲਿਆਂਦੀ ਗਈ ਹੈ। ਫ਼ਰਮਾਉਂਦੇ ਹਨ ਆਲਮ-ਏ-ਕਸਰਤ (ਬਹੁਵਾਦ) 'ਚੋਂ ਨਿਕਲ ਕੇ ਵਹਦਤ (ਅਦਵੈਤਵਾਦ) ਦੇ ਸਮੁੰਦਰ ਵਿੱਚ ਡੁੱਬ ਜਾਣ ਨਾਲ ਉਦੇਸ਼ ਦੀ ਪ੍ਰਾਪਤੀ ਹੁੰਦੀ ਹੈ ਤੀਜਾ ਸ਼ਿਅਰ ਇਸ ਦੀ ਪ੍ਰੋੜਤਾ ਕਰਦਾ ਹੈ ਕਿ ਮਨੁੱਖ ਜਦੋਂ ਤੱਕ ਮਿਹਨਤ ਅਤੇ ਅਭਿਆਸ ਦੀ ਕੈਦ ਵਿੱਚ ਨਾ ਜਾਵੇ, ਉਦੋਂ ਤੱਕ ਉਸਦੇ ਦਿਲ ਵਿੱਚੋਂ ਕਦੂਰਤ (ਮਨ ਦੀ ਮੈਲ) ਨਹੀਂ ਜਾ ਸਕਦੀ। ਕਵੀ ਆਪਣੇ ਆਪਨੂੰ ਕਹਿੰਦਾ ਹੈ ਕਿ ਇਸ਼ਕ ਦੇ ਕਾਰਨਾਮੇ ਅਤੇ ਭੇਤ ਅਕਲ ਅਤੇ ਚਿੰਤਨ ਦੀ ਸਮਝ ਤੋਂ ਉੱਪਰ ਹਨ। ਆਸ਼ਿਕ ਆਪਣੇ ਮਹਿਬੂਬ ਨੂੰ ਆਪਣੇ ਤੋਂ ਅਲੱਗ ਕਰਕੇ ਕੈਦ ਦੇ ਹਵਾਲੇ ਕਰ ਦਿੰਦਾ ਹੈ।

ਤਸੱਵੁ.ਫ ਵਿੱਚ ਮੌਲਵੀ ਦਾ ਕਮਾਲ ਜਿੱਥੇ ਬਾਜ਼ਿ.ਗਾ (ਆਦਿ ਕੌਮ ਦੀ ਇੱਕ ਰੂਪਮਤੀ)

ਦਾ ਹਾਲ ਬਿਆਨ ਕੀਤਾ ਹੈ। ਉਥੇ ਮੌਲਵੀ ਸਾਹਿਬ (ਰਹਿ.) ਅਜਿਹੀ ਔਰਤ (ਬਾਜ਼ਿ.ਗਾ) ਨੂੰ ਜਿਸਨੇ ਬੜੀ ਦਲੇਰੀ ਨਾਲ ਹੱਕ ਸੱਚ ਦੇ ਅੱਗੇ ਸਿਰ ਝੁਕਾ ਦਿੱਤਾ ਸੀ। ਇਸ ਤਰ੍ਹਾਂ ਸ਼ਰਧਾ ਪੇਸ਼ ਕਰਦੇ ਹਨ :-

*ਨੂਰ ਨਦੀ ਵਿੱਚ ਨਹਾਈ ਧੋਈ ਹੁਸਨੇ ਦੀ ਵਣਜਾਰੀ*
*ਜਾਨ ਫ਼ਿਦਾ ਉਸ ਜਨ ਦੇ ਕਦਮੋਂ ਜੋ ਹੋ ਮਰਦ ਸੁਧਾਰੀ।(174)*

ਅਤੇ ਫੇਰ ਬੇਸ਼ਰਮ ਅਤੇ ਝੂਠੇ ਮਰਦਾਂ ਨੂੰ ਸ਼ਰਮ ਦਿਵਾਉਂਦੇ ਹੋਏ ਫ਼ਰਮਾਉਂਦੇ ਹਨ-

*ਵਾਹ ਮਰਦੋ! ਮਰ ਜਾਉ ਡੁੱਬ ਡੁੱਬ ਜ਼ਨਾਂ ਗਈਆਂ ਵੱਧ ਅੱਗੇ*
*ਨਾਮਵਰੀ ਦੀਆਂ ਪੱਗਾਂ ਤਾਈਂ ਕਿਉਂ ਅੱਜ ਦਾਗ਼ ਨਾ ਲੱਗੇ।(175)*

ਬਾਜ਼ਿ.ਗਾ ਦੇ ਹਾਲ ਵਿੱਚ ਮੌਲਵੀ ਸਾਹਿਬ ਨੇ ਤਸੱਵੁਫ਼, ਮਅਰਫ਼ਤ, ਤੌਹੀਦ ਦੀ ਅਜਿਹੀ ਵੰਡ ਕੀਤੀ ਹੈ ਕਿ ਅਕਲ ਹੈਰਾਨ ਰਹਿ ਜਾਂਦੀ ਹੈ। ਦਿਲ ਤੇ ਇਸ ਤਰ੍ਹਾਂ ਅਸਰ ਹੁੰਦਾ ਹੈ ਜਿਵੇਂ ਕਿਸੇ ਸੂਫ਼ੀ ਬਜ਼ੁਰਗ ਦੀ ਰੂਹਾਨੀ ਮਹਿਫ਼ਲ ਵਿੱਚ ਬੈਠ ਕੇ ਦਿਲ ਤੇ ਅਸਰ ਹੁੰਦਾ ਹੈ। ਕੁੱਝ ਸ਼ਿਅਰ ਨਮੂਨੇ ਵਜੋਂ ਪੇਸ਼ ਕੀਤੇ ਜਾ ਰਹੇ ਹਨ। ਵਿਸਥਾਰ ਪੂਰਵਕ ਵਿਚਾਰ ਕਿਸੇ ਹੋਰ ਥਾਂ ਤੇ ਕਰਾਂਗੇ-

*ਮਤ ਸੂਰਤ ਵਲ ਦੇਖ ਪਿਆਰੇ ਮਅਨਿਆਂ ਥੀਂ ਵਲ ਪਾਵੀਂ*
*ਭਲਿਉਂ ਭਲੀ ਸੁਵਰ ਦੀ ਸੂਰਤ ਕਿਸ ਕਿਸ ਨੂੰ ਗਲ ਲਾਵੀਂ।*
*ਸੂਰਤ ਬਹੁਤ ਅਕਾਹਰ ਮਅਨੀ ਭੀਤ ਮਿਲੇ ਜਾਂ ਤਕੀਂ*
*ਜਾਂ ਲੱਗ ਮਿਲੇ ਇਸ਼ਾਰਤ ਨਾਹੀਂ ਤੂੰ ਕੁੱਝ ਸਮਝ ਨਾ ਸਕੀਂ।*
*ਸੂਰਤ ਦੇਖ ਨਜ਼ਰ ਧਰ ਮਅਨੀ ਰਾਜ਼ ਇਸੇ ਵਿੱਚ ਸਾਰਾ*
*ਤੇ ਮਅਨੀ ਬਨ ਸੂਰਤ ਤੈਂ ਪਰ ਹੋਣ ਸੁਣੀ ਆਸ਼ਕਾਰਾ।(176)*

**ਅਫ਼ਆਲ, ਜ਼ਾਤ ਅਤੇ ਸਿਫ਼ਾਤ (ਕਾਰਜ, ਵਿਅਕਤੀਤਵ ਅਤੇ ਸਿਫ਼ਤਾਂ)** ਤਸੱਵੁਫ਼ ਦੀ ਵਿੱਦਿਆ ਦਾ ਇਹ ਇਕ ਗ਼ਾਮਿਜ਼ (ਗੁੰਮਨਾਮ) ਨੁਕਤਾ ਹੈ ਕਿ ਅਨੁਭਵ ਦਾ ਸੰਸਾਰ ਇੱਕ ਸ਼ੀਸ਼ਾ ਹੈ ਜਿਸ ਵਿੱਚ ਇਲਾਹੀ ਕਾਰਜਾਂ ਦਾ ਅਕਸ ਪੈ ਰਿਹਾ ਹੈ ਅਤੇ ਇਹ ਕਾਰਜ, ਇਲਾਹੀ (ਰੱਬੀ) ਸਿਫ਼ਤਾਂ ਦੇ ਪਰਛਾਵੇਂ ਹਨ ਅਤੇ ਸਿਫ਼ਤਾਂ ਦਾ ਇੱਕਠਾ ਦਾ ਸੰਬੰਧ ਰੱਬ ਦੀ ਜ਼ਾਤ ਨਾਲ ਹੈ। ਮਿਸਾਲ ਦੇ ਤੌਰ 'ਤੇ ਰੱਬ ਦੀਆਂ ਸਿਫ਼ਤਾਂ ਦਾ ਅਸਰ ਪੈਦਾ ਕਰਨ ਦੇ ਕਾਰਜਾਂ, ਰਾਜ਼ਿਕ (ਰੋਜ਼ੀ ਦੇਣ ਵਾਲੇ) ਦੀਆਂ ਸਿਫ਼ਤਾਂ ਦਾ ਰਿਜ਼ਕ ਪਹੁੰਚਾਉਣ ਨਾਲ, ਜ਼ਿੰਦਾ ਕਰਨ ਵਾਲੇ ਦਾ ਜੀਵਨ ਪ੍ਰਦਾਨ ਕਰਨ ਅਤੇ ਮੌਤ ਦੇਣ ਵਾਲੇ ਦਾ ਰੂਹ ਕਬਜ਼ ਕਰਨ ਤੋਂ ਪ੍ਰਗਟ ਹੁੰਦਾ ਹੈ। ਇਸ ਵਿਸ਼ਾਲ ਮਜ਼ਮੂਨ ਨੂੰ ਇੱਕ ਸ਼ਿਅਰ ਰਾਹੀਂ ਪ੍ਰਗਟ ਕੀਤਾ ਹੈ :-

*ਹਰ ਮਹਿਸੂਸ ਤੇਰਾ ਤੱਕ ਦੇਖੀਂ ਸੱਭ ਅਕੂਸ ਅਫ਼ਆਲੋਂ*
*ਤੇ ਅਫ਼ਆਲ ਜ਼ਲਾਲ ਸਿਫ਼ਾਤੋਂ, ਸਿਫ਼ਤਾਂ ਜ਼ਾਤ ਕਮਾਲੋਂ।*

ਪ੍ਰੰਤੂ ਇਸ ਤੋਂ ਇਹ ਭਾਵ ਨਾ ਲਿਆ ਜਾਵੇ ਕਿ ਪੈਦਾ ਕਰਨ ਵਾਲੇ ਦਾ ਆਪਣੀ ਸ੍ਰਿਸ਼ਟੀ ਨਾਲ ਇਸ ਕਿਸਮ ਦਾ ਸਬੰਧ ਹੈ, ਜਿਵੇਂ ਮਸ਼ੀਨ ਦਾ ਮਸ਼ੀਨ ਬਨਾਉਣ ਵਾਲੇ ਨਾਲ, ਕਿ ਉਹ ਯੂਰਪ ਵਿੱਚ ਬੈਠਾ ਹੈ ਅਤੇ ਉਸਦੀ ਸਨਅਤ ਲਾਹੌਰ ਅਤੇ ਕਰਾਚੀ ਵਿੱਚ ਆਪਣਾ ਕੰਮ ਕਰ ਰਹੀ ਹੈ। ਸਗੋਂ ਉਹ ਕਿਸੇ ਸਮੇਂ ਵੀ ਆਪਣੀ ਸ੍ਰਿਸ਼ਟੀ ਦੇ ਕਿਸੇ ਛੋਟੇ ਤੋਂ ਛੋਟੇ ਅੰਸ਼



ਤੋਂ ਦੂਰ ਨਹੀਂ ਜਿਵੇਂ ਬਿੰਬ, ਪ੍ਰਤਿਬਿੰਬ ਤੋਂ ਦੂਰ ਹੋ ਹੀ ਨਹੀਂ ਸਕਦਾ।

*ਆਕਿਸ ਅਕਸੋਂ ਹਰ ਜਾ ਅਕਰਬ ਉਸਦੀ ਜ਼ਾਤ ਅਹਿਵਾਲੋਂ*
*ਉਹ ਅਕਰਬ ਥੀਂ ਅਕਰਬ ਜਿਸ ਥੀਂ ਸ਼ੋਰਿਸ਼ ਹੁਸਨ ਜਮਾਲੋਂ।*

ਇਸ ਸਥਾਨ 'ਤੇ ਆ ਕੇ ਕੁੱਝ ਫਿਰਕੇ ਰਲ ਕੇ ਅਤੇ ਇੱਕਠੇ ਹੋਣ ਦੀ ਗੁੰਮਰਾਹੀ ਵਿੱਚ ਘਿਰ ਗਏ ਅਤੇ ਮਨੁੱਖੀ ਆਦਤਾਂ ਦੇ ਪ੍ਰਗਟਾਵੇ, ਗਾਂ, ਸੱਪ, ਸੂਰਜ ਆਦਿ ਨੂੰ ਰੱਬ ਦੇ ਅਵਤਾਰ ਸਮਝ ਲਿਆ। ਕੁੱਝ ਹਮਾ ਓਸਤ (ਸਭ ਉਹ ਹੈ) ਦੇ ਭੰਵਰ ਵਿੱਚ ਫਸ ਗਏ।

ਮੌਲਵੀ ਗ਼ੁਲਾਮ ਰਸੂਲ (ਰਹਿ.) ਨੇ ਇਸ ਉਲਝਣ ਨੂੰ ਵੀ ਇੱਕ ਸ਼ਿਅਰ ਵਿਚ ਸਪਸ਼ਟ ਕਰ ਦਿੱਤਾ-

*ਅਸਰ ਹਲੂਲ, ਇਤਿਹਾਦ ਨਾ ਸਮਝੇਂ ਤੇ ਨਾ ਕੈਫ਼ ਬਿਆਨੋਂ*
*ਜੇ ਪਾਵੇਂ ਹੱਕ ਪਾਵੇਂ ਜਿਉਂ ਕਰ ਹੈ ਮਨਸੂਸ ਕੁਰਆਨੋਂ।(177)*

ਭਾਵ ਇਸ ਮਸਲੇ ਵਿੱਚ ਅਸਲੀ ਫ਼ੈਸਲਾ ਉਹੀ ਹੈ ਜਿਹੜਾ ਕੁਰਆਨ ਦੀ ਪ੍ਰਤੱਖ ਸਿੱਖਿਆ ਤੋਂ ਸਿੱਧ ਹੈ। ਮਨੁੱਖੀ ਅਕਲ ਅਤੇ ਚਿੰਤਨ ਇਸ ਅਧਿਆਇ ਵਿੱਚ ਕਿਸੇ ਅੰਤਿਮ ਅਤੇ ਸਰਬਸੰਮਤੀ ਵਾਲੇ ਨਤੀਜੇ ਤੇ ਪੁੱਜਣ 'ਚ ਅਸਫਲ ਰਹੇ। ਅਰਸ਼ੀ ਦੇ ਕਥਨ ਅਨੁਸਾਰ ਸੱਚ ਤਾਂ ਇਹ ਹੈ ਕਿ ਇਹ ਗੱਲਾਂ ਕਹਿਣ ਅਤੇ ਬਿਆਨ ਕਰਨ ਦੀਆਂ ਨਹੀਂ। ਦਿਲ ਦੇ ਸ਼ੀਸ਼ੇ ਨੂੰ ਰੱਬੀ ਸਿਮਰਨ ਅਤੇ ਨੈਤਿਕ ਗੁਣਾਂ ਨਾਲ ਸਾਫ਼ ਕਰਨ ਦੀ ਲੋੜ ਹੈ। ਇਸੇ ਦਾ ਨਾਂ ਸਲੂਕ ਹੈ ਅਤੇ ਇਸਦੇ ਆਮਿਲ (ਅਮਲ ਕਰਨ ਵਾਲੇ) ਨੂੰ ਸਾਲਿਕ ਕਹਿੰਦੇ ਹਨ। ਸਾਲਿਕ (ਰੱਬ ਦੀ ਭਾਲ ਕਰਨ ਵਾਲਾ) ਗੱਲਬਾਤ ਤੋਂ ਅੱਗੇ ਹਾਲ ਦੇ ਰਾਹ ਤੇ ਚਲਦਾ ਹੈ। ਮੌਲਵੀ ਗ਼ੁਲਾਮ ਰਸੂਲ (ਰਹਿ.) ਫ਼ਰਮਾਉਂਦੇ ਹਨ-

*ਬਾਝੋਂ ਹਾਲ ਨਾ ਕਾਲ ਮੁਨਾਫ਼ਿਅ ਕਾਲੀ ਦਾ ਹੱਥ ਖ਼ਾਲੀ*
*ਹੋ ਖ਼ਾਲੀ ਸਦਵਾਵੇ ਆਲੀ ਇਹ ਹੈ ਤਬਅ ਰਜ਼ਾਲੀ।*
*ਫ਼ਰਜ ਸ਼ਿਕਮ ਦਾ ਬੰਦ ਹੋ ਕੇ ਲਾਵਾਂ ਮਾਰ ਨਾ ਮੂਲੇ*
*ਨਾਮ ਧਰੀਂ ਕਾਫ਼ੂਰ ਜ਼ੰਗੀ ਦਾ, ਪਰ ਕਹਿ ਕੌਣ ਕਬੂਲੇ।(178)*

ਜਿਸ ਤਰ੍ਹਾਂ ਕਾਲੇ ਰੰਗ ਦੇ ਹਬਸ਼ੀ ਦਾ ਨਾਂ ਕਾਫ਼ੂਰ ਰੱਖਣ ਨਾਲ ਉਸ ਵਿੱਚ ਕਾਫ਼ੂਰ ਦੀ ਰੰਗਤ ਅਤੇ ਖ਼ੂਬੀਆਂ ਨਹੀਂ ਆਉਂਦੀਆਂ, ਇਸੇ ਤਰ੍ਹਾਂ ਸਲੂਕ ਵਾਲਿਆਂ ਦੀਆਂ ਗੱਲਾਂ ਕਰਨ ਨਾਲ ਸਲੂਕ ਦੇ ਭੇਤ ਪ੍ਰਾਪਤ ਨਹੀਂ ਹੁੰਦੇ। ਬਹੁਤ ਸਾਰੇ ਲੋਕ ਜਿਨਸੀ ਅਤੇ ਪੇਟ ਨਾਲ ਸਬੰਧਤ ਇੱਛਾਵਾਂ ਦੀ ਪੂਰਤੀ ਲਈ ਆਰਿਫ਼ਾਂ (ਰੱਬ ਤੱਕ ਪਹੁੰਚੇ ਹੋਏ ਬੰਦੇ) ਦਾ ਲਿਬਾਸ ਪਾ ਲੈਂਦੇ ਹਨ ਅਤੇ ਉਹਨਾਂ ਦੀਆਂ ਗੱਲਾਂ ਦੀ ਨਕਲ ਉਤਾਰਦੇ ਫਿਰਦੇ ਹਨ, ਪ੍ਰੰਤੂ ਇਮਤਿਹਾਨ ਦੇ ਸਮੇਂ ਦਰਗਾਹ ਵਿਚ ਪਰਵਾਨ ਨਹੀਂ ਹੁੰਦੇ ਹਨ।

ਮੌਲਵੀ ਸਾਹਿਬ ਦੀ ਰੂਹਾਨੀ ਕੈਫ਼ੀਅਤ ਦਾ ਕੋਈ ਟਿਕਾਣਾ ਨਹੀਂ ਸੀ। ਇੱਥੋਂ ਤੱਕ ਕਿ ਇੱਕ ਥਾਂ ਤੇ ਉਹ ਲਿਖਦੇ ਹਨ ਕਿ ਮੈਂ ਅੱਲਾਹ ਤਆਲਾ ਨੂੰ ਵੇਖਿਆ ਹੈ-

*ਮੈਂ ਬੇ ਕੈਫ਼ ਡਿੱਠਾ ਉਹ ਦਿਲਬਰ ਕਿਉਂ ਕਹਾਂ ਕੈਫ਼ੀਅਤ*
*ਮਤ ਕੋ ਵਹਿਮ ਕਰੇ ਉਹ ਨਾਹੀਂ ਜਾਹਿਲ ਹੋ ਬਦਨੀਯਤ।(179)*

ਤਸੱਵੁਫ਼ ਦਾ ਫ਼ਲਸਫ਼ਾ ਅਤੇ ਅੱਲਾ ਤਆਲਾ ਦੇ ਭੇਦ ਪਾਉਣ ਵਿੱਚ ਉਨ੍ਹਾਂ ਦਾ ਕਸ਼ਫ਼

(ਖੋਲ ਕੇ ਬਿਆਨ ਕਰਨ ਦਾ ਭਾਵ) ਬਹੁਤ ਡੂੰਘਾਈ ਵਾਲਾ ਸੀ। ਹਰ ਵੇਲੇ ਰੱਬ ਦੇ ਇਸ਼ਕ ਵਿੱਚ ਮਸਤ ਰਹਿੰਦੇ ਸੀ। ਆਪ ਜੀ ਦੇ ਚਿੰਤਨ ਦੀ ਡੂੰਘਾਈ ਦਾ ਅਨੁਮਾਨ ਲਗਾਉਣਾ ਔਖਾ ਹੈ। ਸਾਰੀ ਉਮਰ ਆਪਣੇ ਆਪ ਨੂੰ ਛੁਪਾਈ ਰੱਖਿਆ ਅਤੇ ਅੰਤ ਵਿੱਚ ਆ ਕੇ ਪ੍ਰਗਟ ਹੋਏ।

ਮਹੱਈਉੱਦੀਨ ਇਬਨੇ ਅਰਬੀ ਇੱਕ ਥਾਂ ਤੇ ਲਿਖਦੇ ਹਨ ਕਿ ਹੱਕ ਨੂੰ ਬਿਆਨ ਕਰਨ ਦੀ ਇਹ ਅਵਸਥਾ ਸੀ ਕਿ ਜੇਕਰ ਮੈਂ ਉਸ ਨੂੰ ਕਿਤਾਬੀ ਰੂਪ ਵਿੱਚ ਤਬਦੀਲ ਨਾ ਕਰਦਾ ਤਾਂ ਖ਼ੁਦ ਜਲ ਕੇ ਰਾਖ ਹੋ ਜਾਂਦਾ। ਅਜਿਹੀ ਹੀ ਸਥਿਤੀ ਮੌਲਵੀ ਸਾਹਿਬ ਦੀ ਵੀ ਸੀ ਕਿਉਂਕਿ ਮਨੁੱਖ ਰੱਬ ਦੇ ਭੇਤਾਂ ਨੂੰ ਜ਼ਿਆਦਾ ਦੇਰ ਛੁਪਾ ਕੇ ਨਹੀਂ ਰੱਖ ਸਕਦਾ।

ਸੂਫ਼ੀਆਂ ਅਨੁਸਾਰ ਤੌਹੀਦ (ਰੱਬ ਦੇ ਇੱਕ ਹੋਣ ਦਾ ਸੰਕਲਪ) ਦਾ ਮਸਲਾ ਬਹੁਤ ਅਹਿਮ ਹੈ। ਵਹਦਾਤੁ ਸ਼ਹੂਦ ਵਾਲੇ ਵਿਸ਼ੇਸ਼ ਹੱਦਾਂ ਨੂੰ ਸੰਸਾਰ ਜਾਂ ਬ੍ਰਹਿਮੰਡ ਕਹਿੰਦੇ ਹਨ। ਨਾ-ਬੂਦ (ਜੋ ਨਸ਼ਟ ਹੋ ਗਿਆ ਹੋਵੇ) ਬੂਦ (ਹਸਤੀ/ਹੋਂਦ) ਦੇ ਰੰਗ ਵਿੱਚ ਪ੍ਰਗਟ ਹੁੰਦਾ ਹੈ ਭਾਵ ਅੰਤਰ ਰੱਬ ਅਤੇ ਸੰਸਾਰ ਵਿੱਚ ਨਿਸ਼ਚਿਤ ਰੂਪ ਵਿੱਚ ਹੈ।

ਵਹਿਦਤ ਵਾਹਦਾਤੁ ਸ਼ਹੂਦ ਵਿੱਚ ਹੈ ਨਾ ਕਿ ਮਸ਼ਹੂਦਾਤ ਵਿੱਚ। ਮਸ਼ਹੂਦਾਤ ਨਿਸ਼ਚਿਤ ਰੂਪ ਵਿੱਚ ਅਣਗਿਣਤ ਹਨ, ਪ੍ਰੰਤੂ ਆਰਿਫ਼ ਗ਼ਲਬਾ ਹਾਲ ਨੂੰ ਇੱਕ ਹੀ ਵੇਖਦਾ ਹੈ। ਵਹਦਾਤੁਲ ਵਜੂਦ ਅਤੇ ਵਹਦਾਤੁਲ ਸ਼ਹੂਦ ਦੀ ਉਚੇਰੀ ਵੰਡ ਮੌਲਾਨਾ ਸ਼ਿਬਲੀ ਨੁਅਮਾਨੀ ਨੇ ਆਪਣੀ ਕਿਤਾਬ ਸਵਾਨਿਹ ਮੌਲਾਨਾ ਰੂਮ ਵਿੱਚ ਪੰਨਾ ਨੰ. 202 ਵਿੱਚ ਇਸ ਤਰ੍ਹਾਂ ਕੀਤੀ ਹੈ। ਫ਼ਰਮਾਉਂਦੇ ਹਨ ਕਿ ਉਲਮਾ-ਏ-ਜ਼ਾਹਿਰ ਦੇ ਨਜ਼ਦੀਕ ਤੌਹੀਦ ਦੇ ਇਹ ਅਰਥ ਹਨ ਕਿ ਇਕ ਰੱਬ ਦੇ ਇਲਾਵਾ ਕੋਈ ਹੋਰ ਰੱਬ ਨਹੀਂ ਅਤੇ ਨਾ ਹੀ ਰੱਬ ਦੀ ਜ਼ਾਤ ਅਤੇ ਉਸ ਦੀਆਂ ਸਿਫ਼ਤਾਂ ਦਾ ਕੋਈ ਭਾਈਵਾਲ ਹੈ, ਪ੍ਰੰਤੂ ਤੱਸਵੁਫ਼ ਦੇ ਕੋਸ਼ ਵਿੱਚ ਇਸਦੇ ਅਰਥ ਬਦਲ ਜਾਂਦੇ ਹਨ। ਸੂਫ਼ੀਆਂ ਦੇ ਅਨੁਸਾਰ ਤੌਹੀਦ ਦੇ ਅਰਥ ਇਹ ਹਨ ਕਿ ਰੱਬ ਦੇ ਇਲਾਵਾ ਹੋਰ ਕੋਈ ਚੀਜ਼ ਮੌਜੂਦ ਹੀ ਨਹੀਂ ਜਾਂ ਜੋ ਕੁੱਝ ਮੌਜੂਦ ਹੈ ਸੱਭ ਰੱਬ ਹੀ ਹੈ। ਇਸਨੂੰ ਹਮਾ ਓਸਤ ਜਾਂ ਵਹਦਾਤੁਲ ਵਜੂਦ ਕਹਿੰਦੇ ਹਨ। ਇਹ ਮਸਲਾ ਭਾਵੇਂ ਤੱਸਵੁਫ਼ ਦਾ ਅਸਲ ਵਿਸ਼ਾ ਹੈ ਪ੍ਰੰਤੂ ਇਸਦੀ ਵਿਆਖਿਆ ਇੰਨੀ ਨਾਜ਼ੁਕ ਹੈ ਕਿ ਥੋੜ੍ਹਾ ਜਿਹਾ ਵੀ ਇੱਧਰ-ਉੱਧਰ ਹੋਣ ਨਾਲ ਇਹ ਮਸਲਾ ਬਿਲਕੁਲ ਇਲਹਾਦ (ਸੱਚੇ ਦੀਨ ਤੋਂ ਫਿਰ ਜਾਣਾ) ਨਾਲ ਮਿਲ ਜਾਂਦਾ ਹੈ। ਇਸ ਲਈ ਅਸੀਂ ਥੋੜ੍ਹੀ ਜਿਹੀ ਖੁੱਲ੍ਹ ਕੇ ਗੱਲ ਕਰਾਂਗੇ।

ਸੂਫ਼ੀਆਂ ਅਤੇ ਜ਼ਾਹਿਰ ਦਾ ਬੁਨਿਆਦੀ ਮਤ ਭੇਦ ਇਹ ਹੈ ਕਿ ਜ਼ਾਹਿਰ ਵਾਲਿਆਂ ਦੇ ਅਨੁਸਾਰ ਰੱਬ ਬ੍ਰਹਿਮੰਡ ਦੇ ਸਿਲਸਿਲੇ ਤੋਂ ਬਿਲਕੁਲ ਵੱਖਰੀ ਹਸਤੀ ਹੈ ਜਦੋਂ ਕਿ ਸੂਫ਼ੀਆਂ ਦੇ ਨਜ਼ਦੀਕ ਰੱਬ ਬ੍ਰਹਿਮੰਡ ਦੇ ਸਿਲਸਿਲੇ ਤੋਂ ਵੱਖਰਾ ਨਹੀਂ। ਇੱਥੋਂ ਤੱਕ ਤਾਂ ਸਾਰੇ ਸੂਫ਼ੀ ਇੱਕਠੇ ਹਨ ਪਰ ਇਸਦੀ ਤਅਬੀਰ (ਵਿਸ਼ਲੇਸ਼ਣ) ਵਿੱਚ ਮਤ ਭੇਦ ਪਾਇਆ ਜਾਂਦਾ ਹੈ। ਵਜੂਦੀਆਂ ਦੇ ਨਜ਼ਦੀਕ ਰੱਬ ਸੰਪੂਰਨ ਵਜੂਦ, ਸੰਪੂਰਨ ਹਸਤੀ ਦਾ ਨਾਂ ਹੈ। ਇਹ ਵਜੂਦ ਜਦੋਂ ਤਸ਼ੱਖ਼ੁਸਾਤ ਅਤੇ ਤਾਇਨਾਤ ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ ਤਾਂ ਮੁਮਕਿਨਾਤ ਦੀਆਂ ਕਿਸਮਾਂ ਪੈਦਾ ਹੁੰਦੀਆਂ ਹਨ ਜਿਵੇਂ ਬੁਲਬੁਲੇ ਅਤੇ ਦਰਿਆ ਦੀ ਲਹਿਰ ਵਿਭਿੰਨ ਜਾਤਾਂ ਮੰਨੀਆਂ ਜਾਂਦੀਆਂ ਹਨ ਪ੍ਰੰਤੂ ਅਸਲ ਵਿੱਚ ਉਨ੍ਹਾਂ ਦੀ ਹੋਂਦ ਪਾਣੀ ਤੋਂ ਵੱਖਰੀ ਕੁੱਝ ਵੀ ਨਹੀਂ।



ਮੈਂ ਕਿਹਾ ਵਹਦਤ (ਇੱਕ ਹੋਣ ਦਾ ਭਾਵ) ਅਤੇ ਕਸਰਤ (ਬਹੁਤੇ ਹੋਣ ਦਾ ਭਾਵ) ਦੇ ਸਬੰਧ ਵਿੱਚ ਰਮਜ਼ ਨਾਲ ਗੱਲ ਕਰੀਏ, ਉਸਨੇ ਕਿਹਾ ਲਹਿਰ, ਝੱਗ, ਭੰਵਰ ਸੱਭ ਦਰਿਆ ਹੀ ਹੈ।

ਧਾਗੇ ਨੂੰ ਜਦੋਂ ਗੰਢ ਦਿੱਤੀ ਜਾਂਦੀ ਹੈ, ਉਸਦੀ ਹੋਂਦ ਬੇਸ਼ੱਕ ਧਾਗੇ ਤੋਂ ਵੱਖਰੀ ਨਜ਼ਰ ਨਹੀਂ ਆਉਂਦੀ ਪ੍ਰੰਤੂ ਅਸਲੀਅਤ ਵਿੱਚ ਧਾਗੇ ਦੇ ਇਲਾਵਾ ਕੋਈ ਚੀਜ਼ ਨਹੀਂ ਸਿਰਫ਼ ਰੂਪ ਬਦਲਦਾ ਹੈ।

ਦੂਜੀ ਧਿਰ ਸ਼ਹੂਦੀਆਂ, ਵਹਦਾਤੁਲ ਵਜੂਦ ਦੇ ਇਹ ਅਰਥ ਲੈਂਦੀ ਹੈ ਮਿਸਾਲ ਦੇ ਤੌਰ 'ਤੇ ਆਦਮੀ ਦਾ ਜੋ ਪਰਛਾਵਾਂ ਹੈ, ਉਹ ਨਿਰਸੰਦੇਹ ਇੱਕ ਵੱਖਰੀ ਚੀਜ਼ ਨਜ਼ਰ ਆਉਂਦੀ ਹੈ ਪ੍ਰੰਤੂ ਅਸਲ ਵਿੱਚ ਉਸਦਾ ਕੋਈ ਵਜੂਦ ਨਹੀਂ, ਜੋ ਕੁੱਝ ਵੀ ਹੈ ਆਦਮੀ ਹੀ ਹੈ। ਇਸ ਤਰ੍ਹਾਂ ਅਸਲ ਵਿੱਚ ਜ਼ਾਤ-ਏ-ਬਾਰੀ (ਰੱਬ ਦੀ ਜ਼ਾਤ) ਹੀ ਮੌਜੂਦ ਹੈ। ਮੁਮਕਿਨਾਤ (ਵਜੂਦ) ਜਿੰਨੇ ਵੀ ਹਨ, ਸਭ ਉਸਦੇ ਪਰਛਾਵੇਂ ਅਤੇ ਰੌਸ਼ਨੀ ਹਨ। ਇਸਨੂੰ ਤੌਹੀਦ-ਏ-ਸ਼ਹੂਦੀ ਜਾਂ ਹਮਾ ਅਜ਼ ਓਸਤ ਕਿਹਾ ਜਾਂਦਾ ਹੈ।

*****

# ਧਾਰਮਿਕ ਹਵਾਲਿਆਂ ਨਾਲ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਸ਼ਿਅਰਾਂ ਦੀ ਪੜਚੋਲ

ਅਹਸਨੁਲ ਕਸਸ ਵਿਚ ਮੌਲਵੀ ਸਾਹਿਬ ਨੇ ਬਹੁਤ ਸਾਰੇ ਅਰਬੀ ਸ਼ਬਦਾਂ ਨੂੰ ਪੰਜਾਬੀ ਰੂਪ ਦਿੱਤਾ ਹੈ। ਉਦਾਹਰਣ ਦੇ ਤੌਰ ਤੇ ਮਿਸ਼ਕਾਤ ਮਸ਼ਕੂਕਾਂ, ਬੁਰਹਾਨ ਨੂੰ ਬੁਰਹਾਨੀ, ਸਲਾਹ ਨੂੰ ਸਲਾਤੇਂ, ਜਜ਼ਵਾ ਤੋਂ ਜਜ਼ਵੀ, ਮਹਜੂਰ ਤੋਂ ਮਹਜੂਰਾਂ, ਨਿਸਾ ਤੋਂ ਨਿਸਾਏਂ, ਤਾਕ ਤੋਂ ਤਾਕੋਂ, ਹਿਜਾਬ ਤੋਂ ਹਿਜਾਬੋਂ, ਸਦਕਾ ਤੋਂ ਸਦਕਿਓਂ ਆਦਿ। ਇਹ ਸਿਲਸਿਲਾ ਪੂਰੀ ਕਿਤਾਬ ਵਿਚ ਵੇਖਣ ਨੂੰ ਮਿਲਦਾ ਹੈ। 'ਅਹਸਨੁਲ ਕਸਸ' ਨੂੰ ਮੌਲਵੀ ਸਾਹਿਬ ਨੇ ਸੂਰਤ ਯੂਸਫ਼ ਤੋਂ ਇਲਾਵਾ ਬਹੁਤ ਸਾਰੀਆਂ ਕੁਰਆਨੀ ਆਇਤਾਂ ਨਾਲ ਸ਼ਿੰਗਾਰਿਆ ਹੈ ਜਿਸ ਤੇ ਇਕ ਵਿਸ਼ਾਲ ਖੋਜ ਨਿਬੰਧ ਲਿਖਣ ਦੀ ਲੋੜ ਹੈ। ਕੁਰਆਨੀ ਆਇਤਾਂ ਵੱਲ ਸ਼ਿਅਰਾਂ ਦੇ ਹਵਾਲੇ ਨਾਲ ਕੁਝ ਇਸ਼ਾਰੇ ਮਿਲਦੇ ਹਨ।

ਮੌਲਵੀ ਸਾਹਿਬ (ਰਹਿ.) ਫ਼ਰਮਾਉਂਦੇ ਹਨ :-

1. *ਅਜਜ਼ ਕਮਾਲ ਖ਼ੁਦਾ ਦੇ ਹਮਦੋਂ ਹਰ ਜ਼ੱਰਾ ਇਕਰਾਰੀ*
*ਦਮ ਦਮ ਲੱਖ ਲੱਖ ਲੂੰ ਲੂੰ ਹਮਦੋਂ ਥੀਏ ਨਾ ਸ਼ੁਕਰ ਗੁਜ਼ਾਰੀ*(180)

ਬ੍ਰਹਿਮੰਡ ਦਾ ਹਰ ਕਣ ਅੱਲ੍ਹਾ ਤਆਲਾ ਦੀ ਹਮਦ ਦਾ ਬਹੁਤ ਹੀ ਨਿਮਰਤਾ ਨਾਲ ਇਕਰਾਰ ਕਰ ਰਿਹਾ ਹੈ। ਜੇਕਰ ਸਰੀਰ ਦਾ ਹਰੇਕ ਵਾਲ ਇਕ ਇਕ ਸਾਹ ਦੇ ਨਾਲ ਲੱਖ ਲੱਖ ਵਾਰ ਹਮਦ ਕਰੇ ਤਾਂ ਫਿਰ ਵੀ ਉਸ ਦੀ ਉਸਤਤਿ ਦਾ ਹੱਕ ਅਦਾ ਨਹੀਂ ਹੋ ਸਕਦਾ।

ਕੁਰਆਨ ਪਾਕ ਵਿਚ ਆਉਂਦਾ ਹੈ

**ਅਨੁਵਾਦ** :- "ਜੇਕਰ ਤੁਸੀਂ ਅੱਲ੍ਹਾ ਤਆਲਾ ਦੀਆਂ ਦਾਤਾਂ ਦੀ ਗਿਣਤੀ ਕਰੋ ਤਾਂ ਇਨ੍ਹਾਂ ਨੂੰ ਗਿਣ ਨਹੀਂ ਸਕੋਗੇ ਅਤੇ ਇਨਸਾਨ ਬੜਾ ਜ਼ਾਲਿਮ ਤੇ ਨਾ-ਸ਼ੁਕਰਾ ਹੈ।"

2. *ਪਾਕ ਮੁਨੱਜ਼ਹ ਖ਼ਾਲਿਕ ਆਲਿਮ ਬਾਝ ਮਿਸਾਲ ਨਜ਼ੀਰੋਂ*
*ਉਸ ਦਾ ਸ਼ੁਕਰ ਨਾ ਕਦਰ ਬੰਦੇ ਦਾ ਅਕਲਾਂ ਦੀ ਤਦਬੀਰੋਂ*(181)

ਦੁਨੀਆਂ ਨੂੰ ਪੈਦਾ ਕਰਨ ਵਾਲਾ ਰੱਬ ਪਾਕ ਅਤੇ ਐਬ ਰਹਿਤ ਹੈ। ਅਜਿਹਾ ਪਵਿੱਤਰ ਜਿਸ ਦੀ ਕੋਈ ਮਿਸਾਲ ਪੇਸ਼ ਨਹੀਂ ਕੀਤੀ ਜਾ ਸਕਦੀ। ਅਕਲ ਅਤੇ ਮਨੁੱਖੀ ਸੋਚ ਤੋਂ ਇਹ ਸੰਭਵ ਹੀ ਨਹੀਂ ਕਿ ਰੱਬ ਦਾ ਸ਼ੁਕਰ ਕਰ ਸਕੇ।

ਕੁਰਆਨ ਪਾਕ ਵਿਚ ਆਉਂਦਾ ਹੈ

**ਅਨੁਵਾਦ** :- "ਬ੍ਰਹਿਮੰਡ ਦੀ ਕੋਈ ਚੀਜ਼ ਉਸ ਵਰਗੀ ਨਹੀਂ ਉਹ ਸਭ ਕੁੱਝ ਸੁਨਣ ਵਾਲਾ, ਦੇਖਣ ਵਾਲਾ ਹੈ।"



3. *ਨਾਸੀਂ ਸ਼ੈਅ ਮਜ਼ਕੂਰ ਕਦਾਈਂ ਅੰਦਰ ਵਕਤ ਵਹਾਏ*
*ਫ਼ੈਜ਼ ਵਜੂਦ ਅਦਮ ਤੇ ਚਮਕਿਆ ਖੋਲੇ ਰਾਜ਼ ਛੁਪਾਏ*(182)

ਇਨਸਾਨ ਬੀਤੇ ਸਮੇਂ ਵਿਚ ਕੋਈ ਵਰਨਣਯੋਗ ਚੀਜ਼ ਨਹੀਂ ਸੀ। ਜਦੋਂ ਵਾਜਿਬ-ਉਲ-ਵਜੂਦ ਦਾ ਲਾਭ ਮਿਲਿਆ ਤਾਂ ਛੁਪੇ ਹੋਏ ਭੇਤ ਖੁੱਲ ਗਏ।

ਅੱਲ੍ਹਾ ਤਆਲਾ ਫ਼ਰਮਾਉਂਦਾ ਹੈ

**ਅਨੁਵਾਦ** :- "ਮਨੁੱਖ ਤੇ ਇਕ ਸਮਾਂ ਅਜਿਹਾ ਵੀ ਲੰਘਿਆ ਹੈ ਜਦੋਂ ਉਹ ਕੋਈ ਵਰਨਣ ਯੋਗ ਚੀਜ਼ ਨਹੀਂ ਸੀ।"

4. *ਪਾਏ ਰਾਜ ਥਿਰਹੋਂ ਦੇ ਭਾਰੇ ਤੇ ਤੂੰ ਅਹਿਦ ਪਕਾਏ*
*ਬੋਲ ਬਲਾ ਇਕਰਾਰੀ ਹੋਇਉਂ ਆਣ ਗ਼ਜ਼ਬ ਸਰ ਚਾਏ*(183)

ਰੱਬ ਨੇ ਰੂਹਾਂ ਨੂੰ ਇਕੱਤਰ ਕਰਕੇ ਪੁੱਛਿਆ 'ਕੀ ਮੈਂ ਤੁਹਾਡਾ ਰੱਬ ਹਾਂ ਅਤੇ ਰੂਹਾਂ ਨੇ ਕਿਹਾ- ਹਾਂ, ਅਸੀਂ ਗਵਾਹੀ ਦਿੰਦੇ ਹਾਂ ਕਿ ਤੂੰ ਸਾਡਾ ਰੱਬ ਹੈਂ। ਮੌਲਵੀ ਸਾਹਿਬ ਫ਼ਰਮਾਉਂਦੇ ਹਨ ਜਦੋਂ ਤੂੰ ਵਾਅਦਾ ਕਰ ਲਿਆ ਹੈ ਭਾਵ ਅੱਲ੍ਹਾ ਤਆਲਾ ਨੂੰ ਅਪਣਾ ਰੱਬ ਮੰਨ ਲਿਆ ਹੈ ਤਾਂ ਫਿਰ ਇਸ ਵਾਅਦੇ ਨੂੰ ਤੋੜਨਾ ਠੀਕ ਨਹੀਂ। ਇਸ ਵਾਅਦੇ ਨੂੰ ਤੋੜ ਕੇ ਆਪਣੇ ਸਿਰ ਪਾਪਾਂ ਨੂੰ ਨਹੀਂ ਲੈਣਾ ਚਾਹੀਦਾ। ਅੰਤ ਵਿਚ ਫੇਰ ਕਹਿੰਦੇ ਹਨ :-

*ਅੱਵਲ ਤੁਦ ਇਕਰਾਰ ਕੀਆਈ ਜਾਂ ਤੁਦ ਖ਼ਬਰ ਨਾ ਕਾਈ*
*ਕਿਹੋ ਬਲਾ ਹੁਣ ਦੁਨੀਆ ਫ਼ਾਨੀ ਪਕੜ ਬਲਾ ਗਲ ਪਾਈ*(184)

ਇਨਸਾਨ ਨੇ ਹਾਂ ਕਹਿ ਕੇ ਬਲਾ ਆਪਣੇ ਸਿਰ ਲੈ ਲਈ ਹੈ। ਜਦੋਂ ਬੰਦੇ ਨੂੰ ਇਸ ਭਾਰ ਦਾ ਗਿਆਨ ਨਹੀਂ ਸੀ। ਹੁਣ ਮਨੁੱਖ ਨੂੰ ਚਾਹੀਦਾ ਹੈ ਕਿ ਇਸ ਵਾਅਦੇ ਨੂੰ ਅੰਤ ਤੱਕ ਨਿਭਾਵੇ।

5. *ਬਾਰ ਅਮਾਨਤ ਚਾਅ ਨਾ ਸਕੇ ਜ਼ਮੀਂ ਫ਼ਲਕ ਬੇ ਚਾਰੇ*
*ਇਨਸ ਜ਼ਲੂਮ ਜਹੂਲ ਉਠਾਇਆ ਹੁਣ ਕਿਉਂ ਅਹਿਦੋਂ ਹਾਰੇ*(185)

ਅੱਲ੍ਹਾ ਤਆਲਾ ਫਰਮਾਉਂਦਾ ਹੈ :-

**ਅਨੁਵਾਦ** :- "ਮੈਂ ਆਪਣੀ ਅਮਾਨਤ, ਅਸਮਾਨਾਂ, ਜ਼ਮੀਨਾਂ ਅਤੇ ਪਹਾੜਾਂ ਦੇ ਸਾਹਮਣੇ ਪੇਸ਼ ਕੀਤੀ ਹੈ। ਸਭ ਨੇ ਉਸ ਨੂੰ ਚੁੱਕਣ ਤੋਂ ਇਨਕਾਰ ਕਰ ਦਿੱਤਾ ਅਤੇ ਉਸ ਤੋਂ ਡਰ ਗਏ। ਮਨੁੱਖ ਨੇ ਉਸ ਨੂੰ ਚੁੱਕ ਲਿਆ। ਨਿਰਸੰਦੇਹ ਇਹ ਜ਼ਾਲਿਮ ਅਤੇ ਜਾਹਿਲ ਹੈ।"

ਜਿਸ ਅਮਾਨਤ ਨੂੰ ਅਸਮਾਨਾਂ, ਜ਼ਮੀਨਾਂ ਅਤੇ ਪਹਾੜਾਂ ਨੇ ਚੁੱਕਣ ਤੋਂ ਜਵਾਬ ਦੇ ਦਿੱਤਾ ਤਾਂ ਇਨਸਾਨ ਜ਼ਾਲਿਮ ਜਾਹਲ ਨੇ ਉਸ ਨੂੰ ਚੁੱਕ ਲਿਆ। ਹੁਣ ਇਸ ਵਾਅਦੇ ਤੋਂ ਹਾਰ ਨਹੀਂ ਮੰਨਣੀ ਚਾਹੀਦੀ, ਸਗੋਂ ਉਸ ਨੂੰ ਅੰਤ ਤਕ ਨਿਭਾਉਣਾ ਚਾਹੀਦਾ ਹੈ।

6. *ਖ਼ਲਕ ਅਮਰ ਦੀਆਂ ਸ਼ਾਨਾਂ ਦੇ ਵਿਚ ਤੈਨੂੰ ਮਿਲੀ ਅਮੀਰੀ*
*ਜਾਣ ਨਾ ਜਾਣ ਆਫ਼ਾਕ ਤੇ ਅਨਫ਼ੁਸ ਤੈਂ ਵਿਚ ਹੈ ਤਕਦੀਰੀ*(186)

**ਅਰਥ** :- ਖ਼ਬਰਦਾਰ ਰਹੋ ਉਸ ਦੀ ਰਚਨਾ ਹੈ ਅਤੇ ਉਸੇ ਦਾ ਆਦੇਸ਼। ਅਸੀਂ ਆਪਣੀਆਂ ਨਿਸ਼ਾਨੀਆਂ ਸੰਸਾਰ ਅਤੇ ਆਪਣੇ ਨਫ਼ਸ ਵਿਚ ਵੀ ਦਿਖਾਵਾਂਗੇ ਵੱਲ ਵੀ ਇਸ਼ਾਰਾ ਹੈ। ਹੇ ਇਨਸਾਨ! ਆਲਮ-ਏ-ਖ਼ਲਕ (ਪੈਦਾ ਕਰਨ ਵਾਲਾ ਜਹਾਨ) ਅਤੇ ਆਲਮ-ਏ-ਅਮਰ (ਸੰਸਾਰ) ਦੋਵੇਂ ਜਹਾਨਾਂ ਵਿਚ ਤੈਨੂੰ ਬਾਦਸ਼ਾਹੀ ਮਿਲੀ ਹੈ।

(ਪੱਕੀ ਗੱਲ ਹੈ ਕਿ ਮੈਂ ਆਦਮ ਦੀ ਔਲਾਦ ਨੂੰ ਬੜੀ ਇਜ਼ੱਤ ਦਿੱਤੀ ਹੈ)
ਦੂਜੀ ਤੁਕ ਵਿਚ ਪਹਿਲੀ ਤੁਕ ਦੀ ਹੋਰ ਵਿਆਖਿਆ ਕੀਤੀ ਗਈ ਹੈ। ਸੰਸਾਰ ਦਾ ਸਬੰਧ ਆਲਮ-ਏ-ਖ਼ਲਕ ਨਾਲ ਹੈ ਅਤੇ ਅਨੱਫ਼ਸ ਦਾ ਆਲਮ-ਏ-ਅਮਰ ਨਾਲ ਹੈ। ਮੌਲਵੀ ਸਾਹਿਬ ਫ਼ਰਮਾਉਂਦੇ ਹਨ। ਤੁਸੀਂ ਮੰਨੋ ਜਾਂ ਨਾ ਮੰਨੋ ਆਫ਼ਾਕ ਅਤੇ ਅਨੱਫ਼ਸ ਤੇਰੇ ਅੰਦਰ ਤਕਦੀਰੀ ਹਨ।

7. ***ਇਕਾ ਨੂਰ ਜ਼ਮੀਂ ਅਸਮਾਨੀ ਜਿਸ ਦੇ ਕਾਰੇ ਸਾਰੇ***
***ਮੁਬਦਾ ਫ਼ੈਜ਼ ਅਹਦੀਅਤ ਕੋਲੋਂ ਨੂਰ ਖੁਲੇ ਚਮਕਾਰੇ***

8. ***ਇਹ ਮਿਸਬਾਹ ਸਿਫ਼ਾਤ ਜ਼ਜਾਜੋਂ ਲਾਟ ਬਲੇ ਬਣ ਨਾਰੇ***
***ਵਿਚ ਮਿਸ਼ਕਾਤ ਕਬੂਲ ਉੱਸ਼ਾਕਾਂ ਜਗਮਗ ਨੂਰ ਖਿਲਾਰੇ***(187)

ਇਹ ਦੋਵੇਂ ਸ਼ਿਅਰ ਕੁਰਆਨ ਪਾਕ ਦੀ ਇਸ ਆਇਤ ਵਿਚੋਂ ਲਏ ਗਏ ਹਨ।
**ਅਨੁਵਾਦ** :- "ਅੱਲ੍ਹਾ ਅਸਮਾਨਾਂ ਅਤੇ ਜ਼ਮੀਨ ਦਾ ਨੂਰ ਹੈ। ਉਸ ਦੇ ਨੂਰ ਦੀ ਮਿਸਾਲ ਆਲੇ ਵਾਂਗ ਹੈ ਜਿਸ ਵਿਚ ਚਿਰਾਗ਼ ਹੈ ਅਤੇ ਉਹ ਚਿਰਾਗ਼ ਸ਼ੀਸ਼ੇ ਦੀ ਕੰਦੀਲ ਹੈ। ਸ਼ੀਸ਼ਾ ਇਕ ਚਮਕਦੇ ਹੋਏ ਰੌਸ਼ਨ ਤਾਰੇ ਦੇ ਜੋ ਇਕ ਬਰਕਤਾਂ ਵਾਲਾ ਦਰੱਖ਼ਤ ਜ਼ੈਤੂਨ ਤੋਂ ਰੌਸ਼ਨ ਹੋਇਆ ਹੈ।"

ਮੌਲਵੀ ਸਾਹਿਬ ਕਹਿੰਦੇ ਹਨ ਕਿ ਅਸਮਾਨਾਂ ਅਤੇ ਜ਼ਮੀਨ ਵਿਚ ਇਕ ਹੀ ਨੂਰ ਹੈ ਜਿਸ ਦੇ ਸਾਰੇ ਕਾਰਨਾਮੇ ਹਨ। ਫ਼ੈਜ਼ ਦੀ ਆਰੰਭਿਕ ਥਾਂ ਭਾਵ ਅਹਦੀਅਤ ਨਾਲ ਨੂਰ ਦੇ ਸਾਰੇ ਚਮਕਾਰੇ ਪੈਦਾ ਹੋਏ। ਦਿਲ ਦੀ ਕੰਦੀਲ (ਦੀਵਟ) ਦਾ ਨੂਰ ਖ਼ੁਦ ਬ ਖ਼ੁਦ ਰੌਸ਼ਨ ਹੈ ਆਸ਼ਿਕਾਂ ਦੇ ਦਿਲ ਅੰਦਰ ਜਗਮਗ ਨੂਰ ਬਿਖੇਰ ਰਿਹਾ ਹੈ।

9. ***ਯਾ ਤੂੰ ਆਰਿਫ਼ ਮੁਨਤਹਾ ਦੇ ਨੂਰ ਦਿਲੇ ਦਾ ਸਾਰਾ***
***ਯਾ ਤੂੰ ਕੌਕਬ ਦੁੱਰੀ ਕਾਈ ਨੂਰ-ਓ-ਨੂਰ ਪਸਾਰਾ***(188)

ਜਾਂ ਤੂੰ ਨਜ਼ਦੀਕ ਬੰਦਿਆਂ ਦੇ ਦਿਲ ਦਾ ਨੂਰ ਹੈ ਅਤੇ ਜਾਂ ਤੂੰ ਚਮਕਦਾ ਹੋਇਆ ਰੌਸ਼ਨ ਤਾਰਾ, ਜਿਸ ਦਾ ਨੂਰ ਬਿਖਰਿਆ ਹੋਇਆ ਹੈ। ਇਸ ਸ਼ਿਅਰ ਵਿਚ ਸੂਰਤ ਨੂਰ ਦੀ ਉਪਰ ਵਾਲੀ ਆਇਤ ਦੇ ਆਖ਼ਰੀ ਭਾਗ ਵੱਲ ਇਸ਼ਾਰਾ ਹੈ।
**ਅਨੁਵਾਦ** :- "ਜਿਵੇਂ ਇਕ ਮੋਤੀ ਵਾਂਗ ਚਮਕਦਾ ਹੋਇਆ ਰੌਸ਼ਨ ਤਾਰਾ ਹੈ।"

10. ***ਦਾਅਵਾ ਹੱਕ ਇਮਾਨੋਂ ਪੱਕਾ ਸੱਚਾ ਬਖ਼ਸ਼ ਖੁਦਾਇਆ***
***ਹੁਕਮ ਅਸ਼ੱਦੂ ਹੁੱਬੱਲ ਲਿੱਲਾਹ ਸ਼ਾਨ ਜਿਹਦੀ ਵਿਚ ਆਇਆ***(189)

ਸੂਰਤ 'ਬਕਰਾ' ਵਿਚ ਆਇਆ ਹੈ
**ਅਨੁਵਾਦ** :- "ਅਤੇ ਈਮਾਨ ਵਾਲੇ ਅੱਲ੍ਹਾ ਦੀ ਮੁਹੱਬਤ ਵਿਚ ਬਹੁਤ ਸਖ਼ਤ ਹੁੰਦੇ ਹਨ।"

ਸ਼ਿਅਰ ਵਿਚ ਮੌਲਵੀ ਸਾਹਿਬ ਫਰਮਾਉਂਦੇ ਹਨ। ਹੇ ਅੱਲ੍ਹਾ ਤਆਲਾ ਸਾਨੂੰ ਈਮਾਨ ਦਾ ਪੱਕਾ ਅਤੇ ਸੱਚਾ ਦਾਅਵਾ ਬਖ਼ਸ਼ ਦੇ ਜਿਸ ਦੀ ਸ਼ਾਨ ਵਿਚ ਆਇਆ ਹੈ ਕਿ ਈਮਾਨ ਵਾਲੇ ਅੱਲ੍ਹਾ ਦੀ ਮੁਹੱਬਤ ਵਿਚ ਬਹੁਤ ਸਖ਼ਤ ਹੁੰਦੇ ਹਨ।

11. ***ਤੇ ਤਕਦੀਮ ਓਸੇ ਦਰਬਾਰੋਂ ਹਰ ਹਰ ਖ਼ੁਦ ਨਾ ਤਾਣੇ***
***ਦੇਖ ਯੁਹਿੱਬੁਹੁਮ ਦੀ ਰਮਜ਼ੋਂ ਵਲ ਵਲ ਖੜੇ ਧਗਾਣੇ***(190)



ਮੁਹੱਬਤ ਦੀ ਪਹਿਲ ਜ਼ਾਤ ਖ਼ੁਦਾਬੰਦੀ (ਰੱਬ) ਵੱਲੋਂ ਹੁੰਦੀ ਹੈ ਜਦੋਂ ਉਸ ਦੀ ਰਹਿਮਤ ਨਾਲ ਹੋਵੇ ਤਾਂ ਫਿਰ ਹਰੇਕ ਕਮਜ਼ੋਰ ਨੂੰ ਜ਼ਬਰਦਸਤੀ ਆਪਣੇ ਵੱਲ ਖਿੱਚ ਲੈਂਦਾ ਹੈ। ਪਹਿਲਾਂ ਜ਼ਾਤ ਖ਼ੁਦ ਮੁਹੱਬਤ ਕਰਦੀ ਹੈ ਫਿਰ ਮਾਲਿਕ (ਨੇਕ ਰਾਹ ਤੇ ਚੱਲਣ ਵਾਲਿਆਂ) ਦੇ ਦਿਲ ਵਿਚ ਮੁਹੱਬਤ ਦੀ ਖਿੱਚ ਪੈਦਾ ਹੁੰਦੀ ਹੈ, ਜਿਵੇਂ ਕੁਰਆਨ ਪਾਕ ਵਿਚ ਆਉਂਦਾ ਹੈ।
**ਅਨੁਵਾਦ** :- "ਅੱਲ੍ਹਾ ਤਆਲਾ ਬਹੁਤ ਛੇਤੀ ਅਜਿਹੀ ਕੌਮ ਲਿਆਵੇਗਾ ਜੋ ਅੱਲ੍ਹਾ ਦੀ ਮਹਿਬੂਬ ਹੋਵੇਗੀ ਅਤੇ ਉਹ ਅੱਲ੍ਹਾ ਨੂੰ ਮੁਹੱਬਤ ਕਰੇਗੀ।"

12. ***ਜਿਨ੍ਹਾਂ ਦਿਲਾਂ ਵਿਚ ਗ਼ੈਜ਼ ਸਹਾਬਾ ਹੈਫ਼ ਤਿਨ੍ਹਾਂ ਈਮਾਨੇ***
***ਉਹ ਮਿਸਦਾਕ ਯੁਗ਼ੀਜ਼ੁ ਬੀ ਹੁਮ ਦੇ ਭਾਵੇਂ ਕਿਸੇ ਜ਼ਮਾਨੇ***(191)

ਸੂਰਤ ਫ਼ਤਹਿ ਦੀ ਆਇਤ ਵੱਲ ਇਸ਼ਾਰਾ ਹੈ।
**ਅਨੁਵਾਦ** :- (ਤਾਂ ਕਿ) ਉਨ੍ਹਾਂ ਕਰਕੇ ਕਾਫ਼ਰਾਂ ਤੇ ਗੁੱਸਾ ਆਏ ਜਿਹੜੇ ਲੋਕ ਦਿਲਾਂ ਵਿਚ ਸਹਾਬਾ ਕਰਾਮ (ਨੇਕ ਲੋਕਾਂ) ਪ੍ਰਤੀ ਗੁੱਸਾ ਰੱਖਦੇ ਹਨ, ਉਨ੍ਹਾਂ ਦੇ ਈਮਾਨ ਤੇ ਅਫ਼ਸੋਸ ਹੈ ਕਿਉਂਕਿ ਅਜਿਹੇ ਲੋਕ ਭਾਵੇਂ ਕਿਸੇ ਜ਼ਮਾਨੇ ਵਿਚ ਵੀ ਹੋਣ ਉਹ ਯੁਗ਼ੀਜ਼ੁ ਬੀ ਹੁਮ ਦੇ ਅਨੁਸਾਰ ਹਨ ਭਾਵ ਉਹ ਕਹਿਰ ਦੇ ਹੱਕਦਾਰ ਹਨ।"

13. ***ਨੂਰ ਸੁਬਹ ਵਿਚ ਸ਼ਬ ਦੇ ਦਾਮਨ ਜਾਂ ਖੁਲਣ ਪਰ ਆਇਆ***
***ਵਸ਼ੱਮਸੀ ਵਦੁੱਹਾਹਾ ਥੀਂ ਧਰ ਨਕਸ਼ ਅੱਖੀਂ ਵਿਚ ਲਾਇਆ***(192)

ਸੂਰਤ ਅਸ਼ੱਮਸ ਦੀ ਪਹਿਲੀ ਆਇਤ ਵੱਲ ਇਸ਼ਾਰਾ ਹੈ। ਵੱਸ਼ਮਸੁ ਵੱਦੁਹਾਹਾ ਸੂਰਜ ਦੀ ਅਤੇ ਦਿਨ ਦੀ ਕਸਮ ਜਦੋਂ ਸਵੇਰ ਦਾ ਨੂਰ ਪ੍ਰਗਟ ਹੋਣ ਤੇ ਆਇਆ ਵੱਸ਼ਮਸ ਦਾ ਨਕਸ਼ ਅੱਖਾਂ ਤੇ ਰੱਖਿਆ ਅਤੇ ਸਵੇਰ ਹੋ ਗਈ। ਭਾਵ ਦਿਨ ਚੜ੍ਹ ਗਿਆ।

14. ***ਪੜ੍ਹ ਆਇਤ ਵੱਸ਼ਮਸ ਨਸੀਬਾਂ ਖ਼ੁਾਬੇ ਸ਼ਕਲ ਦਿਖਾਈ***
***ਤੀਰ ਉਤਾਰਦ ਥੀਂ ਚਾ ਵਾਹੇ ਸੁੱਧ ਬੁੱਧ ਗ਼ਮਾਂ ਗਵਾਈ***(193)

ਨਸੀਬਾਂ ਨੇ ਆਇਤ ਵੱਸ਼ਮਸ ਪੜ੍ਹ ਕੇ ਖ਼ੁਸ਼ੀ ਪ੍ਰਾਪਤ ਕਰਕੇ ਸੁਪਨੇ ਵਿਚ ਆਪਣੀ ਸ਼ਕਲ ਵਿਖਾਈ। ਉਤਾਰਿਦ (ਬੁਧ-ਤਾਰਾ) ਤਾਰੇ ਰਾਹੀਂ ਤੀਰ ਮਾਰ ਕੇ ਗ਼ਮਾਂ ਦੀ ਸਮਝ ਬੁਝ ਗੁਆਚ ਦਿੱਤੀ।

15. ***ਅੱਵਲ ਆਖ਼ਿਰ ਜ਼ਾਹਿਰ ਬਾਤਿਨ ਆਪੇ ਸਭ ਕੁਝ ਜਾਣੇ***
***ਜਾਨ ਬਣੇ ਅਣਜਾਣ ਅਸਾਥੀਂ ਕਾਰ ਕਰੇ ਮਨ ਭਾਣੇ***(194)

ਕੁਰਆਨ ਪਾਕ ਵਿਚ ਆਇਆ ਹੈ
**ਅਨੁਵਾਦ** :- "ਉਹ ਸਭ ਤੋਂ ਪਹਿਲਾ, ਅੰਤਿਮ ਅਤੇ ਬਾਹਰ ਅਤੇ ਅੰਦਰ ਹੈ। ਉਹ ਹਰ ਚੀਜ਼ ਨੂੰ ਜਾਨਣ ਵਾਲਾ ਹੈ। ਰੱਬ ਦੀ ਜ਼ਾਤ ਪਹਿਲੀ, ਅੰਤਿਮ, ਬਾਹਰ, ਅੰਦਰ ਅਤੇ ਸਭ ਕੁਝ ਜਾਣਦੇ ਹੋਏ ਸਾਡੇ ਨਾਲ ਅਣਜਾਣ ਬਣਦਾ ਹੈ ਅਤੇ ਜੋ ਕੰਮ ਚਾਹੁੰਦਾ ਹੈ ਕਰਦਾ ਹੈ।"

(16) ***ਵਾਹ ਵਾ ਬਾਗ਼ ਜਿਹਦੇ ਵਿਚ ਵਸਦੇ ਗਏ ਬਹਿਸ਼ਤ ਕਿਨਾਰੇ***
***ਤੇ ਵਿਚ ਵਗਦੀਆਂ ਚਾਰੇ ਨਹਿਰਾਂ ਤਰਫ਼ ਮਜਦ ਵਲ ਚਾਰੇ***(195)

ਚਾਰ ਨਹਿਰਾਂ ਤੋਂ ਭਾਵ ਪਾਣੀ ਦੀ, ਦੁੱਧ ਦੀ, ਤਹੂਰਾ ਸ਼ਰਾਬ ਦੀ, ਸ਼ਹਿਦ ਦੀ ਨਹਿਰ ਜਿਵੇਂ ਕਿ ਸੂਰਤ ਮੁਹੰਮਦ ਆਇਤ 15 ਵਿਚ ਆਇਆ ਹੈ।

ਅਨੁਵਾਦ :- "ਇਸ ਵਿਚ ਪਾਣੀ ਦੀਆਂ ਨਹਿਰਾਂ ਹਨ ਜੋ ਗੰਧ ਨਹੀਂ ਦੇਵੇਗਾ ਅਤੇ ਦੁੱਧ ਦੀਆਂ ਨਹਿਰਾਂ ਹਨ ਜਿਸ ਦਾ ਸੁਆਦ ਨਹੀਂ ਬਦਲਦਾ। ਸ਼ਰਾਬ ਦੀਆਂ ਨਹਿਰਾਂ ਹਨ ਜਿਸ ਵਿਚ ਪੀਣ ਵਾਲਿਆਂ ਲਈ ਅਨੰਦ ਹੈ। ਸ਼ਹਿਦ ਦੀਆਂ ਨਹਿਰਾਂ ਹਨ ਜੋ ਬਹੁਤ ਸਾਫ਼ ਹਨ। ਇਹਨਾਂ ਚਾਰੇ ਨਹਿਰਾਂ ਦੀ ਹੱਦਬੰਦੀ ਕੀਤੀ ਹੋਈ ਹੈ।

*(17) ਕਲਬ ਸਲੀਮ ਗਿਆ ਲੈ ਜਿਹੜਾ ਵਿਚ ਉਸ ਦੇ ਦਰਬਾਰੇ*
*ਉਸ ਤੇ ਫ਼ਜ਼ਲ ਕਰਮ ਦੀਆਂ ਨਜ਼ਰਾਂ ਮਿਲਣ ਮਰਾਤਬ ਭਾਰੇ*(195)

ਸੂਰਤ ਸ਼ੋਅਰਾ ਵੱਲ ਇਸ਼ਾਰਾ ਹੈ

ਅਨੁਵਾਦ :- "ਜਿਸ ਦਿਨ ਨਾ ਮਾਲ ਅਤੇ ਨਾ ਪੁੱਤਰ ਕੋਈ ਲਾਭ ਦੇਣਗੇ ਇਲਾਵਾ ਉਸ ਤੋਂ ਜੋ ਅੱਲ੍ਹਾ ਦੇ ਦਰਬਾਰ ਵਿਚ ਕਲਬ-ਏ-ਸਲੀਮ ਲੈ ਗਿਆ ਉਸ ਵੱਲ ਰਹਿਮਤ ਅਤੇ ਬਖ਼ਸ਼ਿਸ਼ ਦੀਆਂ ਨਜ਼ਰਾਂ ਹੋਣਗੀਆਂ ਅਤੇ ਉਸ ਨੂੰ ਉੱਚੀਆਂ ਪਦਵੀਆਂ ਮਿਲਣਗੀਆਂ।

*(18) ਯਾ ਫ਼ੀ ਅਨਫ਼ੋਸੀਕੁਮ ਦੀ ਰਮਜ਼ੋਂ ਤੈਂ ਵੱਲ ਕਰਨ ਇਸ਼ਾਰਾ*
*ਯਾ ਹੈਂ ਹਾਲ ਮੁਨਤਜ਼ਿਰਾ ਦੇ ਦਿਲ ਦਾ ਦਰਦ ਅੰਗਾਰਾ*(197)

ਕੁਰਆਨ ਮਜੀਦ ਵਿਚ ਆਉਂਦਾ ਹੈ

ਅਨੁਵਾਦ :- "ਅਤੇ ਯਕੀਨ ਕਰਨ ਵਾਲਿਆਂ ਲਈ ਧਰਤੀ ਤੇ ਬਹੁਤ ਸਾਰੀਆਂ ਨਿਸ਼ਾਨੀਆਂ ਮੌਜੂਦ ਹਨ ਅਤੇ ਖ਼ੁਦ ਤੁਹਾਡੇ ਵਜੂਦ ਵਿਚ ਵੀ ਕੀ ਤੁਸੀਂ ਵੇਖੀਆਂ ਨਹੀਂ। ਜਾਂ ਤੇਰੇ ਵਜੂਦ ਦੀਆਂ ਨਿਸ਼ਾਨੀਆਂ ਤੇਰੇ ਵੱਲ ਇਸ਼ਾਰਾ ਕਰਦੀਆਂ ਹਨ ਜਾਂ ਤਾਂ ਇੰਤਜ਼ਾਰ ਕਰਨ ਵਾਲੇ ਦੀ ਹਾਲਤ ਦੇ ਦਿਲ ਦੇ ਦਰਦ ਦਾ ਅੰਗਾਰਾ ਹਨ।"

ਮੂਸਾ (ਅਲੈ.) ਦੀ ਤੂਰ ਪਹਾੜ ਵਾਲੀ ਘਟਨਾ ਅਤੇ ਉਸ ਦੀ ਤਲਮੀਹਾਤ (ਧਾਰਮਿਕ ਜਾਂ ਇਤਿਹਾਸਕ ਘਟਨਾਵਾਂ ਵੱਲ ਇਸ਼ਾਰੇ) ਦਾ ਮੌਲਵੀ ਸਾਹਿਬ ਨੇ ਕਈ ਥਾਵਾਂ ਤੇ ਵਰਨਣ ਕੀਤਾ ਹੈ। ਅਸੀਂ ਉਨ੍ਹਾਂ ਵਿਚੋਂ ਕੁੱਝ ਸ਼ਿਅਰ ਨਕਲ ਕਰਕੇ ਸਬੰਧਿਤ ਆਇਤ ਦਾ ਹਵਾਲਾ ਦੇ ਕੇ ਰੌਸ਼ਨੀ ਪਾਉਂਦੇ ਹਾਂ।

*(19) ਤੇ ਮਜਰੂਹ ਫ਼ਿਰਾਕ ਪਲਕ ਵਿਚ ਦੇਖ ਤੜਫ਼ਦਾ ਮਰਦਾ*
*ਅਰੀਨੀ ਅਨਜ਼ੁਰ ਦੀ ਤਕਰਾਰੋਂ ਰਿਸਦਾ ਜ਼ਖ਼ਮ ਜਿਗਰ ਦਾ*(198)

*(20) ਤੂਰ ਉੱਜ਼ਾਮ ਸਦੂਰ ਜਹਾਨਾਂ ਕਲਬ ਕਲੀਮ ਜਿਹਨਾਂ ਦੇ*
*ਅਰੀਨੀ ਅਨਜ਼ੁਰ ਦੇ ਵਿਚ ਨਸ਼ਿਆਂ ਮਹਿਣ ਦੋ ਨੈਣ ਤਿਨਹਾਂ ਦੇ*(199)

*(21) ਚਮਕਿਆ ਤੂਰ ਕਰਮ ਥੀਂ ਸ਼ੋਅਲਾ ਜਜ਼ਵੀ ਤਲਬ ਸਧਾਈ*
*ਰੱਬੀ ਅਰੀਨੀ ਦੀ ਲੂੰ ਲੂੰ ਥੀਂ ਲਾਟ ਬਲੇਂਦੀ ਪਾਈ*(200)

*(22) ਚਾ ਪਰਦਾ ਜੇ ਝਾਤ ਵਗਾਵੇਂ ਪੱਥਰ ਨੂੰ ਅੱਗ ਲਾਵੇਂ*
*ਤੇ ਹਰ ਬਰਗੋਂ ਲਾਟ ਛੁੜਾਵੇਂ ਲੱਖ ਲੱਖ ਤੂਰ ਜਲਾਵੇਂ*(201)

*(23) ਮੈਂ ਸੁਣਿਆ ਦਰਮਾਨ ਦੁੱਖਾਂ ਦਾ ਆਸ ਸੁੱਖਾਂ ਦੀ ਧਰਨੀ*
*ਖੜਾ ਕਲੀਮ ਪੁਕਾਰੇ ਅਰਨੀ ਤੂਰ ਨਹੀਂ ਸੱਟ ਜਰਨੀ*(202)

ਇਨ੍ਹਾਂ ਸ਼ਿਅਰਾਂ ਵਿਚ ਸੂਰਤ 'ਇਅਰਾਫ਼' ਦੀ ਇਸ ਆਇਤ ਦੇ ਵੱਲ ਇਸ਼ਾਰਾ ਹੈ।

ਅਨੁਵਾਦ :- "ਜਦੋਂ ਮੂਸਾ (ਅਲੈ.) ਨਿਰਧਾਰਤ ਸਮੇਂ ਤੇ ਆਏ ਤਾਂ ਉਸ ਦੇ ਰੱਬ ਨੇ ਉਨ੍ਹਾਂ



ਨਾਲ ਕਲਾਮ (ਗੱਲ) ਕੀਤੀ। ਮੂਸਾ (ਅਲੈ.) ਨੇ ਕਿਹਾ-ਹੇ ਮੇਰੇ ਰੱਬ! ਮੈਨੂੰ ਆਪਣਾ ਦੀਦਾਰ (ਦਰਸ਼ਨ) ਕਰਵਾ ਤਾਂ ਕਿ ਮੈਂ ਤੁਹਾਨੂੰ ਇਕ ਨਜ਼ਰ ਦੇਖ ਲਵਾਂ। ਅੱਲ੍ਹਾ ਨੇ ਕਿਹਾ ਤੂੰ ਮੈਨੂੰ ਨਹੀਂ ਦੇਖ ਸਕਦਾ। ਪਰ ਤੂੰ ਇਸ ਪਹਾੜ ਵੱਲ ਦੇਖ ਜੇਕਰ ਉਹ ਪਹਾੜ ਆਪਣੀ ਥਾਂ ਸਥਿਰ ਰਿਹਾ ਤਾਂ ਤੂੰ ਮੈਨੂੰ ਵੇਖ ਸਕੇਗਾ। ਫਿਰ ਜਦੋਂ ਉਸ ਦੇ ਰੱਬ ਨੇ ਪਹਾੜ ਤੇ ਜਲਵਾ ਪ੍ਰਗਟਾਇਆ ਤਾਂ ਉਹ ਪਹਾੜ ਟੁਕੜੇ ਟੁਕੜੇ ਹੋ ਗਿਆ ਅਤੇ ਮੂਸਾ (ਅਲੈ.) ਬੇਹੋਸ਼ ਹੋ ਕੇ ਹੇਠਾਂ ਗਿਰ ਗਏ।"

ਵਿਛੋੜੇ ਦਾ ਜ਼ਖ਼ਮੀਪਲ ਵਿਚ ਤੜਪਦਾ ਹੋਇਆ ਮਰ ਜਾਂਦਾ ਹੈ ਅਤੇ ਮੈਨੂੰ ਦਿਖਾ ਕਿ ਮੈਂ ਤੈਨੂੰ ਵੇਖਣ ਦੀ ਬਹਿਸ ਦੇ ਕਾਰਨ ਜਿਗਰ ਦਾ ਜ਼ਖ਼ਮ ਰਿਸਣਾ ਸ਼ੁਰੂ ਹੋ ਜਾਂਦਾ ਹੈ।

ਜਿਨ੍ਹਾਂ ਦੇ ਨਫ਼ਸ ਸੰਤੁਸ਼ਟ ਅਤੇ ਕਲਬ (ਦਿਲ) ਕਲੀਮ ਹਨ ਉਨ੍ਹਾਂ ਦੀਆਂ ਦੋਵੇਂ ਅੱਖਾਂ ਰੱਬ ਦੀ ਪਹਿਚਾਣ ਦੇ ਨਸ਼ੇ ਵਿਚ ਲੀਨ ਰਹਿੰਦੀਆਂ ਹਨ। ਇਸ ਸ਼ਿਅਰ ਵਿਚ ਇਕ ਸ਼ਬਦ ਜਜ਼ਵੀ ਆਇਆ ਹੈ ਜੋ ਸੂਰਤ 'ਅਲ ਕਸਸ' ਦੀ ਇਸ ਆਇਤ ਦੀ ਨਿਸ਼ਾਨਦੇਹੀ ਕਰਦੀ ਹੈ।

ਅਨੁਵਾਦ :- "ਮੈਂ ਉਧਰੋਂ ਕੋਈ ਖ਼ਬਰ ਲਿਆਵਾਂ ਜਾਂ ਅੱਗ ਦਾ ਅੰਗਾਰਾ ਲਿਆਵਾਂ ਤਾਂ ਕਿ ਤੁਸੀਂ ਸੇਕ ਸਕੋਂ।"

ਤੂਰ ਪਹਾੜ ਅੱਲ੍ਹਾ ਤਆਲਾ ਦੀ ਰਹਿਮਤ ਨਾਲ ਸ਼ੋਅਲੇ ਵਾਂਗ ਚਮਕ ਉੱਠਿਆ ਅਤੇ ਚੰਗਿਆੜੀ ਦੀ ਇੱਛਾ ਖ਼ਤਮ ਹੋ ਗਈ ਅਤੇ ਰੱਬੀ ਅਰੀਨੀ ਦਾ ਹਰੇਕ ਰੋਂਗਟੇ ਵਿਚ ਅੰਗਾਰਾ ਭੜਕਣ ਲੱਗਿਆ।

ਜੇਕਰ ਪਰਦਾ ਉਠਾ ਕੇ ਝਾਤ ਮਾਰੋ ਤਾਂ ਪੱਥਰ ਨੂੰ ਅੱਗ ਲਾ ਦੇਵੋ ਅਤੇ ਹਰੇਕ ਪੱਤੇ 'ਚੋਂ ਸ਼ੋਅਲੇ ਨਿਕਲਣੇ ਸ਼ੁਰੂ ਹੋ ਜਾਣਗੇ ਅਤੇ ਲੱਖ ਲੱਖ ਤੌਰ ਤੇ ਜਲ ਜਾਣ। ਪੱਥਰ ਅਤੇ ਤੂਰ ਤੋਂ ਭਾਵ ਤੂਰ ਪਹਾੜ ਹੈ। ਜ਼ੁਲੈਖ਼ਾ ਕਹਿੰਦੀ ਹੈ ਕਿ ਮੈਂ ਸੁਣਿਆ ਹੈ ਕਿ ਦੁੱਖਾਂ ਦਾ ਇਲਾਜ ਸੁੱਖਾਂ ਦੀ ਉਮੀਦ ਰਖਣੀ ਭਾਵ ਸੁੱਖਾਂ ਦੀ ਉਮੀਦ ਤੇ ਦੁੱਖ ਗੁਜ਼ਰ ਜਾਂਦੇ ਹਨ। ਪ੍ਰੰਤੂ ਮੂਸਾ (ਅਲੈ.) ਖੜੇ ਹੋ ਕੇ ਅਵਾਜ਼ ਦੇ ਰਹੇ ਹਨ ਕਿ ਤੂਰ ਨੇ ਸੱਟ ਬਰਦਾਸ਼ਤ ਨਹੀਂ ਕਰਨੀ ਭਾਵ ਮੇਰਾ ਸਰੀਰ ਦੁੱਖਾਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ। ਕੁਰਆਨੀ ਆਇਤਾਂ ਦਾ ਇਹ ਸਿਲਸਿਲਾ ਕਾਫ਼ੀ ਵਿਸ਼ਾਲ ਹੈ। ਮੌਲਵੀ ਸਾਹਿਬ ਆਪਣੇ ਇਕ ਜਿਗਰੀ ਦੋਸਤ ਨੂੰ ਇਕ ਚਿੱਠੀ ਵਿਚ ਲਿਖਦੇ ਹਨ :

*ਸੀਨੇ ਤਿਨ੍ਹਾਂ ਦੇ ਆਬ-ਏ-ਹਯਾਤ ਰਿਸਦਾ ਦਿਲ ਜਿਨ੍ਹਾਂ ਦਾ ਨੂਰ ਇਰਫ਼ਾਨ ਦਾ ਏ*
*ਤੁਰਦੀ ਠਾਠ ਜਮਾਲ ਜਲਾਲ ਦੀ ਤੇ ਹਰ ਆਨ ਮੁਸ਼ਾਹਿਦਾ ਫ਼ਾਨ ਦਾ ਏ*(203)

ਕੁਰਆਨ ਹਕੀਮ ਵਿਚ ਫਰਮਾਇਆ :-

ਅਨੁਵਾਦ :- "ਹਰੇਕ ਚੀਜ਼ ਜੋ ਇਸ ਧਰਤੀ ਤੇ ਹੈ ਸਭ ਨਾਸ਼ਵਾਨ ਹੈ, ਕੇਵਲ ਤੇਰੇ ਰੱਬ ਦੀ ਜ਼ਾਤ ਜੋ ਵਡਿਆਈ ਤੇ ਇੱਜ਼ਤ ਵਾਲੀ ਹੈ ਬਾਕੀ ਰਹਿਣ ਵਾਲੀ ਹੈ।"

ਜਮਾਲ-ਏ-ਇਲਾਹੀ ਅਤੇ ਜਲਾਲ-ਏ-ਇਲਾਹੀ ਦੀ ਸ਼ਾਨੋ ਸ਼ੌਕਤ ਤੇ ਹਰ ਵੇਲੇ ਮਿਟ ਜਾਣ ਦੀ ਅਵਸਥਾ ਛਾਈ ਰਹਿੰਦੀ ਹੈ। ਜਿਨ੍ਹਾਂ ਦੇ ਦਿਲ ਵਿਚ ਇਰਫ਼ਾਨ ਦਾ ਨੂਰ ਹੈ, ਉਨ੍ਹਾਂ ਦੇ ਸੀਨੇ ਵਿਚ ਅੰਮ੍ਰਿਤ (ਆਬ-ਏ-ਹਯਾਤ) ਟਪਕਦਾ ਹੈ ਦੂਜੇ ਸ਼ਿਅਰ ਵਿਚ ਲਿਖਦੇ ਹਨ

*ਰਵਾਂ ਇਕ ਨਿਸ਼ਾਨ ਦੀ ਬਾਂਦੜੀ ਏ ਇਹ ਵਹਿਮ ਗੁਮਾਨ ਨਾਦਾਨ ਏ*
*ਕੁੱਲੂ ਸ਼ੈਈਇਨ ਹਾਲੀਕੁਨ ਬਾਕੀ ਇਕ ਮਾਲਿਕ ਨਿਗਹਬਾਨ ਤੁਮਾਮ ਜਹਾਨ ਦਾ ਏ*(204)

ਕੁਰਆਨ ਪਾਕ ਦੀ ਇਸ ਆਇਤ ਵੱਲ ਇਸ਼ਾਰਾ ਹੈ।

**ਅਨੁਵਾਦ** :- "ਉਸ ਦੀ ਜ਼ਾਤ ਦੇ ਇਲਾਵਾ ਹਰੇਕ ਚੀਜ਼ ਨਾਸ਼ਵਾਨ ਹੈ। ਉਸੇ ਦਾ ਹੁਕਮ ਹੈ ਅਤੇ ਤੁਸੀਂ ਉਸ ਵੱਲ ਹੀ ਪਰਤਾਏ ਜਾਓਗੇ।" ਨਾ ਸਮਝ ਦਾ ਇਹ ਵਹਿਮ ਭਰਮ ਹੈ ਕਿ ਆਤਮਾ ਇਕ ਨਕਸ਼ ਦੀ ਸੇਵਕਾ ਹੈ। ਹਰੇਕ ਚੀਜ਼ ਨਸ਼ਟ ਹੋਣ ਵਾਲੀ ਹੈ, ਕੇਵਲ ਇਕ ਸਾਰੇ ਸੰਸਾਰ ਦਾ ਮਾਲਕ ਅਤੇ ਰਖਵਾਲਾ ਸਦਾ ਰਹੇਗਾ।

ਸ਼ਿਅਰਾਂ ਵਿਚ ਠੀਕ ਤੌਰ ਤੇ ਕੁਰਆਨੀ ਆਇਤਾਂ ਵੱਲ ਇਸ਼ਾਰੇ ਕਰਦੇ ਜਾਂਦੇ ਹਨ ਅਤੇ ਉਪਦੇਸ਼ ਦੇਣ ਦੀ ਜ਼ਿੰਮੇਦਾਰੀ ਵੀ ਨਿਭਾਉਂਦੇ ਜਾਂਦੇ ਹਨ।

*ਨਾ ਸੈਂ ਸ਼ੈਅ ਮਜ਼ਕੂਰ ਕਦਾਈਂ ਅੰਦਰ ਵਕਤ ਵਹਾਏ*
*.ਫ਼ੈਜ਼ ਵਜੂਦ ਅਦਮ ਤੇ ਚਮਕਿਆ ਖੋਲੇ ਰਾਜ ਛੁਪਾਏ*(205)

ਇਹ ਸੂਰਤ 'ਦਹਿਰ' ਦੀ ਪਹਿਲੀ ਆਇਤ ਦਾ ਅਨੁਵਾਦ ਹੈ। (ਕੀ ਮਨੁੱਖ ਤੇ ਅਜਿਹਾ ਸਮਾਂ ਨਹੀਂ ਆ ਚੁੱਕਿਆ ਜਦੋਂ ਇਹ ਕੋਈ ਵਰਨਣਯੋਗ ਸੀ ਹੀ ਨਹੀਂ) ਹੁਣ ਸ਼ਿਅਰ ਦੀ ਉਰਦੂ ਵਿਆਖਿਆ ਪੜ੍ਹੋ ਮਨੁੱਖ ਆਪਣੇ ਅਸਲੀ ਉਦਗਮ ਸਥਾਨ ਤੋਂ ਵਿਛੜ ਕੇ ਭਾਰੀ ਬੋਝ ਉਠਾਉਂਦਾ ਹੈ ਅਤੇ ਅਲਸਤੂ ਬੀਰੱਬੀਕੁਮ ਦੇ ਜਵਾਬ ਵਿਚ ਦਾ ਵਾਅਦਾ ਕਰਦਾ ਹੈ ਅਤੇ ਫੇਰ ਇੱਥੇ ਆ ਕੇ ਉਸ ਨੂੰ ਭੁਲਾਉਂਦਾ ਹੈ ਪ੍ਰੰਤੂ ਅੱਲ੍ਹਾ ਵਾਲੇ ਇਸ ਵਿਛੋੜੇ ਵਿਚ ਵੀ ਉਸ ਵਾਅਦੇ ਨੂੰ ਯਾਦ ਰੱਖਦੇ ਹਨ ਅਤੇ ਸੱਚਾਈ ਦੇ ਮਿਲਾਪ ਲਈ ਉਤਸੁਕ ਰਹਿੰਦੇ ਹਨ।

ਇਸ ਤੋਂ ਬਾਅਦ ਸੱਤ ਸ਼ਿਅਰ ਹਕੀਕਤਾਂ ਅਤੇ ਮਆਰਫ਼ਤ ਤੇ ਅਧਾਰਤ ਹਨ ਫੇਰ ਅੱਠਵੇਂ ਸ਼ਿਅਰ ਵਿਚ ਮੌਲਵੀ ਸਾਾਹਿਬ (ਰਹਿ.) ਇਸ ਵਾਅਦੇ ਵੱਲ ਮੁੜਦੇ ਹਨ।

*ਐ .ਗ਼ਦਾਰ ਨਾ ਹਾਰ ਇਕਰਾਰੋਂ ਅੰਤ ਪਿੱਛੋਂ ਹੱਥ ਮਲਣਾ*
*ਕਿਤ ਵਲ ਚਲਿਉਂ ਕਿਧਰ ਚੱਲਣਾ ਕਿਸ ਸੰਗਤ ਵਿਚ ਰਲਣਾ*(206)

ਹੁਣ ਜ਼ਲੂਮ-ਓ-ਜਹੂਲ ਦੀ ਵਿਆਖਿਆ ਮੌਲਵੀ ਸਾਹਿਬ (ਰਹਿ.) ਇਸ ਤਰ੍ਹਾਂ ਕਰਦੇ ਹਨ।

*ਜ਼ਾਲਿਮ ਜਾਹਿਲ ਜੇ ਨਾ ਹਿੰਦੋਂ ਨਾ ਪੌਂਦੋਂ ਵਿਚਕਾਰੇ*
*ਇਹ ਹੈ ਮਦਹ ਮਜ਼ੱਮਤ ਨਾਹੀਂ ਇਸ ਵਿਚ ਨਾਜ਼ ਇਸ਼ਾਰੇ*
*ਜ਼ੁਲਮ ਕਮਾ ਸਰ ਨ.ਫ਼ਸ ਅਮਾਰੇ ਲੋਮ ਨਾ ਰਹਿਸੀ ਮੂਲੇ*
*ਬਅਦ ਵਸੂਲ ਇਲਹਾਮ ਅਚਾਨਕ ਇਤਮਿਨਾਨ ਕਬੂਲੇ*(207)

ਇਹੀ ਬਹੁਤ ਸਾਰੇ ਸ਼ਿਅਰ ਹਨ ਜਿਨ੍ਹਾਂ ਦਾ ਸੰਖੇਪ ਸਾਰ ਇਹ ਹੈ ਕਿ ਜ਼ਮੀਨ ਅਤੇ ਅਸਮਾਨ ਅਮਾਨਤ ਦਾ ਬੋਝ ਉਠਾਉਣ ਤੋਂ ਤੰਗ ਆ ਗਏ। ਅੰਤ ਜ਼ਾਲਿਮ ਅਤੇ ਜਾਹਿਲ ਇਨਸਾਨ ਨੇ ਉਠਾਇਆ ਹੁਣ ਇਹ ਵਾਅਦਾ ਕਿਉਂ ਤੋੜਦਾ ਹੈ। ਹੇ .ਗ਼ਦਾਰ ਇਨਸਾਨ ਵਾਅਦਾ ਨਾ ਤੋੜ ਨਹੀਂ ਤਾਂ ਪਛਤਾਉਣਾ ਪਵੇਗਾ। ਤੂੰ ਕਿੱਧਰ ਜਾ ਰਿਹਾ ਹੈਂ ? ਕਿੱਧਰ ਜਾਣਾ ਚਾਹੀਦਾ ਸੀ ? ਕਿਸ ਵਰਗ ਵਿਚ ਸ਼ਾਮਲ ਹੋਣਾ ਸੀ ? ਜੇਕਰ ਤੂੰ ਜ਼ਾਲਿਮ ਅਤੇ ਜਾਹਿਲ ਨਾ ਹੁੰਦਾ ਤਾਂ ਇਸ ਅਮਲ ਅਤੇ ਕੋਸ਼ਿਸ਼ ਦੀ ਦੁਨੀਆ ਵਿਚ ਨਾ ਆਉਂਦਾ। ਇਹ ਤਾਂ ਤੇਰੀ ਪ੍ਰਸ਼ੰਸਾ ਹੈ, ਨਿਖੇਧੀ ਨਹੀਂ। ਇਸ ਵਿਚ ਕਈ ਨਾਜ਼ ਅਤੇ ਇਸ਼ਾਰੇ ਹਨ।



**ਸ਼ਰਹ ਜ਼ਲੂਮ** (ਜ਼ਲੂਮ ਦੀ ਵਿਆਖਿਆ)

ਨਫ਼ਸ-ਏ-ਅਮਾਰਾ ਤੇ ਜ਼ੁਲਮ ਕਰ, ਆਲਸੀ ਦੀ ਨੀਂਦ ਖ਼ਤਮ ਹੋ ਜਾਵੇਗੀ। ਰੱਬੀ ਅਕਾਸ਼ਵਾਣੀ ਨਾਲ ਸਰਫ਼ਰਾਜ਼ ਹੋ ਕੇ ਸੰਤੁਸ਼ਟੀ ਪ੍ਰਾਪਤ ਕਰ ਲਵੇਗਾ।

**ਸ਼ਰਹ ਜਹੂਲ (ਜਹੂਲ ਦੀ ਵਿਆਖਿਆ)** :- ਇਸ ਨਾਸ਼ਵਾਨ ਸੰਸਾਰ ਨਾਲ ਜਾਹਿਲ ਹੋਣਾ ਜ਼ਰੂਰੀ ਹੈ ਜਦੋਂ ਤਕ ਇਸ ਭੇਦ ਨੂੰ ਪ੍ਰਾਪਤ ਨਹੀਂ ਕਰ ਲਵੇਗਾ। ਖ਼ੁਦੀ ਨੂੰ ਨਹੀਂ ਤਿਆਗੇਂਗਾ ਅਤੇ ਆਪਣੇ ਅੰਦਰ ਦੀ ਆਤਮਿਕ ਦੁਨੀਆ ਤੋਂ ਬੇਖ਼ਬਰ ਰਹੇਗਾ।

*ਲਾਜ਼ਿਮ ਜੁਹਲ .ਫ਼ਨਾਂ ਨੂੰ ਆਇਆ ਜਾਂ ਇਹ ਪਾਵੇਂ ਨਾਹੀਂ*
*ਸਭ ਪਰਵਾਜ਼ ਤੇਰਾ ਵਿਚ ਤੇਰੇ ਖ਼ੁਦੀਉਂ ਜਾਵੇਂ ਨਾਹੀਂ*(208)

**ਮਜ਼ਾਕ-ਏ-ਸਲੀਮ** :- (ਨੇਕ ਦਿਲ/ਹਲੀਮੀ)

ਸੱਚਾਈ ਦੇ ਭੇਦ ਨੂੰ ਸਮਝਣ ਲਈ ਕਿਤਾਬੀ ਗਿਆਨ ਕਾਫ਼ੀ ਨਹੀਂ। ਇਸ ਦੇ ਲਈ ਸੁਭਾਵਿਕ ਤੌਰ ਤੇ ਸ਼ੌਕ ਨੂੰ ਸਮਝਣ ਦੀ ਲੋੜ ਹੈ। ਇਸ ਨੁਕਤੇ ਨੂੰ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) 'ਅਹਸਨੁਲ ਕਸਸ' ਵਿਚ ਵਧੀਆ ਉਦਾਹਰਣ ਦੇ ਕੇ ਸਮਝਾਉਂਦੇ ਹਨ :

*ਜਿਨ੍ਹਾਂ ਮਜ਼ਾਕ ਸਲੀਮ ਪਛਾਨਣ ਖ਼ੁਦ ਸ਼ੀਰੀਨੀ ਕੰਦੋਂ*
*ਸ.ਫ਼ਰਾਈਆਂ ਹਰ ਤਲਖ਼ੀ ਜਾਪੇ, ਹੋਣ ਖ਼ਲਾਸ ਨਾ ਬੰਦੋਂ।*

*****

## ਸ਼ਾਇਰੀ ਦੇ ਹਵਾਲੇ ਨਾਲ ਬਾਰਾਂਮਾਹ ਦੀਆਂ ਵਿਸ਼ੇਸ਼ਤਾਵਾਂ

ਬਾਰਾਂਮਾਹ ਲਿਖਣ ਦੀ ਪਰੰਪਰਾ ਪੰਜਾਬੀ ਸ਼ਾਇਰੀ ਵਿਚ ਆਮ ਰਹੀ ਹੈ। ਪੁਰਾਤਨ ਪੰਜਾਬੀ ਕਵੀਆਂ ਵਿਚੋਂ ਲਗ ਭਗ ਬਹੁਤਿਆਂ ਨੇ ਇਸ ਵਿਸ਼ੇ ਤੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਆਮ ਕਵੀਆਂ ਨੇ ਹਰੇਕ ਮਹੀਨੇ ਤੇ ਚਾਰ ਚਾਰ ਤੁਕਾਂ ਲਿਖੀਆਂ ਹਨ ਪ੍ਰੰਤੂ ਸ਼ਾਇਰੀ ਦੇ ਇਮਾਮ (ਪੇਸ਼ਵਾ) ਮੌਲਵੀ ਸਾਹਿਬ (ਰਹਿ.) ਕਿਸੇ ਦੇ ਪੈਰੋਕਾਰ ਨਹੀਂ। ਮੌਲਵੀ ਸਾਹਿਬ ਨੇ ਹਰੇਕ ਮਹੀਨੇ ਵਿਚ ਛੇ, ਚੇਤ ਵਿਚ ਅੱਠ ਅਤੇ ਫੱਗਣ ਵਿਚ ਵੀਹ ਤੁਕਾਂ ਲਿਖੀਆਂ ਹਨ ਹੁਣ ਤੁਸੀਂ ਮੌਲਵੀ ਸਾਹਿਬ ਦੇ ਬਾਰਾਮਾਹ ਦਾ ਨਮੂਨਾ ਵੇਖੋ। ਮੌਲਵੀ ਗੁਲਾਮ ਰਸੂਲ ਜ਼ੁਲੈਖ਼ਾ ਦੀ ਤਰਜਮਾਨੀ ਕਰ ਰਹੇ ਹਨ।

ਮਾਹ ਪੋਹ

*ਪੋਹ ਮਹੀਨਾ ਠੰਡਾ ਚੜ੍ਹਿਆ ਜਿਗਰ ਵਧੇਰੇ ਸੜਿਆ*
*ਲੰਮੀ ਰਾਤ ਫ਼ਿਰਾਕਾਂ ਵਾਲੀ ਯਾਰ ਨਾ ਮੁੜ ਘਰ ਵੜਿਆ*
*ਘਰ ਮੇਰੇ ਤੂੰ ਪੈਰ ਨਾ ਪਾਵੇਂ ਦੇਖ ਦੁੱਖਾਂ ਦੀਆਂ ਆਹਾਂ*
*ਇਹ ਆਖ਼ਰ ਦੁੱਖ ਲਾਏ ਤੂੰ ਹੀ ਹੁਣ ਕਿਉਂ ਹਟੇਂ ਪਿਛਾਹਾਂ*
*ਵੈਦ ਤੂੰ ਹੀ ਦੁੱਖ ਤੇਰਾ ਮੈਨੂੰ ਮੈਂ ਤੇਰੀ ਤੂੰ ਮੇਰਾ*
*ਤੂੰ ਹੀ ਦੌਲਤ ਤੂੰ ਹੀ ਮਾਲਕ ਤੂੰ ਹੀ ਆਪ ਲੁਟੇਰਾ*

ਬਾਰਾਂਮਾਹ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੁੰਦੀ ਹੈ ਕਿ ਇਸ ਵਿਚ ਮਹੀਨੇ ਨਾਲ ਸਬੰਧਿਤ ਵਿਚਾਰ ਪ੍ਰਗਟਾਏ ਜਾਣ ਕਿਉਂਕਿ ਜੇਕਰ ਇਹ ਗੱਲ ਨਾ ਹੋਵੇ ਤਾਂ ਬਾਰਾਂਮਾਹ ਅਤੇ ਸੀ ਹਰਫ਼ੀ ਵਿਚ ਕੋਈ ਅੰਤਰ ਨਹੀਂ ਰਹਿੰਦਾ। ਸੀਹਰਫ਼ੀ ਵਿਚ ਬਿਨਾਂ ਕਿਸੇ ਮੌਸਮ ਦੀ ਪਾਬੰਦੀ ਦੇ ਵਿਛੋੜੇ ਦਾ ਵਰਨਣ ਕੀਤਾ ਜਾਂਦਾ ਹੈ। ਮੌਲਵੀ ਗ਼ੁਲਾਮ ਰਸੂਲ ਨੇ ਪਹਿਲੀ ਹੀ ਤੁਕ ਵਿਚ 'ਪੋਹ ਮਹੀਨਾ ਠੰਡਾ ਚੜ੍ਹਿਆ' ਕਹਿ ਕੇ ਇਸ ਦੇ ਨਾਲ ਜਿਗਰ ਵਧੇਰੇ ਸੜਿਆ ਲਗਾਇਆ ਹੈ ਜਿਸ ਨਾਲ ਤੁਕ ਵਿਚ ਦੋ ਖ਼ੂਬੀਆਂ ਪੈਦਾ ਹੋ ਗਈਆਂ ਹਨ।

(1) ਪੋਹ ਮਹੀਨਾ ਠੰਢ ਨਾਲ ਸਬੰਧਿਤ

(2) ਠੰਡਾ ਅਤੇ ਸੜਿਆ ਵਿਚ ਸਨਅਤ-ਏ-ਤਜ਼ਾਦ ਹੈ

ਮੌਲਵੀ ਸਾਹਿਬ (ਰਹਿ.) ਦੀਆਂ ਤੁਕਾਂ ਨੂੰ ਵੇਖੀਏ ਤਾਂ ਕਹਿਣਾ ਪਵੇਗਾ ਕਿ ਦੁੱਖ, ਦਰਦ ਦਾ ਵਿਸ਼ਾ ਤਾਂ ਉਨ੍ਹਾਂ ਦੀ ਜਾਗੀਰ ਹੈ। ਇਸ ਵਿਸ਼ੇ ਤੇ ਕੋਈ ਕਵੀ ਉਨ੍ਹਾਂ ਤੋਂ ਅੱਗੇ ਨਹੀਂ ਲੰਘ ਸਕਿਆ। ਜਿਗਰ ਵਧੇਰੇ ਸੜਿਆ ਲੰਮੀ ਰਾਤ ਫਿਰਾਕਾਂ ਵਾਲੀ ਦੇਖ ਦੁੱਖਾਂ ਦੀਆਂ ਆਹਾਂ ਇਹ ਆਖ਼ਰ ਦੁੱਖ ਲਾਏ ਤੂੰ ਹੀ ਤੂੰ ਹੀ ਆਪ ਲੁਟੇਰਾ। ਗ਼ਮ ਅਤੇ ਵਿਛੋੜੇ ਦੇ ਅੰਗਾਰੇ



ਹਨ ਜੋ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਸੀਨੇ ਚੋਂ ਉੱਠਦੇ ਹੋਏ ਮਹਿਸੂਸ ਹੁੰਦੇ ਹਨ।

ਮਾਹ ਭਾਦੋਂ

*ਭਾਦੋਂ ਭਾ ਮੇਰੇ ਦੁੱਖ ਭਾਰੇ ਤਪੇ ਦਿਮਾਗ ਬੁਖ਼ਾਰੋਂ*
*ਰੁਏ ਜ਼ਮੀਂ ਦਾ ਤਖ਼ਤਾ ਗਲਿਆ ਮੇਰੀ ਗਿਰੀਯਾ ਜ਼ਾਰੋਂ*
*ਰੋਵਣ ਦਾ ਵਰਤਾਰਾ ਮੇਰਾ ਨੈਣ ਵਸਾਵਣ ਝੜੀਆਂ*
*ਮਿਲ ਯਾਰਾ ਮੈਂ ਤੇਰੇ ਬਾਝੋਂ ਸਖ਼ਤੀਆਂ ਪਾਈਆਂ ਬੜੀਆਂ*
*ਹਾਲ ਮੇਰੇ ਦੀ ਮੁਸ਼ਕਿਲ ਭਾਰੀ ਦੇਖ ਕਦੀ ਇਕ ਵਾਰੀ*
*ਖ਼ੁਸ਼ ਇਕਬਾਲ ਉਹਾ ਜਿਸ ਤੇਰੇ ਜਾਨ ਕਦਮ ਪਰ ਵਾਰੀ*

ਆਪ ਜੀ ਪਹਿਲਾਂ ਦੁੱਖਾਂ ਦੇ ਭਾਰ ਬਾਰੇ ਦੱਸਦੇ ਹਨ ਫੇਰ ਇਨਾਂ ਦੁੱਖਾਂ ਕਾਰਨ ਜੋ ਪ੍ਰਭਾਵ ਦਿਮਾਗ਼ ਤੇ ਪੈਂਦਾ ਹੈ ਉਸ ਬਾਰੇ ਦੱਸਦੇ ਹਨ। ਸੁਭਾਵਿਕ ਹੈ ਕਿ ਦਿਮਾਗ਼ ਦੁੱਖ ਦੇ ਅਸਰ ਤੋਂ ਪ੍ਰਭਾਵਿਤ ਹੋਵੇਗਾ ਅਤੇ ਸਰੀਰ ਦਾ ਕੋਈ ਭਾਗ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦਾ। ਇਸ ਦਿਮਾਗ਼ੀ ਬੁਖ਼ਾਰ ਦਾ ਅਸਰ ਅੱਖਾਂ ਤੇ ਪੈਂਦਾ ਹੈ ਅਤੇ ਇਨ੍ਹਾਂ ਅੱਖਾਂ ਵਿਚੋਂ ਹੰਝੂ ਵਹਿਣ ਲੱਗਦੇ ਹਨ। ਸ਼ਾਇਰਾਨਾ ਮੁਬਾਲਗ਼ਾ (ਵਧਾ ਚੜ੍ਹਾ ਕੇ ਗੱਲ ਨੂੰ ਬਿਆਨ ਕਰਨਾ) ਕਰਕੇ ਸਾਰੀ ਦੁਨੀਆਂ ਪਾਣੀ ਨਜ਼ਰ ਆਉਂਦੀ ਹੈ। ਇਹ ਹੰਝੂਆਂ ਦੀ ਬਰਸਾਤ ਰੁਕਦੀ ਨਹੀਂ ਹੈ। ਚੌਥੀ ਤੁਕ ਵਿਚ ਇੱਛਾ ਹੈ। ਇਹੀ ਇਸ ਰੋਗ ਦੀ ਦਵਾਈ ਹੈ। ਕਵੀ ਦੇ ਸ਼ਬਦਾਂ ਵਿਚ ਗ਼ਰੀਬੀ, ਨਿਮਰਤਾ, ਮਜਬੂਰੀ ਅਤੇ ਬੇਵਸੀ ਹੈ। ਪੰਜਵੀਂ ਤੁਕ ਇਸ ਅਵਸਥਾ ਵਿਚ ਹੋਰ ਤੀਬਰਤਾ ਪੈਦਾ ਕਰ ਰਹੀ ਹੈ। ਦੇਖ ਕਦੀ ਇਕ ਵਾਰੀ ਵਿਚ ਜਾਦੂ ਭਰਿਆ ਹੋਇਆ ਹੈ। ਪ੍ਰੇਮੀ ਦੇ ਇਕ ਵਾਰੀ ਦੇਖ ਲੈਣ ਨਾਲ ਪ੍ਰੇਮੀ ਦੇ ਦੁੱਖਾਂ ਦਾ ਤੂਫ਼ਾਨ ਇਕ ਦਮ ਰੁਕ ਜਾਵੇਗਾ। ਇਹ ਇਕ ਨਜ਼ਰ ਦੀ ਮਿਹਰਬਾਨੀ ਪ੍ਰੇਮੀ ਦੇ ਨਜ਼ਦੀਕ ਇੰਨਾ ਵੱਡਾ ਕਰਮ ਹੈ ਕਿ ਜਿਸ ਤੇ ਜਾਨਾਂ ਕੁਰਬਾਨ ਕੀਤੀਆਂ ਜਾ ਸਕਦੀਆਂ ਹਨ ਅਤੇ ਇਸ ਜਾਨ ਕੁਰਬਾਨ ਕਰਨ ਨੂੰ ਪ੍ਰੇਮੀ ਆਪਣੀ ਖ਼ੁਸ਼ ਕਿਸਮਤੀ ਮੰਨਦਾ ਹੈ।

ਮਾਹ ਜੇਠ

*ਜੇਠ ਹਵਾਏਂ ਸੀਨਾ ਸਾੜਣ ਵਾਂਗ ਝੁਰੇਵੇਂ ਯਾਰਾਂ*
*ਕੌਣ ਉਹਾ ਜਿਸ ਮੇ ਗਮ ਘੱਤੀ ਕਿਸ ਥੀਂ ਪੁੱਛਾਂ ਸਾਰਾਂ*
*ਐ ਮਹਿਬੂਬ ਮੁਹੱਬਤ ਤੇਰੀ ਕੈਡਕ ਆਫ਼ਤ ਭਾਰੀ*
*ਸਬਰ ਲੁਟੇ ਤੇ ਹੋਸ਼ ਲੁਟਾਵੇ ਜਾਨ ਖੜੇ ਕੱਢ ਸਾਰੀ*
*ਦਿਲ ਮੇਰੇ ਵਿਚ ਤੂੰ ਹੀ ਆਇਆ ਬਹਿ ਬਹਿ ਘੱਤੀਂ ਝਾਤੀਂ*
*ਸਾਅਤ ਭਰ ਹੋ ਜ਼ਾਹਿਰ ਦੇਖਣ ਨੈਣ ਮੇਰੇ ਬਹਿ ਘਾਤੀਂ*

ਮੌਲਵੀ ਸਾਹਿਬ (ਰਹਿ.) ਨੇ ਜੇਠ ਹਵਾਏਂ ਸੀਨਾ ਸਾੜਨ ਨਾਲ ਮਹੀਨੇ ਦਾ ਆਰੰਭ ਕਰਕੇ ਪਹਿਲੀ ਹੀ ਤੁਕ ਵਿਚ ਪਾਠਕ ਨੂੰ ਮਾਰੂਥਲ ਦੀ ਧੁੱਪ ਵਿਚ ਖੜਾ ਕਰ ਦਿੱਤਾ ਹੈ। ਅੱਗੇ ਦੋਵੇਂ ਤੁਕਾਂ ਵਿਚ ਹੈਰਾਨੀ ਅਤੇ ਜਾਣਕਾਰੀ ਦੀਆਂ ਲਾਟਾਂ ਰੌਸ਼ਨ ਕਰ ਦਿੱਤੀਆਂ ਹਨ। ਕੌਣ ਉਹਾ ਜਿਸਮੇਂ ਗ਼ਮ ਘੱਤੀ ਮੁਹੱਬਤ ਤੇਰੀ ਕੈਡਕ ਆਫ਼ਤ ਭਾਰੀ। ਚੌਥੀ ਤੁਕ ਸਬਰ ਸੰਤੋਖ, ਹੋਸ਼

ਅਤੇ ਜਾਨ ਕੁਰਬਾਨ ਕਰਨ ਦੀ ਭਾਵਨਾ ਨੂੰ ਇਸ਼ਕ ਦੇ ਵਿਛੋੜੇ ਦੀ ਰਾਹ ਵਿਚ ਕੁਰਬਾਨ ਕਰ ਰਿਹਾ ਹੈ।

ਮੌਲਵੀ ਸਾਹਿਬ (ਰਹਿ.) ਫ਼ਰਮਾਉਂਦੇ ਹਨ ਕਿ ਹੇ! ਮਹਿਬੂਬ ਤੂੰ ਮੇਰੇ ਦਿਲ ਵਿਚ ਬਸ ਰਿਹਾ ਹੈਂ ਅਤੇ ਮੇਰੇ ਅੰਦਰ ਦੀ ਸੜਣ ਨੂੰ ਵੇਖ ਰਿਹਾ ਹੈਂ। ਕੁੱਝ ਸਮੇਂ ਲਈ ਸੰਸਾਰ ਨੂੰ ਸਜਾਉਣ ਵਾਲੇ ਆਪਣੇ ਸੁਹਜ ਨੂੰ ਬੇਪਰਦਾ ਕਰ ਤਾਂ ਜੋ ਮੇਰੀਆਂ ਅੱਖਾਂ ਇਕ ਵਾਰ ਤੇਰੇ ਦਰਸ਼ਨ ਕਰ ਲੈਣ। ਭਾਵ ਮਹਿਬੂਬ ਮੁੱਖ ਰਗ (ਸ਼ਹਿਰਗ) ਦੇ ਨੇੜੇ ਹੋਣ ਦੇ ਬਾਵਜੂਦ ਵੀ ਆਪਣੇ ਚਾਹੁਣ ਵਾਲੇ ਦੀਆਂ ਨਜ਼ਰਾਂ ਤੋਂ ਛੁਪਿਆ ਰਹਿੰਦਾ ਹੈ। ਇਸ ਢੰਗ ਨਾਲ ਕਵੀ ਨੇ ਥਾਂ ਥਾਂ ਤੇ ਵਾਸਤਵਿਕਤਾ ਦਾ ਰੰਗ ਭਰ ਦਿੱਤਾ ਹੈ ਜਿਸ ਨਾਲ ਉਨ੍ਹਾਂ ਦੇ ਰੁਝਾਨ, ਪਵਿੱਤਰਤਾ ਅਤੇ ਬੁਲੰਦੀ ਬਾਰੇ ਜਾਣਕਾਰੀ ਮਿਲਦੀ ਹੈ। ਮੌਲਵੀ ਗ਼ੁਲਾਮ ਰਸੂਲ ਸ਼ਾਇਰੀ ਦੇ ਅਸਮਾਨ ਦੇ ਸੂਰਜ ਹਨ, ਸਾਡੀਆਂ ਅੱਖਾਂ ਦਾ ਨੂਰ ਅਤੇ ਦਿਲ ਦਾ ਸਰੂਰ ਹਨ ਅਤੇ ਤਲਮੀਜ਼ੁਰ ਰਹਿਮਾਨ ਦੇ ਉੱਚੇ ਸਥਾਨ ਤੇ ਸਥਿਤ ਹਨ ਸਾਨੂੰ ਉਨ੍ਹਾਂ ਦਾ ਜ਼ਿਕਰ ਕਰਨ ਤੇ ਮਾਣ ਸਤਿਕਾਰ ਅਤੇ ਨਿਆਂ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ।

*****



## ਕਲਾਤਮਕ ਜੁਗਤਾਂ-'ਦਾਸਤਾਨ ਅਮੀਰ ਹਮਜ਼ਾ'

ਪਾਤਰ ਉਸਾਰੀ ਦਾਸਤਾਨ (ਕਹਾਣੀ) ਦਾ ਇਕ ਅਹਿਮ ਭਾਗ ਹੈ। ਦਾਸਤਾਨ ਅਮੀਰ ਹਮਜ਼ਾ (ਰਜੀ.) ਦੇ ਪਾਤਰਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਨ੍ਹਾਂ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ-ਭਾਵ ਮਰਦ ਅਤੇ ਇਸਤਰੀ ਪਾਤਰ। ਦੇਵ ਆਦਿ ਮਰਦ ਅਤੇ ਪਰੀਆਂ ਇਸਤਰੀ ਪਾਤਰਾਂ ਵਿਚ ਰੱਖੇ ਜਾ ਸਕਦੇ ਹਨ। ਮਰਦ ਪਾਤਰਾਂ ਵਿਚ ਹਮਜ਼ਾ, ਉਮਰ ਉੱਮੀਆ, ਨੌਸ਼ੀਰਵਾਂ, ਲੰਧੋਰ ਉਮਰ ਮਅਦੀ ਬਿਨ ਕਰਬ, ਬਹਿਸਕ, ਗਾਉਲੰਗੀ, ਸ਼ੱਦਾਦ ਹਬਸ਼ੀ ਜ਼ੂਪੀਂ ਕਾਊਸ, ਬਹਿਮਨ, ਗਸਤਮ ਅਤੇ ਸੁਭਾਵਿਕਤਾ ਤੋਂ ਦੂਰ ਪਾਤਰਾਂ ਵਿਚ ਕੁਰੈਸ਼ ਮੁਹੰਮਦ, ਖ਼ਰਪਾਏ ਦੇਵ ਅਤੇ ਉਸ ਦਾ ਪਿਉ, ਇਫ਼ਰੀਤ, ਰਅਤ ਚੀਨੀ ਅਤੇ ਬਰਕ ਚੀਨੀ ਦੇਵ, ਸਮੰਦੂ ਦੇਵ, ਸਮੂਮ ਦੇਵ, ਅਸ਼ਕਰ ਅਰਨੀਸ ਅਤੇ ਸਫ਼ੈਦ ਦੇਵ ਜ਼ਿਆਦਾ ਵਰਨਣਯੋਗ ਹਨ। ਇਸਤਰੀ ਪਾਤਰਾਂ ਵਿਚ ਮਿਹਰ ਨਿਗਾਰ, ਮਰੀਅਮ ਬਿਨ ਨਾਸਿਰ ਸ਼ਾਹ, ਕਾਰਨ ਦੀ ਭੈਣ, ਰਾਬੀਆ ਬਿਨ ਫਤਿਹਨੂਸ ਗੀਲੀ ਅਸਵਾਰ, ਮਿਹਰ ਅਫ਼ਰੋਜ਼ ਹਰੂਮ ਦੀ ਭੈਣ, ਗੁਲ ਚਿਹਰਾ ਅਤੇ ਖ਼ੁਰਸ਼ੀਦ ਬਿਨਤ ਤਹਿਮਨਤ ਅਤੇ ਸੁਭਾਵਿਕਤਾ ਤੋਂ ਦੂਰ ਪਾਤਰਾਂ ਵਿਚ ਅਸਮਾਪਰੀ ਅਤੇ ਅਰਜ਼ਅ ਪਰੀ ਜ਼ਿਆਦਾ ਪ੍ਰਸਿੱਧ ਹਨ। ਕੁਝ ਹੋਰ ਪਾਤਰ ਨਜੂਮੀ, ਰਸਾਲ ਅਤੇ ਹਕੀਮ ਆਦਿ ਦੇ ਰੂਪ ਵਿਚ ਵਿਖਾਈ ਦਿੰਦੇ ਹਨ ਜਿਵੇਂ ਨੌਸ਼ੀਰਵਾਂ ਦਾ ਦਰਬਾਰੀ ਨਜੂਮੀ ਬੁਜ਼ੁਰਜਮਿਹਰ ਅਤੇ ਉਸ ਦਾ ਪੁੱਤਰ ਪਰੀਆਂ ਵਿਚ ਸ਼ਾਰਸਤਾਨ ਦੀ ਮਲਕਾ ਅਰਜ਼ਅ ਦੀ ਇਕ ਦਰਬਾਰੀ ਨਜੂਮੀ ਪਰੀ ਸਲਾਸਿਲ।(209)

*ਆਹੇ ਅਰਜ਼ਅ ਪਰੀ ਦੀ ਸੀ ਇਕ ਵਜ਼ੀਰ*
*ਨਾਮ ਸਲਾਸਿਲ ਉਸ ਦਾ ਪਾਰਾ ਬਦਰ ਮੁਨੀਰ*
*ਮਾਹਿਰ ਇਲਮ ਨਜੂਮ ਦੀ ਵਿਚ ਰਮਲ ਉਸਤਾਦ*
*ਆਹਾ ਇਲਮ ਨਜੂਮ ਦਾ ਉਸ ਨੂੰ ਚੰਗਾ ਯਾਦ*(210)

ਇਸ ਤੋਂ ਇਲਾਵਾ ਆਮ ਪਾਤਰਾਂ ਦੀ ਗਿਣਤੀ ਅਣਗਿਣਤ ਹੈ। ਬਾਦਸ਼ਾਹਾਂ ਦੀਆਂ ਫ਼ੌਜਾਂ , ਮਹਿਲਾਂ ਦੀਆਂ ਦਾਸੀਆਂ, ਖ਼ਾਸ ਅਤੇ ਆਮ ਦਰਬਾਰੀ ਸਾਰੇ ਇਸ ਸ਼੍ਰੇਣੀ ਵਿਚ ਆਉਂਦੇ ਹਨ। ਜੇਕਰ ਪਾਤਰਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਉਨ੍ਹਾਂ ਦੇ ਆਪਸੀ ਸਬੰਧਾਂ ਨੂੰ ਦੇਖੀਏ ਤਾਂ ਪੁੱਤਰ ਪੁੱਤਰੀ, ਭੈਣ, ਸਹੇਲੀ, ਸਾਥੀ, ਮਿੱਤਰ, ਦੋਸਤ ਦੁਸ਼ਮਣ, ਬੁੱਢੇ, ਜਵਾਨ, ਪ੍ਰਸੰਨ ਅਤੇ ਗ਼ਮਗੀਨ ਹਰੇਕ ਤਰ੍ਹਾਂ ਦੇ ਪਾਤਰ ਨਜ਼ਰ ਆਉਣਗੇ। ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦਾ ਇਹ ਕਮਾਲ ਹੈ ਕਿ ਹਰੇਕ ਪਾਤਰ ਦੀ ਸ਼ਖ਼ਸੀਅਤ, ਉਮਰ, ਮਹੌਲ ਅਤੇ ਮਨੋਵਿਗਿਆਨਿਕ ਰੁਝਾਨ ਮੁੱਖ ਰੱਖ ਕੇ ਉਨ੍ਹਾਂ ਨੂੰ ਪੜ੍ਹਣ ਸੁਨਣ ਵਾਲਿਆਂ ਨਾਲ ਜਾਣੂ ਕਰਵਾਇਆ। ਦਾਸਤਾਨ

ਅਮੀਰ ਹਮਜ਼ਾ ਵਿਚ ਮੌਲਵੀ ਗੁਲਾਮ ਰਸੂਲ ਆਲਮਪੁਰੀ (ਰਹਿ.) ਅਜਿਹੀਆਂ ਵਿਸ਼ੇਸ਼ਤਾਈਆਂ ਨੂੰ ਕਾਇਮ ਰੱਖਣ ਵਿਚ ਸਫ਼ਲ ਹਨ। ਸਪਸ਼ਟ ਹੈ ਕਿ ਇਹ ਖ਼ੂਬੀਆਂ ਪਾਤਰਾਂ ਦੇ ਰਾਹੀਂ ਹੀ ਕਾਇਮ ਰੱਖਦੀਆਂ ਜਾ ਸਕਦੀਆਂ ਹਨ। ਦਾਤਸਾਨ ਅਮੀਰ ਹਮਜ਼ਾ ਵਿਚ ਪਾਤਰ ਉਸਾਰੀ ਦੀਆਂ ਬਹੁਤ ਵਧੀਆਂ ਉਦਾਹਰਣਾਂ ਮਿਲਦੀਆਂ ਹਨ। ਕਵੀ ਨੇ ਜਿਸ ਵੀ ਪਾਤਰ ਦਾ ਬਿਆਨ ਕੀਤਾ ਹੈ ਉਸ ਦੀਆਂ ਸਾਰੀਆਂ ਵਿਲੱਖਣਤਾਵਾਂ ਨੂੰ ਕਾਇਮ ਰੱਖਿਆ ਹੈ। ਕੋਈ ਅਜਿਹੀ ਗੱਲ ਵਿਖਾਈ ਨਹੀਂ ਦਿੰਦੀ ਜੋ ਕਾਇਮ ਕੀਤੇ ਗਏ ਪਾਤਰ ਦੇ ਵਿਰੁੱਧ ਹੋਵੇ।

*ਦ੍ਰਿਸ਼ ਚਿੱਤਰਣ :–* ਮੌਲਵੀ ਗੁਲਾਮ ਰਸੂਲ ਆਲਮਪੁਰੀ (ਰਹਿ.) ਨੇ ਵਿਸ਼ੇਸ਼ ਸਥਿਤੀਆਂ ਦੇ ਇਲਾਵਾ ਕੁਦਰਤੀ ਦ੍ਰਿਸ਼ਾਂ ਦੀਆਂ ਤਸਵੀਰਾਂ ਬੜੇ ਕਲਾਮਈ ਢੰਗ ਨਾਲ ਉਲੀਕੀਆਂ ਹਨ। ਬਾਹਰੀ ਦ੍ਰਿਸ਼ਾਂ ਦੀ ਚਿੱਤਰ ਉਸਾਰੀ ਲਈ ਗਿਆਨ ਦੀ ਬਹੁਤ ਲੋੜ ਹੁੰਦੀ ਹੈ। ਸਮੁੱਚੀ ਦਾਤਸਾਨ ਵਿਚ ਜੋ ਬਾਹਰੀ ਦ੍ਰਿਸ਼ ਮੌਲਵੀ ਸਾਹਿਬ ਦੀ ਬਿਆਨੀਆ ਕਵਿਤਾ ਦੀਆਂ ਖ਼ੂਬੀਆਂ ਦਾ ਅਹਿਸਾਸ ਦਿਵਾਉਂਦੇ ਹਨ, ਉਨ੍ਹਾਂ ਵਿਚ ਬਾਗ਼ ਦੀ ਸਜਾਵਟ ਤੇ ਉਸ ਦੇ ਅੰਦਰ ਪੰਛੀਆਂ ਆਦਿ ਦਾ ਵਰਨਣ ਅਤੇ ਸ਼ਰਾਬ ਆਦਿ ਦੀਆਂ ਮਹਿਫਲਾਂ ਦਾ ਵਰਨਣ, ਟਾਪੂ ਦਾ ਦ੍ਰਿਸ਼, ਫ਼ੌਜ ਦੀ ਤਿਆਰੀ ਅਤੇ ਹਮਲੇ ਦਾ ਦ੍ਰਿਸ਼ ਨੌਸ਼ੀਰਵਾਂ ਦੀ ਖ਼ਸਤਾ ਹਾਲਤ ਦਾ ਦ੍ਰਿਸ਼, ਜੰਗਲ ਦੀ ਅੱਗ ਦਾ ਦ੍ਰਿਸ਼ ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਉਮਰ ਉਮੀਆ ਹਮਜ਼ਾ ਦੇ ਲਈ ਘੋੜਾ ਲੱਭਣ ਲਈ ਜਾਂਦਾ ਹੈ। ਉਹ ਇਕ ਬਾਗ਼ ਵਿਚ ਦਾਖ਼ਲ ਹੁੰਦਾ ਹੈ।(211) ਉਸ ਦਾ ਦ੍ਰਿਸ਼ ਵੇਖੋ :–

*ਬਾਗ਼ ਅਜਾਇਬ ਦੇਖਿਆ ਜ਼ੇਬਾ ਤੇ ਮਰਗ਼ੂਬ*
*ਮਜਲਿਸ ਵਾਂਗ ਸਮਾਅ ਦੇ ਹੋਣ ਆਵਾਜ਼ੇ ਖ਼ੂਬ*
*ਖ਼ੁਸ਼ ਆਵਾਜ਼ ਜਾਨਵਰਾਂ ਪਾਇਆ ਹੋਇਆ ਸ਼ੋਰ*
*ਕੁਮਰੀ ਬੋਲੇ ਤੋਤਿਆਂ, ਤਿੱਤਰ ਮੋਰ ਚਕੋਰ*
*ਗੁਲ ਸੁਰਖ਼ਾਂ ਵਿਚ ਸੁਰਖ਼ੀਆਂ ਲਬ ਮਹਿਬੂਬਾਂ ਵਾਂਗ*
*ਵਿਚ ਸਮਨ ਦੀ ਡਾਲੀਆਂ ਵਗੀ ਹੁਸਨ ਦੀ ਕਾਂਗ*
*ਦਿਲ ਲਾਲਾ ਖ਼ੁਸ਼ ਰੰਗ ਦੀ ਭਰੀ ਫ਼ਿਰਾਕੋਂ ਵਾ*
*ਨਰਮ ਨਸੀਮ ਵਰ ਕੜੀ ਕਲੀਆਂ ਗਈ ਹਸਾ*
*ਸਾਕ ਸਨੋਬਰ ਲਚਕਦੇ ਬੰਦ ਗ਼ਮੋਂ ਆਜਾਦ*
*ਪਰ ਫ਼ਰਹਤ ਸ਼ਮਸ਼ਾਦ ਨੇ ਵਰਕ ਵਰਕ ਦਿਲਸ਼ਾਦ*
*ਚਸ਼ਮ ਕੁਸ਼ਾਦਾ ਨਰਗਿਸੋਂ ਮਸਤੀ ਖ਼੍ਵਾਬ ਰਸੇ*
*ਸ਼ੀਨ ਬਈਨ ਦੋ ਨੈਣ ਦੀ ਜਾ ਵਿਚ ਜਿਗਰ ਦਸੇ*
*ਸ਼ਾਖ਼ ਬਸ਼ਾਖ਼ ਦਰੱਖ਼ਤ ਹਰ ਸੂਈਆਂ ਨਾਲ ਭਰੇ*
*ਸੇਬ ਜ਼ਕਨ ਮਹਿਬੂਬ ਦੀ ਨਾਲ ਮਿਸਾਲ ਧਰੇ*
*ਖ਼ੰਦਾਂ ਚਿਹਰਾ ਨਾਰ ਵੀ ਲਟਕੇ ਨਾਜ਼ ਕਰੇ*
*ਡਿੱਠੇ ਉਮਰ ਅਯਾਰ ਨੇ ਸਭ ਰੁੱਖ ਹਰੇ ਭਰੇ*(212)

ਇਸ ਤਰ੍ਹਾਂ ਮਦਾਇਨ ਤੋਂ ਸਰਨਦੀਪ ਜਾਂਦੇ ਹੋਏ ਰਸਤੇ ਵਿਚ ਇਕ ਟਾਪੂ ਆਇਆ। ਉਸ ਦੇ



ਦਰੱਖਤਾਂ ਦੇ ਜਾਨਵਰਾਂ, ਦਰਖਤਾਂ ਅਤੇ ਫਲਾਂ ਦਾ ਵਰਨਣ ਇਸ ਤਰ੍ਹਾਂ ਹੈ :–

*ਰੁੱਖ ਦਿੱਸਣ ਵਿਚ ਝਾਟਲੇ ਪੁਰ ਪੁਰ ਮੇਵੇ ਨਾਲ*
*ਸੂਰ ਚਮਨ ਵਿਚ ਲਟਕਦੇ ਗੁਲ ਦੀ ਸ਼ਾਖ਼ ਨਿਹਾਲ*
*ਰਸਣ ਦਾਖਾਂ ਪੱਕੀਆਂ ਕਲੀਆਂ ਛੋੜਣ ਬੂ*
*ਭੌਰਾਂ ਪਰ ਚੰਬੇਲੀਆਂ ਕਰੇ ਸਨੋਬਰ ਲੂ*
*ਪਾਲੋ ਪਾਲ ਚਿਨਾਰ ਦੀ ਸ਼ਾਖ਼ ਝੁਕੀ ਹੱਥ ਦੋ*
*ਧਰੇ ਤੁਆਮ ਅੰਗੂਰੀਆਂ ਲੋਨ ਬਹਾਰ ਸਮੋ*
*ਫਿਰਨ ਉਡਾਰੀ ਬੁਲਬੁਲਾਂ ਸੁਣ ਸੁਣ ਫ਼ਖ਼ਰ ਗੁਲੋਂ*
*ਤੋਤੇ ਮਸਤ ਪੁਕਾਰ ਦੇ ਲੱਜ਼ਤ ਬਾਝ ਮਲੋਂ*
*ਗੁਲਸ਼ਨ ਛੋੜ ਸੁਧਾਰਿਉਂ ਕੋਇਲ ਕਰੇ ਨਿਦਾ*
*ਝੋਕਾਂ ਦੇ ਵਿਚ ਘੁੱਗੀਆਂ ਸੇਹਾਂ ਘੁੱਗ ਘੁੱਗਾ*
*ਮੋਰ ਉੜਾਵਨ ਬੁਲਬੁਲਾਂ ਮੁਫ਼ਤ ਖਪਾਵਨ ਮਗ਼ਜ਼*
*ਅਗਨ ਕਰਨ ਕੁਝ ਬੋਲੀਆਂ ਪੁਰ ਪੁਰ ਮਅਨੀ ਨਗਜ਼*(213)

**ਘਟਨਾਵਾਂ ਦਾ ਵਰਨਣ :–**

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਦਾਸਤਾਨ 'ਅਮੀਰ ਹਮਜ਼ਾ' ਵਿਚ ਘਟਨਾਵਾਂ ਦੇ ਵਰਨਣ ਵਿਚ ਉਨ੍ਹਾਂ ਖ਼ੂਬੀਆਂ ਨੂੰ ਧਿਆਨ ਵਿਚ ਰੱਖਿਆ ਹੈ। ਉਨ੍ਹਾਂ ਨੇ ਹਰੇਕ ਘਟਨਾ ਨੂੰ ਇਕ ਮੁਜੱਸਮ ਬਣਾ ਕੇ ਸਾਡੇ ਸਾਹਮਣੇ ਖੜਾ ਕਰ ਦਿਤਾ ਹੈ ਜਿਵੇਂ ਲੰਧੂਰ ਦੀ ਇਹ ਘਟਨਾ ਕਿ ਉਹ ਲਖਨਵਤੀ ਦੇ ਖੂਹ ਵਿਚ ਪੰਜ ਸਾਲ ਕੈਦ ਰਿਹਾ। ਉਸ ਦਾ ਇਹ ਹਾਲ ਸੀ :–

*ਰੋਂਦਾ ਆਹੇਂ ਮਾਰਦਾ ਜ਼ਰਾ ਨਾ ਕਰੇ ਅਰਾਮ*
*ਜਾਨ ਕੁੰਦਨ ਦੀ ਉਸ ਤੇ ਤਾਕਤ ਰਹੀ ਮਦਾਮ*
*ਰੋ ਰੋ ਕਰਦਾ ਜ਼ਾਰੀਆਂ ਨਰਮ ਕਰੇ ਕੋ ਬੰਦ*
*ਨਰਮ ਨਾ ਕਰਦਾ ਬੰਦ ਕੋ ਮਤ ਕੁਝ ਕਰੇ ਗਜ਼ੰਦ*(214)

**ਭਾਵਨਾਵਾਂ ਦਾ ਵਰਨਣ :** ਜਜ਼ਬਿਆਂ ਦੇ ਵਰਨਣ ਨੇ ਇਸ ਮਸਨਵੀ ਵਿਚ ਸੁਹਜ ਅਤੇ ਪ੍ਰਭਾਵ ਪੈਦਾ ਕਰ ਦਿੱਤਾ ਹੈ ਜੋ ਹੋਰ ਕਿਧਰੇ ਘੱਟ ਹੀ ਵੇਖਣ ਨੂੰ ਮਿਲਦਾ ਹੈ। ਕਹਾਣੀ ਨੂੰ ਦਿਲਚਸਪ ਅਤੇ ਸੁੰਦਰ ਬਨਾਉਣ ਲਈ ਬਿਆਨ ਸਰਲ ਅਤੇ ਸੁਭਾਵਿਕ ਹੋਣਾ ਬਹੁਤ ਜ਼ਰੂਰੀ ਹੈ। ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਹਰੇਕ ਘਟਨਾ ਅਤੇ ਜਜ਼ਬੇ ਦਾ ਸੁਹਣਾ ਦ੍ਰਿਸ਼ ਚਿੱਤਰਣ ਕੀਤਾ ਹੈ। ਪ੍ਰੰਤੂ ਵਿਛੋੜੇ ਅਤੇ ਗ਼ਮ ਦਾ ਬਿਆਨ ਬਹੁਤ ਪ੍ਰਭਾਵੀ ਹੈ। (215) ਮਦਾਇਨ ਤੋਂ ਮੱਕੇ ਜਾਂਦੇ ਸਮੇਂ ਮਿਹਰ ਨਿਗਾਰ ਦੇ ਆਪਣੇ ਮਹਿਬੂਬ ਹਮਜ਼ਾ ਅਤੇ ਆਪਣੇ ਦੇਸ਼ ਦੀ ਜੁਦਾਈ ਸਬੰਧੀ ਜਜ਼ਬਾਤ ਦਾ ਵਰਨਣ ਮੌਲਵੀ ਸਾਹਿਬ ਦੀ ਜ਼ੁਬਾਨੀ ਸੁਣੋ:–

*ਪਿਉ ਦਾਦੇ ਦੇ ਥਾਂ ਮੈਂ ਅੱਜ ਛੋੜ ਚਲੀ*
*ਮੇਰੀ ਵਿਚ ਪਰਦੇਸ ਦੇ ਹੋਸੀ ਖ਼ਾਕ ਵਲੀ*

*ਛੋੜ ਚਲੀ ਸਰਦਾਰੀਆਂ ਹੋ ਕੇ ਤੇਰੀ ਨਾਰ*
*ਨਾਹੀਂ ਮਨੋ ਵਿਸਾਰਨਾ ਮੈਨੂੰ ਐ ਸਰਦਾਰ*
*ਮੇਰਾ ਮਰਨਾ ਜੀਉਣਾ ਹੋ ਚੁੱਕਾ ਤੈਂ ਨਾਲ*
*ਅੰਦਰ ਦਰਦ ਵਿਛੋੜਿਆਂ ਜਾਨ ਨਾ ਛੱਡੀਂ ਗਾਲ*
*ਆਨ ਸ਼ਤਾਬੀ ਦਿਲਬਰਾ ਦਿਖਲਾਵੇਂ ਦੀਦਾਰ*
*ਪਾਕ ਖ਼ੁਦਾ ਦੇ ਵਾਸਤੇ ਛੱਡੀਂ ਨਾ ਵਿਸਾਰ*
*ਬਿਨ ਤੇਰੇ ਦੀਦਾਰ ਦੇ ਤੜਫ਼ ਮਰਾਂਗੀ ਮੈਂ*
*ਜਿਗਰ ਅਲੰਬਾ ਇਸ਼ਕ ਦਾ ਕਿਵੇਂ ਜਰਾਂਗੀ ਮੈਂ*
*ਮਿਲ ਮੈਨੂੰ ਮੈਂ ਵਾਰਿਆਂ ਰਹਿਣ ਤਪੇਂਦੇ ਨੈਣ*
*ਰਹਾਂ ਨਾ ਕਰਦੀ ਜ਼ਾਰੀਆਂ ਕੂਕ ਬਿਰਹੋਂ ਦੇ ਵੈਣ (216)*

ਹਮਜ਼ਾ ਫ਼ਰਤ ਜਜ਼ਬਿਆਂ ਵਿਚ ਕੁੱਝ ਨਾ ਕਹਿ ਸਕਿਆ। ਕੇਵਲ ਇੰਨਾ ਕਿਹਾ :–

*ਹਮਜ਼ੇ ਨੇ ਫ਼ਰਮਾਇਆ ਕੀ ਕਹਿਣੇ ਦੀ ਗੱਲ*
*ਬਾਝ ਤਕੱਲੁਫ਼ ਰੁਜੂਅ ਹੈ ਦਿਲ ਮੇਰਾ ਤੈਂ ਵੱਲ (217)*

ਇਕ ਮੌਕੇ ਤੇ ਮਿਹਰ ਨਿਗਾਰ ਨਾਲ ਨਰਾਜ਼ ਹੋ ਕੇ ਹਮਜ਼ਾ ਨੇ ਉਸ ਨੂੰ ਆਪਣੇ ਰਕੀਬ ਔਲਾਦ ਦੇ ਹਵਾਲੇ ਕਰ ਦਿੱਤਾ। ਉਸ ਸਮੇਂ ਹਮਜ਼ਾ ਦੇ ਬਾਰੇ ਮਿਹਰ ਨਿਗਾਰ ਦੇ ਜਜ਼ਬਾਤ :–

*ਆਹਾ ਮਿਹਰ ਨਿਗਾਰ ਦੇ ਦਿਲ ਵਿਚ ਨਾ ਕਰਾਰ*
*ਕਰ ਕਰ ਯਾਦ ਅਮੀਰ ਨੂੰ ਆਹ ਕਰੇ ਹਰ ਵਾਰ*
*ਗਿਆ ਨਸੀਬੋਂ ਮੇਰਿਉਂ ਦਿਲਬਰ ਦਾ ਦੀਦਾਰ*
*ਕੀਤਾ ਸੁਖ਼ਨ ਬਰਾਬਰੀ ਤਾਲਿਆ ਦਿੱਤੀ ਹਾਰ*
*ਮੋੜ ਮਿਲਾ ਰੱਬ ਮੇਰਿਆ ਯਾਰ ਪਿਆਰੇ ਨੂੰ*
*ਮਤ ਮਰਜਾਵਾਂ ਰੋਂਦੀ ਤਰਸ ਨਜ਼ਾਰੇ ਨੂੰ (218)*

ਮਿਹਰ ਨਿਗਾਰ ਦੇ ਵਿਛੋੜੇ ਵਿਚ ਹਮਜ਼ਾ ਦੇ ਜਜ਼ਬਾਤ :–

*ਇੱਧਰ ਵਿਚ ਫ਼ਿਰਾਕ ਦੇ ਹਜ਼ਰਤ ਅਰਬ ਅਮੀਰ*
*ਬਾਝੋਂ ਮਿਹਰ ਨਿਗਾਰ ਦੇ ਰਾਤ ਦਿਨੇ ਦਿਲਗੀਰ*
*ਦਮਦਮ ਅਰਜ਼ ਗੁਜ਼ਾਰਦਾ ਅੱਲ੍ਹਾ ਦੇ ਦਰਬਾਰ*
*ਯਾ ਰੱਬ ਮਿਹਰ ਨਿਗਾਰ ਨੂੰ ਮੇਲ ਮਿਲਾਂ ਇੱਕਵਾਰ*
*ਖੋਲ ਦਿਲਾਂ ਦੀਆਂ ਘੁੰਡੀਆਂ ਸੁਲਾਹ ਕਰੇ ਦਿਲਦਾਰ*
*ਬੈਠੇ ਆਣ ਮੁਕਾਬਲੇ ਸ਼ੌਕੋਂ ਘੁੰਡ ਉਤਾਰ (219)*

ਮਿਹਰ ਨਿਗਾਰ ਨੂੰ ਜ਼ੂਪੀਂ ਨੇ ਜ਼ਖ਼ਮੀ ਕਰ ਦਿੱਤਾ। ਉਸ ਦੇ ਦਮ ਤੋੜਣ ਸਮੇਂ ਮਿਹਰ ਨਿਗਾਰ ਅਤੇ ਹਮਜ਼ਾ ਦੀ ਵਾਰਤਾਲਾਪ ਭਾਵਨਾਵਾਂ ਦੀ ਪੇਸ਼ਕਾਰੀ ਦਾ ਵਧੀਆ ਨਮੂਨਾ ਹਨ। ਹਮਜ਼ਾ ਮਿਹਰ ਨਿਗਾਰ ਨੂੰ ਕਹਿੰਦਾ ਹੈ :–



*ਮੈਨੂੰ ਅੰਦਰ ਗ਼ਮਾਂ ਦੇ ਛੋੜ ਨਾ ਜਾਈਂ ਯਾਰ*
*ਤੈਂ ਬਿਨ ਮੇਰਾ ਜਿਉਣਾ ਵਿਚ ਦੁਨੀਆਂ ਦੁਸ਼ਵਾਰ*
*ਦਿਲ ਮੇਰਾ ਨਾਸ਼ਾਦ ਤੇ ਘਰ ਮੇਰਾ ਬਰਬਾਦ*
*ਵਗਦੀ ਮੇਰੇ ਸੀਨਿਉਂ ਦਰਦਾਂ ਦੀ ਫ਼ਰਿਆਦ (220)*

ਮਿਹਰ ਨਿਗਾਰ ਦੀਆਂ ਭਾਵਨਾਵਾਂ ਦੋ ਪੰਨਿਆਂ ਤੇ ਬਿਖਰੀਆਂ ਹੋਈਆਂ ਹਨ। ਕੁਝ ਸ਼ਿਅਰ ਪੇਸ਼ ਹਨ :–

*ਭਰ ਦੋ ਨੈਣ ਸਿਰਿਸ਼ਕ ਥੀਂ ਕਹਿੰਦੀ ਮਿਹਰ ਨਿਗਾਰ*
*ਜਗ ਜਗ ਵਸੇਂ ਜਹਾਨ ਤੇ ਤੂੰ ਖ਼ੁਸ਼ੀਆਂ ਵਿਚ ਯਾਰ*
*ਮੇਰਾ ਜਾਂਦੀ ਵਾਰ ਦਾ ਇਹੀ ਅਜਜ਼ ਸਲਾਮ*
*ਰਾਜ਼ੀ ਰਹਿਣਾ ਸਰਵਰਾ ਉਪਰ ਇਸ ਗ਼ੁਲਾਮ*
*ਵਿਦਾ ਮੱਕੇ ਦੇ ਵਾਲੀਆ ਮੈਂ ਕਰ ਕੂਚ ਚਲੀ*
ਖ਼ਾਕ ਰਹੇ ਵਿਚ ਕਬਰ ਦੇ ਤੈਂ ਬਿਨ ਜਲੀ ਬਲੀ
ਮੈਂ ਰੋਨਾ ਵਿਚ ਕਬਰ ਦੇ ਬਾਝ ਤੇਰੇ ਦੀਦਾਰ
ਆਨ ਤਪੇਂਦੀ ਕਬਰ ਨੂੰ ਮੁੜ ਦੇਖੇਂ ਇਕ ਵਾਰ
ਤੂੰ ਨਾ ਰੋਈਂ ਰੱਜ ਕੇ ਲਿਆ ਬਥੇਰਾ ਰੋ
ਤੂੰ ਮਹਿਬੂਬਾ ਮੇਰਿਆ ਪੂੰਝ ਅੱਖੀਂ ਚੁੱਪ ਹੋ *(221)*

**ਸ਼ੈਲੀ** :– ਜਿਥੋਂ ਤਕ ਇਸ ਦਾਸਤਾਨ ਦੀ ਸ਼ੈਲੀ ਦਾ ਸਬੰਧ ਹੈ, ਇਹ ਮਸਨਵੀ ਦੇ ਰੂਪ ਵਿਚ ਹੈ। ਕਵੀ ਨੇ ਇਸ ਵਿਚ ਆਪਣੀ ਰਚਨਾਤਮਕ ਪ੍ਰਤਿਭਾ ਦੀ ਉੱਚੀ ਉਡਾਣ ਭਰੀ ਹੈ। ਇਹ ਦਾਸਤਾਨ ਕਵੀ ਦੇ ਖ਼ਿਆਲਾਂ ਦੀ ਲੜੀ, ਬਿਆਨ ਵਿਚ ਸਬੰਧ, ਵਿਸ਼ੇ ਦਾ ਹੌਲੀ ਹੌਲੀ ਵਿਕਾਸ, ਸਿਆਣਪ, ਸ਼ਾਇਰਾਨਾ ਸੂਝ ਬੂਝ, ਖ਼ਿਆਲ ਦੀ ਉਡਾਰੀ ਅਤੇ ਅਦੁੱਤੀ ਹੋਣ ਦੀ ਵਧੀਆ ਮਿਸਾਲ ਹੈ। ਦਾਸਤਾਨ ਅਮੀਰ ਹਮਜ਼ਾ ਮਸਨਵੀ ਦੀਆਂ ਖ਼ੂਬੀਆਂ ਤੇ ਪੂਰੀ ਉਤਰਦੀ ਹੈ। ਬਿਆਨ ਕਰਨ ਦਾ ਢੰਗ ਦਿਲ ਟੁੰਬਵਾਂ ਹੈ ਸ਼ੈਲੀ ਤੇ ਭਾਸ਼ਾ ਵਿਚ ਆਮ ਤੌਰ ਤੇ ਮਿਠਾਸ ਮਿਲਦੀ ਹੈ।(222) ਜ਼ਰਾ ਰੂਮੀਆਂ ਤੇ ਅਰਬੀਆਂ ਦੇ ਹਮਲੇ ਦਾ ਵਰਨਣ ਦੇਖੋ :–

*ਬਰਕ ਦਰੱਖ਼ਸ਼ਾਂ ਤੇਗ਼ ਦੀ ਚਮਕ ਗਈ ਅਸਮਾਨ*
*ਸ਼ੇਰ ਦਲਾਂ ਦੇ ਦਲਾਂ ਥੀਂ ਪੁਰ ਹੋਇਆ ਮੈਦਾਨ*
*ਤੇਗ਼ ਦਰੇਗ਼ ਨਾ ਰੱਖਦੀ ਕਤਲ ਕਰਨ ਵਿਚ ਕੋ*
*ਗੁਰਜ਼ ਅਲ ਬੁਰਜ਼ ਨਿਘਾਰਦੀ ਹੇਠ ਜ਼ਮੀਂ ਹੱਥ ਦੋ*
*ਫੰਦ ਕਮੰਦ ਚਲਾਂਵਦਾ ਬੰਦ ਧਰੇ ਵਿਚਕਾਰ*
*ਛੁਰਾ ਬੁਰਾ ਤਨ ਚੀਰਦਾ ਕਰਦਾ ਜਾਨ ਫ਼ਿਗਾਰ*
*ਹੜ੍ਹ ਵਗ ਟੁਰਿਆ ਰਤ ਦਾ ਰੁੜ੍ਹਦੇ ਸੀਸ ਹਜ਼ਾਰ*
*ਹਾਥੀ ਘੋੜੇ ਕਤਲ ਹੋ ਨਾਹੀਂ ਕੁੱਝ ਸ਼ੁਮਾਰ*(223)

ਕਿਧਰੇ ਕਿਧਰੇ ਦਾਸਤਾਨ (ਕਿੱਸੇ) ਵਿਚ ਅਨੋਖੀ ਅਤੇ ਔਖੀ ਭਾਸ਼ਾ ਵੀ ਮਿਲਦੀ ਹੈ। ਜਿਸ ਦਾ ਇਕਰਾਰ ਮੌਲਵੀ ਸਾਹਿਬ (ਰਹਿ.) ਨੇ ਵੀ ਕੀਤਾ ਹੈ ਉਹ ਖ਼ੁਦ ਕਹਿੰਦੇ ਹਨ :–

*ਸ਼ਿਅਰ ਸ਼ਊਰੋਂ ਦੂਰ ਹੈ ਭਾਵੇਂ ਸੌ ਸੌ ਵਾਰ*
*ਤਿਸ ਵਿਚ ਬਾਜ਼ੀ ਉਮਰ ਦੀ ਮਜਲਿਸ ਦਾ ਸ਼ਿੰਗਾਰ*(224)

ਪ੍ਰੰਤੂ ਇਨ੍ਹਾਂ ਸ਼ਿਅਰਾਂ ਵਿਚ ਮਿਠਾਸ ਅਤੇ ਅਨੰਦ ਜ਼ਰੂਰ ਮਿਲਦਾ ਹੈ। ਕੁਝ ਸ਼ਿਅਰ ਵੇਖੋ :-

*ਗਰ ਇਹੀਂ ਸੋ ਲੀਆ ਹਮ ਕਮਲੇ ਬਕੋ ਕਯਾ*
*ਮਤ ਬੋਲੋ ਰੇ ਬਾਵਰੇ ਗਿਆ ਸੋ ਅੰਤ ਗਿਆ*
*ਤੁਮਰੀ ਸੋਝਾ ਨਰਧੀ ਹਮਰੀ ਚਤਰ ਸੁਬਹਾਨ*
*ਕਬ ਕੰਨਿਆ ਤੀਂ ਜੀਵੜਾ ਹਮਰਾ ਸੂਝ ਗਿਆਨ*(225)

ਲੇਖਕ ਨੇ ਦਾਸਤਾਨ ਵਿਚ ਪੰਜਾਬੀ ਤੋਂ ਇਲਾਵਾ ਉਰਦੂ, ਫ਼ਾਰਸੀ, ਅਰਬੀ, ਹਿੰਦੀ ਅਤੇ ਤੁਰਕੀ ਭਾਸ਼ਾਵਾਂ ਦੇ ਸ਼ਬਦ ਵਰਤ ਕੇ ਪੰਜਾਬੀ ਸ਼ਬਦਾਵਲੀ ਦੇ ਭੰਡਾਰ ਵਿਚ ਵਾਧਾ ਕੀਤਾ ਹੈ। ਜਿਵੇਂ ਪੀਕ, ਅਸਪ, ਪੀਕਾਰ, ਫ਼ੀਲ, ਅੰਦਾਮ, ਗਿਰਯਾ ਜ਼ਾਰ, ਜਾਮਾ, ਪੈਰਹਨ, ਖ਼ੰਗ, ਪਿਦਰ, ਤਿਫ਼ਲ, ਰਵਾਨ, ਜੰਗ, ਗਾਹ, ਜ਼ਨਾਨ, ਪੈ ਦਰ ਪੈ, ਖ਼ਿਸ਼ਤ, ਸ਼ਤਾਬ, ਨਕਸ਼, ਨਿਗਾਰ, ਪੁਸ਼ਤ, ਗੁਲਜ਼ਾਰ, ਪੰਦ, ਰੋਜ਼, ਬਜ਼ਮ, ਅਫ਼ਰੋਜ਼, ਜਰਸ, ਫ਼ਰਦਾ, ਸੁਗੰਧ, ਮੁਰਗਜ਼ਾਰ, ਗੋਸ਼, ਹਰ ਦੋ, ਸੰਗ, ਗਜ਼ੰਦ, ਚਹਾਰ, ਖ਼ਾਰ, ਗਰਗ, ਗਾਬਰ, ਖ਼ੁਰਸ਼ ਅਤੇ ਫ਼ਿਤਰਾਕ ਵਰਗੇ ਹਜ਼ਾਰਾਂ ਹੀ ਸ਼ਬਦ ਫ਼ਾਰਸੀ ਦੇ ਵਰਤੇ ਗਏ ਹਨ। ਅਜ਼ਨ, ਕਾਸਿਦ, ਤਕਦੀਮ, ਤਹਿਰੀਰ, ਰੁਕਅ, ਤਅਜ਼ੀਮ, ਸਰੀਰ, ਹਸੂਦ, ਜਦਾਲ, ਕਤਾਲ, ਕਸੀਰ, ਮੁਬਾਰਿਜ਼, ਨਾਰ ਅਤੇ ਬਰਕ ਵਰਗੇ ਕਈ ਸ਼ਬਦ ਅਰਬੀ ਭਾਸ਼ਾ ਦੇ ਹਨ। ਧਰਤ, ਧਰਤੀ, ਝਬ, ਨੈਣ, ਮਿਰਗ, ਚਾਹ (ਮੁਹੱਬਤ), ਰਣ (ਜੰਗ), ਕਲਾਲ, ਪ੍ਰਥਮੀ, ਟੰਗੜੀ ਅਤੇ ਧੁੰਦੂਕਾਰ ਵਾਂਗ ਬਹੁਤ ਸਾਰੇ ਸ਼ਬਦ ਹਿੰਦੀ ਦੇ ਹਨ ਕਿਧਰੇ ਕਿਧਰੇ ਕੋਈ ਤੁਰਕੀ ਸ਼ਬਦ ਵੀ ਮਿਲ ਜਾਂਦਾ ਹੈ ਜਿਵੇਂ ਲੋਰਸ਼ਿਸ (ਬਮਾਨੀ ਆਦਾਬ) (226) ਕਈ ਵਾਰੀ ਤਾਂ ਉਰਦੂ ਅਤੇ ਫ਼ਾਰਸੀ ਦੇ ਸ਼ਬਦਾਂ ਦੇ ਕਾਫ਼ੀਏ ਬਣਾਏ ਗਏ ਹਨ ਅਤੇ ਕਿਧਰੇ ਉਰਦੂ, ਪੰਜਾਬੀ, ਕਾਫ਼ੀਏ ਮਿਲਾਏ ਹਨ। ਜਿਵੇਂ :-

*ਜੇ ਨਾਂ ਲਿਖਦੋਂ ਜ਼ਾਲਿਮਾਂ ਕਿਉਂ ਹੁੰਦਾ ਇਹ ਕਾਮ*
*ਮੈਂ ਮੱਕੇ ਵਿਚ ਜਾਇ ਕੇ ਕਿਉਂ ਫਸਦਾ ਵਿਚ ਦਾਮ*
*ਮੱਕੇ ਵਿਚ ਗੁਜ਼ਾਰਦਾ ਖ਼ੁਦ ਹਮਜ਼ਾ ਦਿਨ ਕੋ*
*ਮਾਂ ਪਿਉ ਅੱਗੇ ਇਕ ਦਿਨ ਕਰਦਾ ਅਰਜ਼ ਖਲੋ*
*ਅਲ ਜੋਸ਼ਿਸ਼ ਦੇ ਜੰਗ ਨੂੰ ਹਸਦੇ ਦੇਖ ਤਮਾਮ*
*ਇਹ ਚਲਾਕੀ ਜੰਗ ਦੀ ਖ਼ਤਮ ਉਸੇ ਦੇ ਨਾਮ (227)*

**ਅਹਸਨੁਲ ਕਸਸ**

**ਪਾਤਰ ਉਸਾਰੀ** :

ਇਸ ਕਿੱਸੇ ਦੇ ਪਾਤਰ ਇਤਿਹਾਸਕ ਪਾਤਰ ਹਨ, ਵਿਸ਼ੇਸ਼ ਤੌਰ ’ਤੇ ਯੂਸਫ਼ (ਅਲੈ.) ਅਤੇ ਯਾਕੂਬ (ਅਲੈ.) ਦੇ ਪਾਤਰ। ਇਨ੍ਹਾਂ ਪਾਤਰਾਂ ਦੇ ਰਾਹੀਂ ਆਪਣੇ ਬਜ਼ੁਰਗਾਂ ਦੇ ਕਾਰਨਾਮਿਆਂ ਅਤੇ ਪਿਛਲੇ ਇਤਿਹਾਸ ਨੂੰ ਸਮਝਣ ਵਿਚ ਵੱਡੀ ਮਦਦ ਮਿਲਦੀ ਹੈ। ਕਵੀ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਇਹ ਕਿੱਸੇ ਦੇ ਪਾਤਰ ਅਸਲ ਇਤਿਹਾਸਕ ਹਸਤੀਆਂ ਤੋਂ ਜ਼ਿਆਦਾ ਜਾਣਕਾਰ ਲੱਗਦੇ ਹਨ। ਮੌਲਵੀ ਸਾਹਿਬ ਨੇ ਆਪਣੇ ਪਾਤਰਾਂ ਵਿਚ ਇਸ ਤਰ੍ਹਾਂ ਦੀ ਦੂਰੀ



ਕਾਇਮ ਰੱਖੀ ਹੈ ਕਿ ਜੋ ਵਿਅਕਤੀ ਯੂਸਫ਼ (ਅਲੈ.) ਦਾ ਨਜ਼ਦੀਕੀ ਹੈ, ਉਹ ਬਹੁਤ ਮੁਹੱਬਤ ਕਰਦਾ ਹੈ ਅਤੇ ਉਨ੍ਹਾਂ ਬਾਰੇ ਚੰਗੇ ਵਿਚਾਰ ਰੱਖਦਾ ਹੈ। ਉਸ ਦੀ ਆਤਮਿਕ ਪ੍ਰੌੜਤਾ ਅਤੇ ਕੁਰਬਾਨੀ ਦਾ ਭਰਪੂਰ ਜਜ਼ਬਾ ਨਜ਼ਰ ਆਉਂਦਾ ਹੈ। ਭੈਣ ਭਾਈਆਂ ਦੀ ਮਿਸਾਲੀ ਮੁਹੱਬਤ ਅਤੇ ਸਕੇਲੇ ਭਾਈਆਂ ਦੀ ਮੰਨੀ ਹੋਈ ਦੁਸ਼ਮਣੀ ਨੂੰ ਵਰਨਣ ਕਰਨ ਦਾ ਫ਼ਰਜ਼ ਕਵੀ ਨੇ ਖ਼ੂਬ ਨਿਭਾਇਆ ਹੈ। ਕਲਾਤਮਕ ਸ਼ਬਦਾਵਲੀ ਦੇ ਕਾਰਨ ਯੂਸਫ਼ (ਅਲੈ.) ਦਾ ਪਾਤਰ (Flat) ਸਾਦਾ ਪਾਤਰ ਹੈ। ਉਸ ਦੀ ਇਤਿਹਾਸਕ ਅਤੇ ਧਾਰਮਿਕ ਹੈਸੀਅਤ ਵੀ ਮੰਨੀ ਗਈ ਹੈ। ਭਾਵ ਇਹ ਇਕ ਅਜਿਹਾ ਪਾਤਰ ਹੈ ਜੋ ਆਪਣੀਆਂ ਵਿਸ਼ੇਸ਼ ਸਿਫ਼ਤਾਂ ਨਾ ਕਦੇ ਬਦਲਦਾ ਹੈ ਅਤੇ ਨਾ ਹੀ ਉਨ੍ਹਾਂ ਵਿਚ ਵਾਧਾ ਜਾਂ ਘਾਟਾ ਕਰਦਾ ਹੈ, ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਇਸ ਦੀਆਂ ਕੁੱਝ ਵਿਸ਼ੇਸ਼ ਸਿਫ਼ਤਾਂ ਨੂੰ ਅਹਿਮੀਅਤ ਦਿੱਤੀ ਹੈ, ਇਹ ਪਾਤਰ ਰਾਸਤ ਬਾਜ਼, ਸੱਚ ਦਾ ਪੁਜਾਰੀ, ਗ਼ਮ੍ਹਾਂ ਤੇ ਸਬਰ ਸੰਤੋਖ, ਪੱਕੇ ਇਰਾਦੇ ਵਾਲਾ ਅਤੇ ਬਹੁਤ ਵੱਡਾ ਪ੍ਰਚਾਰਕ ਹੈ। ਉਸ ਨੂੰ ਆਪਣੇ ਆਪ ਤੇ ਵੀ ਭਰੋਸਾ ਹੈ ਤੇ ਲੋਕ ਵੀ ਉਸ ’ਤੇ ਭਰੋਸਾ ਕਰਦੇ ਹਨ। ਉਹ ਅੱਲ੍ਹਾ ਤਆਲਾ ਤੇ ਪੂਰਾ ਯਕੀਨ ਰੱਖਦਾ ਹੈ ਅਤੇ ਪੂਰਾ ਪਰਹੇਜ਼ਗਾਰ ਹੈ ਇਹ ਖ਼ਾਸ ਖ਼ੂਬੀਆਂ ਕਦੇ ਵੀ ਨਹੀਂ ਬਦਲਦੀਆਂ। ਉਹ ਜੋ ਕੁੱਝ ਅਰੰਭ ਵਿਚ ਹੈ ਉਹੀ ਕੁਝ ਅੰਤ ਵਿਚ ਹੈ। ਦਾਸਤਾਨ ਦਾ ਲੇਖਕ ਇਸ ਪਾਤਰ ਨੂੰ ਪੇਸ਼ ਕਰਨ ਅਤੇ ਨਿਭਾਉਣ ਵਿਚ ਸਫ਼ਲ ਹੈ। ਕਿੱਸੇ ਵਿਚ ਜਿੱਥੇ ਕਿਧਰੇ ਇਸ ਦਾ ਅਮਲ ਨਜ਼ਰ ਆਉਂਦਾ ਹੈ, ਪਾਠਕ ਉਸ ਨੂੰ ਦੀਆਂ ਖ਼ੂਬੀਆਂ ਕਰਕੇ ਪਛਾਣ ਲੈਂਦਾ ਹੈ ਅਤੇ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ। ਇਹ ਇਕ ਅਜਿਹਾ ਪਾਤਰ ਹੈ ਜਿਸ ਨੂੰ ਲੇਖਕ ਵਾਰ-ਵਾਰ ਪਾਠਕ ਨਾਲ ਜਾਣ ਪਛਾਣ ਨਹੀਂ ਕਰਵਾਉਂਦਾ ਪ੍ਰੰਤੂ ਆਪਣੀਆਂ ਖ਼ਾਸ ਖ਼ੂਬੀਆਂ ਕਰਕੇ ਸਵੈ ਹੀ ਆਪਣੇ ਪਾਠਕ ਨਾਲ ਜਾਣ-ਪਛਾਣ ਕਰ ਲੈਂਦਾ ਹੈ। ਯੂਸਫ਼ (ਅਲੈ.) ਆਪਣਾ ਵਾਤਾਵਰਣ ਆਪ ਪੈਦਾ ਕਰਦੇ ਹਨ। ਪਾਠਕ ਦਾ ਮਨ ਉਨ੍ਹਾਂ ਦੇ ਬਾਰੇ ਕੋਈ ਦੁਬਿਧਾ ਅਤੇ ਔਖਿਆਈ ਮਹਿਸੂਸ ਨਹੀਂ ਕਰਦਾ ਸਗੋਂ ਉਸ ਨੂੰ ਯਾਦ ਰੱਖ ਕੇ ਇਸ ਤਰ੍ਹਾਂ ਦੀ ਜ਼ਰੂਰਤ ਮਹਿਸੂਸ ਕਰਦਾ ਹੈ। ਪਾਠਕ ਦੇ ਦਿਲ ਵਿਚ ਇਹ ਪਾਤਰ ਕਦੇ ਵੀ ਖ਼ਤਮ ਨਹੀਂ ਹੋ ਸਕਦਾ। ਪੁਸਤਕ ਖ਼ਤਮ ਵੀ ਹੋ ਜਾਵੇ। ਇਸ ਦਾ ਕਾਰਨ ਇਹ ਹੈ ਕਿ ਇਹ ਦੂਜੇ ਪਾਤਰਾਂ ਦੇ ਮੁਕਾਬਲੇ ਆਪਣਾ ਪ੍ਰਭਾਵ ਪਾਠਕ ਤੇ ਜ਼ਿਆਦਾ ਪਾਉਂਦਾ ਹੈ ਅਤੇ ਉਸ ਦੀਆਂ ਖ਼ੂਬੀਆਂ ਦਾ ਮੁਕਾਬਲਾ ਪਾਠਕ ਆਪਣੀ ਖ਼ੂਬੀਆਂ ਨਾਲ ਕਰਨ ਲੱਗ ਪੈਂਦਾ ਹੈ ਅਤੇ ਆਪਣੀ ਅੰਦਰੂਨੀ ਹਾਲਤ ਨੂੰ ਠੀਕ ਕਰਨ ਲਈ ਜੋ ਦੁਨੀਆਂ ਦੀਆਂ ਮੁਸੀਬਤਾਂ ਵਿਚੋਂ ਆਪਣੀ ਰਾਹ ਕੱਢਣਾ ਚਾਹੇ, ਇਸ ਤੋਂ ਵਧੀਆ ਸਿੱਖਿਆ ਮਿਲਦੀ ਹੈ। ਯੂਸਫ਼ (ਅਲੈ.) ਨੇ ਮੁਸ਼ਕਿਲਾਂ ਅਤੇ ਮੁਸੀਬਤਾਂ ਦੀ ਪਹਿਲੀ ਮੰਜ਼ਿਲ ਵਿਚ ਹੀ ਸਬਰ ਸੰਤੋਖ, ਹੌਸਲਾ, ਭਰੋਸਾ, ਫ਼ਿਕਰ ਅਤੇ ਰੱਬ ਤੇ ਭਰੋਸੇ ਦੀ ਮਹਾਨ ਆਤਮਾ ਪੈਦਾ ਕਰ ਲਈ ਸੀ ਜੋ ਉਸੇ ਤਰ੍ਹਾਂ ਅੰਤ ਤੱਕ ਕਾਇਮ ਰਹੀ ਅਤੇ ਉਹ ਅਜਿਹੀ ਮੰਜ਼ਿਲ ਤੱਕ ਪਹੁੰਚ ਗਏ ਜੋ ਉਨ੍ਹਾਂ ਦੀ ਮੰਜ਼ਿਲ਼ ਸਿੱਧ ਹੋਈ। ਜ਼ੁਲੈਖ਼ਾ ਦੇ ਪਾਤਰ ਵਿਚ ਜੋ ਸਭ ਤੋਂ ਵਿਸ਼ੇਸ਼ ਅਤੇ ਪਾਠਕ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੀ ਗੱਲ ਹੈ, ਉਹ ਉਸ ਦੀ ਨੈਤਿਕ ਉੱਨਤੀ ਦਾ ਨਕਸ਼ਾ ਹੈ ਜੋ ਕਦੇ ਬੁਰਾਈ ਵੱਲ ਤੇ ਕਦੇ ਨੇਕੀ ਵੱਲ ਰੁਚਿਤ ਹੁੰਦਾ ਹੈ। ਅਬਦੁਲ ਕਾਦਿਰ ਸਰਵਰੀ ਦੇ ਵਿਚਾਰ ਅਨੁਸਾਰ ਪਾਤਰ ਦਾ ਬੁਰਾਈ ਵੱਲ ਝੁਕਾਅ ਜ਼ਿਆਦਾ ਦਿਲਚਸਪ ਹੁੰਦਾ ਹੈ। ਇਸ ਵਿਚਾਰ ਨੂੰ ਜ਼ੁਲੈਖ਼ਾ ਦੇ ਪਾਤਰ ਤੇ ਬਰਾਬਰੀ

ਕਰ ਲਈ ਜਾਵੇ ਤਾਂ ਇਹ ਬਿਲਕੁਲ ਠੀਕ ਜਾਪਦਾ ਹੈ। ਜ਼ੁਲੈਖ਼ਾ ਦੇ ਪਾਤਰ ਦੇ ਦੋ ਪਹਿਲੂ ਹਨ-ਪਹਿਲਾ ਬੁਰਾਈ ਵੱਲ ਰੁਚਿਤ ਤੇ ਆਖਰ ਆਪ ਦੇ ਸਿਖ਼ਰ ਤੱਕ ਪਹੁੰਚ ਜਾਂਦਾ ਹੈ। ਇਕ ਸਮੇਂ ਤੋਂ ਬਾਅਦ ਜਦੋਂ ਚੰਗਿਆਈ ਅਰੰਭ ਹੁੰਦੀ ਹੈ, ਉਹ ਵੀ ਸਿਖਰ ਤੱਕ ਪਹੁੰਚ ਜਾਂਦੀ ਹੈ ਅਤੇ ਯੂਸਫ਼ (ਅਲੈ.) ਨੂੰ ਸਾਫ਼ ਸਾਫ਼ ਕਹਿ ਦਿੰਦੀ ਹੈ।(228)

*ਕਹੇ ਜ਼ੁਲੈਖ਼ਾ ਤੈਥੀਂ ਚੰਗਾ ਲੱਭ ਪਿਆ ਮੈਂ ਤਾਈਂ*
*ਉਸ ਦੇ ਉਠ ਹਜ਼ੂਰੋਂ ਯੂਸਫ਼ ਜਾਵਾਂ ਦੱਸ ਕਥਾਈਂ*

**ਜਜ਼ਬਿਆਂ ਦਾ ਵਰਨਣ** : ਸ਼ਾਇਰੀ ਦੀ ਅਸਲ ਜਿੰਦ ਜਾਨ ਮਨੁੱਖੀ ਜਜ਼ਬਾਤ (ਵਲਵਲਿਆਂ) ਅਤੇ ਅਨੁਭਵ ਦਾ ਬਿਆਨ ਹੈ। ਸ਼ਾਇਰੀ ਅਸਲ ਵਿਚ ਚਿੱਤਰਕਾਰੀ ਹੈ ਅਤੇ ਇਹ ਸਪੱਸ਼ਟ ਹੈ ਕਿ ਭੌਤਿਕ ਵਸਤੂਆਂ ਅਤੇ ਅਨੁਭਵ ਦੀ ਤਸਵੀਰ ਖਿੱਚਣੀ ਕੋਈ ਔਖਾ ਕੰਮ ਨਹੀਂ। ਜਦੋਂ ਕਿ ਗੈਰ ਅਨੁਭਵੀ ਦੀ ਤਸਵੀਰ ਖਿੱਚਣੀ ਕੋਈ ਔਖਾ ਕੰਮ ਨਹੀਂ। ਜਦੋਂਕਿ ਗੈਰ ਅਨੁਭਵੀ ਅਤੇ ਗ਼ੈਰ ਭੌਤਿਕ ਵਸਤੂਆਂ ਦਾ ਨਕਸ਼ਾ ਖਿੱਚਣਾ ਔਖਾ ਕੰਮ ਹੈ। ਰੰਜ, ਗ਼ਮ, ਜੋਸ਼, ਮੁਹੱਬਤ, ਗ਼ੁੱਸਾ, ਬੇਚੈਨੀ, ਖ਼ੁਸ਼ੀ ਅਤੇ ਪ੍ਰਸੰਨਤਾ ਪਦਾਰਥਕ ਵਸਤੂਆਂ ਨਹੀਂ। ਅੱਖ ਇਨ੍ਹਾਂ ਨੂੰ ਮਹਿਸੂਸ ਨਹੀਂ ਕਰ ਸਕਦੀ ਪਰ ਦਿਲ ਤੇ ਇਨ੍ਹਾਂ ਦਾ ਅਸਰ ਹੁੰਦਾ ਹੈ। ਪ੍ਰੰਤੂ ਇਹ ਅਸਰ ਸਭ ਤੇ ਇੱਕੋ ਜਿਹਾ ਨਹੀਂ ਹੁੰਦਾ। ਇਸ ਲਈ ਇਨ੍ਹਾਂ ਦੀ ਜਿਉਂ ਦੀ ਤਿਉਂ ਤਸਵੀਰ ਖਿੱਚਣੀ ਮੁਸ਼ਕਿਲ ਹੈ। ਅਹਸਨੁਲ ਕਸਸ ਵਿਚ ਡੂੰਘੀ ਕਲਪਨਾ ਦੀ ਬਹੁਲਤਾ ਦੇ ਨਾਲ ਨਾਲ ਜਜ਼ਬਿਆਂ ਦੀ ਪੂਰੀ ਪੇਸ਼ਕਾਰੀ ਮਿਲਦੀ ਹੈ। ਯੂਸਫ਼ ਦੇ ਸੁਤੇਲੇ ਭਰਾ ਉਸ ਨੂੰ ਖੂਹ ਵਿਚ ਸੁੱਟ ਕੇ ਪਿਉ ਕੋਲ ਪਹੁੰਚ ਜਾਂਦੇ ਹਨ।(229)

ਯਾਕੂਬ (ਅਲੈ.) ਨੂੰ ਯੂਸਫ਼ (ਅਲੈ.) ਵਿਖਾਈ ਨਹੀਂ ਦਿੰਦੇ ਤਾਂ ਉਹ ਬੇਚੈਨ ਹੋ ਜਾਂਦੇ ਹਨ। ਇਸ ਬੇਚੈਨੀ ਅਤੇ ਬੇਵਸੀ ਵਿਚ ਸਵਾਲਾਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ :-

*ਯੂਸਫ਼ ਨਾਮ ਮੇਰਾ ਪੁੱਤ ਸੁਹਣਾ ਨੂਰ ਦੀਆਂ ਰੁਖ਼ ਚਮਕਾਂ*
*ਜੰਨਤੀਆਂ ਦਾ ਨਕਸ਼ਾ ਨੂਰੀ ਦੇਖਾਂ ਚਸ਼ਮ ਨਾ ਝਮਕਾਂ*
*ਫ਼ਰਜ਼ੰਦਾਂ ਲੈ ਮੇਰੇ ਕੋਲੋਂ ਤਿਸ ਖੜਿਆ ਸਹਿਰਾਏ*
*ਖਾਦਸ ਗੁਰਗ ਨਿਸ਼ਾਨੀ ਕੁੜਤਾ ਖ਼ੂਨ ਆਲੂਦ ਲਿਆਏ*
*ਗ਼ਮ ਉਸ ਦੇ ਵਿਚ ਮੇਰੀਆਂ ਅੱਖੀਂ ਕਯਾ ਕਹਾਂ ਕੀ ਹੋਈਆਂ*
*ਦਾਗ਼ ਸਿਆਹੋਂ ਗ਼ਮ ਦੇ ਪਾਣੀ ਝੋਲ ਨਦੀ ਵਿਚ ਧੋਈਆਂ*
*ਯੂਸਫ਼ ਦੇ ਮੈਂ ਵਿਚ ਵਿਛੋੜੇ ਤਲਬ ਦਿਲੇ ਤਸਕੀਨੋਂ*
*ਬਣਿਆ ਮੈਨੂੰ ਮਾਹ ਜਬੀਨੋਂ ਕਰਦਾ ਸਾਹਿਬ ਦੀਨੋਂ (230)*

ਕਿੰਨੀ ਦਰਦ ਭਰੀ ਚਿੱਠੀ ਹੈ ਇੰਜ ਜਾਪਦਾ ਹੈ ਜਿਵੇਂ ਦਿਲ ਦੇ ਇਸ ਦਰਦ ਨਾਲ ਅੱਖਾਂ ਵਿਚੋਂ ਹੀ ਹੰਝੂ ਨਹੀਂ ਵਹਿ ਰਹੇ ਸਗੋਂ ਇਸ ਚਿੱਠੀ ਦੇ ਸ਼ਬਦ ਅਤੇ ਲਾਈਨਾਂ ਵਿਚ ਹੰਝੂਆਂ ਦਾ ਸੈਲਾਬ ਵਹਿੰਦਾ ਹੈ। ਉਹ ਪੁੱਤਰਾਂ ਦੇ ਵਿਛੋੜੇ ਵਿਚ ਆਪਣੇ ਦਿਲ ਦਾ ਹਾਲ਼ ਬਿਆਨ ਕਰਦੇ ਹਨ :-

*ਖ਼ਤ ਮੇਰੇ ਦੀਆਂ ਸਤਰਾਂ ਅੰਦਰ ਨੀਰ ਵਗੇ ਜਿਉਂ ਕਾਂਗਾਂ*
*ਵਗਣ ਕਲਮ ਦੀਆਂ ਨੋਕਾਂ ਸੀਨੇ ਵਾਂਗ ਗ਼ਜ਼ਬ ਦੀਆਂ ਸਾਂਗਾਂ*



*ਮੁਲਕੇ ਮਿਸਰ ਚੜ੍ਹਾਂ ਦੀਆਂ ਠਾਠਾਂ ਨੀਲ ਨਦੀ ਦੀਆ ਲਹਿਰਾਂ*
*ਵਿਚ ਕਨਆਨ ਅਸਾਡੇ ਅੱਖੀਂ ਵਗਦੀਆਂ ਖ਼ੂਨੀ ਨਹਿਰਾਂ*(231)

ਇਹ ਦੋ ਸ਼ਿਅਰ ਕੀ ਹਨ ? ਯਾਕੂਬ (ਅਲੈ.) ਦੇ ਦਿਲ ਦੇ ਦਰਦ ਦੀ ਅੱਗ ਦੇ ਅੰਗਿਆਰ ਹਨ। ਯੂਸਫ਼ (ਅਲੈ.) ਤਾਂ ਪਹਿਲਾਂ ਹੀ ਪਿਤਾ ਦੇ ਵਿਛੋੜੇ ਦੇ ਗ਼ਮ ਵਿਚ ਬੇਹਾਲ ਹਨ। ਉਹਨਾਂ ਨੇ ਇਹ ਖ਼ਤ ਪੜ੍ਹਿਆ ਤਾਂ ਉਨ੍ਹਾਂ ਦਾ ਇਹ ਹਾਲ ਸੀ :-

*ਜਿੱਥੇ ਜਿੱਥੇ ਯੂਸਫ਼ ਲਿਖਿਆ ਨਾਮੇ ਦੇ ਵਿਚਕਾਰੇ*
*ਕਤਰੇ ਖ਼ੂਨ ਦੋ ਚਸ਼ਮ ਪਿਦਰ ਦੇ ਪਏ ਡਿੱਠੇ ਅਥ ਸਾਰੇ*(232)

ਜ਼ੁਲੈਖ਼ਾ, ਯੂਸਫ਼ ਦੀ ਜੁਦਾਈ ਵਿਚ ਮਰ ਕੇ ਆਪਣੀ ਆਤਮਾ ਨੂੰ ਸ਼ਾਂਤੀ ਦੇਣਾ ਚਾਹੁੰਦੀ ਹੈ ਉਸ ਦੇ ਜਜ਼ਬਾਤ ਪਾਗਲਪੁਣੇ ਦੀ ਹੱਦ ਤਕ ਪਹੁੰਚ ਜਾਂਦੇ ਹਨ।

*ਛਾਤੀ ਤੇ ਚਾ ਅਸਪ ਚੜ੍ਹਾਉ ਕਹੇ ਸਿਪਾਹੀਆਂ ਤਾਈਂ*
*ਯੂਸਫ਼ ਦੀ ਵਿਚ ਫ਼ੁਰਕਤ ਮੋਈ ਕਹਿਣ ਲੋਕ ਕਦਾਈਂ*
*ਜਾਂ ਉਹ ਘੋੜਾ ਯੂਸਫ਼ ਵਾਲਾ ਧਰਤੀ ਸਬ ਵਜਾਵੇ*
*ਛਾਤੀ ਵਿਚ ਜ਼ੁਲੈਖ਼ਾ ਅਪਣੇ ਸੱਟ ਵਜੇਂਦੀ ਪਾਵੇ*(233)

ਜ਼ੁਲੈਖ਼ਾ ਨੂੰ ਯੂਸਫ਼ ਦਾ ਇਹ ਪ੍ਰਸ਼ਨ ਸੁਣ ਕੇ ਗ਼ਸ਼ੀ ਪੈ ਗਈ ਤਾਂ ਯੂਸਫ਼ ਨੂੰ ਸਾਰਾ ਹਾਲ ਸੁਣਾਇਆ। ਉਸ ਦੇ ਜਜ਼ਬਾਤ ਉਸ ਸਮੇਂ ਬਿਲਕੁਲ ਸੁਭਾਵਿਕ ਹਨ :-

*ਕੌਣ ਹੋਵਾਂ ਮੈਂ ਕੌਣ ਸਦਾਵਾਂ ਕੌਣ ਨਹੀਂ ਮੈਂ ਕਾਈ*
*ਮੈਂ ਖ਼ੁਦ ਕੌਣ ਨਹੀਂ ਕੀ ਦੱਸਾਂ ਖ਼ੁਦ ਥੀਂ ਅੱਜ ਪਰਾਈ*
*ਕੌਣ ਕੋਈ ਤੂੰ ਪੁੱਛੇਂ ਮੈਨੂੰ ਮੈਂ ਬਲਿਹਾਰੀ ਜਾਵਾਂ*
*ਕੌਣ ਕੋਈ ਮੈਂ ਹੋ ਕੇ ਤੈਨੂੰ ਅਪਣਾ ਹਾਲ ਸੁਣਾਵਾਂ*(234)

**ਸਿਰਾਪਾ ਚਿੱਤਰਣ** (ਸਿਰ ਤੋਂ ਪੈਰਾਂ ਤਕ ਦਾ ਹਾਲ ਬਿਆਨ ਕਰਨਾ)

'ਅਹਸਨੁਲ ਕਸਸ' ਵਿਚ ਸਾਨੂੰ ਸਰਾਪਾ ਨਿਗਾਰੀ ਦੇ ਵੀ ਸੁੰਦਰ ਨਮੂਨੇ ਮਿਲਦੇ ਹਨ ਜੋ ਕਿ ਕਵੀ ਦੀ ਕਲਪਨਾ ਉਡਾਰੀ ਦਾ ਪਤਾ ਦਿੰਦੇ ਹਨ :-

*ਪਹਿਲੀ ਉਮਰ ਕੁੰਵਾਰੀ ਰਅਨਾ ਸਰੂ ਚਮਨ ਦਾ ਪੂਰਾ*
*ਜ਼ੁਹਦ ਲੁਟੇ ਤੇ ਸਬਰ ਲੁਟਾਵੇ ਉਸ ਦਾ ਨਾਜ਼ ਨਹੋਰਾ*
*ਜਦੋਂ ਨਕਾਬੋਂ ਅੱਖੀਂ ਖੋਲੇ ਤੀਰ ਛੁੱਟਣ ਦੋ ਗ਼ਮਜ਼ੇ*
*ਭਵਾਂ ਕਮਾਨਾਂ ਚਸ਼ਮ ਦੋ ਨਾਵਕ ਆਬ ਨਸ਼ਾ ਵਿਚ ਰਮਜ਼ੇ*
*ਸਾਕੀ ਨੈਣ ਖ਼ੁਮਾਰੀਆਂ ਵਾਲੇ ਭਰ ਭਰ ਦੇਣ ਪਿਆਲੇ*
*ਅਬਰੂ ਝਕੇ ਕਮਾਨਾਂ ਗੋਸ਼ੇ ਥੋੜ੍ਹਾ ਫ਼ਰਕ ਵਿਚਾਲੇ*(235)

**ਦ੍ਰਿਸ਼ ਚਿੱਤਰਣ** :- ਕਵੀ ਦੀ ਕਲਪਨਾ ਦੀ ਬੁਲੰਦੀ ਉਸ ਦੇ ਦ੍ਰਿਸ਼ ਚਿੱਤਰਣ ਦੇ ਢੰਗ ਤੋਂ ਚੰਗੀ ਤਰ੍ਹਾਂ ਵੇਖੀ ਜਾ ਸਕਦੀ ਹੈ :-

*ਬਾਗ਼ ਅਜਬ ਉਹ ਜਿਸ ਦਾ ਸਾਨੀ ਹੋਗ ਨਾ ਕਿਸੇ ਕੂਟੇ*
*ਹਰੇ ਭਰੇ ਵਿਚ ਜੋਸ਼ ਜਵਾਨੀ ਇਸ ਵਿਚ ਨਾਜ਼ੁਕ ਬੂਟੇ*
*ਰੀਹਾਂ ਅਤਰਖਿਲਾਰ ਚੜ੍ਹਾਇਆ ਪੰਖੀਆਂ ਵਿਚ ਦਿਮਾਗ਼ੇ*

*ਤਾਰੇ ਖੋਲ ਉਘਾੜ ਦਿਖਾਵੇ ਚੰਬੇਲੀ ਵਿਚ ਬਾਗ਼ੇ*
*ਸੁਬਹ ਹੁੰਦੀ ਨੂੰ ਨਾਜ਼ੁਕ ਗੁੰਚੇ ਹਸ ਹਸ ਗੱਲਾਂ ਕਰਦੇ*
*ਲਾਰੇ ਲਾ ਸਤਾਵਣ ਬੁਲ ਬੁਲ ਸ਼ੌਕ ਤਲਬ ਦੇ ਦਰ ਦੇ*
*ਨਰਗਿਸ ਚਸ਼ਮ ਉਘਾੜ ਨਾ ਦੇਖੇ ਫ਼ਿਤਨਾ ਨਜ਼ਰੀ ਆਵੇ*
*ਸ਼ਬ ਦੀਆਂ ਖ਼ੁਾਬ ਆਲੂਦਾ ਅੱਖੀਂ ਨਜ਼ਰ ਪਵਨ ਸ਼ਰਮਾਵੇ*
*ਗੁਲ ਨਾਰਾਂ ਦੀਆਂ ਖ਼ੂਨੀ ਸ਼ਕਲਾਂ ਗੁਲ ਲਾਲਾ ਪਰ ਦਾਗ਼ੋਂ*
*ਸੂਰਜਮੁਖੀ ਸਿਆਹੀ ਰਾਤੇ ਲੱਭੇ ਨੂਰ ਚਿਰਾਗ਼ੋਂ*(236)

ਦ੍ਰਿਸ਼ ਚਿੱਤਰਣ ਦੀਆਂ ਹੋਰ ਬਹੁਤ ਸਾਰੀਆਂ ਸੁੰਦਰ ਉਦਾਹਰਣਾਂ ਕਿਤਾਬ ਵਿਚ ਥਾਂ ਥਾਂ ਤੇ ਮਿਲਦੀਆਂ ਹਨ। ਮਹਿਬੂਬ ਦੇ ਵਿਛੋੜੇ ਵਿਚ ਨਿਢਾਲ ਜ਼ੁਲੈਖ਼ਾ ਬਾਗ਼ ਦੀ ਸੈਰ ਕਰਕੇ ਆਪਣੇ ਗ਼ਮ ਨੂੰ ਭੁਲਾਉਣਾ ਚਾਹੁੰਦੀ ਹੈ। ਕਵੀ ਦੇ ਕਲਾਮ ਦਾ ਕੁਦਰਤ ਅਤੇ ਦ੍ਰਿਸ਼ ਚਿੱਤਰਣ ਦੀ ਕਲਾ ਨਾਲ ਜਾਣੂ ਹੋਣ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਬਾਗ਼ ਵਿਚ ਬਹਾਰ ਅਤੇ ਜ਼ੁਲੈਖ਼ਾ ਦੇ ਅੰਦਰ ਜੁਦਾਈ ਦੇ ਜਜ਼ਬਿਆਂ ਨੂੰ ਨਾਲ ਹੀ ਨਾਲ ਬਿਆਨ ਕਰ ਰਹੇ ਹਨ। ਭਾਵ ਮੌਲਵੀ ਸਾਹਿਬ ਨੇ ਕੁਦਰਤੀ ਦ੍ਰਿਸ਼ਾਂ ਨੂੰ ਮਨੁੱਖੀ ਜਜ਼ਬਿਆਂ ਨਾਲ ਜੋੜ ਦਿੱਤਾ ਹੈ :-

*ਸੈਰ ਚਮਨ ਥੀਂ ਦਿਲ ਨੇ ਪਾਈਆਂ ਰਮਜ਼ਾਂ ਹੋਰ ਵਧੇਰੇ*
*ਨਰਗਿਸ ਬਰਗ ਡਿੱਠੇ ਦਿਲ ਗੁਜ਼ਰੇ ਉਹਾ ਨੈਣ ਲੁਟੇਰੇ*
*ਸਰੂ ਆਜ਼ਾਦ ਸੁਣਦੀ ਆਜ਼ਾਦੀ ਦੇਖ ਗ਼ਸ਼ੀ ਵਿਚ ਆਈ*
*ਤੇ ਦਿਲਬਰ ਦੀ ਬੇ ਪਰਵਾਈ ਲੂੰ ਲੂੰ ਵਿਚ ਸਮਾਈ*
*ਸੁਰਖ਼ ਗੁਲਾਂ ਤੇ ਬੁਲ ਬੁਲ ਰੋਂਦੀ ਕਰਦੀ ਖੜੀ ਸਿਆਪੇ*
*ਇਹ ਸਰ ਮਾਰ ਕਹੇ ਹੱਥ ਦੋਵੇਂ ਨਿਜ ਜਣੇਂਦੇ ਮਾਪੇ*
*ਮਿਲੇ ਮਿਸਾਲ ਸੱਜਣ ਦਿਆਂ ਦੰਦਾਂ ਦੇਖ ਚੰਬੇ ਦੀਆਂ ਕਲੀਆਂ*
*ਦੇਖ਼ ਸ਼ਕਾਇਕ ਦੇ ਰੁਖ਼ਸਾਰੇ ਦਿਲ ਵਿਚ ਲਾਟਾਂ ਬਲੀਆਂ*
*ਗੁਲ ਲਾਲੇ ਦੀ ਖ਼ੂਨੀ ਸੂਰਤ ਖੁੱਲ ਪਈ ਵਿਚ ਸੀਨੇ*
*ਸੀਨੋਂ ਦਾਗ਼ ਬਿਰਹੋਂ ਗੁਲ ਸੀਨੇ ਝਾੜੇ ਨਕਸ਼ ਨਗੀਨੇ*(237)

ਸ਼ਬਦਾਂ ਅਤੇ ਅਰਥਾਂ ਦੀ ਅਨੁਸਾਰਤਾ, ਯੋਗ ਅਤੇ ਢੁਕਵੇਂ ਸ਼ਬਦਾਂ ਦੀ ਵਰਤੋਂ ਇਨ੍ਹਾਂ ਸਾਰੀਆਂ ਖ਼ੂਬੀਆਂ ਨੇ ਮਿਲ ਕੇ ਇਸ ਦ੍ਰਿੱਸ਼ ਨੂੰ ਬਹੁਤ ਸੁੰਦਰ ਅਤੇ ਮਹਾਨ ਬਣਾ ਦਿੱਤਾ ਹੈ।

**ਕਲਪਨਾ :-** 'ਅਹਸਨੁਲ ਕਸਸ' ਦਾ ਕਵੀ ਇੰਨਾ ਮਹਾਨ ਕਲਾਕਾਰ ਹੈ ਜੋ ਕਿਸੇ ਬਾਹਰਲੀ ਚੀਜ਼ ਦੀ ਨਕਲ ਅਤੇ ਤਰਜਮਾਨੀ ਤੱਕ ਹੀ ਸੀਮਤ ਨਹੀਂ ਰਹਿੰਦਾ ਸਗੋਂ ਉਹ ਉਨ੍ਹਾਂ ਨੂੰ ਆਪਣੀ ਫ਼ਿਕਰ ਅਤੇ ਸੋਚ ਦੇ ਪ੍ਰਬੰਧ ਵਿਚ ਤਰਤੀਬ ਦੇ ਕੇ ਇਸ ਤਰ੍ਹਾਂ ਬਿਆਨ ਕਰਦਾ ਹੈ ਕਿ ਜਿਸ ਦੇ ਨਾਲ ਇਨ੍ਹਾਂ ਘਟਨਾਵਾਂ ਅਤੇ ਚੀਜ਼ਾਂ ਦੀ ਸਾਰੀ ਸੱਚਾਈ ਅੱਖਾਂ ਅੱਗੇ ਘੁੰਮਣ ਲੱਗ ਜਾਂਦੀ ਹੈ। ਇਹੀ ਚੀਜ਼ ਕਲਾਕਾਰ ਨੂੰ ਦੂਜਿਆਂ ਨਾਲੋਂ ਵਿਲੱਖਣਤਾ ਬਖ਼ਸ਼ਦੀ ਹੈ। ਮੌਲਵੀ ਗੁਲਾਮ ਰਸੂਲ ਆਲਮਪੁਰੀ ਲਿਖਦੇ ਹੀ ਚਲੇ ਜਾਂਦੇ ਹਨ ਅਤੇ ਕਲਮ ਹੱਥ 'ਚੋਂ ਹੇਠਾਂ ਨਹੀਂ ਰੱਖਦੇ। ਖ਼ਿਆਲ ਜਦੋਂ ਉਨ੍ਹਾਂ ਦੇ ਦਿਲ ਵਿਚੋਂ ਉੱਠਦਾ ਹੈ ਉਹ ਅਜਿਹਾ ਤੂਫ਼ਾਨ ਬਣ ਜਾਂਦਾ ਹੈ ਜਿਸ ਵਿਚ ਕਵੀ ਨੂੰ ਆਪਣਾ ਆਪ ਵੀ ਸੰਭਾਲਣਾ ਔਖਾ ਹੋ ਜਾਂਦਾ ਹੈ। ਉਹ ਜਿਸ



ਰਸਤੇ ਵੀ ਚੱਲ ਪੈਂਦੇ ਹਨ ਕੋਸ਼ਿਸ਼ ਕਰਦੇ ਹਨ ਕਿ ਉਸ ਦੇ ਅੰਤ ਨੂੰ ਹੱਕ ਲਾ ਕੇ ਹੀ ਪਿੱਛੇ ਮੁੜਣ। ਉਨ੍ਹਾਂ ਦੀ ਫ਼ਿਕਰ ਅਤੇ ਸੋਚ ਦਾ ਕੋਈ ਕਿਨਾਰਾ ਨਹੀਂ ਹੈ। ਇਸ ਕਿੱਸੇ ਵਿਚ ਸਾਨੂੰ ਕੋਈ ਅਜਿਹਾ ਵਿਸ਼ਾ ਨਹੀਂ ਮਿਲਦਾ ਜੋ ਉਨ੍ਹਾਂ ਦੀ ਕਲਮ ਤੇ ਚੜ੍ਹ ਕੇ ਮਨੁੱਖੀ ਫ਼ਿਕਰ ਦੇ ਅਸਮਾਨ ਤੱਕ ਨਾ ਪਹੁੰਚਿਆ ਹੋਵੇ। ਉਨ੍ਹਾਂ ਦੇ ਵਿਚਾਰਾਂ ਨੂੰ ਅਕਲ ਨਾਲ ਵੇਖੀਏ ਤਾਂ ਅਕਲ ਦੇ ਸਿਰ ਨੂੰ ਚੱਕਰ ਆ ਜਾਂਦੇ ਹਨ।(238)

ਖ਼ਾਤਿਮੁਲ ਕਿਤਾਬ ਵਿਚ ਉਹ ਆਪਣੇ ਨਾਜ਼ਰ (ਵੇਖਣ ਵਾਲੇ) ਨੂੰ ਇੰਜ ਆਖਦੇ ਹਨ :-

*ਐ ਨਾਜ਼ਰ ਕਰ ਗ਼ੌਰ ਵਡੇਰਾ ਦੇਖ ਸੁਖ਼ਨ ਦੀਆਂ ਲਹਿਰਾਂ*
*ਇਹ ਗੁਲਸ਼ਨ ਬੁਸਤਾਨ ਇਰਮ ਥੀਂ ਸ਼ੌਕ-ਓ-ਗੁਣ ਵਿਚ ਨਹਿਰਾਂ*
*ਇਹ ਗੁਲਜ਼ਾਰ ਬਹਾਰ ਇਨਾਯਤ ਖਿਲੀ ਲੁਤਫ਼ ਇਲਾਹੋਂ*
*ਇਸ਼ਕ ਮੁੱਅਸਰ ਨਜ਼ਰੀ ਆਇਆ ਦਰਦ ਭਰੀ ਇਸ ਆਹੋਂ*(239)

ਯੂਸਫ਼ੀ ਸੁੰਦਰਤਾ ਦੀ ਨੂਰਾਨੀ ਚਮਕ ਜਦੋਂ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਵਿਚਾਰਾਂ ਨਾਲ ਪਿਆਰ ਮੁਹੱਬਤ ਵਿਚ ਰਚ ਮਿਚ ਗਈ ਤਾਂ ਮੌਲਵੀ ਸਾਹਿਬ (ਰਹਿ.) ਨੇ ਇਸ ਨੂੰ ਨਿਭਾਉਣ ਲਈ ਪੰਜਾਬੀ ਨਜ਼ਮ ਦੀ ਲੜੀ ਵਿਚ ਆਪਣੇ ਦਿਲ ਦੇ ਦਰਦ ਨਾਲ ਖ਼ੂਬ ਮੋਤੀ ਪਰੋਏ ਹਨ। ਯੂਸਫ਼ (ਅਲੈ.) ਦੇ ਸੁਹੱਪਣ (ਹੁਸਨ) ਵਿਚ ਕਲਪਨਾ ਦੀ ਉਡਾਰੀ ਵੇਖੋ :-

*ਚਸ਼ਮ ਸਿਆਹ ਵਿਚ ਰਮਜ਼ਾਂ ਕਾਤਿਲ ਖੋਲ ਜ਼ਖ਼ਮ ਨਿਹਾਨੀ*
*ਚਮਕ ਸਿਆਰੇ ਅਨਵਰ ਵਾਂਗੂੰ ਝਾਤ ਅਤੇ ਜਗ ਫ਼ਾਨੀ*
*ਬੀਨੀ ਨੇਜ਼ਾ ਨੂਰ ਉਛਲਦਾ ਦੇਖ ਨਜ਼ਰ ਜਲ ਜਾਂਦੀ*
*ਦੋ ਅਬਰੂ ਪੈਵਸਤਾ ਦੇ ਵਿਚ ਰਸ਼ਕੋਂ ਝੜਦੀ ਜਾਂਦੀ*
*ਨਰਗਸ ਬਰਗ ਕਹਾਂ ਕਯਾ ਨਾਜ਼ੁਕ ਹਿਰਨ ਤਕੇ ਸ਼ਰਮਾਵੇ*
*ਕੌਣ ਦਿਲਾਵਰ ਹੋ ਮੁਕਾਬਿਲ ਜ਼ਰਾ ਕਿ ਨਜ਼ਰ ਟਿਕਾਵੇ*(240)

**ਸ਼ਬਦਾਂ ਅਤੇ ਅਰਥਾਂ ਦੀ ਅਨੁਸਾਰਤਾ :-**

ਮੌਲਵੀ ਸਾਹਿਬ ਵੱਖੋ ਵੱਖਰੇ ਸ਼ਬਦਾਂ ਵਿਚ ਆਪਣੇ ਚੁਣੇ ਹੋਏ ਸ਼ਬਦਾਂ ਨੂੰ ਰੱਖ ਕੇ ਉਨ੍ਹਾਂ ਦੀ ਅਵਾਜ਼ ਦੀਆਂ ਖ਼ੂਬੀਆਂ ਤੇ ਧਿਆਨ ਦਿੰਦੇ ਹਨ। ਫੇਰ ਉਨ੍ਹਾਂ ਦੀ ਤਰਤੀਬ ਤੇ ਗ਼ੌਰ ਕਰਦੇ ਹਨ। ਉਸ ਦੀ ਅਵਾਜ਼ ਦੇ ਉਤਰਾਅ ਚੜ੍ਹਾਅ ਨੂੰ ਵੇਖਦੇ ਹਨ ਅਤੇ ਬਹੁਤ ਹੀ ਸੰਖੇਪਤਾ ਨਾਲ ਜੋ ਕਿ ਕਲਾਮ ਦੀ ਜਾਨ ਹੁੰਦਾ ਹੈ ਆਪਣੇ ਵਿਚਾਰਾਂ ਨੂੰ ਸਭ ਤੋਂ ਨੇੜਲੇ ਰਸਤੇ ਰਾਹੀਂ ਪਾਠਕ ਦੇ ਦਿਮਾਗ਼ ਤੱਕ ਪਹੁੰਚਾਉਂਦੇ ਹਨ :-

*ਜਿਸ ਨੂੰ ਯਾਰ ਵਿਕੇਂਦਾ ਲੱਭੇ ਕੀਮਤ ਹੋਵਸ ਪੱਲੇ*
*ਉਸ ਦੇ ਜੈਡ ਨਾ ਤਾਲਿਆ ਵਾਲਾ ਉਸ ਦੇ ਕਰਮ ਸਵੱਲੇ*
*ਅਣ ਡਿਠਿਆਂ ਦਾ ਸ਼ੌਕ ਜਿਨ੍ਹਾਂ ਨੂੰ ਅਣ ਮਿਲਿਆਂ ਦੀ ਯਾਰੀ*
*ਇੱਥੇ ਦਿਲ ਦੀਆਂ ਦਿਲ ਨੂੰ ਜ਼ਰਬਾਂ ਵਜਦੀਆਂ ਬੇਵਸ ਕਾਰੀ*(241)

ਮੌਲਵੀ ਸਾਹਿਬ (ਰਹਿ.) ਨੇ ਸ਼ਬਦਾਂ ਅਤੇ ਤਰਕੀਬਾਂ ਨੂੰ ਨਵੇਂ ਢੰਗ ਨਾਲ ਬਿਆਨ ਕੀਤਾ ਹੈ। ਜ਼ੁਲੈਖ਼ਾ ਦੀ ਹਾਲਤ ਨੂੰ (ਹਰੂਫ਼-ਏ-ਤਹੱਜੀ) ਉਰਦੂ ਵਰਣਮਾਲਾ ਦੇ ਸਹਾਰੇ ਜਿਸ ਢੰਗ ਨਾਲ

ਬਿਆਨ ਕੀਤਾ ਹੈ, ਉਸ ਦੇ ਅੰਦਰ ਬਿਆਨ ਦੀ ਸੁੰਦਰਤਾ ਮਿਲਦੀ ਹੈ। ਨਮੂਨੇ ਦੇ ਤੌਰ ਤੇ ਕੁੱਝ ਸ਼ਿਅਰ ਵੇਖੋ :-

*ਇਕ ਦੀਦਾਰ ਕਰਨ ਨੂੰ ਤਰਸੇ ਅੱਖੀਂ ਨਜ਼ਰ ਨਾ ਆਵੇ*
*ਅਲਫੋਂ ਬੇ ਤੱਕ ਗ਼ਮ ਦੇ ਝੇੜੇ ਕਰ ਕਰ ਜ਼ਾਰ ਸੁਣਾਵੇ*
*ਅਲਫੋਂ ਅੱਗ ਬਿਰਹੋਂ ਦੀ ਚਮਕੇ ਬੇ ਬਰਿਆਂ ਕਰ ਸੁੱਟੀ*
*ਤੇ ਤੜਫਾਂ ਸੇ ਸਾਬਿਤ ਨਾਹੀਂ ਜੀਮ ਜਲਾਂ ਗ਼ਮ ਲੁੱਟੀ*
*ਹੇ ਹਰਾਮ ਹੋਏ ਸੁੱਖ ਮੈਨੂੰ ਖ਼ੇ ਖ਼ੁਆਰੀ ਪਾਈ*
*ਦਾਲ ਦੁੱਖਾਂ ਨੇ ਤੋੜ ਗਵਾਈ ਡਾਲੋਂ ਜ਼ਿਬਹ ਕਰਾਈ*(242)

ਉਪਮਾ ਅਤੇ ਰੂਪਕ

'ਅਹਸਨੁਲ ਕਸਸ' ਦੇ ਕਵੀ ਮੌਲਵੀ ਗ਼ੁਲਾਮ ਰਸੂਲ (ਰਹਿ.) ਦੀ ਕਵਿਤਾ ਵਿਚ ਵਰਤੇ ਗਏ ਰੂਪਕ ਅਤੇ ਉਪਮਾ ਬਹੁਤ ਸਾਰੀਆਂ ਖ਼ੂਬੀਆਂ ਆਪਣੇ ਅੰਦਰ ਰੱਖਦੇ ਹਨ। ਉਨ੍ਹਾਂ ਦੀ ਵਰਤੋਂ ਨਾਲ ਕਲਾਮ ਦੀ ਸਜਾਵਟ ਵੀ ਹੁੰਦੀ ਹੈ ਅਤੇ ਅਰਥਾਂ ਦੀ ਵਿਆਖਿਆ ਵੀ।

*ਲਾਲ ਬਦਖ਼ਸ਼ਾਂ ਵਾਂਗੂੰ ਦਮਕੇ ਸਰ ਅੰਗੁਸ਼ਤ ਉਨਾਬੀ*
*ਚਿਹਰਾ ਦੰਦੋਂ ਦੂਣ ਸਵਾਇਆ ਜਿਉਂ ਰੌਸਨ ਮਹਿਤਾਬੀ*
*ਚੌਦਾਂ ਬਰਸ ਉਮਰ ਦੀ ਬਾਲੀ ਜ਼ਾਹਿਰ ਨਜ਼ਰੀ ਆਈ*
*ਜ਼ੋਹਰਾ ਵਾਂਗ ਫ਼ਲਕ ਦੇ ਸਰ ਤੇ ਦੋਵੇ ਹੁਸਨ ਦਿਖਾਈ*(243)

ਮੌਲਵੀ ਸਾਹਿਬ ਦੀਆਂ ਤਸ਼ਬੀਹਾਂ ਵਿਚ ਅਜਿਹੀ ਸੰਪੂਰਨ ਤਸਵੀਰ ਹੈ ਕਿ ਉਸ ਵਿਚ ਕਿਸੇ ਤਰ੍ਹਾਂ ਦਾ ਨੁਕਸ ਜਾਂ ਕਮੀ ਨਜ਼ਰ ਨਹੀਂ ਆਉਂਦੀ। ਮੌਲਵੀ ਸਾਹਿਬ (ਰਹਿ.) ਨੇ ਅਜਿਹੀਆਂ ਤਸ਼ਬੀਹਾਂ (ਉਪਮਾ) ਵੀ ਵਰਤੀਆਂ ਹਨ ਜੋ ਪਾਠਕ ਨੂੰ ਨਵੀਆਂ ਸੱਚਾਈਆਂ ਵੱਲ ਲੈ ਜਾਂਦੀਆਂ ਹਨ। ਉਨ੍ਹਾਂ ਨੇ ਤਸ਼ਬੀਹਾਂ ਵਿਚ ਨਵਾਂਪਣ ਵੀ ਪੈਦਾ ਕੀਤਾ ਹੈ। ਬਾਜ਼ਿਗ਼ਾ ਦੀ ਸੁੰਦਰਤਾ ਇਸ ਤਰ੍ਹਾਂ ਬਿਆਨ ਕਰਦੇ ਹਨ :-

*ਜ਼ੁਲਫ਼ਾਂ ਨਾਗ ਸਿਆਹੀਆਂ ਜ਼ਾਲਿਮ ਮਾਂਦਰੀਆਂ ਕੱਟ ਖਾਵਣ*
*ਜੰਗਾਹੇਂ ਮੈਦਾਨ ਬਿਰਹੋਂ ਦੇ ਕਾਰ ਕਮੰਦ ਲਿਆਵਣ*
*ਮੱਸ਼ਾਤਾ ਸੌ ਮੰਤਰ ਪੜ ਕੇ ਜ਼ੁਲਫ਼ਾਂ ਨੂੰ ਹੱਥ ਪਾਵੇ*
*ਅਜੇ ਡਰੇ ਮਤ ਉਂਗਲੀਆਂ ਨੂੰ ਜ਼ੁਲਮ ਕਰੇ ਕੱਟ ਖਾਵੇ*
*ਨੂਰ ਰੁਖੋਂ ਲਿਸ਼ਕਾਰ ਦਿੰਦਾ ਥੀਂ ਲੈਣ ਉਧਾਰ ਸਿਆਰੇ*
*ਕੌਸ ਕਜ਼ਹ ਦੋ ਅਬਰੂ ਅੱਗੇ ਖਾਵੇ ਝੋਲ ਹੁਲਾਰੇ*(244)

**ਸਨਾਇ ਬਦਾਇ** (ਅਲੰਕਾਰ) :- ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਕਲਾਮ ਵਿਚ ਬਹੁਤ ਸਨਅਤਾਂ ਮਿਲਦੀਆਂ ਹਨ। ਪਾਠਕ ਦਾ ਧਿਆਨ ਅਰਥਾਂ ਅਤੇ ਭਾਵਾਂ ਵੱਲ ਹੀ ਰਹਿੰਦਾ ਹੈ ਅਤੇ ਕਿਧਰੇ ਵੀ ਸ਼ਾਬਦਿਕ ਚਾਲਾਂ ਦਾ ਧਿਆਨ ਨਹੀਂ ਆਉਂਦਾ। ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਵਿਦਵਤਾ ਦਾ ਇਹ ਹਾਲ ਹੈ ਕਿ ਉਹ ਜਿੱਧਰ ਵੀ ਜਾਂਦੇ ਹਨ ਕਮਾਲ ਹੀ ਕਰ ਦਿੰਦੇ ਹਨ। ਜ਼ੁਲੈਖ਼ਾ ਦੇ ਗਿਲੇ ਸ਼ਿਕਵੇ ਬਹੁਤ ਖ਼ੂਬੀ ਨਾਲ ਬਿਆਨ ਕਰਦੇ ਹਨ:-



*ਵਾਹ ਕਿਸਮਤ ਮੈਂ ਕੀ ਕੁੱਝ ਮੰਗਿਆ ਆਖ਼ਿਰ ਕੀ ਕੁੱਝ ਪਾਇਆ*
*ਖ਼ਾਲੀ ਰਹੀ ਮੁਰਾਦੋਂ ਰੋਂਦੀ ਦੁੱਖ ਦੂਣਾ ਹੱਥ ਆਇਆ*
*ਫ਼ਜ਼ਲ ਕਰਮ ਥੀਂ ਬਾਰਾਂ ਮੰਗਦੀ ਪਏ ਪੱਲੇ ਤਿਣ ਕਾਨੇ*
*ਤਨੇ ਜ਼ਖ਼ਮ ਲੱਗੇ ਤਨ ਮੇਰੇ ਗ਼ਮ ਦੁੱਖ ਦਰਦ ਪੁਰਾਣੇ*(245)

ਮੌਲਵੀ ਗੁਲਾਮ ਰਸੂਲ (ਰਹਿ.) ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਚਿੱਕੜ ਵਿਚ ਇਕ ਹੱਦ ਤਕ ਸ਼ਿਅਰੀਅਤ ਦੇ ਪੱਲੇ ਨੂੰ ਲਤਪਤ ਹੋਣ ਤੋਂ ਬਚਾ ਲੈਂਦੇ ਹਨ। ਉਦਾਹਰਣ ਦੇ ਤੌਰ ਤੇ ਕੁਝ ਮਕਾਮ ਮੁਲਾਹਜ਼ਾ ਫਰਮਾਏਂ। ਜ਼ੁਲੈਖ਼ਾ ਨੂੰ ਸੁਪਨੇ ਵਿਚ ਯੂਸਫ਼ (ਅਲੈ.) ਆਪਣਾ ਮਿਸਰ ਦਾ ਪਤਾ ਦੱਸਦੇ ਹਨ। ਉਹ ਬਹੁਤ ਸ਼ੌਕ ਅਤੇ ਬੇਚੈਨੀ ਨਾਲ ਮਿਸਰ ਪਹੁੰਚਦੀ ਹੈ। ਉੱਥੇ ਜਿਸ ਵਿਅਕਤੀ ਨੂੰ ਖ਼੍ਵਾਬ ਦੀ ਤਸਵੀਰ ਮੰਨਦੀ ਸੀ। ਵੇਖਦੀ ਹੈ ਕਿ ਸ਼ਕਲ ਵਿਚ ਯੂਸਫ਼ (ਅਲੈ.) ਦੀ ਸੁੰਦਰਤਾ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ। ਉਸ ਦੀ ਹੈਰਾਨੀ ਅਤੇ ਨਿਰਾਸ਼ਾ ਦੀ ਕੋਈ ਹੱਦ ਨਹੀਂ ਰਹਿੰਦੀ। ਇੱਥੇ ਕਵੀ ਸਨਅਤ-ਏ-ਤਜ਼ਾਦ ਦੀ ਖੁੱਲ੍ਹ ਕੇ ਵਰਤੋਂ ਕਰਦਾ ਹੈ।

*ਦੇਖ ਅਜੀਜ਼ ਮਿਸਰ ਦੇ ਤਾਈਂ, ਕੂਕ ਕਹੇ ਉਹ 'ਨਾਹੀਂ'*
*ਆਹ ਭਰੀ ਗ਼ਮ ਹੋਸ਼ ਗਵਾਈ, ਪਾਈ ਸੂਰਤ ਕਦਾਹੀਂ*
*ਦੇਖ ਕਹੇ ਜੋ ਖ਼੍ਵਾਬੇ ਡਿੱਠਾ, ਇਹ ਉਹ ਨਹੀਂ ਬੇਚਾਰਾ*
*ਉਹ ਖ਼ੁਰਸ਼ੀਦ ਫ਼ਲਕ ਥੀਂ ਅਨਵਰ ਜ਼ੱਰਾ ਇਹ ਨਾ ਕਾਰਾ*
*ਉਹ ਸ਼ਰਬਤ ਇਹ ਕੌੜਾ ਪਾਣੀ ਉਹ ਹਲਵਾ ਇਹ ਮੂਹਰਾ*
*ਉਹ ਸ਼ੋਅਲਾ ਇਹ ਧੂੰਆਂ ਬੇ ਸਰ, ਉਹ ਚੰਬਾ ਇਹ ਭੂਰਾ*
*ਉਹ ਮਿਸਰੀ ਇਹ ਕੌੜਾ, ਤੁਮਾਂ, ਇਹ ਹੈ ਗ਼ਮ ਉਹ ਸ਼ਾਦੀ*
*ਉਹ ਦੋਸਤ ਇਹ ਦੁਸ਼ਮਣ ਮੇਰਾ, ਜ਼ਾਲਿਮ ਚੋਰ ਫ਼ਸਾਦੀ*
*ਉਹ ਖ਼ੁਦ ਨੂਰ ਇਹੀ ਅੰਧੇਰਾ ਸ਼ਹਿਦ ਉਹਾ ਇਹ ਮੱਖੀ*
*ਇਹ ਕੰਡਾ ਉਹ ਗੁਲ ਥੀਂ ਨਾਜ਼ੁਕ ਜਿਸ ਵਿਚ ਖ਼ੂਬੀ ਰੱਖੀ*
*ਉਹ ਸਿਹਤ ਤੇ ਇਹ ਬੀਮਾਰੀ, ਉਹ ਮਰਹਮ ਇਹ ਕਾਤੀ*
*ਉਹ ਗੌਹਰ ਇਹ ਸੰਗ ਗ਼ਜ਼ਬ ਦਾ ਆਣ ਵੱਜਾ ਵਿਚ ਛਾਤੀ*(246)

ਇਹ ਸਿਲਸਿਲਾ ਵੀ ਦੂਰ ਤਕ ਚਲਿਆ ਗਿਆ ਪ੍ਰੰਤੂ ਕਿਧਰੇ ਵੀ ਤਬੀਅਤ ਵਿਚ ਉਕਸਾਹਟ ਪੈਦਾ ਨਹੀਂ ਹੁੰਦੀ।

**ਸਨਅਤ-ਏ-ਤਕਰਾਰ** :- ਇਹ ਸਨਅਤ ਦੀ ਇਕ ਹੋਰ ਸ਼ਕਲ ਇਹ ਹੈ ਕਿ ਕੁੱਝ ਸ਼ਿਅਰਾਂ ਵਿਚ ਉਹ ਇਕ ਸ਼ਬਦ ਦੀ ਤਕਰਾਰ (ਦੁਹਰਾਉਣਾ) ਕਰ ਜਾਂਦੇ ਹਨ। ਇਸ ਤਕਰਾਰ ਨਾਲ ਸ਼ਿਅਰ ਦੀ ਸੁੰਦਰਤਾ ਵੀ ਵਧਦੀ ਹੈ ਤੇ ਜਿਸ ਗੱਲ ਤੇ ਜ਼ੋਰ ਦੇਣ ਦੀ ਲੋੜ ਹੁੰਦੀ ਹੈ ਉਹ ਵੀ ਪੂਰੀ ਹੋ ਜਾਂਦੀ ਹੈ। ਇਸ ਸ਼ਾਬਦਿਕ ਦੁਹਰਾਉ ਦੇ ਬਹੁਤ ਸਾਰੇ ਰੂਪ 'ਅਹਿਸਨੁਲ ਕਸਸ' ਵਿਚ ਮਿਲ ਜਾਂਦੇ ਹਨ। ਪ੍ਰੰਤੂ ਜੋ ਵੱਧ ਸਪਸ਼ਟ ਹੋ ਕੇ ਸਾਹਮਣੇ ਆਉਂਦੇ ਹਨ, ਉਸ ਵਿਚ ਉਹ ਸ਼ਾਮਿਲ ਹਨ ਜਿੱਥੇ ਇਕ ਸ਼ਬਦ ਨੂੰ ਤੁਕਾਂ ਦੇ ਆਰੰਭ ਵਿਚ ਵਾਰ ਵਾਰ ਦੁਹਰਾਇਆ ਜਾਂਦਾ ਹੈ।

*ਮੈਂ ਚਾਹਿਆ ਵਿਚ ਦਰਦ ਤੇਰੇ ਦੇ ਨਾ ਫਸ ਮਰਾਂ ਕਥਾਈਂ*
*ਤੂੰ ਕਹਿ ਗਿਉਂ ਨਾ ਹਿਲੀਂ ਇਸ਼ਕੋਂ, ਸਾਬਿਤ ਕਦਮ ਟਿਕਾਈਂ*

*ਮੈਂ ਚਾਹਿਆ ਇਹ ਅਹਿਦ ਬਿਰਹੋਂ ਦਾ ਤੋੜ ਉਡਾਵਾਂ ਵਾਈਂ*
*ਤੂੰ ਕਹਿ ਗਿਉਂ ਨਾ ਹਾਰੀਂ ਕੌਲੋਂ ਜਾਵੀਂ ਮਤਾਂ ਅਜ਼ਾਈਂ*
*ਮੈਂ ਚਾਹਿਆ ਮੈਂ ਤੈਨੂੰ ਆਖਾਂ ਜ਼ਖਮ ਫ਼ਿਰਾਕ ਗਵਾਈਂ*
*ਤੂੰ ਕਹਿ ਗਿਉਂ ਨਸੀਂ ਜੇ ਜ਼ਖ਼ਮੋਂ ਦਾਗ਼ ਲਗੇ ਤੁਹ ਤਾਈਂ*(247)

ਇਹ ਮੈਂ ਚਾਹਿਆ ਅਤੇ ਤੂੰ ਕਹਿ ਗਿਉਂ ਦਾ ਸਿਲਸਿਲਾ ਦਸ ਗਿਆਰਾਂ ਸ਼ਿਅਰਾਂ ਤੱਕ ਚਲਦਾ ਹੈ। ਇਸ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਉਦਾਹਰਣਾਂ ਉਹ ਤੁਕਾਂ ਹਨ ਜਿਨ੍ਹਾਂ ਵਿਚ 'ਯੂਸਫ਼ (ਅਲੈ.) ਦੀ ਉਹ ਵਿਚ ਜਨਾਬੇ' ਵਾਰ ਵਾਰ ਸ਼ਿਅਰਾਂ ਵਿਚ ਵਰਤਿਆ ਗਿਆ ਹੈ ਜਾਂ ਫਿਰ ਇਕ ਕਹੇ ਵਿਚ ਵੀ ਵਾਰ ਵਾਰ ਪ੍ਰਗਟ ਹੁੰਦਾ ਹੈ ਅਤੇ ਇਨ੍ਹਾਂ ਸਭ ਤੋਂ ਵਧ ਕੇ ਸਵਾਲ ਜਵਾਬ ਦੀ ਸਨਅਤ ਵਿਚ ਕਹੇ ਜ਼ੁਲੈਖ਼ਾ ਅਤੇ ਯੂਸਫ਼ ਕਹੇ ਜਾਂ ਫਿਰ ਯੂਸਫ਼ ਪੁੱਛੇ ਅਤੇ ਕਹੇ ਜ਼ੁਲੈਖ਼ਾ ਦੇ ਸਿਲਸਿਲੇ ਅਹਸਨੁਲ ਕਸਸ ਦੇ ਕਈ ਕਈ ਪੰਨਿਆਂ ਤੇ ਪਸਰੇ ਹੋਏ ਮੌਲਵੀ ਸਾਹਿਬ (ਰਹਿ.) ਦੀ ਕਲਾ ਨੂੰ ਸਲਾਮ ਕਰਦੇ ਹਨ ਅਤੇ ਜਿੱਥੇ ਇਹ ਸਿਲਸਿਲਾ ਖ਼ਤਮ ਹੁੰਦਾ ਹੈ, ਉਸ ਦੇ ਨਾਲ ਹੀ ਉਸ ਦੇ ਉਲਟ ਫ਼ਰਮਾਇਆ ਦੱਸ ਅਤੇ ਅਰਜ਼ ਕਰੇ। ਇਸ ਸਿਲਸਿਲੇ ਦੀਆਂ ਉਦਾਹਰਣਾਂ ਵੇਖੋ :-

*ਜਿਸ ਦਿਨ ਦਾ ਤੂੰ ਮੇਰੇ ਉੱਤੇ ਗ਼ਮਜ਼ਿਉਂ ਵਾਰ ਚਲਾਇਆ*
*ਮੈਨੂੰ ਸਬਰ ਆਰਾਮ ਤਸੱਲੀ ਖ਼੍ਵਾਬੇ ਨਜ਼ਰ ਨਾ ਆਇਆ*
*ਜਿਸ ਦਿਨ ਦਾ ਮੈਂ ਤੈਨੂੰ ਡਿੱਠਾ ਅਪਣਾ ਆਪ ਭੁਲਾਇਆ*
*ਜਿਸ ਦਿਨ ਦਾ ਮੈਂ ਤੈਨੂੰ ਪਾਇਆ ਖ਼ੁਦ ਨੂੰ ਰੋੜ ਵਗਾਇਆ*
*ਜਿਸ ਦਿਨ ਦਾ ਵਿਚ ਸੁਫ਼ਨੇ ਮੈਂ ਤੇ ਘੱਤ ਗਿਉਂ ਚਮਕਾਰਾ*
*ਤਿਸ ਦਿਨ ਦਾ ਤੂਫ਼ਾਨ ਅੱਖੀਂ ਥੀਂ ਖੁੱਲ ਪਿਆ ਸੋ ਯਾਰਾ*(248)

ਅਗਲਾ ਨਮੂਨਾ ਵੇਖੋ :-

*ਦੇਖੋ ਨੀ ਇਸ ਨਾਜ਼ ਸੁੱਤੀ ਨੂੰ ਟੁੰਬ ਚਵਾਤੀਆਂ ਲਾਈਆਂ*
*ਦੇਖੋ ਨੀ ਇਸ ਬੇ ਪਰਵਾਈਆਂ ਫੇਰ ਨਾ ਝਾਤੀਆਂ ਪਾਈਆਂ*
*ਦੇਖੋ ਨੀ ਇਹ ਰਹਿਜ਼ਨ ਮੇਰਾ ਮਾਲ ਮੇਰਾ ਲੁੱਟ ਬੈਠਾ*
*ਦੇਖੋ ਨੀ ਇਹ ਦਿਲਬਰ ਮੇਰਾ ਦਿਲ ਮੇਰਾ ਘੁੱਟ ਬੈਠਾ*
*ਦੇਖੋ ਇਹ ਦਿਲ ਦਾ ਚਾਰਾ ਦੇ ਗਿਆ ਨੁਸਖ਼ੇ ਚਾਰੇ*
*ਖ਼ੌਫ਼ ਰਜਾਤੇ ਹਸਰਤ ਚਾ ਵਿਚ ਭਰ ਗਿਆ ਮਕਸਦ ਸਾਰੇ*
*ਦੇਖੋ ਨੀ ਇਹ ਨੂਰ ਹਕੀਕੀ ਹਰ ਮੁਸ਼ਹੱਦ ਸਰ ਛਾਇਆ*
*ਪਹਿਣ ਤਸ਼ੱਖ਼ੁਸ ਦਾ ਪੈਰਾਯਾ ਬਣ ਬਣ ਬਹੇ ਪਰਾਇਆ*(249)

ਇਕ ਹੋਰ ਉਦਾਹਰਣ ਵੇਖੋ :-

*ਯੂਸਫ਼ ਦੇ ਮਨ ਮੋਹਣ ਕਾਰਨ ਸਾਰੀਆਂ ਵਾਹਾਂ ਲਾਈਆਂ*
*ਯੂਸਫ਼ ਦੀ ਉਹ ਵਿਚ ਜਨਾਬੇ ਕਿਸੇ ਸ਼ੁਮਾਰ ਨਾ ਆਈਆਂ*
*ਪੁਰ ਖ਼ੂਨੋਂ ਕਰ ਅੱਖੀਂ ਦੋਵੇਂ ਝਾਕ ਜ਼ੁਲੈਖ਼ਾ ਦੇਖੇ*
*ਯੂਸਫ਼ ਦੀ ਉਹ ਵਿਚ ਜਨਾਬੇ ਕਿਸੇ ਨਾ ਆਈਆਂ ਲੇਖੇ*



*ਹੁਸਨ ਨਦੀ ਦੀਆਂ ਲਹਿਰਾਂ ਉੱਤੇ ਉਸ ਦੇ ਰੁੜ੍ਹੇ ਖ਼ਜ਼ਾਨੇ*
*ਯੂਸਫ਼ ਦੀ ਉਹ ਵਿਚ ਜਨਾਬੇ ਕਿਸੇ ਨਾ ਸ਼ਾਨ ਗੁਮਾਨੇ*(250)

ਇਕ ਹੋਰ ਨਮੂਨਾ ਵੇਖੋ :-

*ਇਕ ਕਹੇ ਲੈ ਦੇਖ ਜਵਾਨੀ ਮੈਂ ਪਰ ਆਈ ਹੋਈ*
*ਜ਼ੌਕ ਤਲਬ ਨੇ ਮਸਤੀ ਖ਼੍ਵਾਬੋਂ ਟੁੰਬ ਜਗਾਈ ਹੋਈ*
*ਇਕ ਕਹੇ ਮੈਂ ਪਰੀ ਨਹੀਂ ਪਰ ਪਰੀਓਂ ਪਰੇ ਪਰੇਰੇ*
*ਮੈਨੂੰ ਕਰਨ ਸਲਾਮ ਹਜ਼ਾਰਾਂ ਪਰੀਆਂ ਉੱਠ ਸਵੇਰੇ*
*ਇਕ ਕਹੇ ਮੈਂ ਨਾਜ਼ਾਂ ਵਾਲੀ ਮੇਰੀ ਚਾਲ ਨਿਰਾਲੀ*
*ਗੁਲ ਲਾਲਾ ਲੈ ਗਿਆ ਅਸਾਂ ਥੀਂ ਮੰਗ ਦੋ ਲਬ ਦੀ ਲਾਲੀ*(251)

ਅਗਲੀ ਉਦਾਹਰਣ ਵੇਖੋ :-

*ਕਹੇ ਜ਼ੁਲੈਖ਼ਾ ਯੂਸਫ਼ ਤੇਰੀ ਵਾਹ ਸੂਰਤ ਨੂਰਾਨੀ*
*ਯੂਸਫ਼ ਕਹੇ ਜਿਵੇਂ ਰੱਬ ਭਾਣੀ ਇਕ ਦਿਨ ਹੋਸੀ ਫ਼ਾਨੀ*
*ਕਹੇ ਜ਼ੁਲੈਖ਼ਾ ਯੂਸਫ਼ ਤੈਥੀਂ ਰੌਸ਼ਨ ਨੂਰ ਚਮਕਦਾ*
*ਯੂਸਫ਼ ਕਹੇ ਬਨਾਵਣ ਹਾਰਾ ਸਿਰਜਣਹਾਰ ਫ਼ਲਕ ਦਾ*
*ਕਹੇ ਜ਼ੁਲੈਖ਼ਾ ਦੋਵੇਂ ਤੇਰੇ ਗੁਲ ਨਾਜ਼ੁਕ ਰੁਖ਼ਸਾਰੇ*
*ਯੂਸਫ਼ ਕਹੇ ਅਜਿਹੇ ਕਿਤਨੇ ਸਾਹਿਬ ਦੀ ਗੁਲਜ਼ਾਰੇ*(252)

ਇਸ ਸਿਲਸਿਲੇ ਦੀ ਇਕ ਹੋਰ ਉਦਾਹਰਣ ਵੇਖੋ :-

*ਯੂਸਫ਼ ਪੁੱਛੇ ਦੱਸ ਜ਼ੁਲੈਖ਼ਾ ਕਿੱਧਰ ਗਈ ਜਵਾਨੀ*
*ਕਹੇ ਜ਼ੁਲੈਖ਼ਾ ਇਸ਼ਕ ਤੇਰੇ ਥੀਂ ਕਰ ਛੱਡੀ ਕੁਰਬਾਨੀ*
*ਯੂਸਫ਼ ਪੁੱਛੇ ਦੱਸ ਜ਼ੁਲੈਖ਼ਾ ਦੰਦਾਂ ਸਲਕ ਕਥਾਈਂ*
*ਕਹੇ ਜ਼ੁਲੈਖ਼ਾ ਘਿਸ ਘਿਸ ਟੁੱਟੇ ਕਰ ਦਿਆਂ ਵਸਲ ਦੁਆਈਂ*
*ਯੂਸਫ਼ ਪੁੱਛੇ ਦੱਸ ਜ਼ੁਲੈਖ਼ਾ ਕਿੱਥੇ ਤੇਰੀਆਂ ਸ਼ਾਨਾਂ*
*ਕਹੇ ਜ਼ੁਲੈਖ਼ਾ ਉਹ ਦਿਨ ਗੁਜ਼ਰੇ ਬਦਲਿਆ ਹੋਰ ਜ਼ਮਾਨਾ*(253)

ਇਕ ਹੋਰ ਉਦਾਹਰਣ ਵੇਖੋ :-

*ਫ਼ਰਮਾਇਆ ਦੱਸ ਕੌਣ ਕਰੇਂਦਾ ਅੱਜ ਤੇਰੀ ਗ਼ਮ ਖ਼੍ਵਾਰੀ*
*ਅਰਜ਼ ਕਰੇ ਗ਼ਮ ਦਰਦ ਵਿਛੋੜਾ ਤੇ ਇਹ ਗਿਰਯਾਂ ਜ਼ਾਰੀ*
*ਫ਼ਰਮਾਇਆ ਦੱਸ ਅੱਜ ਜ਼ੁਲੈਖ਼ਾ ਕਿਸ ਨੂੰ ਕਰੇ ਨਿਦਾਏਂ*
*ਅਰਜ਼ ਕਰੇ ਦਰਬਾਰ ਖ਼ੁਦਾ ਦੇ ਮੇਰੀਆਂ ਸੋਜ਼ ਦੁਆਏਂ*
*ਫ਼ਰਮਾਇਆ ਦੱਸ ਅੱਜ ਜ਼ੁਲੈਖ਼ਾ ਨਾਲ ਕੀਹਦੇ ਪੈਵੰਦੀ*
*ਅਰਜ਼ ਕਰੇ ਦੁੱਖ ਲੱਗੇ ਮੈਨੂੰ ਮੈਂ ਦੁੱਖਾਂ ਦੀ ਬੰਦੀ*(254)

ਗਿਣਤੀ

ਇਕ ਮੌਕੇ ਤੇ ਤਿੰਨ ਦਾ ਹਿੰਦਸਾ ਨਵੇਂ ਨਵੇਂ ਵਿਸ਼ਿਆਂ ਦੇ ਨਾਲ ਪੇਸ਼ ਹੋਇਆ ਹੈ ਜੋ ਕਵੀ ਦੀ ਤਬੀਅਤ ਅਤੇ ਵਹਾਅ ਦਾ ਖੁੱਲਾ ਸਬੂਤ ਹੈ। ਜ਼ੁਲੈਖ਼ਾ ਕਹਿ ਰਹੀ ਹੈ :-

*.ਫ਼ਜ਼ਲ ਕਰਮ ਥੀਂ ਬਾਰਾਂ ਮੰਗਦੀ ਪਏ ਪੱਲੇ ਤਿਨ ਕਾਨੇ*
*ਤਿੰਨੇ ਜ਼ਖ਼ਮ ਲੱਗੇ ਤਨ ਮੇਰੇ, .ਗ਼ਮ ਦੁੱਖ ਦਰਦ ਪੁਰਾਣੇ*
*ਤਿੰਨੇ ਮੈਨੂੰ ਖ਼੍ਵਾਬਾਂ ਆਈਆਂ ਤਿੰਨੇ ਸਖ਼ਤੀਆਂ ਪਾਈਆਂ*
*ਮੁਦੱਤ ਰੋਈ, ਕੈਦੀ ਹੋਈ ਢੋਈ ਵਲ ਈਜ਼ਾਈਆਂ*
*ਤਿੰਨੇ ਹਿਰਸ ਹਵਾ ਹਵਸ ਦੇ ਤਿੰਨੇ ਖ਼ਾਲੀ ਸਾਰੇ*
*ਇਹਨਾਂ ਤਿੰਨਾ ਮੇਂ ਮੁਲਕੋਂ ਪੱਟੀ ਲਾ ਲਾ ਰੂੜੇ ਲਾਰੇ*(255)

ਅੱਗੇ ਬੇਨੁਕਤਾ ਸ਼ਿਅਰ ਆਉਂਦੇ ਹਨ :–

*ਲੱਖ ਕਰੋੜ ਤਮਅ ਦਾ ਤੁਅਮਾ ਦਿਲ ਤਮਾਅ ਹਮਾਰਾ*
*ਇਕ ਸਵਾਲ ਮੁਹਾਲ ਵਸਲ ਦਾ ਕਰਦਾ ਹਾਲ ਆਵਾਰਾ*
*ਮੋੜ ਮੁਹਾਰ ਕਰਮ ਕਰ ਇਕਦਮ ਹਸ ਰਸ ਮਿਲ ਦਿਲਦਾਰਾ*
*ਰਖ ਮੁਸਲਿਮ ਅਹਿਦ ਅਸਾਡਾ ਰੋੜ੍ਹ ਗਵਾ ਦੁੱਖ ਸਾਰਾ*(256)

ਨਮੂਨੇ ਦੇ ਤੌਰ ਤੇ ਸ਼ਿਅਰ ਜਿਨ੍ਹਾਂ ਦਾ ਹਰੇਕ ਸ਼ਬਦ ਨੁਕਤਾਦਾਰ ਹੈ :–

*ਨਿਜ ਜਨੀ ਜਨ ਜਨੀ ਤੱਤੀ ਨੀ ਬਖ਼ਤ ਪੁਟੀ, ਬੁਤ ਚੀਨੀ*
*ਸਬ ਖ਼ੇਜ਼ੀ ਬੇ ਚੈਨੀ ਤੇਜ਼ੀ ਜੀਂ ਤਨ ਨਕਸ਼ਣ ਜੀਨੀ*
*ਨੈਣ ਤਪਣ ਤਪ ਜਪਣ ਸ਼.ਫ਼ਕ ਤੇ ਤੈਂ ਨਿਤ ਤਖ਼ਤ ਨਸ਼ੀਨੀ*
*ਬਖ਼ਸ਼ੀ ਪੀਤ ਪਚੀ ਤੈਂ ਜੇ ਤੇ ਜ਼ੀਨਤ ਜ਼ੇਬ ਯਕੀਨੀ*(257)

**ਸਿਆਕ ਉਲ ਅਅਦਾਦ :–**

*ਕਰਾਂ ਇਲਾਜ ਪਵੇ ਬੀਮਾਰੀ ਇਕ ਥੀਂ ਦੋ ਹੋ ਜਾਵਣ*
*ਦੋਨ੍ਹਾਂ ਥੀਂ ਚਾਰ, ਚੌਹਾਂ ਥੀਂ ਦੋ ਸੌ ਫੇਰ ਨਾ ਗਿਣਤੀ ਆਵਣ*(258)

**ਸਨਅਤ–ਏ–ਤਾਰੀਖ਼ :–**

ਮਅਨਵੀ ਤਾਰੀਖ਼

*ਅਹਿਸਨੁਲ ਕਸਸ ਧਰ ਨਾਮ ਕਿੱਸੇ ਦਾ ਮੈਂ ਲਿਖਿਆ ਤਨ ਵਾਰੀ*
*ਪੂਰਾ ਸਾਲ ਹੋਇਆ ਤਸਨੀ.ਫ਼ੇ ਨਾਲ ਰੱਬੇ ਦੀ ਯਾਰੀ* (259)

ਲ.ਫ਼ੋ ਨਸ਼ਰ

*ਜਲ ਜਲ ਜਾਣ ਕਲਮ ਦੀਆਂ ਨੋਕਾਂ ਪੁਰਜ਼ੇ ਹੋਣ ਜ਼ੁਬਾਨਾਂ*
*ਹਰ.ਫ਼ ਲਿਖਣ ਯਾ ਕਹਿਣ ਕਦਾਈਂ ਨਾਲ ਕਲਾਮ ਬਿਆਨਾਂ*(260)

ਤਲਮੀਹ :–

*ਚਾ ਪਰਦਾ ਜੇ ਘਾਤ ਵਗਾਵੇਂ ਪੱਥਰ ਨੂੰ ਅੱਗ ਲਾਵੇਂ*
*ਤੇ ਹਰ ਬਰਗੋਂ ਲਾਟ ਛੁੜਾਵੇਂ ਲੱਖ ਲੱਖ ਤੂਰ ਜਲਾਵੇਂ*(261)

ਜਮਾਂ ਤ.ਫ਼ਰੀਕ :–

*ਨਾ ਜ਼ੋਰਾਂ ਦੀ ਗਰਦਨ ਉੱਤੇ ਪੈਰ ਧਰੇ ਲੱਖ ਵਾਰੀ*
*ਤੇ ਸ਼ਬ ਯਲਦਾ ਜ਼ੀਨਤ ਕਾਰਣ ਮੰਗੇ ਜ਼ੁਲ.ਫ਼ ਉਧਾਰੀ*(262)



ਹਸ਼ਵ :–

*ਬੇਟੀਆਂ ਜਾਤਾ ਬਾਪ ਅਸਾਡਾ ਦੁਨੀਆਂ ਛੋੜ ਸੁਧਾਇਆ*
*ਅਸੀਂ ਬੁਰੇ ਕੰਮ ਮੰਦਾ ਕੀਤਾ ਵੱਡਾ ਜ਼ੁਲਮ ਕਮਾਇਆ*(263)

ਤਰੱਨੁਮ (ਲੈਅ) :–

ਸ਼ਿਅਰ–ਓ–ਅਦਬ ਵਿਚ ਸ਼ਬਦਾਂ ਨੂੰ ਬਹੁਤ ਪ੍ਰਮੁੱਖਤਾ ਪ੍ਰਾਪਤ ਹੈ। ਸਾਹਿਤਕਾਰ ਜਾਂ ਕਵੀ ਉਨ੍ਹਾਂ ਦੇ ਨਾਲ ਹੀ ਆਪਣੇ ਕਲਾਮ ਵਿਚ ਅਸਰ ਪੈਦਾ ਕਰਦਾ ਹੈ। ਸ਼ਬਦ ਹੀ ਉਸ ਦੇ ਪ੍ਰਗਟਾਵੇ ਦਾ ਜ਼ਰੂਰੀ ਵਸੀਲਾ ਹੁੰਦੇ ਹਨ। ਪ੍ਰਗਟਾਵੇ ਵਿਚ ਤੇ ਚੀਜ਼ਾਂ ਤੋਂ ਵੱਖਰਾ ਉਹ ਸ਼ਬਦਾਂ ਦੀ ਅਵਾਜ਼ ਦੇ ਪ੍ਰਭਾਵ ਤੇ ਵੀ ਨਜ਼ਰ ਰੱਖਦਾ ਹੈ ਕਿਉਂਕਿ ਸ਼ਬਦਾਂ ਦੀ ਅਵਾਜ਼ ਆਪਣੇ ਅੰਦਰ ਇਕ ਵਿਸ਼ੇਸ਼ ਪ੍ਰਭਾਵ ਰੱਖਦੀ ਹੈ। ਸ਼ਿਅਰ ਦੀ ਸਮੂਹਿਕ ਤਰਜ਼ ਵਿਚ ਸ਼ਬਦਾਂ ਦੀਆਂ ਅਵਾਜ਼ਾਂ ਦੀ ਹੈਸੀਅਤ ਬੜੀ ਅਹਿਮ ਹੁੰਦੀ ਹੈ।

.ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਪਾਸੋਂ ਅਸੀਂ ਜਿਸ ਧੁਨੀ ਪ੍ਰਭਾਵ ਦੀ ਉਮੀਦ ਰਖਦੇ ਹਾਂ, ਉਹ ਇਹੀ ਤਰੱਨੁਮ (ਲੈਅ) ਹੈ। ਅਹਸਨੁਲ ਕਸਸ ਦੀ ਸ਼ਾਇਰੀ ਅਜਿਹੀਆਂ ਖ਼ੂਬੀਆਂ ਦੇ ਨਾਲ ਨਾਲ ਚਲਦੀ ਵਿਖਾਈ ਦਿੰਦੀ ਹੈ।(264)

*ਰੈਣ ਨਾ ਮੁੱਕੇ ਨੈਣ ਨਾ ਸੁੱਕੇ ਚੈਨ ਨਾ ਢੁੱਕੇ ਨੇੜੇ*
*.ਗ਼ਮ ਦੀਆਂ ਆਹੀਂ ਘਟਦੀਆਂ ਨਾਹੀਂ ਕਤੀਆ .ਗ਼ਮ ਦੇ ਝੇੜੇ*

ਇਕ ਹੋਰ ਨਮੂਨਾ ਦੇਖੋ ਇਸ ਵਿਚ ਤਕਰਾਰ (ਦੁਹਰਾਉ) ਬਹੁਤ ਹੀ ਸੁੰਦਰ ਲੈਅ ਪੈਦਾ ਕਰ ਰਹੀ ਹੈ :–

*ਹਰ ਬਰਦੇ ਦੀ ਬਰਦੀ ਮਰਦੀ ਖ਼ਬਰ ਨਾ ਰੱਖੇ ਘਰ ਦੀ*
*ਸਭ ਲਾ ਕਾਈ ਤਾਅਨੇ ਕਰਦੀ ਇਹ ਜਰਦੀ ਦਮ ਭਰਦੀ*(265)

***ਹਜਵ–ਓ–ਜ਼ੰਮ***

ਪ੍ਰਸ਼ੰਸਾ ਜਾਂ ਜਸ ਕਵੀਆਂ ਦਾ ਆਮ ਵਿਸ਼ਾ ਹੈ। .ਗ਼ਜ਼ਲ ਮਸ਼ੂਕ ਦੀ ਸੁੰਦਰਤਾ ਅਤੇ ਸੁਹੱਪਣ ਦੀ ਪ੍ਰਸ਼ੰਸਾ ਹੁੰਦੀ ਹੈ ਅਤੇ ਕਸੀਦਾ ਮਮਦੂਹ (ਜਿਸ ਦੀ ਪ੍ਰਸ਼ੰਸਾ ਕੀਤੀ ਜਾਂਦੀ ਹੈ) ਦੀ ਸ਼ਾਨ, ਵਡਿਆਈ, ਕਮਾਲ ਅਤੇ ਹੁਨਰ ਦੀਆਂ ਸਿ.ਫ਼ਤਾਂ ਤੇ ਅਧਾਰਿਤ ਹੁੰਦਾ ਹੈ। ਇਸ ਵਿਸ਼ੇ ਤੇ ਸਾਡੇ ਪੁਰਾਤਨ ਅਤੇ ਆਧੁਨਿਕ ਕਵੀਆਂ ਨੇ ਇੰਨੀਆਂ ਪੁਸਤਕਾਂ ਲਿਖ ਦਿਤੀਆਂ ਹਨ ਜਿਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਹਰੇਕ ਨਵਾਂ ਕਵੀ ਜੋ ਇਸ ਮੈਦਾਨ ਵਿਚ ਪੈਰ ਧਰਦਾ ਹੈ, ਉਸ ਨੂੰ ਪਹਿਲੇ ਵਿਸ਼ਿਆਂ ਦਾ ਵੱਡਾ ਭੰਡਾਰ ਮਿਲ ਜਾਂਦਾ ਹੈ। ਆਮ ਤੌਰ ਤੇ ਇਸ ਵਿਚ ਥੋੜ੍ਹੀ ਬਹੁਤ ਤਬਦੀਲੀ ਨਾਲ ਉਹ ਆਪਣੀ ਸ਼ਾਇਰੀ ਦੀ ਦੁਕਾਨ ਸਜਾ ਲੈਂਦਾ ਹੈ। ਇਸ ਦੇ ਉਲਟ ਜ਼ੰਮ (ਨਿੰਦਾ) ਜਾਂ ਹਜਵ (ਬੁਰਾਈ) ਇਕ ਅਜਿਹਾ ਵਿਸ਼ਾ ਹੈ ਜਿਸ ਤੇ ਕਲਮ ਚੁੱਕਣ ਲਈ ਕਵੀ ਨੂੰ ਆਪਣੀ ਸੁਭਾਵਿਕ ਸੂਝ ਤੋਂ ਕੰਮ ਲੈਣਾ ਪੈਂਦਾ ਹੈ। ਬਹੁਤ ਘੱਟ ਕਵੀ ਸਹੀ ਅਰਥਾਂ ਵਿਚ ਹਜਵ ਦਾ ਹੱਕ ਅਦਾ ਕਰ ਸਕੇ ਹਨ। ਆਮ ਤੌਰ ਤੇ ਹਜਵ ਲਿਖਣ ਵਾਲਾ ਭੈੜੀ ਭਾਸ਼ਾ ਦੇ ਚਿੱਕੜ ਵਿਚ ਲਿਬੜ ਜਾਂਦਾ ਹੈ। ਪ੍ਰਸ਼ੰਸਾ ਅਤੇ ਨਿੰਦਾ ਵਿਚ ਇਕ ਅੰਤਰ ਇਹ ਵੀ ਹੈ ਕਿ ਇਕ ਹੀ ਪ੍ਰਸ਼ੰਸਾ ਲਗਭਗ ਬਹੁਤ ਸਾਰੇ ਮਮਦੂਹਾਂ ਤੇ ਲਾਗੂ ਹੋ ਸਕਦੀ ਹੈ। ਸੁੰਦਰਤਾ ਦੀ ਪ੍ਰਸ਼ੰਸਾ ਵਿਚ ਦੁਨੀਆ ਭਰ ਦੇ ਸੁੰਦਰ ਸ਼ਾਮਿਲ ਕੀਤੇ ਜਾ ਸਕਦੇ ਹਨ। ਪ੍ਰੰਤੂ

ਜ਼ੰਮ (ਨਿੰਦਾ) ਦੇ ਲਈ ਇਕ ਵਿਅਕਤੀ ਵਿਸ਼ੇਸ਼ ਦੀ ਗੱਲ ਕਰਨੀ ਪਵੇਗੀ। ਦੂਜੇ ਜ਼ੰਮ (ਨਿੰਦਾ) ਦੇ ਯੋਗ ਵਿਅਕਤੀ ਤੇ ਇਹ ਜ਼ਰੂਰੀ ਨਹੀਂ ਕਿ ਲਾਗੂ ਹੋ ਸਕੇ। ਵਿਸ਼ੇਸ਼ਤਾਈਆਂ ਆਮ ਮਨੁੱਖਾਂ ਵਿਚ ਸਾਂਝੀਆਂ ਹੁੰਦੀਆਂ ਹਨ ਅਤੇ ਬੁਰਾਈਆਂ ਆਮ ਤੌਰ ਤੇ ਆਪੋ ਆਪਣੀਆਂ ਹੁੰਦੀਆਂ ਹਨ। ਭਾਵੇਂ ਕੁਝ ਬੁਰਾਈਆਂ ਵੀ ਸਾਂਝੀਆਂ ਅਤੇ ਆਮ ਹੋ ਸਕਦੀਆਂ ਹਨ ਪਰ ਯੋਗ ਕਵੀ ਇਨ੍ਹਾਂ ਵਿਚ ਵੀ ਆਪਣੀ ਵਿਲੱਖਣਤਾ ਕਾਇਮ ਕਰ ਲੈਂਦਾ ਹੈ। ਵੇਖਦੇ ਹਾਂ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਇਸ ਪੱਧਰ ਤੇ ਕੀ ਢੰਗ ਵਰਤਦੇ ਹਨ। ਇਥੇ ਇਕ ਮੱਕਾਰਾ ਦਾਈ ਦਾ ਹੁਲੀਆ ਬਿਆਨ ਕੀਤਾ ਹੈ ਜੋ ਜ਼ੁਲੈਖ਼ਾਂ ਨੂੰ ਤਸੱਲੀ ਦੇ ਕੇ ਯੂਸਫ਼ (ਅਲੈ.) ਨੂੰ ਭਟਕਾਉਣ ਲਈ ਆਉਂਦੀ ਹੈ।(266)

ਮੌਲਵੀ ਸਾਹਿਬ (ਰਹਿ.) ਫ਼ਰਮਾਉਂਦੇ ਹਨ :-

*ਨਵੀਂ ਚੁੜੇਲ, ਪੁਰਾਣੀ ਆਫ਼ਤ ਤਨ ਹਲਕਾ ਰਗ ਭਾਰੀ*
*ਦੋਹਰਾ ਕਦ ਅਕਾਹਰਾ ਚਮੜਾ, ਮੁੱਠਕ ਦੇਹੀ ਸਾਰੀ*

ਸ਼ਿਅਰ ਨੂੰ ਐਵੇਂ ਨਾ ਪੜ੍ਹੋ। ਥੋੜਾ ਧਿਆਨ ਦੇਵੋ ਕਿ ਕਵੀ ਨੇ ਇਸ ਵਿਚ ਕੀ ਕੀ ਸ਼ਬਦ, ਅਰਥ ਦੇ ਜਾਦੂ ਚਲਾਏ ਹਨ। ਸਭ ਤੋਂ ਪਹਿਲਾਂ ਤੁਹਾਡੇ ਸਾਹਮਣੇ ਤਜ਼ਾਦ-ਓ-ਤਕਾਬਲ ਦੀ ਜੁਗਤ ਆਵੇਗੀ। ਇਕ ਸ਼ਿਅਰ ਵਿਚ ਛੇ ਸ਼ਬਦ ਇਸ ਸਨਅਤ ਨੂੰ ਨਿਭਾਉਂਦੇ ਹਨ। ਨਵੀਂ, ਪੁਰਾਣੀ, ਹਲਕਾ, ਭਾਰੀ, ਦੋਹਰਾ, ਕਾਹਰਾ, ਫੇਰ ਇਹ ਸ਼ਬਦ ਇੰਨੀ ਸਪਸ਼ਟਤਾ ਨਾਲ ਆਏ ਹਨ ਕਿ ਸ਼ਿਅਰ ਤੇ ਭਾਰ ਨਹੀਂ ਸਗੋਂ ਸ਼ਿਅਰ ਦੀ ਜਿੰਦ ਜਾਨ ਜਾਪਦੇ ਹਨ। ਇਨ੍ਹਾਂ ਵਿਚੋਂ ਇਕ ਵੀ ਕੱਢ ਦੇਈਏ। ਸ਼ਿਅਰ ਦਾ ਇਕ ਮੁੱਖ ਅੰਗ ਕਟ ਜਾਵੇਗਾ। ਅੱਗੇ ਵਧੀਏ ਤਜ਼ਾਦ ਦੇ ਮੁਕਾਬਲੇ ਵਿਚ ਅਨੁਪਾਤ ਵੇਖੀਏ ਚੁੜੇਲ ਅਤੇ ਆਫ਼ਤ, ਤਨ ਅਤੇ ਰਗ, ਕਦ ਅਤੇ ਚਮੜਾ, ਮੁੱਠਕ (ਮੁੱਠੀ ਭਰ) ਅਤੇ ਦੇਹੀ (ਪੂਰਾ ਸਰੀਰ) ਢੁਕਵੇਂ ਜਾਪਦੇ ਹਨ। ਹੁਣ ਉਸ ਮੱਕਾਰਾ ਇਸਤਰੀ ਦੀ ਤਸਵੀਰ ਸਾਹਮਣੇ ਆਉਂਦੀ ਹੈ। ਭਾਵ ਉਹ ਇਕ ਚੁੜੇਲ ਸੀ ਜੋ ਝਟਪਟ ਆਪਣੇ ਸ਼ਿਕਾਰ ਤੇ ਝਪਟਣ ਵਾਲੀ ਸੀ ਅਤੇ ਇਸ ਕਿਸਮ ਦੇ ਤਜਰਬਿਆਂ ਕਰਕੇ ਪੁਰਾਣੀ ਮੁਸੀਬਤ ਸੀ। ਇਸ ਦੀ ਬਾਹਰੀ ਹਾਲਤ ਇਹ ਸੀ ਕਿ ਪਕੇਰੀ ਉਮਰ ਅਤੇ ਵੱਖ-ਵੱਖ ਹੀਲੇ ਅਤੇ ਦਾਉ ਸੋਚਣ ਕਰਕੇ ਇਸ ਦਾ ਸਰੀਰ ਹਲਕਾ ਫੁਲਕਾ ਅਤੇ ਰਗਾਂ ਉਭਰ ਆਈਆਂ ਸਨ। ਕੱਦ ਲੰਬਾ ਹੋ ਕੇ ਕੁੱਬਾ ਹੋ ਚੁੱਕਿਆ ਸੀ। ਖੱਲ ਬਿਲਕੁਲ ਪਤਲੀ ਭਾਵ ਸਾਰਾ ਸਰੀਰ ਮੁੱਠੀ ਭਰ ਸੀ।(267)

*ਤਨ ਪੀਲਾ ਤੇ ਨੀਲੀਆਂ ਨਾੜੀਂ ਜ਼ੁਲਫ਼ਾਂ ਤੇ ਚਿੱਟਿਆਈ*
*ਭਰੀ ਫ਼ਰੇਬੋਂ ਖ਼ਾਲੀ ਜ਼ੋਰੋਂ ਤਾਕਤ ਬਦਨ ਦਾ ਰਾਈ*
*ਉਮਰ ਬੜੀ ਤੇ ਆਸ ਛੁਟੇਰੀ ਕਦਮ ਨਿੱਕੇ ਦਮ ਲੰਮੇ*
*ਸਿੱਧੇ ਵਾਲ ਤੇ ਵਿੰਗੀਆਂ ਹੱਡੀਂ ਬੇਵਸ ਜੋੜ ਨਿਕੰਮੇ*
*ਉੱਚੇ ਹੱਡ ਤੇ ਨੀਵੀਆਂ ਗੱਲ੍ਹਾਂ ਤਨ ਮਨਕੂਸ਼ ਜਰੀਦਾ*
*ਪਰ ਦਿਲ ਵਾਂਗ ਤਰ ਕਲੇ ਕਾਮਤ ਪਰ ਵਿਚ ਚਿਕਨ ਕਸ਼ੀਦਾ*
*ਝਿਮਣੀਆਂ ਦਾ ਵਾਲ ਨਾ ਕੋਈ ਭਵਾਂ ਭਵਾਈਆਂ ਹੋਈਆਂ*
*ਗਰਦਨ ਟੋਏ ਅੱਗੇ ਪਿੱਛੇ ਕਰਦ ਵਗਾਈ ਹੋਈ*



*ਝੱਲ ਬੁਢੇਪੇ ਨੇ ਵਿਚ ਚਿਹਰੇ ਗਰਦ ਉਡਾਈ ਹੋਈ*(268)

ਨਾਦਰ ਤਸ਼ਬੀਹਾਤ

*ਮਾਸ ਪੁਰਾਣੇ ਕਾਗ਼ਜ਼ ਵਾਲੀ ਸੂਰਤ ਪਾਈ ਹੋਈ*
*ਪਸਲੀਆਂ ਦੇ ਦੋਹੀਂ ਪਾਸੀਂ ਮਿਸਤਰ ਲਾਈ ਹੋਈ*
*ਦੋ ਪਸਤਾਨ ਵਡੇਰੀਆਂ ਮਸ਼ਕਾਂ ਆਬ ਨਿਚੋੜੇ ਹੋਏ*
*ਇਕ ਰੁਗ ਸ਼ਿਕਮ ਹਠਾਹਾਂ ਧਸਿਆ ਤੂੰਬੇ ਤੋੜੇ ਹੋਏ*
*ਕਿਨ ਨਿੰਬੂ ਦੀਆਂ ਛਿੱਲਾਂ ਵਰਗੇ ਨਕ ਸਕਾ ਸੁਕ ਕਾਲਾ*
*ਤੰਗ ਮੱਥਾ ਮੂੰਹ ਹੱਦੋਂ ਖੁੱਲਾ ਜਿਸ ਵਿਚ ਜੀਭ ਨਿਵਾਲਾ*
*ਦਾੜ੍ਹਾਂ ਦਾ ਕੁੱਝ ਪਤਾ ਨਿਸ਼ਾਨੀ ਲੱਭਦਿਆਂ ਹੱਥ ਨਾ ਆਵੇ*(269)

*****

## ਔਰਤਾਂ ਦੀ ਸੁੰਦਰਤਾ ਅਤੇ ਸੁਹੱਪਣ ਦੀ ਪ੍ਰਸ਼ੰਸਾ

ਔਰਤਾਂ ਦੀ ਪ੍ਰਸ਼ੰਸਾ ਵਿਚ ਮੌਲਵੀ ਸਾਹਿਬ ਦੀ ਕੋਈ ਬਰਾਬਰੀ ਨਹੀਂ ਕਰ ਸਕਦਾ। ਦਾਸਤਾਨ ਅਮੀਰ ਹਮਜ਼ਾ ਵਿਚ ਜਦੋਂ ਕਿਸੇ ਇਸਤਰੀ ਦੀ ਪ੍ਰਸ਼ੰਸਾ ਬਿਆਨ ਕਰਦੇ ਹਨ ਤਾਂ ਆਪ ਜੀ ਦੀ ਕਲਮ ਬੇਕਾਬੂ ਹੋ ਜਾਂਦੀ ਹੈ। ਉਰਦੂ ਵਿਦਵਾਨ ਦੇ ਕਥਨ ਅਨੁਸਾਰ ਫ਼ਾਰਸੀ ਅਤੇ ਪੰਜਾਬੀ ਸਾਹਿਤ ਦੇ ਅਧਿਐਨ ਵਿਚ ਅਜਿਹੀ ਪ੍ਰਸ਼ੰਸਾ ਮੇਰੀ ਨਜ਼ਰ ਵਿਚ ਨਹੀਂ ਆਈ। ਇਕ ਅੱਧ ਉਮਰ ਔਰਤ ਦੀ ਸੁੰਦਰਤਾ ਦੀ ਪ੍ਰਸ਼ੰਸਾ ਤਾਂ ਕਵੀ ਅਨੰਦ ਲੈ ਕੇ ਬਿਆਨ ਕਰ ਹੀ ਦਿੰਦਾ ਹੈ ਜਿਵੇਂ ਵਾਰਿਸ ਸ਼ਾਹ ਨੇ 'ਹੀਰ' ਅਤੇ ਮੀਆਂ ਮੁਹੰਮਦ ਨੇ ਬਦੀਉਜਮਾਲ ਪਰੀ ਦੀ ਪ੍ਰਸ਼ੰਸਾ ਬਿਆਨ ਕੀਤੀ ਹੈ। ਪ੍ਰੰਤੂ ਜੇਕਰ ਦਰਜਨਾਂ ਔਰਤਾਂ ਦੀ ਸੁੰਦਰਤਾ ਨੂੰ ਬਿਆਨ ਕਰਨਾ ਪਵੇ ਤਾਂ ਫਿਰ ਕਵੀ ਕੀ ਕਰੇ। ਮੌਲਵੀ ਸਾਹਿਬ ਦਾ ਹੀ ਕੰਮ ਹੈ ਕਿ ਉਹ ਇਸ ਔਖੇ ਕੰਮ ਨੂੰ ਨੇਪਰੇ ਚਾੜਣ। ਉਨ੍ਹਾਂ ਨੇ ਯੁੱਧ ਅਮੀਰ ਹਮਜ਼ਾ ਵਿਚ ਦਰਜਨ ਭਰ ਇਸਤਰੀਆਂ ਦੇ ਰੂਪ ਦੇ ਸੁਹੱਪਣ ਨੂੰ ਪੇਸ਼ ਕੀਤਾ ਹੈ। ਹਰ ਵਾਰ ਨਵੀਆਂ ਤਸ਼ਬੀਹਾਂ ਅਤੇ ਨਵੇਂ ਇਸਤਿਆਰੇ ਵਰਤੇ ਹਨ। ਫੇਰ ਉਹ ਇਹ ਤਸ਼ਬੀਹਾਂ ਅਤੇ ਇਸਤਿਆਰੇ ਉਸ ਔਰਤ ਦੇ ਮਹੌਲ, ਉਸ ਦੇ ਰਹਿਣ ਸਹਿਣ ਦੇ ਹਿਸਾਬ ਨਾਲ ਆਉਣਗੇ। ਫਿਰ ਇਹ ਨਹੀਂ ਕਿ ਦੋ ਚਾਰ ਸ਼ਿਅਰ ਲਿਖ ਕੇ ਬੱਸ ਕਰਨੀ ਹੈ ਸਗੋਂ ਦੋ ਦੋ ਚਾਰ ਚਾਰ ਪੰਨੇ ਲਿਖ ਜਾਂਦੇ ਹਨ। ਆਮ ਕਵੀਆਂ ਵਾਂਗ ਨਹੀਂ ਕਿ ਇਕ ਨਵੀਂ ਤਸ਼ਬੀਹ (ਉਪਮਾ) ਕਿਸੇ ਕਵੀ ਨੇ ਵਰਤੀ ਹੈ ਅਤੇ ਉਸ ਤੋਂ ਬਾਅਦ ਆਉਣ ਵਾਲੇ ਕਵੀ ਇਸੇ ਉਪਮਾ ਦੀ ਹੀ ਵਰਤੋਂ ਕਰਦੇ ਰਹਿਣ।(270)

ਨਮੂਨੇ ਵਜੋਂ ਕੁੱਝ ਸ਼ਿਅਰ ਵੇਖੋ :-

*ਆਹਾ ਵਾਲੀ ਮੁਲਕ ਦਾ ਜਿਸ ਦਾ ਨਾਮ ਹੂਮ*
*ਆਹੇ ਉਸ ਦੇ ਜ਼ੋਰ ਦੀ ਮੁਲਕਾਂ ਦੇ ਵਿਚ ਧੂਮ*
*ਘਰ ਉਸ ਦੇ ਇਕ ਭੈਣ ਹੈ ਜਿਸ ਦੇ ਜ਼ੇਬਾ ਨੈਣ*
*ਐਨ ਗ਼ੈਨ ਦੋ ਫਰਕਦੇ ਜਾਗਦਿਆਂ ਲੁੱਟ ਲੈਣ*
*ਨਾਜ਼ਿਲ ਹੋਈ ਜੰਨਤੋਂ ਗੋਯਾ ਹੂਰਉਲ ਐਨ*
*ਦਾਮ ਦਿਲਾਂ ਦੀਵਾਨਿਆਂ ਖ਼ਮ ਜ਼ੁਲਫੋਂ ਜ਼ੁਲਫ਼ੈਨ*
*ਜੁਲਫ਼ਾਂ ਦੇ ਵਿਚ ਮਿਸਰਾਂ ਵਾਲੋਂ ਲਫ਼ਜ਼ ਮਹੀਨ*
*ਲਫ਼ਜ਼ੀ ਤੇ ਵਿਚ ਮਅਨਵੀ ਸਿਫ਼ਤ ਆਹੇ ਰੰਗੀਨ*
*ਲਫ਼-ਓ-ਨਸ਼ਰ ਮਰਤਿਉਂ ਹਰ ਮੀਢੀ ਕਜ ਦਾਰ*
*ਗੁਤ ਮੁਰੱਸਅ ਡੋਰੀਓਂ ਤੇ ਮਤਲੂਨ ਹਮਵਾਰ*



*ਜ਼ੁਲਫ਼ਾਂ ਦੀ ਤਜਨੀਸ ਨੇ ਸ਼ਾਹਿਦ ਤਾਰੋ ਤਾਰ*
*ਤਰਸੀਓਂ ਤੌਸ਼ੀਹ ਧੀਂ ਮਅਨੀ ਹਾਰੋ ਹਾਰ*
*ਆਹ ਜ਼ੁਲਫ ਵੱਲ ਹਲਬ ਦੇ ਹੈ ਹੁਸਨ-ਏ-ਤਅਲੀਲ*
*ਕਹੇ ਸਿਫ਼ਾਤ ਮੁਬਾਲਗ਼ਾ ਇਹ ਇਹਾ ਲਮ ਦਲੀਲ*(271)

ਇਨ੍ਹਾਂ ਸ਼ਿਅਰਾਂ ਵਿਚ ਕਵੀ ਨੇ ਸ਼ਾਇਰੀ ਦੀਆਂ ਜੁਗਤਾਂ ਵਰਤੀਆਂ ਹਨ ਜਿਵੇਂ ਲਫ਼-ਓ-ਨਸ਼ਰ, ਮੁਰੱਸਅ, ਤੋਸ਼ਹ, ਹੁਸਨ-ਏ-ਤਅਲੀਲ, ਮੁਬਾਲਗ਼ਾ। ਇਹ ਉਪਮਾ ਦੀ ਇਕ ਨਵੀਂ ਕਿਸਮ ਹੈ ਜਿਸ ਦੇ ਬਾਨੀ ਅਤੇ ਸਿਖਰ ਪਹੁੰਚਾਉਣ ਵਾਲੇ ਮੌਲਵੀ ਸਾਹਿਬ ਹੀ ਹਨ। ਆਪ ਕਈ ਥਾਵਾਂ ਤੇ ਆਮ ਵਰਤੀਆਂ ਜਾਣ ਵਾਲੀਆਂ ਤਸ਼ਬੀਹਾਂ ਵੀ ਵਰਤਦੇ ਹਨ ਪਰ ਫੇਰ ਵੀ ਆਪਣਾ ਜੌਹਰ ਦਿਖਾਉਂਦੇ ਹਨ।

ਵਾਲਾਂ ਦੀ ਪ੍ਰਸ਼ੰਸਾ :-

*ਜੁਲਫ਼ਾਂ ਨਾਗ ਸਿਆਹ ਸੀ ਕੁੰਡਲ ਖ਼ਮਦਾਰ*
*ਗੋਯਾ ਕਾਰਨ ਆਸ਼ਿਕਾਂ ਧਰੇ ਕਮੰਦ ਹਜ਼ਾਰ*
*ਯਾਰ ਸਰ ਆਬ ਹਯਾਤ ਦੇ ਇਹ ਜ਼ੁਲਫ਼ਾਂ ਜ਼ੁਲਮਾਤ*
*ਪਾਰ ਹੋਵੇ ਜ਼ੁਲਮਾਤ ਥੀਂ ਵਸਲੋਂ ਮਿਲੇ ਨਿਜਾਤ*(272)
*ਨੋਕ ਸੁਣਾਂ ਹਲਾਲ ਦੀ ਝਿਮਣੀਆਂ ਦੇ ਵਾਲ*
*ਗਰਦ ਬ ਗਰਦ ਬੁਲਾਏ ਦੇ ਨੇਜ਼ੇ ਪਾਲੋ ਪਾਲ*(273)

ਰੁਖ਼ਸਾਰ ਦੀ ਤਾਰੀਫ਼ (ਗੱਲ੍ਹਾਂ ਦੀ ਪ੍ਰਸ਼ੰਸਾ) :-

*ਸੂਰਜ ਵਾਂਗੂੰ ਚਮਕਦੇ ਰੁਖ਼ਸਾਰੇ ਪੁਰ ਨੂਰ*
*ਲਾਟ ਬਿਰਹੋਂ ਵਿਚ ਚਮਕਦੇ ਆਫ਼ਤ ਭਰੇ ਤਨੂਰ*(274)

ਨੱਕ ਦੀ ਪ੍ਰਸ਼ੰਸਾ :-

*ਬੀਨੀ ਨੇਜ਼ਾ ਨੂਰ ਦਾ ਉੱਛਲ ਕਾਂਗ ਵਗੇ*
*ਦੇਖ ਮਤਾਂ ਮਰ ਜਾ ਦੱਸੀਂ ਜਾਂ ਇਹ ਸਾਂਗ ਵਗੇ*(275)

ਮੂੰਹ ਦਾ ਛੋਟਾ ਹੋਣਾ :-

*ਮੂੰਹ ਨੁਕਤ ਪਰਕਾਰ ਦਾ ਐਵੇਂ ਬੇ ਮਾਲੂਮ*
*ਨਾਂ ਮੌਜੂਦ ਦਸਾਂਵਦਾ ਦਾ ਬਿਲਕੁਲ ਮਅਦੂਮ*
*ਤੰਗ ਜਿਵੇਂ ਦਿਲ ਸ਼ੂਮ ਦਾ ਯਾ ਜ਼ਾਲਿਮ ਦੀ ਗੋਰ*
*ਯਾ ਮੁਫ਼ਲਿਸ ਦੀ ਰੋਜ਼ੀਉਂ ਤੰਗ ਜ਼ਰਾ ਕੁੱਝ ਹੋਰ*(276)

ਲੱਕ ਦਾ ਪਤਲਾ ਹੋਣਾ :-

*ਬਾਰੀਕੀ ਵਿਚ ਸ਼ਿਅਰ ਥੀਂ ਕਮ ਜ਼ਰਾ ਬਾਰੀਕ*
*ਸ਼ੱਕ ਪਵੇ ਦਿਲ ਦੇਖਿਆਂ ਹੈ ਯਾ ਨਾਈਂ ਠੀਕ*
*ਹਾਰ ਗਲੇ ਯਾਕੂਤ ਦਾ ਪਾ ਲੈਂਦੀ ਸੌ ਵਾਰ*
*ਜੇ ਨਾ ਟੁੱਟਣ ਕਮਰ ਦਾ ਹੋਂਦਾ ਖ਼ੌਫ਼ ਵਿਚਕਾਰ*(277)

ਤਸ਼ਬੀਹ (ਉਪਮਾ) ਦੀ ਕਲਾ ਵਿਚ ਨਵੇਂ ਅਤੇ ਪੁਰਾਣੇ ਕਵੀਆਂ ਨੇ ਆਪਣੇ ਜੌਹਰ ਦਿਖਾਏ

ਹਨ। ਇਸ ਸਮੇਂ ਇਕ ਘਟਨਾ ਯਾਦ ਆ ਰਹੀ ਹੈ ਜਿਸ ਨੂੰ ਬਿਆਨ ਕਰਨ ਵਾਲੇ ਅੱਲਾਮਾ ਅਰਸ਼ੀ ਹਨ। ਅੱਲਾਮਾ ਸਾਹਿਬ ਨੇ ਦੱਸਿਆ ਕਿ ਮੌਲਾਨਾ ਗ਼ੁਲਾਮ ਕਾਦਰ ਗਰਾਮੀ ਜਲੰਧਰੀ ਮਰਹੂਮ (ਸਵਰਗਵਾਸੀ) ਨੇ ਮੈਨੂੰ ਦੱਸਿਆ ਕਿ ਇਕ ਵਾਰ ਨਿਜ਼ਾਮ ਹੈਦਰਾਬਾਦ ਦੱਕਨ ਨੇ ਮੈਨੂੰ ਕਿਹਾ ਕਿ ਕੋਈ ਅਜਿਹੀ ਮਸਨਵੀਂ (ਕਿੱਸਾ) ਲਿਖੋ ਜਿਸ ਵਿਚ ਕੋਈ ਪੁਰਾਣੀ ਉਪਮਾ ਨਾ ਆਵੇ ਕਿਉਂਕਿ ਇਕ ਹੀ ਤਰ੍ਹਾਂ ਦੀਆਂ ਤਸ਼ਬੀਹਾਂ ਨਵੇਂ ਅਤੇ ਪੁਰਾਣੇ ਕਲਾਮ ਵਿਚ ਪੜ੍ਹ ਕੇ ਤਬੀਅਤ ਤੰਗ ਆ ਗਈ। ਇਸ ਲਈ ਨਵੀਆਂ ਤੇ ਅਨੋਖੀਆਂ ਤਸ਼ਬੀਹਾਂ ਦੀ ਵਰਤੋਂ ਕਰੋ। ਗਰਾਮੀ ਸਾਹਿਬ ਕਹਿੰਦੇ ਹਨ ਕਿ ਮੈਂ ਇਕ ਮਸਨਵੀ (ਕਿੱਸਾ) ਲਿਖਿਆ ਜਿਸ ਵਿਚ ਸਾਰੀਆਂ ਨਵੀਆਂ ਤਸ਼ਬੀਹਾਂ ਦੀ ਵਰਤੋਂ ਕੀਤੀ। ਜਿਸ ਦਾ ਲੇਖਕ ਨੂੰ ਕੇਵਲ ਇਕ ਸ਼ਿਅਰ ਯਾਦ ਆ ਰਿਹਾ ਹੈ।(278)

*ਕਮਰ ਬਾਰੀਕ ਚੂੰ ਫ਼ਿਕਰ ਨਿਜ਼ਾਮੀ*
*ਦਹਾਨਸ਼ ਤੰਗ ਚੂੰ ਦਸਤ ਗਿਰਾਮੀ*

**ਅਨੁਵਾਦ** :- ਲੱਕ ਇੰਨਾ ਪਤਲਾ ਸੀ ਜਿਵੇਂ ਨਿਜ਼ਾਮੀ ਦੀ ਫ਼ਿਕਰ ਹੈ ਅਤੇ ਉਸ ਦਾ ਮੂੰਹ ਇੰਨਾ ਤੰਗ ਜਿਵੇਂ ਗਰਾਮੀ ਦਾ ਹੱਥ।

ਮੌਲਾਨਾ ਗਰਾਮੀ ਨੂੰ ਕੀ ਪਤਾ ਸੀ ਕਿ ਉਨ੍ਹਾਂ ਤੋਂ ਪਹਿਲਾਂ ਉਨ੍ਹਾਂ ਦੇ ਹੀ ਜ਼ਿਲ੍ਹੇ ਦੇ ਕਵੀ ਗ਼ੁਲਾਮ ਰਸੂਲ (ਰਹਿ.) ਇਸ ਖ਼ਾਲੀ ਥਾਂ ਨੂੰ ਭਰ ਚੁੱਕੇ ਹਨ। ਯਾਦ ਰਹੇ ਮੌਲਾਨਾ ਗਰਾਮੀ ਜਲੰਧਰੀ ਮਸ਼ਹੂਰ ਹਨ ਭਾਵੇਂ ਕਿ ਉਹ ਹੁਸ਼ਿਆਰਪੁਰ ਦੇ ਰਹਿਣ ਵਾਲੇ ਸਨ।

ਪੈਰਾਂ ਦੀ ਸੁੰਦਰਤਾ :-

*ਪੈਰ ਮੁਲਾਇਮ ਹਲਵਿਉਂ ਤੇ ਰੰਗੋਂ ਖ਼ੁਸ਼ ਰੰਗ*
*ਅਤਲਸ ਉਪਰ ਜੇ ਚੱਲੇ ਵੀ ਹੋਣ ਕੁੱਝ ਤੰਗ*(279)

ਹੱਥਾਂ ਦਾ ਕੋਮਲ ਹੋਣਾ :-

*ਹੱਥੀਂ ਮਹਿੰਦੀ ਰਾਂਗੀ ਪਾਵੇ ਨਕਸ਼ ਨਿਗਾਰ*
*ਤਲੀ ਹਿਨਾਂ ਦੇ ਭਾਰ ਦਾ ਮਸਾਂ ਸਹਾਰੇ ਭਾਰ*(280)

ਸੁੰਦਰ ਉਪਮਾ ਦੀ ਵਰਤੋਂ :-

*ਲਕ ਨਜ਼ਾਰਾ ਨਾਜ਼ ਦਾ ਬੇਵਸ ਛੁੱਟ ਪਵੇ*
*ਬੰਦ ਜ਼ਮੀਨ ਆਸਮਾਨ ਦਾ ਸ਼ਾਇਦ ਟੁੱਟ ਪਵੇ*
*ਜੇ ਇਸ ਨਾਜ਼ੁਕ ਚਸ਼ਮ ਥੀਂ ਮਿਲੇ ਕਦਾਈਂ ਆਬ*
*ਬੁੱਢਾ ਸੱਤ ਸੌ ਸਾਲ ਦਾ ਗ਼ੁਸਲ ਕਰੇ ਵਿਚ ਖ਼੍ਵਾਬ*
*ਵੱਡਾ ਨੱਕ ਰਖਾਂਵਦੀ ਖ਼ੁਦ ਬੀਨੀ ਥੀਂ ਮਸਤ*
*ਖ਼ੁਦ ਬੀਨਾਂ ਦੇ ਦਿਲਾਂ ਨੂੰ ਕਰੇ ਜਮਾਲ ਪਰਸਤ*(281)

ਇਹ ਤਾਂ ਸੀ ਉੱਚੇ ਘਰਾਣੇ ਦੀਆਂ ਇਸਤਰੀਆਂ ਦੀ ਸੁੰਦਰਤਾ ਦੀ ਪ੍ਰਸ਼ੰਸਾ। ਹੁਣ ਤੁਸੀਂ ਇਕ ਡੇਭ ਬੱਕਰੀਆਂ ਚਰਾਉਣ ਵਾਲੀ ਦੇ ਸੁਹੱਪਣ ਦੀ ਪ੍ਰਸ਼ੰਸਾ ਸੁਣੋ :-

*ਜ਼ੁਲਫ਼ ਉਸ ਦੀ ਉੱਨ ਲੇਲਿਆਂ ਘਟ ਸਾਵਣ ਦੀ ਰੁੱਤ*
*ਵਾਲ ਸਿਆਹ ਮਨ ਭਾਵਣੇ ਦਿਲ ਲੈ ਗਈ ਅਛੁੱਤ*



*ਜਿਉਂ ਦੁਮ ਕਾਲੀ ਭੇਡ ਦੀ ਮਹਿਬੂਬਾ ਦੀ ਗੁੱਤ*
*ਭੇਡੀ ਪਿੱਛੇ ਲੁਕੀਆਂ ਰਹੇ ਅੜਤ ਖੜਤ*
*ਤਰਾਖੀਂ ਹਰ ਨੋਟੀਆਂ ਨਰਮ ਦਸਤੀ ਦੇ ਲਿੰਗ*
*ਭਵਾਂ ਕਮਾਨਾਂ ਵੰਨਗੀਆਂ ਜਿਉਂ ਮੇਂਡੇ ਦੇ ਸਿੰਗ*
*ਦੁੱਧੋਂ ਚਿੱਟੇ ਦੰਦ ਤੇ ਨਰਮ ਮੱਖਣ ਰੁਖ਼ਸਾਰ*
*ਬਦਨ ਮਲਾਈਉਂ ਚੀਕਣਾ ਰੋਗਣ ਧਰੇ ਨਤਾਰ*
*ਕਮਰ ਚੀਤੇ ਦੇ ਹਾਣ ਦੀ ਯਾ ਕੁੱਝ ਵੱਧ ਮਹੀਨ*
*ਦੋ ਦੁੰਬੇ ਦੀਆਂ ਚੱਕੀਆਂ ਸੁਰਸ ਦੋ ਸਮੀਂ ਸੜੀਨ*
*ਫਿਰੇ ਦੋੜੰਗੇ ਮਾਰਦੀ ਮਸਤ ਫਟੋਰੇ ਵਾਂਗ*
*ਦਿਲ ਦਰਦਾਂ ਵਿਚ ਰੋੜ੍ਹਦੀ ਹੁਸਨ ਨਦੀ ਦੀ ਕਾਂਗ*(282)

ਜ਼ੁਲਫ਼ (ਲਟਾਂ) ਨੂੰ ਭੇਡ ਦੇ ਨਿੱਕੇ ਬੱਚਿਆਂ ਦੀ ਉੱਨ ਨਾਲ ਉਪਮਾ ਦੇਣਾ ਕਿਸੇ ਨੂੰ ਕਦੋਂ ਸੁਝਦਾ ਹੈ। ਫੇਰ ਗੁੱਤ ਨੂੰ ਭੇਡ ਦੀ ਕਾਲੀ ਪੂਛ ਨਾਲ, ਗੱਲ੍ਹਾਂ ਨੂੰ ਮੱਖਣ, ਸਰੀਰ ਨੂੰ ਮਲਾਈ, ਚਿਤੜਾਂ ਨੂੰ ਦੁੰਬੇ ਦੀਆਂ ਚੱਕੀਆਂ ਨਾਲ ਤਸ਼ਬੀਹ ਦੇਣਾ ਮੌਲਵੀ ਸਾਹਿਬ ਦਾ ਹੀ ਕੰਮ ਹੈ। ਅੰਤ ਵਿਚ ਉਸ ਬੱਕਰੀਆਂ ਚਰਾਉਣ ਵਾਲੀ ਮਹਿਬੂਬਾ ਦੇ ਟਹਿਲਣ ਨੂੰ ਭੇਡ ਦੇ ਬੱਚੇ ਦੇ ਉਛਲਣ ਕੁੱਦਣ ਨਾਲ ਉਪਮਾ ਦੇ ਕੇ ਕਮਾਲ ਹੀ ਕਰ ਦਿੱਤਾ ਹੈ। ਸ਼ਾਇਰੀ ਦੀ ਭਾਸ਼ਾ ਵਿਚ ਇਸ ਨੂੰ ਮਹਾਕਾਤ ਕਹਿੰਦੇ ਹਨ, ਭਾਵ ਕਵੀ ਜੋ ਚਾਹੁੰਦਾ ਹੈ ਉਸ ਦਾ ਨਕਸ਼ਾ ਪੜ੍ਹਣ ਵਾਲੇ ਦੀਆਂ ਅੱਖਾਂ ਦੇ ਸਾਹਮਣੇ ਆ ਜਾਵੇ। ਇਨ੍ਹਾਂ ਸ਼ਿਅਰਾਂ ਵਿਚ ਜਿੱਥੇ ਨਾਜ਼ੁਕ ਪੇਂਡੂ ਮੁਟਿਆਰ ਦੀ ਚਲਦੀ ਫਿਰਦੀ ਤਸਵੀਰ ਅੱਖਾਂ ਦੇ ਸਾਹਮਣੇ ਆ ਜਾਂਦੀ ਹੈ ਉੱਥੇ ਨਾਲ ਹੀ ਉਸ ਦੇ ਝੁੰਡ ਦੀਆਂ ਭੇਡ ਬੱਕਰੀਆਂ ਅਤੇ ਉਨ੍ਹਾਂ ਦੇ ਬੱਚੇ ਛਾਲਾਂ ਮਾਰਦੇ ਨਜ਼ਰ ਆਉਂਦੇ ਹਨ। ਕਵੀ ਦੀ ਇਸ ਸਫਲਤਾ ਦੀ ਤਾਰੀਫ਼ ਲਈ ਮੇਰੇ ਕੋਲ ਸ਼ਬਦ ਨਹੀਂ।(283)

*ਚਿੱਠੀਉਂ ਮੇਂ ਹਿਜਰ-ਓ-ਫ਼ਿਰਾਕ ਅਤੇ ਮਆਰਫ਼ਤ-ਓ-ਇਲਾਹੀਆਤ*

ਦਰਦ ਵਿਛੋੜੇ ਵਿਚ ਗਰਮਾ ਕੇ ਲਿਖੀ ਇਸ ਚਿੱਠੀ ਨੂੰ ਖ਼ਤਾਬ ਕਰਨ ਵਾਲੇ ਸੱਚੇ ਅਤੇ ਪਵਿੱਤਰ ਮੁਸਾਫ਼ਿਰ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਹਨ। ਜਿਨ੍ਹਾਂ ਦੀ ਮਹਿਕ ਨਾਲ ਮਨੁੱਖ ਚਿੰਤਨ ਅਤੇ ਕਲਾ ਦੀਆਂ ਨਵੀਆਂ ਰਾਹਾਂ ਤੋਂ ਜਾਣੂ ਹੋ ਜਾਂਦਾ ਹੈ।

*ਜੇ ਹੈਂ ਯਾਰ ਮੇਰਾ, ਮੈਂ ਵੱਲ ਕਰੀਂ ਫੇਰਾ, ਇਸ ਜਿੰਦ ਦਾ ਕੁੱਝ ਇਤਬਾਰ ਨਾਹੀਂ*
*ਖ਼ਾਕੀ ਪੁਤਲਾ ਕਲਾ ਦਾ ਪਿੰਜਰਾ ਏ ਉੱਡਿਆ ਭੌਰ ਤੇ ਫਿਰ ਦਰਬਾਰ ਨਾਹੀਂ*
*ਇਹ ਕਲਾ ਦੀ ਤਾਰ ਤੇ ਵਜਦਾ ਏ ਟੁੱਟੀ ਫੇਰ ਮੁੜ ਵੱਜਣੀ ਤਾਰ ਨਹੀਂ*
*ਜਦੋਂ ਫੇਰ ਮੁੜ ਵੱਜਣੀ ਤਾਰ ਨਾਹੀਂ ਵੇਲਾ ਹੁਣੇ ਹੈ ਘੜੀ ਉਧਾਰ ਨਾਹੀਂ*(284)

ਇਨ੍ਹਾਂ ਚਾਰ ਤੁਕਾਂ ਵਿਚ ਮੌਲਵੀ ਸਾਹਿਬ ਨੇ ਅੰਦਰੂਨੀ ਕਾਫ਼ੀਏ ਵਰਤ ਕੇ ਇਕ ਨਗ਼ਮਾ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੌਲਵੀ ਸਾਹਿਬ ਨੇ ਇਨ੍ਹਾਂ ਚਿੱਠੀਆਂ ਵਿਚ ਵਿਛੋੜੇ ਦੇ ਜਿਸ ਦਰਦ ਦਾ ਵਰਨਣ ਕੀਤਾ ਹੈ, ਉਹ ਇਨ੍ਹਾਂ ਚਿੱਠੀਆਂ ਦੇ ਇਕ ਇਕ ਸ਼ਬਦ ਵਿਚ ਮਹਿਸੂਸ ਹੁੰਦਾ ਹੈ। ਇਹ ਕੇਵਲ ਮਹਿਸੂਸ ਹੀ ਨਹੀਂ ਹੁੰਦਾ ਸਗੋਂ ਪੜ੍ਹਣ ਅਤੇ ਸੁਨਣ

ਵਾਲਿਆਂ ਦੀਆਂ ਖ਼ੁਦ ਵੀ ਆਹਾਂ ਨਿਕਲ ਜਾਂਦੀਆਂ ਹਨ।

ਇੰਜ ਜਾਪਦਾ ਹੈ ਕਿ ਸੱਯਦ ਰੌਸ਼ਨ ਅਲੀ ਦਾ ਨਾਂ ਤਾਂ ਐਵੇਂ ਹੀ ਬਹਾਨਾ ਹੈ ਅਸਲ ਵਿਚ ਇਨ੍ਹਾਂ ਚਿੱਠੀਆਂ ਦੇ ਰਾਹੀਂ ਮੌਲਵੀ ਗ਼ੁਲਾਮ ਰਸੂਲ ਨੇ ਆਪਣੇ ਅੰਦਰ ਦੀ ਅੱਗ ਨੂੰ ਸ਼ਬਦਾਂ ਦਾ ਰੂਪ ਦੇ ਦਿੱਤਾ ਹੈ। ਇਹ ਅੱਗ ਇਸ਼ਕ-ਏ-ਹਕੀਕੀ ਦੇ ਅੰਗਾਰੇ ਨਾਲ ਲਗਦੀ ਹੈ। ਜਦੋਂ ਇਛੁੱਕ ਆਪਣੇ ਚਾਹੁਣ ਵਾਲੇ ਦੇ ਇਸ਼ਕ ਵਿਚ ਜਲ ਕੇ ਬਿਰਹੋਂ ਦੀ ਅੱਗ ਵਿਚ ਸੜਦਾ ਹੋਇਆ ਮਿਲਾਪ ਦੀ ਇੱਛਾ ਕਰਦਾ ਹੈ ਤਾਂ ਉਸ ਦੀ ਚਾਹ ਅਨੋਖੇ ਅੰਦਾਜ਼ ਵਿਚ ਸਾਹਮਣੇ ਆਉਂਦੀ ਹੈ। ਇਥੇ ਵੇਖੋ ਇਛੁੱਕ ਆਪਣੇ ਆਪ ਨੂੰ ਰੱਤ ਦੀ ਨਦੀ ਵਿਚ ਵਹਾ ਕੇ ਮਹਿੰਦੀ ਦੇ ਦਰੱਖ਼ਤ ਨੂੰ ਸਿੰਜਦਾ ਹੈ ਅਤੇ ਫੇਰ ਇੱਛਾ ਕਰਦਾ ਹੈ ਕਿ ਕਦੇ ਇਹ ਮਹਿੰਦੀ ਉਸ ਦੀ ਪ੍ਰੇਮਿਕਾ ਦੇ ਪੈਰਾਂ ਵਿਚ ਲੱਗ ਜਾਵੇ ਅਤੇ ਇਸ ਤਰ੍ਹਾਂ ਹੀ ਉਸ ਦਾ ਮਿਲਾਪ ਹੋ ਜਾਵੇ। ਮੌਲਵੀ ਗ਼ੁਲਾਮ ਰਸੂਲ ਇਸ ਬਾਰੀਕ ਤੇ ਹਲਕੇ ਫੁਲਕੇ ਖ਼ਿਆਲ ਨੂੰ ਕਿੰਨੇ ਸੁਹਣੇ ਢੰਗ ਨਾਲ ਪੇਸ਼ ਕਰਦੇ ਹਨ :-

*ਹੋਵਾਂ ਖ਼ੂਨ ਬਾ ਨੈਣ ਥੀਂ ਵਗਾਂ ਸਾਰਾ ਰੁੱਖ ਮਹਿੰਦੀ ਦੇ ਜੜੀਂ ਸਮਾਵਣੇ ਨੂੰ*
*ਰਚੇ ਰੰਗ ਹੋ ਬਰਗ ਤੇ ਯਾਰ ਸ਼ਾਇਦ ਮੰਜ਼ੂਰ ਕਰੇ ਪੈਰੀਂ ਲਾਵਣੇ ਨੂੰ*

ਆਪਣੇ ਮਿੱਤਰ ਸੱਯਦ ਰੋਸ਼ਨ ਅਲੀ ਦੇ ਨਾਂ ਚਿੱਠੀ ਵਿਚ ਉਸ ਦਰਦ ਦਾ ਜ਼ਿਕਰ ਕਈ ਥਾਂ ਤੇ ਕਰਦੇ ਹਨ ਜਿਸ ਨਾਲ ਪਤਾ ਚਲਦਾ ਹੈ ਕਿ ਮੌਲਵੀ ਸਾਹਿਬ ਨੂੰ ਅੰਦਰੂਨੀ ਤੌਰ ਤੇ ਕੁੱਝ ਜ਼ਿੰਮੇਦਾਰੀਆਂ ਸੌਂਪੀਆਂ ਗਈਆਂ ਸਨ ਜੋ ਉਨ੍ਹਾਂ ਨੇ ਚੰਗੀ ਤਰ੍ਹਾਂ ਨਿਭਾਈਆਂ ਅਤੇ ਕੁੱਝ ਗੱਲਾਂ ਦਾ ਵਰਨਣ ਵੀ ਉਨ੍ਹਾਂ ਨੇ ਵੱਖ-ਵੱਖ ਸ਼ਿਅਰਾਂ ਵਿਚ ਕੀਤਾ ਹੈ ਕਿਉਂਕਿ ਇਹ ਉਨ੍ਹਾਂ ਦੀ ਮਜਬੂਰੀ ਸੀ। ਆਪਣੀ ਮਾਲਕੀ ਜ਼ਾਹਿਰ ਕਰਨ ਦਾ ਸ਼ੌਕ ਨਹੀਂ ਸੀ। ਇਕ ਥਾਂ ਤੇ ਫ਼ਰਮਾਉਂਦੇ ਹਨ :-

*ਅਸਾਂ ਇਸ਼ਕ ਜ਼ੰਜੀਰੀਆਂ ਘੱਤ ਪੈਰੀਂ ਲਿਖੀਆਂ ਚਿੱਠੀਆਂ ਦਰਦ ਸੁਨਾਵਣੇ ਨੂੰ*
*ਥਈਆ ਥਈ ਨਚਾਇਆ ਇਹ ਸੋਜ਼ ਤੇਰੇ ਧਮਕ ਪਈ ਜਨੂਨ ਬੁਲਾਵਣੇ ਨੂੰ*
*ਭਰਿਆ ਦੌਰ ਸ਼ਰਾਬ ਦਾ ਕੁੱਲ ਆਲਮ ਸਾਕੀ ਉੱਠਿਆ ਜਾਮ ਪਿਲਾਵਣੇ ਨੂੰ*
*ਰੁਖ਼ ਸਾਕੀ ਦੇ ਝਲਕ ਵਿਚ ਜਾਮ ਦਿੱਤਾ ਪੀਵਣ ਹਾਰ ਦੇ ਰੂਹੜ ਵਗਾਵਣੇ ਨੂੰ*
*ਸਾਨੂੰ ਦਰਦ ਦਿਆਂ ਲਸ਼ਕਰਾਂ ਗਰਦ ਕੀਤਾ ਉੱਡਦਾ ਦੇਖਿਆ ਤੁਸਾਂ ਗ਼ੁਬਾਰ ਨਾਹੀਂ*
*ਜਿਉਂ ਕਟਕ ਫਰੰਗ ਦੇ ਮਾਰ ਧਾਵਾ ਕਾਬਲ ਛੰਡਿਆ ਸਣੇ ਕੰਧਾਰ ਨਾਹੀਂ*
*ਇਹ ਕਲਮ ਸਪੁਰਦ ਮੈਂ ਵਰਗਿਆਂ ਨੂੰ ਜਿੰਦ ਜਿਨ੍ਹਾਂ ਦੀ ਤੇਗ਼ ਦੀਆਂ ਧਾਰੀਆਂ ਤੇ*
*ਜਿਹੜੇ ਤੁਰੇ ਫ਼ਨਾਹ ਦੀਆ ਮੰਜ਼ਿਲਾਂ ਨੂੰ ਦਫ਼ਤਰ ਲੱਦ ਮੁਸੀਬਤਾਂ ਭਾਰੀਆਂ ਤੇ*

(285)

ਮੌਲਵੀ ਗੁਲਾਮ ਰਸੂਲ (ਰਹਿ.) ਦੇ ਸ਼ਿਅਰ ਸੁਣੋ ਜੋ ਉਨ੍ਹਾਂ ਨੇ ਇਕ ਮਿੱਤਰ ਨੂੰ ਚਿੱਠੀ ਵਿਚ ਲਿਖੇ ਹਨ :-

*ਰੋ ਰੋ ਲਿਖੀਏ ਚਿੱਠੀਏ ਦਰਦ ਭਰੀਏ ਪਤਾ ਲਈਂ ਪਰਦੇਸ ਦੇ ਵਾਸੀਆਂ ਦਾ*
*ਫੇਰਾ ਘੱਤ ਪੁਰਾਣਿਆਂ ਸੱਜਣਾ ਤੇ ਚੱਲ ਪੁੱਛ ਲੈ ਹਾਲ ਉਦਾਸੀਆਂ ਦਾ*
*ਇਕ ਹਾਲ ਪਏ ਸੜਦੇ ਕਾਲਜੇ ਨੇ ਸੜਨਾ ਰੋਟੀਆਂ ਜਿਵੇਂ ਇਕਵਾਸੀਆਂ ਦਾ*



*ਲੈ ਜਾ ਸੁਖ ਸੁਨੇਹੜਾ ਦੁੱਖ ਵਾਲਾ ਅੱਖੀਂ ਰੋਂਦਿਆਂ ਦੀਦ ਪਿਆਸਿਆਂ ਦਾ*
*ਝੂਠੇ ਅਹਿਦ ਪੈਮਾਨ ਲਿਖੇਂਦਿਆਂ ਨੂੰ ਕਰੀਂ ਸਾਹਮਣੇ ਹਾਲ ਨਿਰਾਸਿਆਂ ਦਾ*
*ਪੈਂਡੇ ਮੁਕਦੇ ਨਈਂ ਫ਼ਿਰਾਕ ਵਾਲੇ ਦਿਲ ਹੋ ਗਿਆ ਬੈਲ ਖ਼ਰਾਸੀਆਂ ਦਾ*
*ਐਨੋ ਗ਼ੈਨ ਮਹਿਜੂਬ ਬਰਾਤ ਪਾਈ ਦੁੱਖ ਦੇਖ ਵਿਛੋੜੇ ਦੇ ਫਾਸੀਆਂ ਦਾ*
*ਨਫ਼ਸ ਅਲ ਅਮਰ ਮੁਆਮਲਾ ਜਾਣ ਬੈਠਾ ਚਿਕਨਾ ਚੋਰ ਖ਼ਿਆਲ ਵਸਵਾਸੀਆਂ ਦਾ*
*ਵੇ ਮੈਂ ਵਾਰਿਆਂ ਸੋਹਣਿਆਂ ਕਹਾਂ ਕਿਸ ਨੂੰ ਜਾਪੇ ਰਾਜ਼ ਨੂੰ ਰਾਜ਼ ਅਗਾਸੀਆਂ ਦਾ*
*ਬੈਠੋਂ ਤੋੜ ਪ੍ਰੀਤ ਦੇ ਰਿਸਤਿਆਂ ਨੂੰ ਗਿਆ ਅਸਰ ਪੁਰਾਣੀਆਂ ਘਾਸੀਆਂ ਦਾ*
*ਸਾਡੀ ਜ਼ਲਜ਼ਲਾ ਨਾਕ ਫਰਿਆਦ ਦਿਲ ਦੀ ਜਾਤਾ ਤੁਸਾਂ ਕਲਿਆਣ ਮਰਾਸੀਆਂ ਦਾ*
*ਬੇ ਦਰਦ ਕੀਹ ਦਰਦ ਦੀ ਸਾਰ ਜਾਨਣ ਮਾਵਾਂ ਮਾਰੀਆਂ ਫ਼ਿਕਰ ਕੀਹ ਮਾਸੀਆਂ ਦਾ*
*ਜਿਨ੍ਹਾਂ ਦਰਦ ਦੀਆਂ ਲੱਜ਼ਤਾਂ ਚੱਖੀਆਂ ਨੇ ਨਈਂ ਉਨ੍ਹਾਂ ਨੂੰ ਚਾਣ ਖ਼ਲਾਸਿਆਂ ਦਾ*
*ਨਈਂ ਜਿਨ੍ਹਾਂ ਨੂੰ ਚਾਵ ਖ਼ਲਾਸਿਆਂ ਦਾ ਫ਼ਿਕਰ ਤਿਨ੍ਹਾਂ ਨੂੰ ਬੇ ਇਖ਼ਲਾਸਿਆਂ ਦਾ*
*ਸਾਦਾਤ ਇਕਰਾਮ ਦੀ ਜੱਦ-ਏ-ਅਮਜਦ ਸ਼ਾਫ਼ਿਅ ਵਿਚ ਕੌ ਨੈਨ ਹੈ ਆਸੀਆਂ ਦਾ*

(286)

ਮੌਲਵੀ ਗ਼ੁਲਾਮ ਰਸੂਲ (ਰਹਿ.) ਦੀ ਇਹ ਵਿਸ਼ੇਸ਼ਤਾ ਹੈ ਕਿ ਉਨ੍ਹਾਂ ਨੇ ਕੋਈ ਕਾਫ਼ੀਆ ਵੀ ਜ਼ਬਰਦਸਤੀ ਨਹੀਂ ਬਣਾਇਆ। ਨੌ ਕਾਫ਼ੀਏ ਉਨ੍ਹਾਂ ਨੇ ਇਸ ਤਰ੍ਹਾਂ ਲਿਆਂਦੇ ਹਨ ਜੋ ਕੁੱਝ ਆਲੋਚਕਾਂ ਦੀ ਸਮਝ ਨਹੀਂ ਆਏ ਜਿਵੇਂ ਇਕਵਾਸ, ਪਿਆਸ, ਫਾਸ, ਵਿਸ਼ਵਾਸ, ਅਗਾਸ, ਛਿਆਸੀ ਤੋਂ ਛਿਆਸ, ਘਾਸ, ਮਾਸੀ ਤੋਂ ਮਾਸ, ਨਿਰਾਸ।

ਇਸ ਨਾਲ ਕਾਵਿ ਕਲਾ ਵਿਚ ਮੌਲਵੀ ਸਾਹਿਬ (ਰਹਿ.) ਦੀ ਕਲਾਮ ਨਿਪੁੰਨਤਾ ਬਾਰੇ ਪਤਾ ਲੱਗਦਾ ਹੈ। ਮੌਲਵੀ ਸਾਹਿਬ ਨੇ ਆਪਣੇ ਇਕ ਮਿੱਤਰ ਨੂੰ ਚਿੱਠੀ ਲਿਖਦੇ ਹੋਏ 140 ਸ਼ਿਅਰ ਕਹੇ ਹਨ ਜਿਨ੍ਹਾਂ ਨੂੰ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਆਪ ਜੀ ਕੋਈ ਕਵੀ ਹਨ ਜਾਂ ਕੋਈ ਵਹਿੰਦਾ ਹੋਇਆ ਦਰਿਆ ਜਿਸ ਦੀ ਰਵਾਨੀ (ਵਹਾਅ) ਖ਼ਤਮ ਹੀ ਨਹੀਂ ਹੁੰਦੀ।

*****

# ਤਰੀਕਤ ਦਾ ਸਿਲਸਿਲਾ

ਮੌਲਵੀ ਸਾਹਿਬ ਦੀਆਂ ਲਿਖਤਾਂ ਵਿਚ ਨਿਵੇਕਲਾ ਜਾਂ ਤਾਜ਼ਾ ਖੋਜਿਆ ਆਪ ਜੀ ਦਾ ਲਿਖਿਆ ਹੋਇਆ ਤਰੀਕਤ ਦਾ ਕੁਰਸੀਨਾਮਾ ਹੈ। ਇਹ ਕੁਰਸੀਨਾਮਾ ਡਾਕਟਰ ਜ਼ੁਬੈਰ ਰਸੂਲ ਅਤੇ ਡਾਕਟਰ ਓਵੈਸ ਰਸੂਲ ਜੋ ਕਿ ਸੱਯਦ ਨਜਮਉੱਦੀਨ ਦੇ ਪੜਪੋਤੇ ਹਨ ਉਨ੍ਹਾਂ ਕੋਲ ਖ਼ਾਨਦਾਨੀ ਤੌਰ ਤੇ ਮੌਜੂਦ ਸੀ ਅਤੇ ਉਹ ਮੌਲਵੀ ਸਾਹਿਬ ਦੇ ਖ਼ਾਨਦਾਨ ਦੀ ਤਲਾਸ਼ ਦੀ ਜੱਦੋ ਜਹਿਦ ਵਿਚ ਸੰਨ 2009 ਈ. ਵਿਚ ਆਲਮਪੁਰ ਹਾਈ ਸਕੂਲ ਦੀ ਹੈਡ ਮਿਸਟਰਸ ਪਰਮਜੀਤ ਕੌਰ ਦੇ ਰਾਹੀਂ ਉਨ੍ਹਾਂ ਨੂੰ ਇਹ ਪੁਸਤਕ ਲਿਖਣ ਵਾਲੇ ਬਾਰੇ ਜਾਣਕਾਰੀ ਪ੍ਰਾਪਤ ਹੋਈ ਤਾਂ ਡਾਕਟਰ ਜ਼ੁਬੈਰ ਰਸੂਲ ਨੇ ਮੇਰੇ ਨਾਲ ਸੰਪਰਕ ਕਰਕੇ ਇਹ ਖ਼ੁਸ਼ਖ਼ਬਰੀ ਸੁਣਾਈ ਕਿ ਮੌਲਵੀ ਸਾਹਿਬ ਦਾ ਲਿਖਿਆ ਹੋਇਆ ਤਰੀਕਤ ਦਾ ਕੁਰਸੀਨਾਮਾ ਉਨ੍ਹਾਂ ਕੋਲ ਮੌਜੂਦ ਹੈ ਅਤੇ ਉਹ ਮੇਰੇ ਤੱਕ ਪਹੁੰਚਾਉਣਾ ਚਾਹੁੰਦੇ ਹਨ। ਉਨ੍ਹਾਂ ਨੇ ਮੈਨੂੰ ਦਾਵਤ ਤੇ ਬੁਲਾ ਕੇ ਇਹ ਤਰੀਕਤ ਦਾ ਕੁਰਸੀਨਾਮਾ ਜੋ ਲਗਭਗ 25 ਪੰਨਿਆਂ ਤੇ ਅਧਾਰਿਤ ਹੈ ਅਤੇ ਖ਼ਾਨਦਾਨੀ ਤੌਰ ਤੇ ਉਨ੍ਹਾਂ ਨੂੰ ਜੋ ਜਾਣਕਾਰੀ ਪ੍ਰਾਪਤ ਸੀ ਉਸ ਦੇ ਅਨੁਸਾਰ ਮੌਲਵੀ ਸਾਹਿਬ ਨੇ ਇਹ ਕੁਰਸੀਨਾਮਾ ਸੱਯਦ ਨਜਮਉੱਦੀਨ ਦੇ ਕਹਿਣ ਤੇ 14 ਸਾਲ ਦੀ ਉਮਰ ਵਿਚ ਲਿਖਿਆ। ਇਸ ਹਵਾਲੇ ਨਾਲ ਇਹ ਦਾਸਤਾਨ ਅਮੀਰ ਹਮਜ਼ਾ ਤੋਂ ਪਹਿਲਾਂ ਦੀ ਰਚਨਾ ਬਣਦੀ ਹੈ। ਇਹ ਕੁਰਸੀਨਾਮਾ ਉਰਦੂ, ਫ਼ਾਰਸੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਮੌਜੂਦ ਹੈ। ਪੰਜਾਬੀ ਭਾਸ਼ਾ ਵਿਚ ਮੌਲਵੀ ਸਾਹਿਬ ਨੇ ਦੋ ਤਰ੍ਹਾਂ ਦਾ ਢੰਗ ਅਪਣਾਇਆ ਹੈ-ਇਕ ਮੁੱਖ਼ਮਸ (ਪੰਜ ਤੁਕਾਂ) ਵਿਚ ਲਿਖਿਆ ਹੈ ਅਤੇ ਇਕ ਮੁਸੱਦਸ (ਛੇ ਤੁਕਾਂ) ਵਿਚ। ਉਨ੍ਹਾਂ ਦੇ (ਪੰਜ ਤੁਕਾਂ) ਕੁੱਝ ਸ਼ਿਅਰ ਨਮੂਨੇ ਵਜੋਂ ਪੇਸ਼ ਹਨ :-

(1) ਸ਼ਜਰਾ-ਏ-ਤਰੀਕਤ ਦਾ ਉਰਦੂ ਨਮੂਨਾ ਵੇਖੋ :-

ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਹਾਫ਼ਿਜ਼ ਅਬਦੁਲ ਗ਼ਫ਼ੂਰ ਅਖ਼ੁੰਦ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਹਜ਼ਰਤ ਮੁਹੰਮਦ ਸ਼ੁਐਬ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਸ਼ਾਹ ਕਮਾਲ ਕੈਥਲੀ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਖ਼ਵਾਜਾ ਮੁਹੰਮਦ ਫ਼ੁਜ਼ੈਲ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਸ਼ਮਸੁਦੀਨ ਸਹਿਰਾਈ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਸੱਯਦ ਸ਼ਾਹ ਅਕੀਲ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਸ਼ੇਖ਼ ਅਬਦੁਰੱਜ਼ਾਕ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਅਬਦੁਲ ਕਾਦਿਰ ਜੀਲਾਨੀ (ਰਹਿ.)



ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਅਬੂ ਬਕਰ ਸ਼ਿਬਲੀ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਜੁਨੈਦ ਬਗ਼ਦਾਦੀ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਅਬਦੁਲਾ ਸਰੀ ਸਕਤੀ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਮਅਰੂਫ਼ ਕਰਖ਼ੀ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਹਸਨ ਬਸਰੀ (ਰਹਿ.)
ਇਲਾਹੀ ਬਹੁਰਮਤ ਸ਼ੇਖ਼ ਉਲ ਮਸ਼ਾਇਖ ਅਲੀ ਮੁਰਤਜ਼ਾ ਕਰਮ ਉਲ ਵਜਹ(ਰਹਿ.)

ਇਲਾਹੀ ਬਹੁਰਮਤ ਸੱਯਦਾਨਾਵ ਮੌਲਾਨਾ ਸੱਯਦ ਉਲ ਮੁਰਸਾਲੀਨ ਇਮਾਮ-ਉਲ-ਮੁਤਕੀਨ ਸ਼ਫ਼ੀ- ਉਲਮਰ ਨਬੀਈਨ ਹਬੀਬ ਰੱਬੀਲ ਆਲਾਮੀਨ ਮੁਹੰਮਦ ਮੁਸਤਫ਼ਾ ਸੱਲੱਲਾ ਹੋ ਅਲੈਹਿ ਵਸੱਲਮ

(2) ਹੁਣ ਤੁਸੀਂ ਫ਼ਾਰਸੀ ਵਿਚ ਲਿਖੇ ਗਏ ਤਰੀਕਤ ਦੇ ਕੁਰਸੀਨਾਮੇ ਦਾ ਨਮੂਨਾ ਵੇਖੋ :-

ਬਾਅਦ ਹਮਦ ਈਜ਼ਦੀ ਵ ਨਾਅਤ ਸਰਵਰ-ਏ-ਸਰਵਰਾਂ
ਬਿਸ਼ਨੂ ਅਜ਼ ਆਲਮਪੁਰੀ ਨਾਮ ਹਾਏ ਰਹਿਬਰਾਂ
ਸ਼ਾਹ ਕਮਾਲ-ਓ-ਸ਼ਾਹ ਫ਼ੁਜ਼ਾਇਲ ਸਤ-ਓ-ਗਦਾਈ ਸ਼ਮਸਦੀਨ
ਸ਼ਮਸ਼-ਏ-ਆਰਿਫ਼ ਅਬੁਲ ਹਸਨ ਜ਼ ਗਦਾਈ ਰਹਿਮਾਨ ਸ਼ੁਦਇਯਾਨ
ਸੱਯਦ ਮਹਿਬੂਬ ਸੁਬਹਾਨੀ ਸ਼ਾਹ ਇਰਫ਼ਾਨੀ ਸ਼ੁਦ ਅਜ਼ ਬੂ ਸਈਦ
ਬੁਲ ਹਸਨ ਅਜ਼ ਬੁਲ ਫ਼ਰਹਾ ਕੋ ਬੂਦ ਅਜ਼ ਤਰਤੂਸੀਆਂ
ਸ਼ੁਦ ਹਸਨ ਬਸਰੀ ਜ਼ ਫ਼ੈਜ਼ ਮੁਰਤਜ਼ਾ ਸੈਰਾਬ ਲਬ
ਸੱਯਦ ਕੌਨੈਨ ਸ਼ਾਹ ਅੰਬੀਆ ਅਹਿਮਦ ਸ਼ਫ਼ੀ ਆਸੀਆਂ

(3) ਹੁਣ ਮੁਖ਼ੱਮਸ ਕੁਰਸੀਨਾਮਾ ਪੰਜਾਬੀ ਭਾਸ਼ਾ ਵਿਚ ਨਮੂਨੇ ਵਜੋਂ ਕੁੱਝ ਸ਼ਿਅਰ ਪੇਸ਼ ਹਨ :-

ਹਮਦ ਇਲਾਹੀ ਬਾਝ ਸ਼ੁਮਾਰ　　ਬਹੁਤ ਦਰੂਦ ਨਬੀ ਮੁਖ਼ਤਾਰ
ਆਲ ਅਸਹਾਬ ਸਭੀ ਅਬਰਾਰ　　ਵਿਰਦ ਜਿਨ੍ਹਾਂ ਦਾ ਸ਼ਾਮ ਪਗਾਹ
ਲਾ ਇਲਾਹਾ ਇੱਲਲਾਹ
ਜੌਹਰ ਅਰਜ਼ ਵਜੂਦ ਜਹਾਨ　　ਮੰਬਅ ਜੂਦੋ ਕਰਮ ਦੀ ਕਾਨ
ਪਾਕ ਮੁਹੰਮਦ ਐਨ ਇਹਸਾਨ　　ਵਿਚ ਨਬੀਆਂ ਸ਼ਹਿਨਸ਼ਾਹ
ਲਾ ਇਲਾਹਾ ਇੱਲਲਾਹ
ਪਾਕ ਰਸੂਲ ਅੱਲ੍ਹਾ ਦੇ ਨੂਰ　　ਕੀਤਾ ਵਿਚ ਸ਼ਾਨ ਜ਼ਹੂਰ
ਹੋਇਆ ਅਲੀ ਵਲੀ ਭਰਪੂਰ　　ਦੇਖਣਹਾਰ ਪੁਕਾਰਿਆ ਵਾਹ
ਲਾ ਇਲਾਹਾ ਇੱਲਲਾਹ
ਇਸ਼ਕ ਅਲੀ ਦੀ ਚੜ੍ਹਦੀ ਬਹਾਰ　　ਆਲਮ ਕਰ ਛੱਡਿਆ ਗੁਲਜ਼ਾਰ
ਬਸਰੇ ਦੇ ਵਿਚ ਪਈ ਪੁਕਾਰ　　ਸ਼ੇਖ਼ ਹਸਨ ਨੇ ਪਾਇਆ ਰਾਹ
ਲਾ ਇਲਾਹਾ ਇੱਲਲਾਹ
ਕਾਮਿਲ ਸਿਫ਼ਤਾਂ ਥੀਂ ਮੌਸੂਫ਼　　ਸਰਵਰ ਕਰਖ਼ੀ ਹੈ ਮਅਰੂਫ਼
ਅਹਿਦ-ਏ-ਵਫ਼ਾ ਵਲ ਹੋ ਮਸਰੂਫ਼　　ਕਰ ਗਿਆ ਸਰ ਕਸ਼ ਨਫ਼ਸ ਤਬਾਹ

ਲਾ ਇਲਾਹਾ ਇੱਲਲਾਹ

ਸ਼ੇਖ਼ ਜੁਨੈਦ ਅੰਦਰ ਬਗ਼ਦਾਦ    ਕਰਕੇ ਸਬਕ ਵਫ਼ਾ ਦਾ ਯਾਦ
ਅਹਿਲ–ਏ–ਦਿਲਾਂ ਨੂੰ ਕਰ ਇਰਸ਼ਾਦ    ਸਿਦਕ ਵਫ਼ਾ ਸਰ ਧਰੀ ਕੁਲਾਹ

ਲਾ ਇਲਾਹਾ ਇੱਲਲਾਹ

ਨੂਰ –ਏ –ਮੁਅੱਲਾ ਵਿਚ ਜ਼ਮੀਨ    ਕੁਤਬ ਮਦਾਰ ਅਮੀਨ ਮਕੀਨ
ਅਬਦੁਲ ਕਾਦਿਰ ਮਹੱਈਉੱਦੀਨ    ਵਾਹ ਵਾ ਵਾਹ ਵਾ ਵਾਹ ਵਾ ਵਾਹ

ਲਾ ਇਲਾਹਾ ਇੱਲਲਾਹ

ਫ਼ਾਰੂਕੀ ਤਿਰਯਾਕ ਕਬੀਰ    ਸ਼ੇਖ਼ ਅਹਿਮਦ ਸਰਹੰਦੀ ਪੀਰ
ਹਰ ਮਸਮੂਮ ਡਿੱਠੀ ਤਾਸੀਰ    ਰਿਸ ਰਿਸ ਮਿਟੇ ਦਿਲਾਂ ਦੇ ਗਾਹ

ਲਾ ਇਲਾਹਾ ਇੱਲਲਾਹ

ਦਰਦਮੰਦਾਂ ਦਾ ਖ਼ਾਸ ਤਬੀਬ    ਵਿਚ ਪਸ਼ਾਵਰ ਹੋਇਆ ਹਬੀਬ
ਜਿਹਨੂੰ ਉਸ ਦਾ ਫ਼ੈਜ਼ ਨਸੀਬ    ਉਸ ਥੀਂ ਡਰੇ ਜਹੱਨੁਮ ਭਾਹ

ਲਾ ਇਲਾਹਾ ਇੱਲਲਾਹ

ਹੁਣ ਆਲਿਮ ਵਿਚ ਰਾਹਨੁਮਾ    ਸੱਯਦ ਨਜਮਉੱਦੀਨ ਅਲਾ
ਮਿਸਲ ਸਹਾਬਾ ਨਜਮ ਹੁਦਾ    ਸ਼ਾਨ ਕਮਾਲੋਂ ਇਸਮ ਗਵਾਹ

ਲਾ ਇਲਾਹਾ ਇੱਲਲਾਹ

ਬਅਜ਼ ਅਜ਼ੀਜ਼ ਕੀਤਾ ਈਮਾ    ਇਹ ਸ਼ਜਰਾ ਮਨਜ਼ੂਮਾ ਬਨਾ
ਅਮਰ ਕੀਤਾ ਫ਼ਿਲਹਾਲ ਅਦਾ    ਦਮ ਭਰ ਦਾ ਨਹੀਂ ਵਿਸਾਹ

ਲਾ ਇਲਾਹਾ ਇੱਲਲਾਹ

ਯਾ ਰੱਬ ਤੇਰਾ ਅਬਦ ਜਹੂਲ    ਆਲਮਪੁਰੀ ਗੁਲਾਮ ਰਸੂਲ
ਕਰਦਾ ਅਰਜ਼ ਕਰੀਂ ਮਕਬੂਲ    ਰੱਖ ਸੰਭਾਲ ਨਜ਼ਅ ਦੇ ਸਾਹ

ਲਾ ਇਲਾਹਾ ਇੱਲਲਾਹ

(4) ਕੁਰਸੀਨਾਮਾ ਮੁਸੱਦਸ ਪੰਜਾਬੀ ਦਾ ਸੁੰਦਰ ਵਿਚ ਨਮੂਨਾ ਪੇਸ਼ ਹੈ :–

ਹਮਦ ਦਵਾਮੀ ਨਾ ਮੁਤਨਾਹੀ    ਖ਼ਾਸ ਖ਼੍ਵਾਸ ਜਨਾਬ ਇਲਾਹੀ
ਅੰਦਰ ਐਨ ਜ਼ਹੂਰ ਕਮਾਹੀ    ਹਰ ਸ਼ੈ ਥੀਂ ਤਿਸ ਬੇ ਪਰਵਾਹੀ
ਉਸ ਦੇ ਬਾਝ ਨਹੀਂ ਕੋ ਵਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਜਦੋਂ ਜ਼ਹੂਰ ਨਹੀਂ ਸੀ ਕਾਈ    ਮਾਦਾ ਸੂਰਤ ਇਲੱਤ ਗ਼ਾਈ
ਕਸਰਤ ਵਹਦਤ ਵਿਚ ਸਮਾਈ    ਅਜੇ ਨਾ ਝਾਤ ਓ ਲਾਰੋ ਗ਼ਾਈ
ਅਕਦਸ ਜ਼ਾਤ ਸਿਫ਼ਾਤ ਨਿਰਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਵਾਜਿਬ ਨੇ ਨਾ ਰੰਗ ਵਟਾਇਆ    ਨਾ ਬਾਹਰ ਥੀਂ ਮੁਮਕਿਨ ਆਇਆ
ਅਜੇ ਤਅਦਦ ਛੁਪਾ ਛੁਪਾਇਆ    ਹਰ ਇਅਤਬਾਰੀ ਇਸਮ ਦੁਹਰਾਇਆ
ਕਸਰਤ ਵਹਦਤ ਨਾਲ ਓ ਜਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ



ਵਹਦਤ ਵਿਚ ਕਸਰਤ ਇਅਤਬਾਰੀ    ਐਸੀ ਖੇਲ ਰਚਾਈ ਭਾਰੀ
ਜੋ ਰੁਝਾ ਇਸ ਖੇਲ ਖਿਲਾੜੀ    ਸੁੱਧ ਬੁੱਧ ਹਾਰ ਗਿਆ ਉਹ ਸਾਰੀ
ਤੇ ਮੁੜ ਫੇਰ ਨਾਂ ਸੁਰਤ ਸੰਭਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਨਕਸ਼–ਏ–ਮੁਅੱਲਾ ਅੱਵਲ ਵਾਲਾ    ਹਰ ਨਕਸ਼ੋਂ ਮੁਮਤਾਜ਼ ਉਜਾਲਾ
ਨਾਮ ਮੁਹੰਮਦ ਅਕਲ ਰਿਸਾਲਾ    ਉਹੋ ਅਰਫ਼ਾ ਕਲਮ ਉਲ ਆਅਲਾ
ਉੱਮਤ ਖ਼ੈਰ ਉੱਮਮ ਦਾ ਵਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਇਸ਼ਕ ਅਲੀ ਦੇ ਕਾਂਗਾਂ ਚਾਈਆਂ    ਸੋਜ਼ ਦਿਲਾਂ ਦੀ ਤਾਂਘਾ ਲਾਈਆਂ
ਸੀਨਿਆਂ ਵਿਚ ਨਦੀਆਂ ਉਛਲਾਈਆਂ    ਵਗਦੀਆਂ ਨਹਿਰਾਂ ਬਸਰੇ ਆਈਆਂ
ਮਿਲੀ ਹਸਨ ਨੂੰ ਖ਼ੁਸ਼ ਇਕਬਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਪੀਰ ਪੀਰਾਂ ਦਾ ਕੁਤਬ ਰੱਬਾਨੀ    ਸੱਯਦ ਮਹੱਈਉੱਦੀਨ ਜੀਲਾਨੀ
ਜਿਸ ਤੇ ਖ਼ੁੱਲਾ ਫ਼ੈਜ਼ ਹੱਕਾਨੀ    ਗ਼ੌਸ ਉਲ ਆਅਜ਼ਮ ਹੈ ਲਾ ਸਾਨੀ
ਇਸ਼ਕ ਪਿਲਾਏ ਜਾਮ ਵਿਸਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਸ਼ਮਸੁਦੀਨ ਗਦਾਏ ਚੜ੍ਹਿਆ    ਮੁਰਸ਼ਦ ਦੇ ਦਰਵਾਜ਼ੇ ਵੜਿਆ
ਉਥੋਂ ਖ਼ੈਰ ਕਰਮ ਦਾ ਖੜਿਆ    ਫੇਰ ਕਦੀ ਅਫ਼ਲਾਸ ਨਾ ਫੜਿਆ
ਵਾਹ ਮਸਊਲ ਤੇ ਵਾਹ ਸਵਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਕੈਥਲ ਦੇ ਵਿਚ ਪਿਆ ਪੁਕਾਰਾ    ਦਿੱਤਾ ਸ਼ਾਹ ਕਮਾਲ ਨਜ਼ਾਰਾ
ਲੱਗਾ ਦਰਦਮੰਦਾਂ ਹੱਥ ਚਾਰਾ    ਜਿਸ ਥੀਂ ਦੂਰ ਹੋਇਆ ਦੁੱਖ ਸਾਰਾ
ਉੱਘੜ ਵਗਿਆ ਫ਼ੈਜ਼ ਕਮਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਰਹਿਬਰ ਕਾਮਿਲ ਕਾਬਲ ਅੰਦਰ    ਨਾਮ ਮੁਬਾਰਕ ਸ਼ਾਹ ਸਿਕੰਦਰ
ਤੋੜ ਹਜ਼ਾਰ ਕੁਫ਼ਰ ਦੇ ਜੰਦਰ    ਕਾਇਮ ਕੀਤੇ ਦੀਨੀ ਮੰਦਿਰ
ਝੰਡੇ ਝੂਲਣ ਰਾਸ ਜਬਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

ਨਾਲ ਤੁਫ਼ੈਲ ਉਨ੍ਹਾਂ ਦੇ ਸਾਈਆਂ    ਪਕੜ ਨਾ ਸਾਨੂੰ ਬਦਲ ਕਮਾਈਆਂ
ਜੇ ਅਸੀਂ ਅਜੇ ਨਹੀਂ ਭਰ ਪਾਈਆਂ    ਹੁਣ ਮੁੜ ਸਾੜ ਨਾ ਵਿਚ ਜੁਦਾਈਆਂ
ਬੰਦਾ ਆਲਮਪੁਰੀ ਸਵਾਲੀ    ਹਸਬੀ ਰੱਬੀ ਫ਼ੀ ਕੁਲ ਹਾਲੀ

*****

# ਉਰਦੂ ਅਤੇ ਫ਼ਾਰਸੀ ਕਲਾਮ

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੇ ਛੋਟੀ ਉਮਰ ਵਿਚ ਹੀ ਸ਼ਿਅਰ ਕਹਿਣ ਬਾਰੇ ਪਤਾ ਚਲਦਾ ਹੈ। ਖ਼ਾਨਦਾਨੀ ਤੌਰ ਤੇ ਵੀ ਮੈਨੂੰ ਜਾਣਕਾਰੀ ਹੈ। ਦੂਜੇ ਆਲਮਪੁਰ ਅਤੇ ਇਸ ਦੇ ਆਲੇ ਦੁਆਲੇ ਦੀਆਂ ਕੁੱਝ ਸ਼ਖ਼ਸੀਅਤਾਂ ਤੋਂ ਵੀ ਇਸ ਬਾਰੇ ਜਾਣਕਾਰੀ ਮਿਲਦੀ ਹੈ। ਆਪ ਜੀ ਦਾ ਕੁੱਝ ਕਲਾਮ ਸੀਨਾ ਬਾ ਸੀਨਾ ਚਲਿਆ ਆ ਰਿਹਾ ਹੈ ਜੋ ਕਿਧਰੇ ਕਿਤਾਬਾਂ ਵਿਚ ਨਹੀਂ ਮਿਲਦਾ। ਇਸ ਤੋਂ ਇਲਾਵਾ ਆਪ ਜੀ ਦੀਆਂ ਉਰਦੂ ਗ਼ਜ਼ਲਾਂ ਅਤੇ ਫ਼ਾਰਸੀ ਕਲਾਮ ਵੀ ਮਿਲਦਾ ਹੈ। ਪ੍ਰੰਤੂ ਇਨ੍ਹਾਂ ਦੇ ਕਲਮੀ ਨੁਸਖ਼ੇ ਨਹੀਂ ਮਿਲਦੇ। ਇਹ ਸੀਨਾ ਬਾ ਸੀਨਾ ਅਤੇ ਨਕਲ ਦਰ ਨਕਲ ਹੁੰਦੇ ਬਹੁਤ ਥੋੜ੍ਹਾ ਰਹਿ ਗਿਆ ਅਤੇ ਇਸ ਵਿਚ ਕਿਤਾਬਤ ਦੀਆਂ ਗ਼ਲਤੀਆਂ ਦੀ ਭਰਮਾਰ ਹੈ। ਹੁਣ ਤਕ ਇਸ ਬਾਰੇ ਕੋਈ ਫ਼ੈਸਲਾ ਕਰਨਾ ਬਾਕੀ ਹੈ ਕਿ ਆਪ ਜੀ ਨੇ ਇਹ ਕਿੰਨੀ ਉਮਰ ਵਿਚ ਲਿਖਿਆ ਪ੍ਰੰਤੂ ਕੁੱਝ ਲੋਕਾਂ ਦੇ ਅਨੁਸਾਰ ਆਪ ਜੀ ਦਾ ਉਰਦੂ ਅਤੇ ਫ਼ਾਰਸੀ ਕਲਾਮ ਬੜਾ ਜਾਨਦਾਰ ਅਤੇ ਹਰ ਪੱਖੋਂ ਉੱਚਾ ਦਰਜਾ ਰੱਖਦਾ ਹੈ। ਰਦੀਫ਼ ਸ਼ੁਮਾਰੀ ਤੋਂ ਪਤਾ ਚਲਦਾ ਹੈ ਕਿ ਆਪ (ਰਹਿ.) ਦੀ ਪਹਿਲੀ ਹੀ ਗ਼ਜ਼ਲ ਦੇ 110 ਸ਼ਿਅਰ ਹਨ। ਇਸ ਨਾਲ ਕਵੀ ਦੀ ਪ੍ਰਤਿਭਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਪਹਿਲਾਂ ਤੁਸੀਂ ਉਰਦੂ ਕਲਾਮ ਦਾ ਨਮੂਨਾ ਵੇਖੋ :–

*ਕਲਮ ਰੁਕ ਨਾ ਜਾਏ ਰਕਮ ਸੇ ਅਗਰ*
*ਤੋ ਜੋਸ਼–ਏ–ਦਿਲੀ ਦਾ ਠਿਕਾਣਾ ਨਹੀਂ*
*ਦੀਆ ਜੋ ਕਿ ਕਸਾਮ ਨੇ ਜਾਮ ਪੁਰ*
*ਕਿਸੀ ਗ਼ੈਰ ਕੋ ਫਿਰ ਚਖਾਣਾ ਨਹੀਂ* (287)

ਹੁਣ ਫ਼ਾਰਸੀ ਕਲਾਮ ਦਾ ਨਮੂਨਾ ਵੇਖੋ :–

*ਮਹ ਮਨ ਹਸਤ ਫ਼ਖ਼ਰ–ਏ–ਆਸਮਾਨੀ*
*ਵਲੇ ਗ਼ਾਫ਼ਿਲ ਜ਼ ਆਸ਼ੂਬ–ਏ–ਜਹਾਨੀ*
*ਬਯਾ ਕਜ਼ ਜਾਨ–ਓ–ਦਿਲ ਕਰਦਮ ਫ਼ਿਦਾਇਤ*
*ਕਿ ਹਾਲ–ਏ–ਮਨ ਦਾਨੀ ਨਾ ਦਾਨੀ* (288)

ਨੌਕਰੀ ਛੱਡਣ ਤੋਂ ਬਾਅਦ ਮੌਲਵੀ ਗ਼ੁਲਾਮ ਰਸੂਲ (ਰਹਿ.) ਦਾ ਰੋਜ਼ੀ ਰੋਟੀ ਦਾ ਸਾਧਨ ਹਕੀਮੀ ਅਤੇ ਜ਼ਿਮੀਂਦਾਰਾ ਸੀ। ਉਹ ਬਹੁਤ ਮਾਹਿਰ ਹਕੀਮ ਸਨ। ਨਬਜ਼ ਦੇਖਣ ਦੀ ਥਾਂ ਮਰੀਜ਼ ਦਾ ਕਰੂਰਾ ਟੈਸਟ ਕਰਕੇ ਮਰਜ਼ ਲੱਭ ਲੈਂਦੇ ਸਨ। ਇਸ ਦਾ ਵਰਨਣ ਆਪ ਇਸ ਤਰ੍ਹਾਂ ਕਰਦੇ ਹਨ।



ਨਿਜ ਤਿਬ ਦਾ ਇਲਮ ਮੈਂ ਯਾਦ ਕੀਤਾ ਰੰਗ ਦੇਖਣੇ ਪਏ ਕਾਰੂਰੀਆਂ ਦੇ
ਬੋਲ ਰੋਗੀਆਂ ਦਾ ਵਿਚ ਬੋਤਲਾਂ ਦੇ ਤੁਸਾਂ ਦੇਵੰਦਾ ਵੈਦ ਸਿਆਨਿਆਂ ਨੂੰ

ਜਿੱਥੋਂ ਤੱਕ ਹਿਕਮਤ ਦੇ ਗਿਆਨ ਨੂੰ ਯਾਦ ਕਰਨ ਦਾ ਸਬੰਧ ਹੈ ਸਾਰੇ ਵਿਆਖਿਆਕਾਰ ਚੁੱਪ ਹਨ ਕਿ ਮੌਲਵੀ ਸਾਹਿਬ ਨੇ ਇਹ ਉੱਚ ਮਰਤਬੇ ਦਾ ਗਿਆਨ ਕਿਥੋਂ ਪ੍ਰਾਪਤ ਕੀਤਾ। ਆਪ ਜੀ ਦੇ ਇਸ ਗਿਆਨ ਦੀ ਮੁਹਾਰਤ ਦੀਆਂ ਕੁੱਝ ਰਵਾਇਤਾਂ ਪ੍ਰਚਲਿੱਤ ਹਨ ਜਾਂ ਫਿਰ ਆਪ ਜੀ ਦੀ ਸ਼ਾਇਰੀ ਵਿਚ ਕੁੱਝ ਇਸ਼ਾਰੇ ਮਿਲਦੇ ਹਨ। ਇਕ ਘਟਨਾ ਇਸ ਤਰ੍ਹਾਂ ਬਿਆਨ ਕੀਤੀ ਜਾਂਦੀ ਹੈ।

ਇਕ ਔਰਤ ਨੇ ਗੁੱਸੇ ਵਿਚ ਆ ਕੇ ਆਪਣੀ ਧੀ ਦੇ ਸਿਰ ਤੇ ਇੰਨੇ ਜ਼ੋਰ ਨਾਲ ਹੱਥ ਮਾਰਿਆ ਕਿ ਉਹ ਅੰਨ੍ਹੀ ਹੋ ਗਈ। ਕਾਫ਼ੀ ਇਲਾਜ ਕਰਵਾਉਣ ਤੋਂ ਬਾਅਦ ਵੀ ਲੜਕੀ ਠੀਕ ਨਾ ਹੋਈ। ਅੰਤ ਉਸ ਦਾ ਭਰਾ ਕਰੂਰਾ ਲੈ ਕੇ ਮੌਲਵੀ ਸਾਹਿਬ ਕੋਲ ਪਹੁੰਚਿਆ। ਮੌਲਵੀ ਸਾਹਿਬ ਨੇ ਕਰੂਰਾ ਦੇਖ ਕੇ ਕਿਹਾ ਕਿ ਮਰੀਜ਼ ਨੂੰ ਦਰਿਆ ਤੇ ਲੈ ਜਾਉ। ਉਲਟਾ ਕਰਕੇ ਲੱਤਾਂ ਤੋਂ ਫੜ ਕੇ ਦਰਿਆ ਵਿਚ ਦੋ ਤਿੰਨ ਗੋਤੇ ਦੇਵੋ। ਲੜਕੀ ਦਾ ਭਰਾ ਪਹਿਲਾਂ ਤਾਂ ਮਜ਼ਾਕ ਸਮਝਦਾ ਰਿਹਾ ਅਤੇ ਦਵਾਈ ਮੰਗਦਾ ਰਿਹਾ। ਮੌਲਵੀ ਸਾਹਿਬ ਨੇ ਕਿਹਾ ਇਸ ਦਾ ਇਲਾਜ ਦਵਾਈ ਤੋਂ ਬਿਨਾਂ ਜੋ ਮੈਂ ਦੱਸਿਆ ਹੈ ਉਹ ਠੀਕ ਹੈ। ਇਸ ਤਰ੍ਹਾਂ ਕਰਨ ਨਾਲ ਲੜਕੀ ਦੀ ਨਿਗਾ ਵਾਪਸ ਆ ਗਈ ਅਤੇ ਉਸ ਦਾ ਭਰਾ ਬਹੁਤ ਖ਼ੁਸ਼ ਹੋਇਆ।

ਮੌਲਵੀ ਸਾਹਿਬ ਦੇ ਇਕ ਸ਼ਿਅਰ ਵਲ ਧਿਆਨ ਦੇਈਏ ਤਾਂ ਪਤਾ ਚਲਦਾ ਹੈ ਕਿ ਆਪ ਜੀ ਨੇ ਹਿਕਮਤ ਦੇ ਨਜ਼ਰੀ ਹਿੱਸੇ ਦਾ ਖ਼ੁਲਾਸਾ ਕਰਕੇ ਦਰਿਆ ਨੂੰ ਕੁੱਜੇ ਵਿਚ ਬੰਦ ਕਰ ਦਿੱਤਾ ਹੈ। ਕਹਿੰਦੇ ਹਨ :–

*ਇਕ ਦਿਲ ਤੇ ਦੋ ਨੈਣ ਰੂਹਾਂ ਤਿੰਨ ਤਨ ਦੀਆਂ ਖ਼ਲਤਾਂ ਚਾਰੇ*
*ਪੰਜ ਹਵਾਸ ਸੁਣੇ ਸ਼ਸ਼ ਰੂਦਾ ਹਫ਼ਤ ਤਬੀਈ ਕਾਰੇ*

ਕਵੀ ਦੀ ਕਲਾਤਮਕ ਖ਼ੂਬੀ ਇਹ ਹੈ ਕਿ ਵਜ਼ਨ ਅਤੇ ਕਾਫ਼ੀਆ ਸੁੰਦਰ ਹੈ। ਬੜੇ ਵਧੀਆ ਢੰਗ ਨਾਲ ਹਿਕਮਤ ਦੇ ਨਿਯਮ ਪੇਸ਼ ਕਰ ਦਿੱਤੇ ਹਨ :–

ਦਿਲ ਇਕ ਅਤੇ ਅੱਖਾਂ ਦੋ, ਤਿੰਨ ਰੂਹਾਂ। ਤਬਈ ਨਫ਼ਸਾਨੀ ਅਤੇ ਹੈਵਾਨੀ ਹਨ। ਜਿਨ੍ਹਾਂ ਦਾ ਸਬੰਧ ਸਰੀਰ ਦੇ ਮੁੱਖ ਅੰਗਾਂ ਦਿਲ, ਦਿਮਾਗ਼ ਅਤੇ ਜਿਗਰ ਨਾਲ ਹੈ।
ਦਮ (ਖ਼ੂਨ), ਸਫ਼ਰਾ, ਬਲਗ਼ਮ ਅਤੇ ਸੋਦਾ
ਬਾਸਰਾ (ਅੱਖ), ਸਾਮਿਆ (ਕੰਨ), ਸ਼ਾਮਾ, ਜ਼ਾਇਕਾ (ਜੀਭ), ਲਾਮਸਾ (ਨੱਕ)
ਹਿਸ ਮੁਸ਼ਤਰਕਾ, ਖ਼ਿਆਲ, ਵਹਿਮ, ਹਫ਼ਿਜ਼ਾ, ਮੁਤਸਰਫ਼ਾ
ਅਸਨਾ ਅਸ਼ਰੀ, ਸਾਇਮ, ਦਕੀਕ, ਅਊਰ ਕੌਲੂਨ, ਮੁਸਤਾਕੀਮ
ਅਰਕਾਨ, ਇਖ਼ਲਾਤ, ਅਅਜ਼ਾ, ਅਰਵਾਹ, ਹਵਾਸ, ਅਫ਼ਆਲ, ਕਵਾ
ਜਾਜ਼ਬਾ, ਹਾਜ਼ਮਾ, ਮਾਸਕਾ, ਰਾਫਿਆ, ਗ਼ਾਜ਼ੀਆ, ਨਾਮੀਆ, ਮੋਲਦਾ

ਇਸ ਸਬੰਧ ਵਿਚ ਦਵਾਈਆਂ ਦਾ ਵਰਨਣ ਵੀ ਆਉਂਦਾ ਹੈ ਜੋ ਅਮਲੀ ਹਿਕਮਤ ਨਾਲ ਸਬੰਧ ਰਖਦਾ ਹੈ। ਨਾਰੰਜ ਅਤੇ ਅੰਜੀਰ ਦੀ ਤਾਸੀਰ (ਅਸਰ) ਇੰਜ ਬਿਆਨ ਕਰਦੇ ਹਨ :–

*ਨਾਰੰਜੋਂ ਲੈ ਰਸਾ ਜਵਾਨੀ ਠੰਡ ਪਵੇ ਵਿਚ ਸੀਨੇ*
*ਚੱਖ ਅੰਜੀਰ ਰਹੇ ਵਿਚ ਲਬਦੇ ਲੱਜ਼ਤ ਚਾਰ ਮਹੀਨੇ*
*ਖਾਂਵਦਿਆਂ ਦੇ ਜਾਣ ਦਮਾਂ ਵਿਚ ਜ਼ੁਅਫ਼ ਕਵਾਓਂ ਸਾਰੇ*
*ਵਰਮ ਤਿਹਾਲ ਹਜ਼ਾਲ ਉਲ ਕੁਲੀਆ ਸੀਨੇ ਦੇ ਦੁੱਖ ਭਾਰੇ*(289)

ਲੌਂਗ ਦੀ ਤਾਸੀਰ ਵੇਖੋ :-

*ਗੁੱਛੇ ਦਾਖ ਲਟਕਦੇ ਉੱਚੇ ਜਿਉਂ ਕਰਸੀ ਪਰਵੀਨਾਂ*
*ਤੇ ਵਿਚ ਬਾਗ਼ ਕਰਨ ਫੁਲ ਬੂਟੇ ਲੁੱਟੇ ਮਾਹ ਜਬੀਨਾਂ*
*ਮਾਹ ਜਬੀਨਾਂ ਦੇ ਦਿਲ ਤਾਈਂ ਕੁੱਵਤ ਫ਼ਰਹਤ ਆਈ*
*ਵਹਿਸ਼ਤ ਤੇ ਵਿਸ਼ਵਾਸ ਉੜਾਏ ਜ਼ਿਹਨ ਦਿਮਾਗ਼ ਸਫ਼ਾਈ*(290)

ਜ਼ੁਲੈਖ਼ਾ ਦੇ ਬਾਗ਼ ਵਿਚ ਟਹਿਣੀਆਂ ਅਤੇ ਗਲਗਲ ਲਟਕਦੀ ਹੈ ਜੋ ਵਧੀ ਹੋਈ ਤਿਲੀ ਦਾ ਇਲਾਜ ਦੱਸਦੇ ਹਨ :-

*ਗਲਗਲ ਕਿਤੇ ਲਟਕਦੀ ਸ਼ਾਖ਼ੀਂ ਲਫ ਗਵਾਵਨ ਵਾਲੀ*

ਪਿਸਤਾ, ਬਦਾਮ, ਅਖ਼ਰੋਟ ਅਤੇ ਉਨ੍ਹਾਂ ਦੀ ਤਾਸੀਰ ਬਹੁਤ ਸੰਖੇਪ ਵਿਚ ਇਸ ਤਰ੍ਹਾਂ ਬਿਆਨ ਕੀਤੀ ਹੈ :-

*ਫ਼ਿਸਤਕ ਲੋਜ਼ ਦੋਵੇਂ ਵਿਚ ਜੌਜ਼ਾਂ ਕਿਸ਼ਮਿਸ਼ ਫੜੇ ਕਿਨਾਰੇ*
*ਖੁਸ਼ਕ ਦਿਮਾਗ਼ਾਂ ਨੂੰ ਹਰ ਸ਼ਾਖੋਂ ਝੁਕ ਝੁਕ ਕਰਨ ਇਸ਼ਾਰੇ*(291)

**ਬੇਹੋਸ਼ੀ ਦਾ ਇਲਾਜ** :-

*ਸਿਰਕਾ ਕੁਹਨਾ ਨਕ ਵਿਚ ਤੇ ਰੋਗ਼ਣ ਬਾਦਾਮ*
*ਉਮਰ ਉਹਨਾਂ ਦੇ ਨਕ ਵਿਚ ਪਾਂਵਦਾ ਆਈ ਛਿੱਕ ਤਮਾਮ*
*ਹੋਸ਼ ਪਈ ਜਾਂ ਤਿਹਾਂ ਨੂੰ ਡਿੱਠਾ ਹੋਰ ਮਕਾਨ*
*ਉਮਰ ਉੱਮੀਆ ਪਾਸ ਹੈ ਦੇਖ ਰਹੇ ਹੈਰਾਨ*(292)

ਕਾਜ਼ੀ ਹੈਦਰ ਅਲੀ ਨਾਂ ਦਾ ਇਕ ਲੜਕਾ ਆਪ ਜੀ ਦੇ ਕੋਲ ਹਿਕਮਤ ਪੜ੍ਹਦਾ ਸੀ। ਇਕ ਦਿਨ ਕਾਜ਼ੀ ਹੈਦਰ ਪਾਠ ਯਾਦ ਕੀਤੇ ਬਿਨ੍ਹਾਂ ਕਿਤੇ ਚਲਾ ਗਿਆ ਤਾਂ ਮੌਲਵੀ ਸਾਹਿਬ (ਰਹਿ.) ਨੇ ਉਸ ਦੀ ਕਿਤਾਬ ਤੇ ਇਹ ਸ਼ਿਅਰ ਲਿਖ ਦਿਤਾ :-

*ਮਾਲਿਕ ਇਸ ਕਿਤਾਬ ਦਾ ਮੀਆਂ ਹੈਦਰ ਅਲੀ*
*ਤਿਬ ਪੜ੍ਹਣ ਨੂੰ ਆਇਆ ਫਿਰਿਆ ਗਲੀ ਗਲੀ*
*ਦੇਣੇ ਵਿਚ ਦਵਾ ਦੇ ਜੇ ਬਚ ਗਿਆ ਬੀਮਾਰ*
*ਮਿਲੇ ਰੁਪਿਆ ਨਜ਼ਰ ਦਾ ਅੱਠ ਆਨੇ ਯਾ ਚਾਰ*
*ਜੇਕਰ ਕਿਸੇ ਦਵਾ ਦਾ ਉਲਟਾ ਅਸਰ ਪਿਆ*
*ਤਾਂ ਫਿਰ ਹੱਕ ਅਸਕਾਤ ਦਾ ਨਾਹੀਂ ਕਿਤੇ ਗਿਆ*(293)

ਇਕ ਵਾਰੀ ਭੋਲੀ ਨਾਂ ਦੀ ਇਕ ਔਰਤ ਆਪਣੇ ਪੁੱਤਰ ਜੀਵਨ ਦਾ ਕਰੂਰਾ ਲੈ ਆਈ ਅਤੇ ਕਹਿਣ ਲੱਗੀ ਕਿ ਮੌਲਵੀ ਸਾਹਿਬ ਕੋਈ ਨੁਸਖ਼ਾ ਲਿਖ ਦੇਣ ਤਾਂ ਕਿ ਮੇਰਾ ਪੁੱਤਰ ਠੀਕ ਹੋ ਜਾਵੇ। ਮੌਲਵੀ ਸਾਹਿਬ ਨੇ ਇਹ ਨੁਸਖ਼ਾ ਲਿਖ ਕੇ ਦੇ ਦਿੱਤਾ।



*ਮਾਂ ਭੋਲੀ ਪੁੱਤ ਲਾਡਲਾ ਜੀਵਨ ਰੱਖਿਆ ਨਾਮ*
*ਮਰਸੀ ਭੋਲੀ ਸੁਬਹ ਨੂੰ ਜੀਵਨ ਮਰੇ ਅੱਜ ਸ਼ਾਮ*(294)

ਇਸ ਤਰ੍ਹਾਂ ਹੀ ਹੋਇਆ। ਇਹ ਨੁਸਖ਼ਾ ਉਨ੍ਹਾਂ ਦੇ ਘਰ ਤੋਂ ਮਿਲਿਆ। ਇਸ਼ਕ ਵਿਚ ਜ਼ੁਲੈਖ਼ਾ ਤੇ ਜਨੂੰਨੀ ਅਵੱਸਥਾ ਪੈਦਾ ਹੁੰਦੀ ਹੈ ਅਤੇ ਉਸ ਦੇ ਇਲਾਜ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ :-

*ਸ਼ੇਖ਼ ਰਈਸ ਜਿਹਾਂ ਦੀਆਂ ਅਕਲਾਂ ਸਿਰ ਨੀਵੇਂ ਕਰ ਗਈਆਂ*
*ਵਿਚ ਕਾਨੂੰਨ ਇਲਾਜ ਨਾ ਪਾਇਆ ਇਸ ਮਰਜ਼ੋਂ ਭਰ ਗਈਆਂ*
*ਕਰਸ਼ੀ ਜੈਸੇ ਮੋਜਜ਼ ਮਾਇਆ ਕੀਹ ਕਰ ਸਕਦੇ ਕਾਰੀ*
*ਇਲਮ ਜ਼ਖ਼ੀਰਾ ਪਾਸ ਜਿਹਨਾਂ ਉਹ ਰੋਵਣ ਜ਼ਾਰੋ ਜ਼ਾਰੀ*(295)

ਸ਼ੇਖ਼ ਉਰਈਸ ਹਕੀਮ ਅਬੂ ਅਲੀ ਸੀਨਾਂ ਦਾ ਲਕਬ ਹੈ ਅਤੇ ਕੁਰਸ਼ੀ ਹਿਕਮਤ ਦੀ ਕਲਾ ਦੇ ਬਹੁਤ ਵੱਡੇ ਵਿਆਖਿਆਕਾਰ ਹਨ। ਕਨੂੰਨ ਸ਼ੇਖ਼ ਦੀ ਕਿਤਾਬ ਦਾ ਨਾਂ ਹੈ ਅਤੇ ਮੋਜਜ਼ ਕਰਸ਼ੀ ਦਾ ਮੋਜਜ਼ਾ ਹੈ।

*****

# ਕਲਮ ਦੀ ਸ਼ਾਨ ਅਤੇ ਵਡਿਆਈ

ਦੁਨੀਆ ਦੇ ਇਤਿਹਾਸ ਵਿਚ ਜਿਨ੍ਹਾਂ ਵਿਅਕਤੀਆਂ ਅਤੇ ਕੌਮਾਂ ਨੇ ਵਿਕਾਸ ਦੇ ਪੜਾਅ ਪਾਰ ਕੀਤੇ ਹਨ, ਇਸ ਦਾ ਕਾਰਨ ਕੇਵਲ ਵਿੱਦਿਆ ਅਤੇ ਹਿਕਮਤ, ਅਕਲਮੰਦੀ ਹੈ। ਇਹ ਸਭ ਕੁੱਝ ਕਲਮ ਦੇ ਰਾਹੀਂ ਸੰਭਵ ਹੈ। ਵਿੱਦਿਆ, ਗਿਆਨ ਅਤੇ ਲਿਖਤਾਂ ਦੇ ਹਵਾਲੇ ਨਾਲ ਕਲਮ ਸਬੰਧੀ ਸੁੰਦਰ ਅਤੇ ਚਿੰਤਾਜਨਕ ਸ਼ਿਅਰ ਪੜ੍ਹਨ ਤੋਂ ਬਾਦ ਮਨੁੱਖ ਦੇ ਅੰਦਰ ਇਹ ਜਜ਼ਬਾ ਪੈਦਾ ਹੁੰਦਾ ਹੈ ਕਿ ਉਹ ਅਨਪੜ੍ਹ ਅਤੇ ਵਿੱਦਿਆ ਦੀ ਘਾਟ ਵਿਚੋਂ ਨਿਕਲ ਕੇ ਵਿੱਦਿਆ ਅਤੇ ਸੋਚ ਵਿਚਾਰ ਵੱਲ ਰੁਚਿਤ ਹੋਵੇ। ਇਨ੍ਹਾਂ ਸ਼ਿਅਰਾਂ ਨੂੰ ਤਾਂ ਸਾਰੀਆਂ ਵਿੱਦਿਅਕ ਸੰਸਥਾਵਾਂ ਵਿਚ ਦਰਸਾਉਣ ਦੀ ਲੋੜ ਹੈ ਤਾਂ ਕਿ ਕਲਮ ਨਾਲ ਮੁਹੱਬਤ ਅਤੇ ਲਗਾਉ ਵਧੇ ਅਤੇ ਸਿਹਤਮੰਦ ਸਰਗਰਮੀਆਂ ਵਿਚ ਵਾਧਾ ਹੋਵੇ। ਇਸ ਵਿਚ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਨੇ ਕਲਮ ਦੀ ਧੁਰੋਂ ਸੱਚਾਈ ਦੀ ਨਿਸ਼ਾਨਦੇਹੀ ਕੀਤੀ ਹੈ। ਇਥੇ ਨਮੂਨੇ ਵਜੋਂ ਕੁੱਝ ਸ਼ਿਅਰ ਪੇਸ਼ ਕੀਤੇ ਜਾਂਦੇ ਹਨ :–

*ਜੇ ਤੂੰ ਸੱਚ ਪੁੱਛੇਂ ਕਲਮ ਹੱਥ ਸਾਡੇ ਕਲਮ ਜਿਹੀ ਵੀ ਹੋਰ ਤਲਵਾਰ ਨਾਹੀਂ*
*ਘਾਇਲ ਕਰਾਂਗੇ ਕਲਮ ਦਿਆਂ ਨਾਲ ਜ਼ਖ਼ਮਾਂ ਖ਼ਾਲੀ ਜਾਂਵਦਾ ਕਲਮ ਦਾ ਵਾਰ ਨਾਹੀਂ*
*ਵਗੀ ਕਲਮ ਦੇ ਜ਼ਖ਼ਮ ਨਾ ਕਦੀ ਮਿਟਦੇ ਬੜਾ ਕਲਮ ਥੀਂ ਹੋਰ ਹਥਿਆਰ ਨਾਹੀਂ*
*ਕਲਮ ਦਿਲਾਂ ਨੂੰ ਕਲਮ ਕਰ ਸਿੱਟਦੀ ਏ ਕਲਮ ਜੈਡ ਕੋਈ ਬੜੀ ਪੀਕਾਰ ਨਾਹੀਂ*
*ਦਫ਼ਤਰ ਰਾਜ਼ ਜਹਾਂ ਦੇ ਕਲਮ ਲਿਖਦੀ ਕਿਹੜਾ ਸ਼ਾਹ ਇਸ ਦਾ ਖ਼ਿਦਮਤਗਾਰ ਨਾਹੀਂ*
*ਵਿਚ ਮੁਲਕ ਹਕੂਮਤਾਂ ਕਲਮ ਕਰਦੀ ਖਾਂਦੀ ਵਿਚ ਜੰਗਾਂ ਦੇ ਹਾਰ ਨਾਹੀਂ*
*ਮੁਸ਼ਕੀਂ ਜੁਅਦ ਗੁਲਰੰਗ, ਦਿਲਦੋਜ਼ ਜ਼ੇਬਾ ਕਲਮ ਜੈਡ ਸਰਮਸਤ ਨਿਗਾਰ ਨਾਹੀਂ*
*ਖ਼ੁਸ਼ੀ ਐਸ਼ ਦਾ ਗਰਮ ਬਾਜ਼ਾਰ ਨਾਹੀਂ ਇਸ ਬਜ਼ਮ ਦੀ ਕਲਮ ਸਰਦਾਰ ਨਾਹੀਂ*
*ਨਖ਼ਰੇ ਬਾਜ਼ ਲਡਕੜੀ ਨਾਜ਼ ਭਿੰਨੀ ਕਲਮ ਜਿਹੀ ਮਹਿਬੂਬ ਮੁਟਿਆਰ ਨਾਹੀਂ*
*ਸ਼ੀਰੀਂ ਸੁਖ਼ਨ ਨਬਾਤ ਲਬ ਕਲਮ ਜਿਹੀ ਕੋਈ ਲਾਡਲੀ ਸ਼ਹਿਦ ਰੁਖ਼ਸਾਰ ਨਾਹੀਂ*
*ਕੌਕਬ, ਰੇਜ਼ ਮਹਿਤਾਬ ਤੇ ਸ਼ਮਸ ਤਲਅਤ ਕਲਮ ਜੇਡ ਕੋਈ ਜ਼ਰਕਾਰ ਨਾਹੀਂ*
*ਖਰਾ ਖੋਟ ਜ਼ਰ ਕਲਮ ਦੇ ਪਰਖਣੇ ਨੂੰ ਬਾਝੋਂ ਕਲਮ ਕੋਈ ਮਿਆਰ ਨਾਹੀਂ*
*ਫ਼ੈਜ਼ ਇਲਮ ਦੇ ਥੀਂ ਚਾਰ ਕੋਟ ਅੰਦਰ ਬੇ ਪਰਵਾਹ ਸ.ਗਾਰ ਕਬਾਰ ਨਾਹੀਂ*
*ਵਿਚ ਕਾਰਖ਼ਾਨੇ ਦੁਨੀਆ ਦੀਨ ਵਾਲੇ ਬਾਝੋਂ ਕਲਮ ਸਾਹਿਬ ਇਫ਼ਤਿਖ਼ਾਰ ਨਾਹੀਂ*
*ਸੱਚੀ ਪ੍ਰੀਤ ਦਾ ਪਾਲਣਾ ਬਹੁਤ ਮੁਸ਼ਕਿਲ ਮੁਸਤਹਿਕ ਇਸ ਦਾ ਮੱਕਾਰ ਨਾਹੀਂ* (296)



ਹੋਰ ਸੁੰਦਰ ਸ਼ਿਅਰ ਵੇਖੋ :–

*ਰੰਗਾ ਰੰਗ ਦਵਾਤਾਂ ਦੇ ਰੰਗ ਸਾਡੇ ਕਿਹੜਾ ਸਾਜ਼ ਜੋ ਅੱਜ ਤਿਆਰ ਨਾਹੀਂ*
*ਹਰ ਰੰਗ ਵਿਚ ਰੰਗਤਾਂ ਰੰਗਦੇ ਹਾਂ ਸਾਡੇ ਰੰਗ ਤੋਂ ਕਦੀ ਜ਼ੰਗਾਰ ਨਾਹੀਂ*
*ਵਿਚ ਇਕਤ ਮਅਨੀ ਕਾਫ਼ੀਏ ਦੇ ਸੋਚ ਦੇਖ ਲੈ ਪੀਆ ਤਕਰਾਰ ਨਾਹੀਂ*
*ਇਹ ਸ਼ਿਅਰ ਸ਼ਊਰ ਥੀਂ ਦੂਰ ਭਾਵੇਂ ਐਪਰ ਸਹਰ ਹੈ ਸਿਰਫ਼ ਅਸ਼ਆਰ ਨਾਹੀਂ*
*ਤੇਰੀਆਂ ਮੰਨੀਆਂ ਅਸੀਂ ਕਰਾਮਤਾਂ ਉਹ ਪੱਥਰ ਡੁੱਬ ਕੇ ਤੋੜਿਆਂ ਤਾਰ ਨਾਹੀਂ*
*ਉਹਦੇ ਦਰਦ ਦਾ ਅੰਤ ਸ਼ੁਮਾਰ ਕਿਹਾ ਜਿਹਦੇ ਹੱਥ ਵਿਚ ਯਾਰ ਗ਼ਮਖ਼੍ਵਾਰ ਨਾਹੀਂ*
*ਬੇ ਮਜ਼ਾ ਕਲਾਮ ਬੇ ਦਰਦ ਦਾ ਏ ਉਹ ਦੀ ਦਾਲ ਵਿਚ ਮਿਰਚ ਵਿਸਾਰ ਨਾਹੀਂ*
*ਵੇ ਮੈਂ ਕਿਉਂ ਜਰਾਂ ਲਾਟਾਂ ਵਿਚ ਸੀਨੇ ਇਸ ਥੀਂ ਵੱਧ ਹੁਣ ਸੱਚ ਨਤਾਰ ਨਾਹੀਂ*
*ਯਾਰ ਪੜ੍ਹੇ ਨਾ ਪੜ੍ਹੇ, ਖ਼ਤ ਨਾਲ ਦਰਦਾਂ ਮੇਰੇ ਕਲਮ ਨੂੰ ਅੱਜ ਖਲਿਆਰ ਨਾਹੀਂ*

(297)

*****

# ਜੀਵਨ ਦੀਆਂ ਕੁੱਝ ਘਟਨਾਵਾਂ

**ਇਸ਼ਕ ਦਾ ਨਿੱਘ :–**

ਇਸ਼ਕ ਦੇ ਨਿੱਘ ਨੇ ਤਬੀਅਤ ਇੰਨੀ ਨਰਮ ਕਰ ਦਿੱਤੀ ਸੀ ਕਿ ਇਕ ਦਿਨ ਸ਼ਾਮ ਨੂੰ ਮਸੀਤ ਤੋਂ ਘਰ ਵੱਲ ਜਾ ਰਹੇ ਸਨ। ਰਸਤੇ ਵਿਚ ਔਰਤਾਂ ਤੰਦੂਰ ਤੇ ਰੋਟੀਆਂ ਲਾ ਰਹੀਆਂ ਸਨ। ਇਕ ਔਰਤ ਨੇ ਰੋਟੀਆਂ ਲਾਈਆਂ ਪਰ ਉਹ ਟੁੱਟ ਕੇ ਤੰਦੂਰ ਵਿਚ ਗਿਰ ਗਈਆਂ। ਦੂਜੀ ਔਰਤ ਕਹਿਣ ਲੱਗੀ 'ਛੱਡ ਨੀ ਛੱਡ ਤੇਰੀਆਂ ਲਾਈਆਂ ਟੁੱਟ ਗਈਆਂ ਨੇ ਆਖ ਖਾਂ ਮੇਰੀਆਂ ਲੱਗੀਆਂ ਟੁੱਟ ਜਾਵਣ' ਇਹ ਸੁਣ ਕੇ ਆਪ ਜੀ ਤੇ (ਮਸਤੀ) ਰਿਕਤ ਛਾ ਗਈ ਅਤੇ ਘਰ ਜਾਂਦਿਆਂ ਹੀ ਬੇਹੋਸ਼ ਹੋ ਗਏ। ਲਗ ਭਗ ਦੋ ਦਿਨ ਇਸੇ ਤਰ੍ਹਾਂ ਰਹੇ। ਵਾਰ ਵਾਰ ਆਪਣੀ ਇਹ ਤੁਕ ਪੜ੍ਹਦੇ ਰਹੇ :–

*ਸਾਡੀਆਂ ਰੋਜ਼ ਮੀਸਾਕ ਦੀਆਂ ਲੱਗੀਆਂ ਦਾ, ਲਾਵਣਹਾਰ ਬਾਝੋਂ ਜਾਨਣਹਾਰ ਨਾਹੀਂ*

ਅਖੀਰਲੀ ਉਮਰ ਵਿਚ ਤਾਂ ਇਹ ਦਸ਼ਾ ਹੋ ਗਈ ਕਿ ਬਿਲਕੁਲ ਕਿਤੇ ਆਉਣਾ ਜਾਣਾ ਬੰਦ ਹੋ ਗਿਆ। ਤਸੱਵੁਫ਼ ਦਾ ਰੰਗ ਇਸ ਕਦਰ ਚੜ੍ਹ ਗਿਆ ਕਿ ਹਰ ਸਮੇਂ ਲੀਨ ਰਹਿੰਦੇ ਸਨ। ਆਪ ਜੀ ਦਾ ਖ਼ਾਨਦਾਨੀ ਪੇਸ਼ਾ ਜ਼ਿਮੀਂਦਾਰਾ ਸੀ। ਇਕ ਵਾਰੀ ਮੌਲਵੀ ਸਾਹਿਬ ਦਾ ਅਲੀ ਬਖ਼ਸ਼ ਨਾਮੀ ਨੌਕਰ ਡੰਗਰਾਂ ਲਈ ਚਾਰਾ ਲੈ ਕੇ ਬੜੀ ਦੇਰ ਬਾਅਦ ਘਰ ਆਇਆ ਤਾਂ ਮੌਲਵੀ ਸਾਹਿਬ (ਰਹਿ.) ਉਸਨੂੰ ਸੰਬੋਧਨ ਕਰਦੇ ਹੋਏ ਫ਼ਰਮਾਉਂਦੇ ਹਨ :–

*ਸਾਰਾ ਦਿਨ ਉਡੀਕਿਆ ਗਿਆ ਕੁਵੇਲਾ ਹੋ*
*ਢੇਰ ਕਮਾਈ ਤੁਧ ਦੀ ਭਰਿਆਂ ਪੌਣੇ ਦੋ*

**ਸ਼ਖ਼ਸੀਅਤ ਦੀ ਠਾਠ-ਬਾਠ :–**

ਮੌਲਵੀ ਸਾਹਿਬ ਦੀ ਈਮਾਨੀ ਤਾਕਤ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਠਰ੍ਹੰਮਾ ਅਤੇ ਰੁਅਬ ਬਹੁਤ ਸੀ। ਉਹਨਾਂ ਦੇ ਸਾਹਮਣੇ ਕਿਸੇ ਨੂੰ ਝੂਠ ਬੋਲਣ ਦੀ ਹਿੰਮਤ ਨਹੀਂ ਹੁੰਦੀ ਸੀ। ਇਕ ਘਟਨਾ ਇਸ ਤਰ੍ਹਾਂ ਬਿਆਨ ਕਰਦੇ ਹਨ :–

ਈਦ ਮੁਹੰਮਦ ਨਾਂ ਦੇ ਕਿਸੇ ਵਿਅਕਤੀ ਨੇ ਕਿਸੇ ਦਾ ਕਰਜ਼ਾ ਦੇਣਾ ਸੀ। ਲੈਣ ਵਾਲੇ ਨੇ ਤਹਿਸੀਲਦਾਰ ਕੋਲ ਈਦ ਮੁਹੰਮਦ ਦੇ ਖ਼ਿਲਾਫ਼ ਦਾਅਵਾ ਕਰ ਦਿੱਤਾ। ਸਬੂਤ ਨਾ ਮਿਲਣ ਕਰਕੇ ਦਾਅਵਾ ਖ਼ਾਰਿਜ ਹੋ ਗਿਆ। ਈਦ ਮੁਹੰਮਦ ਨੇ ਕਰਜ਼ਾ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਕਰਜ਼ ਦੇਣ ਵਾਲੇ ਨੇ ਮੌਲਵੀ ਸਾਹਿਬ ਨਾਲ ਗੱਲਬਾਤ ਕੀਤੀ ਉਹਨਾਂ ਨੇ ਈਦ ਮੁਹੰਮਦ ਨੂੰ ਪੁੱਛਿਆ, ਉਹ ਮੰਨ ਗਿਆ। ਮੌਲਵੀ ਸਾਹਿਬ ਨੇ ਫ਼ਰਮਾਇਆ ਅਦਾਲਤ ਵਿਚ ਤੂੰ ਕਿਉਂ ਨਹੀਂ ਮੰਨਿਆ। ਕਹਿਣ ਲੱਗਿਆ ਅਦਾਲਤਾਂ ਵਿਚ ਝੂਠ ਚਲਦਾ ਹੈ ਪਰ ਆਪ ਦੇ ਸਾਹਮਣੇ ਝੂਠ ਬੋਲਣ ਦੀ ਹਿੰਮਤ ਨਹੀਂ ਕਰ ਸਕਦਾ।



**ਦਿਲ ਨੂੰ ਰੌਸ਼ਨ ਕਰਨ ਵਾਲੀ ਘਟਨਾ :–**

ਮੌਲਵੀ ਸਾਹਿਬ ਆਮ ਤੌਰ ਤੇ ਸੁਬਹ ਸਵੇਰੇ ਉੱਠ ਜਾਂਦੇ ਅਤੇ ਰੱਬ ਦਾ ਨਾਂ ਜਪਦੇ। ਦਰੂਦ ਸ਼ਰੀਫ਼ ਬਹੁਤ ਪੜ੍ਹਦੇ। ਸਵੇਰ ਦੀ ਬਾਂਗ (ਅਜਾਨ) ਤੋਂ ਪਹਿਲਾਂ ਸੈਰ ਕਰਨ ਲਈ ਜਾਂਦੇ। ਆਮ ਤੌਰ ਤੇ ਸੈਰ ਕਰਨ ਲਈ ਆਲਮਪੁਰ ਦੇ ਪੂਰਬ ਵਿਚ ਸਥਿਤ ਇਕ ਪਿੰਡ ਬਸੂਆ ਜਾਂਦੇ ਸਨ। ਇਕ ਦਿਨ ਇਕ ਘਟਨਾ ਵਾਪਰੀ ਕਿ ਸੈਰ ਦੇ ਦੌਰਾਨ ਦੋ ਹਿੰਦੂ ਰਾਹ ਵਿਚ ਮਿਲੇ ਉਹਨਾਂ ਨੇ ਬਸੂਆ ਪਿੰਡ ਦੇ ਵਾਸੀ ਮੁਹੰਮਦ ਅਲੀ ਨਾਂ ਦੇ ਕਿਸੇ ਵਿਅਕਤੀ ਨੂੰ ਮਿਲਣਾ ਸੀ ਜਿਸ ਨੂੰ ਪਿੰਡ ਦੇ ਲੋਕ ਪੂਰੇ ਨਾਂ ਦੀ ਥਾਂ ਸਿਰਫ਼ ਮੁਹੰਮਦ ਹੀ ਕਹਿੰਦੇ ਸਨ। ਇਹਨਾਂ ਹਿੰਦੂਆਂ ਨੇ ਮੌਲਵੀ ਸਾਹਿਬ ਨੂੰ ਪੁੱਛਿਆ ਕਿ ਮੁਹੰਮਦ ਦਾ ਘਰ ਕਿੱਧਰ ਹੈ। ਇਹ ਸੁਣਦਿਆਂ ਹੀ ਮੌਲਵੀ ਸਾਹਿਬ ਤੇ ਵਜਦ (ਸਰੂਰ ਦੀ ਮਸਤੀ) ਦੀ ਸਥਿਤੀ ਪੈਦਾ ਹੋ ਗਈ। ਫ਼ਰਮਾਇਆ :– "ਮੁਹੰਮਦ (ਸ.) ਦਾ ਘਰ ਤਾਂ ਮਦੀਨੇ ਵਿਚ ਹੈ। ਇੱਧਰ ਕਿਥੇ ਲੱਭ ਰਹੇ ਹੋ।" ਉਹਨਾਂ ਹਿੰਦੂਆਂ ਤੇ ਕੁੱਝ ਅਸਰ ਹੋਇਆ ਕਿ ਉਹ ਮੁਸਲਮਾਨ ਹੋ ਗਏ। (299)

**ਮਸੀਤ ਵਿਚ ਇਕ ਸਹਿਸੀ ਦੇ ਰਾਤ ਗੁਜ਼ਾਰਨ ਦੀ ਘਟਨਾ :–**

ਇਕ ਵਾਰੀ ਬਹੁਤ ਠੰਢ ਦੀ ਇਕ ਰਾਤ ਨੂੰ ਇਕ ਸਹਿਸੀ ਨੇ ਆਲਮਪੁਰ ਵਿਖੇ ਰਾਤ ਕੱਟਣ ਲਈ ਕੁੱਝ ਘਰਾਂ ਦਾ ਕੁੰਡਾ ਖੜਕਾਇਆ ਪਰ ਕਿਸੇ ਨੇ ਵੀ ਉਸ ਨੂੰ ਘਰ ਨਹੀਂ ਠਹਿਰਾਇਆ। ਉਹ ਮਸੀਤ ਵਿਚ ਆ ਗਿਆ। ਉੱਥੇ ਉਸ ਸਮੇਂ ਮੌਲਵੀ ਸਾਹਿਬ ਮੌਜੂਦ ਸਨ, ਯਾਦ ਰਹੇ ਕਿ ਇਹ ਮਸੀਤ ਮੌਲਵੀ ਸਾਹਿਬ ਨੇ ਖ਼ੁਦ ਆਪਣੇ ਪੈਸਿਆਂ ਨਾਲ ਬਣਵਾਈ ਸੀ ਜਦੋਂ ਕਿ ਆਲਮਪੁਰ ਵਿਚ ਇਕ ਮਸੀਤ ਸੀ ਜਿਸ ਵਿਚ ਇਕ ਤਨਖ਼ਾਹ ਤੇ ਨਿਯੁਕਤ ਇਮਾਮ ਸੀ। ਉਸ ਸਹਿਸੀ ਨੇ ਜਿਸ ਕੋਲ ਦੋ ਸੂਰ ਦੇ ਬੱਚੇ ਵੀ ਸਨ ਮੌਲਵੀ ਸਾਹਿਬ ਕੋਲ ਰਾਤ ਕੱਟਣ ਦੀ ਬੇਨਤੀ ਕੀਤੀ ਤਾਂ ਮੌਲਵੀ ਸਾਹਿਬ ਨੇ ਉਸ ਨੂੰ ਆਗਿਆ ਦੇ ਦਿੱਤੀ ਅਤੇ ਫ਼ਰਮਾਇਆ ਕਿ ਸਵੇਰੇ ਇਥੋਂ ਛੇਤੀ ਚਲਿਆ ਜਾਵੇ। ਫਿਰ ਆਪ ਜੀ ਉਸ ਨੂੰ ਖਾਣ ਲਈ ਪੁੱਛਿਆ ਤਾਂ ਉਸਨੇ ਕਿਹਾ ਕਿ ਮੈਂ ਖਾਣਾ ਖਾਵਾਂਗਾ ਅਤੇ ਇਹ ਸੂਰ ਦੇ ਬੱਚੇ ਦੁੱਧ ਪੀਣਗੇ। ਆਪ ਜੀ ਨੇ ਉਸ ਨੂੰ ਭੋਜਨ ਅਤੇ ਦੁੱਧ ਮੁਹੱਈਆ ਕਰਵਾ ਦਿੱਤਾ। ਸਵੇਰੇ ਅਜ਼ਾਨ (ਬਾਂਗ) ਵੇਲੇ ਜਦੋਂ ਨਮਾਜ਼ੀ ਆਏ ਤਾਂ ਉਹਨਾਂ ਨੂੰ ਸੂਰ ਦੇ ਬੱਚਿਆਂ ਦੀ ਅਵਾਜ਼ ਸੁਣਾਈ ਦਿੱਤੀ, ਉਹ ਸਾਹਸੀ ਨੂੰ ਮਾਰਨ ਲਈ ਉਸ ਵੱਲ ਦੌੜੇ ਤਾਂ ਉਸ ਨੇ ਤੁਰੰਤ ਕਿਹਾ ਕਿ ਮੈਨੂੰ ਤਾਂ ਮੌਲਵੀ ਸਾਹਿਬ ਨੇ ਰੱਖਿਆ ਹੈ। ਉਹ ਲੋਕ ਮੌਲਵੀ ਸਾਹਿਬ ਨੂੰ ਬੜੀ ਹੈਰਾਨੀ ਨਾਲ ਪੁੱਛਣ ਲੱਗੇ ਕਿ ਜਨਾਬ! ਆਪ ਨੇ ਇਸ ਨੂੰ ਮਸੀਤ ਵਿਚ ਰੱਖਿਆ ਹੈ। ਆਪ ਜੀ ਨੇ ਬਹਿਸ ਕਰਨੀ ਠੀਕ ਨਾ ਸਮਝੀ। ਉਹਨਾਂ ਨੇ ਕਿਹਾ ਕਿ ਇਸ ਗੱਲ ਦਾ ਮੈਨੂੰ ਜੁਰਮਾਨਾ ਕਰ ਦਿਉ। ਉਨ੍ਹਾਂ ਨੇ ਉਸ ਸਮੇਂ ਦੇ ਅਨੁਸਾਰ ਪੰਜ ਜਾਂ ਛੇ ਰੁਪਏ ਜੁਰਮਾਨਾ ਕਰ ਦਿੱਤਾ। ਆਪ ਜੀ ਨੇ ਘਰੋਂ ਪੈਸੇ ਮੰਗਵਾਏ ਅਤੇ ਉਹਨਾਂ ਲੋਕਾਂ ਨੂੰ ਦੇ ਦਿੱਤੇ। ਲੋਕਾਂ ਨੇ ਕਿਹਾ ਕਿ ਇਕ ਰੁਪਿਆ ਘੱਟ ਹੈ ਤਾਂ ਉਸ ਵੇਲੇ ਆਪ ਜੀ ਨੇ ਫ਼ਰਮਾਇਆ ਕਿ ਇਕ ਰਾਤ ਰੱਖਣ ਅਤੇ ਭੋਜਨ ਖਲਾਉਣ ਅਤੇ ਦੁੱਧ ਪਿਲਾਉਣ ਦਾ ਇਹ ਜੁਰਮਾਨਾ ਮੈਂ ਅਦਾ ਕਰ ਦਿੱਤਾ ਬਾਕੀ ਉਸ ਤੋਂ ਮੰਗੋ ਜਿਸ ਨੇ ਉਹਨਾਂ ਨੂੰ ਪੈਦਾ ਕੀਤਾ ਅਤੇ ਜੋ ਰੋਜ਼ਾਨਾ ਉਹਨਾਂ ਨੂੰ ਦੁੱਧ ਅਤੇ ਰੋਜ਼ੀ ਦਿੰਦਾ ਹੈ। ਇਹ ਸੁਣਦੇ ਹੀ ਲੋਕਾਂ ਨੇ ਆਪ ਜੀ ਤੋਂ ਮਾਫ਼ੀ ਮੰਗ ਲਈ।

**ਅਸਤੀਫ਼ਾ ਦੇਣ ਦੀ ਘਟਨਾ :–**

ਮੌਲਵੀ ਸਾਹਿਬ ਸਕੂਲ ਵਿਚ ਬੱਚਿਆਂ ਨੂੰ ਪੜ੍ਹਾਉਣ ਸਮੇਂ ਪੂਰਾ ਧਿਆਨ ਦਿੰਦੇ ਸਨ। ਸਕੂਲ ਸਮੇਂ ਵਿਚ ਕਿਸੇ ਵੀ ਦੋਸਤ ਨੂੰ ਮਿਲਣ ਦਾ ਸਮਾਂ ਨਹੀਂ ਦਿੰਦੇ ਸਨ। ਇਕ ਵਾਰੀ ਸਕੂਲ ਤੋਂ ਛੁੱਟੀ ਹੋ ਚੁੱਕੀ ਸੀ ਅਤੇ ਆਪ ਜੀ ਘਰ ਵੱਲ ਵਾਪਸ ਆ ਰਹੇ ਸਨ ਤਾਂ ਸਕੂਲ ਇੰਸਪੈਕਟਰ ਸਕੂਲ ਪਹੁੰਚ ਗਿਆ। ਉਸਨੇ ਮੌਲਵੀ ਸਾਹਿਬ ਨੂੰ ਬੁਲਾਉਣ ਲਈ ਇਕ ਅਧਿਆਪਕ ਨੂੰ ਪਿੱਛੇ ਭੇਜਿਆ। ਉਸ ਨੇ ਆ ਕੇ ਮੌਲਵੀ ਸਾਹਿਬ ਨੂੰ ਸਕੂਲ ਇੰਸਪੈਕਟਰ ਦਾ ਸੁਨੇਹਾ ਦਿੱਤਾ। ਆਪ ਨੇ ਕੁਝ ਸ਼ਿਅਰਾਂ ਵਿਚ ਆਪਣਾ ਅਸਤੀਫ਼ਾ ਲਿਖ ਕੇ ਭੇਜ ਦਿੱਤਾ ਅਤੇ ਫੇਰ ਕਦੇ ਸਕੂਲ ਨਹੀਂ ਗਏ।

**ਵਤਨ ਨਾਲ ਪਿਆਰ :–**

ਮਨੁੱਖ ਜਿਸ ਧਰਤੀ ਤੇ ਰਹਿੰਦਾ ਹੈ, ਉਸ ਦਾ ਪਿਆਰ ਉਸ ਦੇ ਵਜੂਦ ਵਿਚ ਰਚਿਆ ਵਸਿਆ ਹੁੰਦਾ ਹੈ। ਮੌਲਵੀ ਸਾਹਿਬ ਦਾ ਜਿਸ ਇਲਾਕੇ ਵਿਚ ਜਨਮ ਹੋਇਆ ਉਹ ਬੇਟ ਦਾ ਇਲਾਕਾ ਕਹਾਉਂਦਾ ਹੈ। ਆਪਣੇ ਮਿੱਤਰ ਸੱਯਦ ਰੌਸ਼ਨ ਅਲੀ ਨੂੰ ਜੋ ਕਿ ਬੇਟ ਦਾ ਇਲਾਕਾ ਛੱਡ ਕੇ ਮਾਲਵੇ ਚਲਾ ਗਿਆ ਸੀ, ਖ਼ਤ ਵਿਚ ਬੇਟ ਦੀ ਪ੍ਰਸ਼ੰਸਾ ਕਰਦੇ ਹੋਏ ਲਿਖਦੇ ਹਨ :–

*ਸਾਡਾ ਬੇਟ ਤਨ ਪੇਟ ਹੈ ਨਿਅਮਤਾਂ ਦਾ ਤੇਰੇ ਮਾਲਵੇ ਕਣਕ ਜਵਾਰ ਨਾਹੀਂ*
*ਵਾਏਂ ਠੰਢੀਆਂ ਤਾਜ਼ੀਆਂ ਝੁੱਲ ਰਹੀਆਂ ਇਹ ਫਾਇਦਾ ਬੇਟ ਦਯਾਰ ਦਾ ਏ*(300)

*****



# ਘਰੇਲੂ ਜੀਵਨ ਵਿਚ 'ਅਹਸਨੁਲ ਕਸਸ' ਦੀ ਮਕਬੂਲੀਅਤ

ਮੁਹੰਮਦ ਆਲਮ ਕਪੂਰਥਲਵੀ ਲਿਖਦੇ ਹਨ ਕਿ ਮੌਲਵੀ ਸਾਹਿਬ ਦਾ ਕਲਾਮ ਮਸੀਤ ਅਤੇ ਚੌਪਾਲ ਦੋਵੇਂ ਥਾਵਾਂ ਤੇ ਸ਼ੌਕ ਨਾਲ ਪੜ੍ਹਿਆ ਜਾਂਦਾ ਹੈ। ਜਦੋਂ ਮੈਂ ਮੌਲਵੀ ਸਾਹਿਬ (ਰਹਿ.) ਦੇ ਕਲਾਮ ਅਤੇ ਸ਼ਖ਼ਸੀਅਤ ਤੇ ਕਿਤਾਬ 'ਡੂੰਘੇ ਵਹਿਣਾ ਦਾ ਸ਼ਾਇਰ' ਲਿਖ ਰਿਹਾ ਸੀ ਤਾਂ ਮੈਨੂੰ ਮਿਲਣ ਲਈ ਪੀਰ ਫ਼ਜ਼ਲ ਹੁਸੈਨ ਫ਼ਜ਼ਲ ਲੇਖਕ 'ਡੂੰਘੇ ਪੈਂਡੇ' ਆਏ। ਮੈਂ ਲਿਖਣਾ ਛੱਡ ਕੇ ਉਹਨਾਂ ਵੱਲ ਧਿਆਨ ਦਿੱਤਾ। ਉਹ ਪੁੱਛਣ ਲੱਗੇ ਕਿ ਕੀ ਲਿਖ ਰਹੇ ਹੋ ? ਮੈਂ ਦੱਸਿਆ ਕਿ ਵਾਰਿਸ ਸ਼ਾਹ ਅਤੇ ਮੌਲਵੀ ਗ਼ੁਲਾਮ ਰਸੂਲ ਬਾਰੇ ਕੁੱਝ ਲਿਖ ਰਿਹਾ ਹਾਂ ਉਹਨਾਂ ਨੇ ਇਹ ਸੁਣ ਕੇ ਵਿਸ਼ੇ ਅਨੁਸਾਰ ਇਹ ਘਟਨਾ ਬਿਆਨ ਕੀਤੀ ਕਹਿਣ ਲੱਗੇ ਮੈਂ ਇਕ ਵਾਰ ਜਲਾਲਪੁਰ ਜੱਟਾਂ ਆਪਣੇ ਇਕ ਦੋਸਤ ਨੂੰ ਮਿਲਣ ਲਈ ਗਿਆ। ਰਾਤ ਦਾ ਖਾਣਾ ਖਾਣ ਤੋਂ ਬਾਅਦ ਉਹਨਾਂ ਨੇ ਆਪਣੀ ਜਵਾਨ ਧੀ ਨੂੰ ਬੁਲਾਇਆ ਅਤੇ ਕਹਿਣ ਲੱਗੇ ਬੇਟਾ! ਪੀਰ ਸਾਹਿਬ ਆਏ ਹਨ, ਉਹਨਾਂ ਨੂੰ ਮੌਲਵੀ ਗ਼ੁਲਾਮ ਰਸੂਲ ਸਾਹਿਬ ਦੀ ਯੂਸਫ਼ ਜ਼ੁਲੈਖ਼ਾ ਸੁਣਾਓ। ਉਸ ਨੌਜਵਾਨ ਲੜਕੀ ਨੇ ਕਿਤਾਬ ਲਿਆ ਕੇ ਜ਼ੁਲੈਖ਼ਾ ਦੇ ਦੂਜੇ ਖ਼੍ਵਾਬ ਦਾ ਇਹ ਬਿਆਨ ਪੜ੍ਹਨਾ ਸ਼ੁਰੂ ਕਰ ਦਿੱਤਾ :–

*ਭਰ ਸਾਕੀ ਦੇਹ ਦੂਜੀ ਵਾਰੀ ਤੇਜ਼ ਨਸ਼ੇ ਦਾ ਕਾਸਾ*
*ਖ਼ੁਦੀ ਤਕੱਬਰ ਮਾਣ ਗੁਮਾਨਾਂ ਰਹੇ ਜਹੱਨੁਮ ਵਾਸਾ*
*ਸੌਦਾਈਆਂ ਦੀ ਹੈਰਤ ਮੰਦੀ ਅੱਗੇ ਥੀਂ ਵਧ ਜਾਵੇ*
*ਕਰੇ ਇਲਾਜ ਤੇ ਪਵੇ ਕਜ਼ੀਆ ਦੁੱਖ ਵੇਚੇ ਗ਼ਮ ਖਾਵੇ*

ਪੀਰ ਸਾਹਿਬ ਦਾ ਬਿਆਨ ਹੈ ਕਿ ਉਸ ਜਵਾਨ ਲੜਕੀ ਦੀ ਮਿੱਠੀ ਅਤੇ ਪ੍ਰਭਾਵਸ਼ਾਲੀ ਅਵਾਜ਼ ਅਤੇ ਮੌਲਵੀ ਗ਼ੁਲਾਮ ਰਸੂਲ ਦੇ ਦਰਦ ਅਤੇ ਗ਼ਮ ਨੇ ਅਜਿਹਾ ਮਾਹੌਲ ਪੈਦਾ ਕਰ ਦਿੱਤਾ ਕਿ ਕਈ ਵਾਰ ਮੇਰੀਆਂ ਅੱਖਾਂ ਵਿਚ ਹੰਝੂ ਆ ਗਏ। ਇਹ ਮਾਣ ਸਿਰਫ਼ ਮੌਲਵੀ ਸਾਹਿਬ ਨੂੰ ਹੀ ਪ੍ਰਾਪਤ ਹੈ ਕਿ ਮਾਵਾਂ, ਧੀਆਂ ਪਾਸੋਂ ਯੂਸਫ਼ ਜ਼ੁਲੈਖ਼ਾ ਦਾ ਕਿੱਸਾ ਸੁਣਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਮੌਲਵੀ ਸਾਹਿਬ ਦੇ ਕਲਾਮ ਵਿਚ ਪਾਕੀਜ਼ਗੀ (ਪਵਿੱਤਰਤਾ) ਹੈ। ਨਿਰਸੰਦੇਹ ਉਹਨਾਂ ਦੇ ਕਲਾਮ ਵਿਚ ਡੂੰਘਾਈ ਅਤੇ ਸੰਜਮਤਾ ਦਾ ਖ਼ਾਸਾ ਪ੍ਰਭਾਵ ਹੈ। ਸ਼ਿਅਰ ਵਿਦਵਤਾ ਭਰਪੂਰ ਅਤੇ ਗਿਆਨਾਤਮਕ ਹਨ। ਖ਼ਾਸ ਲੋਕਾਂ ਲਈ ਲਿਖੇ ਗਏ ਹਨ ਪਰ ਫੇਰ ਵੀ ਲੋਕਾਂ ਵਿਚ ਉਹਨਾਂ ਦੀ ਪ੍ਰਸਿੱਧੀ ਅਤੇ ਪ੍ਰਵਾਨਗੀ ਬਹੁਤ ਜ਼ਿਆਦਾ ਹੈ।

ਇਹ ਲਿਖਣ ਵਾਲੇ (ਹੱਥਲੀ ਕਿਤਾਬ ਦੇ ਲੇਖਕ) ਦਾ ਨਿੱਜੀ ਤਜਰਬਾ ਹੈ ਕਿ

ਜਦੋਂ ਮੈਂ 2007 ਈ. ਅਤੇ 2010 ਈ. ਦੇ ਦੌਰਾਨ ਵੱਖ-ਵੱਖ ਸਮਿਆਂ ਵਿਚ ਹਿੰਦੋਸਤਾਨ ਵਿਚ ਮੌਲਵੀ ਸਾਹਿਬ ਦੇ ਮਜ਼ਾਰ ਤੇ ਜਾਂਦਾ ਰਿਹਾ ਹਾਂ ਤਾਂ ਮੈਨੂੰ ਖ਼ੁਸ਼ੀ ਤੇ ਹੈਰਾਨੀ ਹੋਈ ਕਿ ਜੰਮੂ ਕਸ਼ਮੀਰ ਦੇ ਰਹਿਣ ਵਾਲੇ ਮੁਸਲਮਾਨਾਂ ਵਿਚ ਮੌਲਵੀ ਸਾਹਿਬ (ਰਹਿ.) ਦੀ 'ਅਹਸਨੁਲ ਕਸਸ' ਬਹੁਤ ਪ੍ਰਸਿੱਧ ਹੈ ਜੋ ਕਿ ਉੱਥੇ ਰਹਿਣ ਵਾਲਿਆਂ ਨੇ ਮੌਲਵੀ ਸਾਹਿਬ ਦੇ ਮਜ਼ਾਰ ਤੇ ਆ ਕੇ ਮੈਨੂੰ ਤਰੰਨੁਮ ਵਿਚ (ਗਾ ਕੇ) ਸੁਣਾਈ। ਭਾਵ ਅਹਿਸਨੁਲ ਕਸਸ ਦੀ ਪ੍ਰਸਿੱਧਤਾ ਨਾ ਸਿਰਫ਼ ਪੰਜਾਬ ਵਿਚ ਹੈ ਬਲਕਿ ਪੂਰੇ ਭਾਰਤ ਵਿਚ ਹੈ ਤੇ ਕਸ਼ਮੀਰ ਵਿਚ ਵੀ ਬਹੁਤ ਪਿਆਰ ਅਤੇ ਸ਼ੌਕ ਨਾਲ ਪੜ੍ਹੀ ਅਤੇ ਸੁਣੀ ਜਾਂਦੀ ਹੈ।

*****



## ਮੌਲਵੀ ਸਾਹਿਬ ਦੇ ਮਜ਼ਾਰ ਤੇ ਫ਼ਾਲ ਕੱਢਣ ਦੀ ਘਟਨਾ

ਮੁਹੰਮਦ ਆਲਮ ਕਪੂਰਥਲਵੀ ਲਿਖਦੇ ਹਨ ਕਿ ਮੈਂ 1963 ਈ. ਵਿਚ ਆਲਮਪੁਰ ਹਿੰਦੋਸਤਾਨ ਪਹੁੰਚਿਆ। ਜਦੋਂ ਮੈਂ ਮੌਲਵੀ ਸਾਹਿਬ (ਰਹਿ.) ਦੀ ਕਬਰ ਤੇ ਪਹੁੰਚਿਆ, ਹੱਥ ਚੁੱਕ ਕੇ ਦੁਆ ਮੰਗੀ ਤਾਂ ਦਿਲ ਵਿਚ ਖ਼ਿਆਲ ਆਇਆ ਕਿ ਇੰਨੀ ਦੂਰ ਜਿੱਥੇ ਤੂੰ ਪਹੁੰਚਿਆ ਹੈਂ। ਕੀ ਇਹੀ ਮੌਲਵੀ ਸਾਹਿਬ ਦਾ ਮਜ਼ਾਰ ਹੈ ਤਾਂ ਮੈਂ ਮੁਨਾਸਿਬ ਸਮਝਿਆ ਕਿ ਇਸ ਦਾ ਜਵਾਬ ਮਜ਼ਾਰ ਤੇ ਬੈਠੇ ਸੱਜਣ ਤੋਂ ਪੁਛਿਆ ਜਾਵੇ ਤਾਂ ਠੀਕ ਹੈ। ਮੈਂ ਮੌਲਵੀ ਸਾਹਿਬ ਦੀ 'ਅਹਸਨੁਲ ਕਸਸ' ਰਾਮ ਲਾਲ ਸਰਪੰਚ ਤੋਂ ਲੈ ਕੇ ਕਬਰ ਦੀ ਕੁਰਸੀ ਤੇ ਰੱਖ ਕੇ ਫ਼ਾਲ (ਸ਼ਗਨ) ਕੱਢੀ ਤਾਂ ਇਹ ਸ਼ਿਅਰ ਫ਼ਾਲ ਦਾ ਨਿਕਲਿਆ :-

*ਹਾਂ ਮੈਂ ਠੀਕ ਨਈਂ ਗੱਲ ਝੂਠੀ ਮੱਤਾਂ ਯਕੀਨ ਹਲਾਈਂ*
*ਖ਼੍ਵਾਬ ਖ਼ਿਆਲ ਨਈਂ ਇਹ ਗੱਲਾਂ ਮੱਤ ਕਰ ਵਹਿਮ ਉਡਾਈਂ*

ਇਹ ਸ਼ਿਅਰ ਸੁਣ ਕੇ ਹਿੰਦੂ, ਸਿੱਖ ਹੈਰਾਨ ਰਹਿ ਗਏ ਕਿ ਮੈਂ ਇਹ ਗੱਲ ਦੱਸ ਚੁੱਕਿਆ ਸੀ ਕਿ ਮੈਂ ਕਿਤਾਬ ਕਿਉਂ ਮੰਗਵਾ ਰਿਹਾ ਹਾਂ। ਉਨ੍ਹਾਂ ਨੇ ਕਿਹਾ ਇਕ ਵਾਰ ਸਾਡੇ ਲਈ ਵੀ ਫ਼ਾਲ ਕੱਢੋ। ਜਦੋਂ ਮੈਂ ਉਹਨਾਂ ਦੇ ਕਹਿਣ ਤੇ ਦੁਬਾਰਾ ਕਿਤਾਬ ਖੋਲੀ ਤਾਂ ਫਿਰ ਇਹ ਸ਼ਿਅਰ ਨਿਕਲਿਆ :-

*ਉਮਰ ਜਵਾਨੀ ਨਹਿਰ ਵਗੇਂਦੀ ਹੁਸਨ ਨਦੀ ਦੀਆਂ ਲਹਿਰਾਂ*
*ਗੁਜ਼ਰੀ ਠਾਠ ਗਈ ਕਦ ਆਈ ਮੁੜ ਵਿਚ ਪਿਛਲੀਆਂ ਸ਼ਹਿਰਾਂ*

ਇਹ ਸ਼ਿਅਰ ਸੁਣ ਕੇ ਉਹ ਹੈਰਾਨ ਹੋਏ। ਜਦੋਂ ਮੈਂ ਇੰਡੀਆ ਤੋਂ ਵਾਪਸ ਆ ਕੇ ਆਪਣਾ ਦੇਸ਼ ਬੇਗਾਨਾ 'ਨਾਂ ਦਾ ਲੇਖ ਪੰਜਾਬੀ ਅਦਬ ਲਾਹੌਰ ਵਿਚ ਲਿਖਿਆ ਤਾਂ ਉਸ ਵਿਚ ਉਪਰੋਕਤ ਘਟਨਾ ਦਾ ਵਰਨਣ ਵੀ ਕੀਤਾ ਤਾਂ ਮੈਨੂੰ ਦੋ ਖ਼ਤ ਆਏ। ਇਕ ਪੀਰ ਫ਼ਜ਼ਲ ਸ਼ਾਹ ਗੁਜਰਾਤੀ (ਮਰਹੂਮ) ਦਾ ਸੀ, ਮੀਆਂ ਮੁਹੰਮਦ ਸਾਹਿਬ ਦੇ ਮਜ਼ਾਰ ਤੇ ਜਾਣ ਵਾਲੀ ਘਟਨਾ ਵੀ ਲਿਖੀ ਹੋਈ ਸੀ ਤਾਂ ਕਿਤਾਬ ਖੋਲਣ ਤੇ ਇਹ ਸ਼ਿਅਰ ਨਿਕਲਿਆ ਸੀ :-

*ਕੌਣ ਬੰਦੇ ਨੂੰ ਯਾਦ ਕਰੇਸੀ ਢੂੰਢੇ ਕੌਣ ਕਬਰ ਨੂੰ*
*ਕਿਸ ਨੂੰ ਦਰਦ ਅਸਾਡਾ ਹੋਸੀ ਰੋਗ ਨਾ ਰੰਡੇ ਵਰ ਨੂੰ*

ਦੂਜੀ ਘਟਨਾ ਅੱਲਾਮਾ ਅਰਸ਼ੀ ਨੇ ਪ੍ਰੋਫ਼ੈਸਰ ਸ਼ਹਿਬਾਜ਼ ਦੀ ਲਿਖੀ ਸੀ ਕਿ ਉਸ ਨੇ ਬੇਦਿਲ ਅਜ਼ੀਮਾਬਾਦੀ ਤੇ ਬਹੁਤ ਕੰਮ ਕੀਤਾ ਹੈ ਅਤੇ ਜਦੋਂ ਉਹ ਬੇਦਿਲ ਦੀ ਕਬਰ ਤੇ ਪਹੁੰਚਿਆ ਤਾਂ ਇਹ ਸ਼ਿਅਰ ਫ਼ਾਲ ਦਾ ਨਿਕਲਿਆ :-

*ਚੇਹ ਮੁਕੱਦਰ ਦਰ ਅਦਮ ਖ਼ੁਰਦਾ ਬਾਸ਼ਮ*
*ਤੂ ਬਰ ਖ਼ਾਕਮ ਆਈ-ਵ-ਮਨ ਮੁਰਦਾ ਬਾਸ਼ਮ*

**ਅਨੁਵਾਦ/ਅਰਥ** : ਆਖ਼ਰਤ (ਮਰਨ ਤੋਂ ਬਾਅਦ) ਵਿਚ ਕਿੰਨੀ ਮਾਤਰਾ ਵਿਚ ਮੈਨੂੰ ਖ਼ੂਨ ਪੀਣਾ ਪਿਆ ਕਿ ਤੂੰ ਮੇਰੀ ਕਬਰ ਤੇ ਆਇਆ ਤਾਂ ਮੈਂ ਮਰ ਚੁੱਕਿਆ ਹਾਂ।

*****



# ਮੌਲਵੀ ਸਾਹਿਬ (ਰਹਿ.) ਵਿਸ਼ਵ ਦੇ ਵਿਦਵਾਨਾਂ ਅਤੇ ਖੋਜਾਰਥੀਆਂ ਦੀ ਨਜ਼ਰ ਵਿਚ

**I.K. Gujral**
**Former, Prime Minister, India**

**(1) Message**

The Late Maulvi Ghulam Rasool Alampuri was once such remarkable personality whose contribution has left an indelible mark on the Punjabi Literature and Folk lore of both Pakistan and India. His influence transcends political boundaries and his legacy creates unified responses in the two countries, which is matter of great pride.

(Dhoongay Raaz - Sahibzada Masood Ahmed, Page 15, Sep. 1999)

(2) **ਫ਼ਖ਼ਰ ਜ਼ਮਾਨ** :-

ਕੇਂਦਰੀ ਪੰਜਾਬ ਵਿਚ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਕਾਵਿਕ ਕਿੱਸੇ 'ਅਹਸਨੁਲ ਕਸਸ' ਨੂੰ ਉਹੀ ਪ੍ਰਸਿੱਧਤਾ ਮਿਲੀ ਜੋ ਪੋਠੋਹਾਰ ਦੇ ਇਲਾਕੇ ਵਿਚ ਮੀਆਂ ਮੁਹੰਮਦ ਬਖ਼ਸ਼ ਦੀ ਰਚਨਾ 'ਸੈਫ਼ੁਲ ਮਲੂਕ' ਨੂੰ। ਇਹ ਦੋਵੇਂ ਕਾਵਿਕ ਕਿੱਸੇ ਚੌਪਾਲਾਂ ਅਤੇ ਲੋਕ ਘੇਰਿਆਂ ਦਾ ਹੀ ਹਿੱਸਾ ਨਹੀਂ ਸਨ, ਸਗੋਂ ਹਰੇਕ ਉਸ ਘਰ ਦੀ ਜ਼ਰੂਰਤ ਸਨ ਜਿਨ੍ਹਾਂ ਦੀ ਮੁੱਢਲੀ ਸਿੱਖਿਆ ਮਸੀਤ ਵਿਚ ਹੁੰਦੀ ਸੀ। ਮੌਲਵੀ ਸਾਹਿਬ ਦਾ ਜ਼ਮਾਨਾ ਵਾਰਿਸ ਸ਼ਾਹ ਦੇ ਜ਼ਮਾਨੇ ਵਾਂਗ ਤਵਾਇਫ਼ ਉਲ ਮਲੂਕੀ ਦਾ ਜ਼ਮਾਨਾ ਨਹੀਂ ਸੀ, ਲੇਕਿਨ ਸਮਾਜਿਕ ਅਤੇ ਆਰਥਿਕ ਅਸ਼ਾਂਤੀ, ਬੇਚੈਨੀ ਅਤੇ ਹਫੜਾ ਦਫੜੀ ਦਾ ਇਹ ਮਹੌਲ ਸੀ ਕਿ ਹਰੇਕ ਤਰ੍ਹਾਂ ਦੀਆਂ ਰੂਹਾਨੀ ਅਤੇ ਨੈਤਿਕ ਕਦਰਾਂ ਖ਼ਤਮ ਹੋ ਰਹੀਆਂ ਸਨ ਜਿਸ ਦਾ ਕਾਰਨ ਯੂਸਫ਼ ਦੇ ਭਰਾਵਾਂ ਦੀਆਂ ਸਾਜ਼ਿਸ਼ਾਂ ਸਨ। ਮੌਲਵੀ ਸਾਹਿਬ ਨੇ ਦੁਨਿਆਵੀ ਅਤੇ ਰੂਹਾਨੀ ਸਿੱਖਿਆ ਲਈ ਇਕ ਅਜਿਹੇ ਕਿੱਸੇ ਦੀ ਚੋਣ ਕੀਤੀ ਜਿਸ ਨੂੰ 'ਅਹਸਨੁਲ ਕਸਸ' ਦਾ ਨਾਂ ਦਿੱਤਾ ਗਿਆ। ਇਸ ਕਿੱਸੇ ਦੀ ਸੋਚ ਦਾ ਪੱਧਰ ਉਹੀ ਹੈ ਜੋ ਜਾਮੀ (ਫ਼ਾਰਸੀ ਸ਼ਾਇਰ) ਦੀ ਫ਼ਾਰਸੀ ਮਸਨਵੀ 'ਯੂਸਫ਼ ਜ਼ੁਲੈਖ਼ਾ' ਦਾ ਹੈ। ਜਿਥੋਂ ਤੱਕ ਕਲਾਤਮਕ ਪੱਧਰ ਦਾ ਸਵਾਲ ਹੈ ਤਾਂ 'ਅਹਸਨੁਲ ਕਸਸ' ਦੇ ਸ਼ਿਅਰਾਂ ਦੀ ਗਿਣਤੀ ਕਵੀ ਨੇ ਖ਼ੁਦ 6666 ਦੱਸੀ ਹੈ ਤਾਂ ਕਿ ਉਹਨਾਂ ਦੀ

ਗਿਣਤੀ ਕੁਰਆਨ ਦੀਆਂ ਆਇਤਾਂ ਦੇ ਸਮਾਨ ਰਹੇ।

'ਅਹਸਨੁਲ ਕਸਸ' ਦਾ ਬੁਨਿਆਦੀ ਵਿਸ਼ਾ ਹੁਸਨ ਅਤੇ ਇਸ਼ਕ ਅਤੇ ਬੁਨਿਆਦੀ ਮਕਸਦ ਨੇਕੀ ਅਤੇ ਬਦੀ, ਦ੍ਰਿੜ ਰਹਿਣ ਅਤੇ ਡੋਲਣ ਦੀ ਅਵਸਥਾ ਨੂੰ ਸਪਸ਼ਟ ਕਰਨਾ ਸੀ। ਕਵੀ ਨੇ ਦੁੱਖ ਅਤੇ ਗ਼ਮ, ਵਿਛੋੜੇ ਅਤੇ ਮਿਲਾਪ ਦੀ ਜਿਸ ਤੜਫ ਨੂੰ ਕਿੱਸੇ ਅੰਦਰ ਸਮੋਇਆ ਹੈ। ਉਸ ਦੀ ਪਵਿੱਤਰਤਾ ਕਵੀ ਦੀ ਪਵਿੱਤਰ ਸ਼ਖ਼ਸੀਅਤ ਦਾ ਕਰਿਸ਼ਮਾ ਹੈ।

(ਡੂੰਘੇ ਰਾਜ਼, ਸਫ਼ਾ 19, ਸਤੰਬਰ 1999, ਸਾਹਿਜ਼ਾਦਾ ਮਸਊਦ ਅਹਿਮਦ)

(3) ਸੱਯਦ ਸਿਬਤ ਉਲ ਹਸਨ ਜ਼ੈਗ਼ਮ ਆਪਣੇ ਲੇਖ 'ਪੰਜਾਬੀ ਦੇ ਹਮੇਸ਼ਾ ਜ਼ਿੰਦਾ ਰਹਿਣ ਵਾਲੇ ਸ਼ਾਇਰ' ਵਿਚ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦੇ ਹਨ :-

ਜਿਹੜੇ ਲੋਕ ਫ਼ਾਰਸੀ ਅਤੇ ਪੰਜਾਬੀ ਭਾਸ਼ਾਵਾਂ ਤੋਂ ਜਾਣੂ ਹਨ, ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿੱਥੇ ਕਿੱਥੇ ਮੌਲਵੀ ਸਾਹਿਬ (ਰਹਿ.) ਮੌਲਾਨਾ ਅਬਦੁਰਹਿਮਾਨ ਜਾਮੀ (ਰਹਿ.) ਨੂੰ ਉਹਨਾਂ ਦੀ ਸਦੀਵੀ ਰਚਨਾ 'ਯੂਸਫ਼ ਜ਼ੁਲੈਖ਼ਾ' ਨੂੰ ਪਿੱਛੇ ਛੱਡ ਗਏ ਹਨ। ਇਹ ਵਡਿਆਈ ਅੱਲ੍ਹਾ ਤਾਅਲਾ ਨੇ ਹਰ ਕਿਸੇ ਨੂੰ ਨਹੀਂ ਦਿੱਤੀ ਭਾਵੇਂ ਕਿ ਇਹ ਕਿਤਾਬ ਮੌਲਵੀ ਸਾਹਿਬ (ਰਹਿ.) ਨੇ 24 ਸਾਲ ਦੀ ਉਮਰ ਵਿਚ ਮੁਕੰਮਲ ਕੀਤੀ ਜਿਸ ਸਮੇਂ ਲੋਕ ਅਕਲ ਅਤੇ ਸੋਚ ਦੀ ਪੱਧਰ ਤੇ ਗੋਡਿਆਂ ਦੇ ਬਲ ਚੱਲਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਨ। ਇਸ ਤੋਂ ਵੀ ਵੱਡੀ ਗੱਲ 'ਅਮੀਰ ਹਮਜ਼ਾ' ਦੀ ਦਾਸਤਾਨ ਦੀ ਰਚਨਾ ਹੈ ਜਿਸ ਦੀ ਪਹਿਲੀ ਜਿਲਦ ਉਹਨਾਂ ਨੇ 15 ਸਾਲ ਦੀ ਉਮਰ ਵਿਚ ਪੂਰੀ ਕੀਤੀ। ਦੂਜੀ ਅਤੇ ਤੀਜੀ ਜਿਲਦ 20 ਸਾਲ ਦੀ ਉਮਰ ਵਿਚ ਮੁਕੰਮਲ ਕੀਤੀ। ਛੋਟੀ ਉਮਰ ਵਿਚ ਰਚਨਾ ਕਰਨ ਦੇ ਬਾਵਜੂਦ ਵੀ ਦਾਸਤਾਨ 'ਅਮੀਰ ਹਮਜ਼ਾ' ਨੂੰ ਦੁਨੀਆਂ ਦੇ ਵਧੀਆ ਸਾਹਿਤ ਦੇ ਮੁਕਾਬਲੇ ਵਿਚ ਰੱਖਣਾ ਪੈਂਦਾ ਹੈ।

(ਡੂੰਘੇ, ਰਾਜ਼, ਸਫ਼ਾ 22, ਸਤੰਬਰ 1999, ਸਾਹਿਬਜ਼ਾਦਾ ਮਸਊਦ ਅਹਿਮਦ)

(4) ਡਾ. ਕਰਨੈਲ ਸਿੰਘ ਥਿੰਦ ਆਪਣੇ ਲੇਖ 'ਲੋਕ ਜੀਵਨ ਦੇ ਅੱਕਾਸ ਸ਼ਾਇਰ' ਵਿਚ ਆਪਣੇ ਵਿਚਾਰਾਂ ਦਾ ਪ੍ਰਗਟਾਅ ਇਸ ਤਰ੍ਹਾਂ ਕਰਦੇ ਹਨ :-

ਮੌਲਵੀ ਗ਼ੁਲਾਮ ਰਸੂਲ ਨੇ ਕਿੱਸਾਕਾਰੀ ਦੀ ਰਵਾਇਤ ਨੂੰ ਅੱਗੇ ਵਧਾਇਆ ਅਤੇ ਅਮੀਰ ਵੀ ਕੀਤਾ। ਪੰਜਾਬ ਦੇ ਲੋਕਾਂ ਵਿਚ ਸਦੀਆਂ ਤੋਂ ਪ੍ਰਚੱਲਿਤ ਲੋਕ ਕਹਾਣੀਆਂ ਨੂੰ ਆਪਣੀਆਂ ਲਿਖਤਾਂ ਨਾਲ ਮਜ਼ਬੂਤ ਕਰਕੇ ਉਨਾਂ ਨੂੰ ਨਵੇਂ ਅਰਥ ਦਿੱਤੇ ਹਨ। ਜੀਵਨ ਦੀਆਂ ਅਟੱਲ ਸੱਚਾਈਆਂ ਨੂੰ ਬਿਆਨ ਕੀਤਾ ਹੈ ਅਤੇ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਇਹ ਕਿੱਸੇ ਅੱਜ ਵੀ ਆਮ ਲੋਕਾਂ ਨੂੰ ਜ਼ਬਾਨੀ ਤੌਰ ਤੇ ਯਾਦ ਹਨ ਅਤੇ ਸਾਡੀਆਂ ਲੋਕ ਮਹਿਫ਼ਲਾਂ ਦੀ ਰੌਣਕ ਵਧਾਉਂਦੇ ਹਨ। ਮੌਲਵੀ ਸਾਹਿਬ ਨੇ ਸਾਡੇ ਧਾਰਮਿਕ ਵਿਸ਼ਵਾਸ ਅਤੇ ਲੋਕ ਵਿਸ਼ਵਾਸ, ਲੋਕ ਰਸਮਾਂ ਰਿਵਾਜ ਅਤੇ ਆਪਣੀਆਂ ਰਵਾਇਤਾਂ ਨੂੰ ਆਪਣੀਆਂ ਲਿਖਤਾਂ ਵਿਚ ਬੜੇ ਸੁਹਣੇ ਢੰਗ ਨਾਲ ਪੇਸ਼ ਕੀਤਾ ਹੈ। ਖੋਜਾਰਥੀ ਅਤੇ ਸਾਹਿਤਕਾਰ ਹੈਰਾਨ ਰਹਿ ਜਾਂਦੇ ਹਨ। ਨਿਰਸੰਦੇਹ 'ਦਾਸਤਾਨ ਅਮੀਰ ਹਮਜ਼ਾ' ਅਤੇ 'ਯੂਸਫ਼ ਜ਼ੁਲੈਖ਼ਾ' ਵਰਗੇ ਕਿੱਸਿਆਂ ਦੀ ਰਚਨਾ ਕਰਨ ਵਾਲੇ ਸਾਹਿਤਕਾਰ ਅਤੇ ਕਵੀ ਮੌਲਵੀ ਗ਼ੁਲਾਮ ਰਸੂਲ ਦਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਿਲੱਖਣ ਸਥਾਨ ਹੈ।



(ਡੂੰਘੇ ਰਾਜ਼, ਸਫ਼ਾ 24 ਸਤੰਬਰ 1999, ਸਾਹਿਬਜ਼ਾਦਾ ਮਸਊਦ ਅਹਿਮਦ)

(5) ਮਿਹਰ ਕਾਚੇਲਵੀ ਆਪਣੇ ਲੇਖ 'ਪੰਜਾਬੀ ਦੀ ਇਕ ਸੁਹਣੀ ਖ਼ੁਸ਼ਬੂ' ਵਿਚ ਮੌਲਵੀ ਸਾਹਿਬ ਬਾਰੇ ਲਿਖਦੇ ਹਨ :-

ਮੌਲਵੀ ਗ਼ੁਲਾਮ ਰਸੂਲ ਸਾਡਾ ਸਰਮਾਇਆ ਹਨ। ਇਹੀ ਸਾਡਾ ਸਭਿਆਚਾਰ ਹੈ ਸਾਨੂੰ ਉਹਨਾਂ ਤੇ ਮਾਣ ਹੈ ਪਰ ਅਸੀਂ ਬੇ ਕਦਰੇ ਹਾਂ। ਉਹਨਾਂ ਦੀਆਂ ਰਚਨਾਵਾਂ ਦੀ ਧੂਮ ਸਾਹਿਤਕ ਜਗਤ ਵਿਚ ਪਈ ਹੋਈ ਹੈ। 1864 ਈ. ਤੋਂ ਲੈ ਕੇ ਹੁਣ ਤੱਕ ਮੌਲਵੀ ਗ਼ੁਲਾਮ ਰਸੂਲ ਦੇ ਕਲਾਮ ਨੇ ਪੰਜਾਬੀ ਸਾਹਿਤ ਵਿਚ ਆਪਣਾ ਮੁਕਾਮ ਅਤੇ ਰੁਤਬਾ ਉਸੇ ਤਰ੍ਹਾਂ ਬੁਲੰਦ ਬਣਾਈ ਰੱਖਿਆ ਹੈ।

(ਡੂੰਘੇ, ਰਾਜ਼, ਸਫ਼ਾ 26, 1999, ਸਾਹਿਬਜ਼ਾਦਾ ਮਸਊਦ ਅਹਿਮਦ)

(6) ਅਬਦੁਲ ਗ਼ਫ਼ੂਰ ਕੁਰੈਸ਼ੀ ਆਪਣੇ ਲੇਖ ਵਿਚ ਮੌਲਵੀ ਸਾਹਿਬ ਬਾਰੇ ਲਿਖਦੇ ਹਨ :-

(1) ਪੰਜਾਬੀ ਵਿਚ ਯੂਸਫ਼ ਜ਼ੁਲੈਖ਼ਾ ਦੇ ਚੋਣਵੇਂ ਕਲਾਸੀਕਲ ਸ਼ਾਇਰਾਂ ਵਿਚੋਂ ਉਹਨਾਂ ਦਾ ਉੱਚਾ ਮੁਕਾਮ ਹੈ। ਉਹਨਾਂ ਤਸੱਵੁਫ਼ ਦੇ ਅਸਰਾਰ ਤੇ ਰਮੂਜ਼ ਦੀ ਤਸ਼ਰੀਹ ਕੀਤੀ ਏ। ਉਹ ਇਕ ਆਲਮ ਬਾ ਅਮਲ, ਖ਼ਤੀਬ ਬਾਸਫ਼ਾ ਤੇ ਸਾਹਿਬ-ਏ-ਨਜ਼ਰ ਸ਼ਾਇਰ ਸਨ।

(2) ਮੁਬਾਲਗ਼ੇ ਤੋਂ ਕੰਮ ਨਹੀਂ ਲਿਆ। ਮਨਘੜਤ ਕਿਆਸੀ ਕਿਰਦਾਰਾਂ ਦੇ ਦੁਆਲੇ ਕਿੱਸੇ ਦਾ ਤਾਣਾ ਬਾਣਾ ਨਹੀਂ ਬੁਣਿਆ।

(3) ਕਿਰਦਾਰ ਨਿਗਾਰੀ (ਚਰਿੱਤਰ ਚਿਤ੍ਰਣ), ਜੁਜ਼ਯਾਤ ਨਿਗਾਰੀ ਤੇ ਮਨਜ਼ਿਰ ਨਿਗਾਰੀ ਵਿਚ ਕਮਾਲ ਦੀ ਪੁਰਕਾਰੀ ਕੀਤੀ ਹੈ।

(4) ਅਰਬੀ, ਫ਼ਾਰਸੀ ਤਸ਼ਬੀਹਾਂ ਤੇ ਇਸਤਆਰੇ ਲਿਆ ਕੇ ਹੁਸਨ, ਇਸ਼ਕ ਦੀਆਂ ਗੁੱਝੀਆਂ ਰਮਜ਼ਾਂ ਦੱਸੀਆਂ।

(5) ਅਰਬੀ, ਫ਼ਾਰਸੀ ਦਾ ਉਨਸਰ ਵਧੇਰੇ ਏ ਜੋ ਇਹਨਾਂ ਦੀ ਆਲਿਮਾਨਾ ਕਾਬਲੀਅਤ ਦਾ ਸਬੂਤ ਏ।

(6) ਮੁਕਾਬਲੇ ਵਿਚ ਜ਼ਨਾਨੀਆਂ ਦੇ ਕਿਰਦਾਰ ਨੂੰ ਜ਼ਨਾਨੀਆਂ ਦੀ ਜ਼ੁਬਾਨ ਦੇ ਮਖ਼ਸੂਸ ਰੰਗ ਦੇ ਲਫ਼ਜ਼ਾਂ ਤੇ ਮੁਹਾਵਰਿਆਂ ਨਾਲ ਸ਼ਿੰਗਾਰਿਆ ਏ।

(7) ਸ਼ਿਅਰਾਂ ਵਿਚ ਰਵਾਨੀ, ਰਸ ਤੇ ਮਿਠਾਸ ਏ। ਸੋਜ਼ ਤੇ ਤੜਪ ਦੀ ਚਮਕ ਏ।

(8) ਲਫ਼ਜ਼ਾਂ ਦੀ ਮੀਨਾਕਾਰੀ, ਜ਼ੋਰ-ਏ-ਬਿਆਨ, ਅਸਲੂਬ ਦੀ ਖ਼ੂਬੀ, ਜੋਸ਼, ਖ਼ਤਾਬਤ, ਅਨੋਖਾ, ਨਿਵੇਕਲਾ ਤੇ ਨਿਰਾਲਾ ਏ।

(9) ਖ਼ਿਆਲ ਉਡਾਰੀ ਢੁਕਵੇਂ, ਤਸੱਵੁਫ਼, ਇਖ਼ਲਾਕ ਤੇ ਸਲੂਕ ਦੇ ਬਿਆਨ ਵਿਚ ਮਤਾਨਤ, ਸੰਜੀਦਗੀ ਦੇ ਅਸਲ ਜੌਹਰ ਕਾਇਮ ਰੱਖੇ ਨੇ।

(10) ਕਿਸੇ ਵਾਕੇ, ਮੰਜ਼ਿਰ, ਖ਼ਿਆਲ ਤੇ ਅਹਿਸਾਸ ਨੂੰ ਬੁਨਿਆਦ ਬਣਾ ਕੇ ਫ਼ਨ ਬਰਾਏ ਜ਼ਿੰਦਗੀ ਦੇ ਨਜ਼ਰੀਏ ਨੂੰ ਕਾਇਮ ਰੱਖਦਿਆਂ ਕਿੱਸਾਕਾਰੀ ਕਰਨਾ, ਉੱਚੇ ਫ਼ਨਕਾਰ ਹੋਵਣ ਦੀ ਵੱਡੀ ਦਲੀਲ ਏ।

(11) ਮੌਲਵੀ ਗ਼ੁਲਾਮ ਰਸੂਲ ਸਾਹਿਬ ਨੇ ਇਕ ਸੂਫ਼ੀ ਸ਼ਾਇਰ, ਕਿੱਸਾਕਾਰ, ਆਲਿਮ

ਫ਼ਾਜ਼ਿਲ, ਮਦੱਰਿਸ, ਇਸਲਾਮੀ, ਤਸੱਖ਼ੁਸ ਉਭਾਰਨ ਬਾਰੇ ਸ਼ਊਰ ਤੇ ਆਗਹੀ ਦੇ ਫ਼ਰੋਗ਼ ਵਿਚ ਭਰਪੂਰ ਕਿਰਦਾਰ ਅਦਾ ਕੀਤਾ।

ਇਹ ਗੱਲ ਠੋਕ ਵਜਾ ਕੇ ਧੜੱਲੇ ਨਾਲ ਆਖੀ ਜਾ ਸਕਦੀ ਏ ਕਿ ਮੌਲਵੀ ਗ਼ੁਲਾਮ ਰਸੂਲ ਦੀ ਆਪਣੇ ਵੇਲੇ ਤੋਂ ਪਹਿਲੋਂ ਅਤੇ ਪਿੱਛੋਂ ਜੰਮੇ ਕਲਮ ਦੇ ਗ਼ਾਜ਼ੀਆਂ, ਸ਼ਾਇਰਾਂ, ਕਿੱਸਾਕਾਰਾਂ, ਖ਼ਤੀਬਾਂ, ਮੁਫੱਸਿਰਾਂ ਦੀ ਢਾਣੀ ਵਿਚ ਇਲਮ, ਇਰਫ਼ਾਨ ਵਜੋਂ ਅੱਛੀ ਥਾਂ ਏ, ਫ਼ਨੀ ਮਰਤਬਾ ਬੁਲੰਦ ਏ।

(ਡੂੰਘੇ, ਰਾਜ਼, ਸਫ਼ਾ 170, 174, 175, 176, ਸਾਹਿਬਜ਼ਾਦਾ ਮਸਊਦ ਅਹਿਮਦ)

(7) ਅਬਦੁਲ ਕਯੂਮ ਕੁਰੈਸ਼ੀ ਆਪਣੇ ਲੇਖ 'ਮੌਲਵੀ ਗੁਲਾਮ ਰਸੂਲ ਮੁਬੱਲਿਗ-ਏ-ਇਸਲਾਮ' ਵਿਚ ਲਿਖਦੇ ਹਨ :-

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਸ਼ਾਇਰੀ ਤੋਂ ਹਰ ਉਹ ਆਦਮੀ ਵਾਕਫ਼ ਏ ਜਿਹੜਾ ਪੰਜਾਬੀ ਜ਼ੁਬਾਨ ਦੀ ਕਲਾਸਿਕੀ ਸ਼ਾਇਰੀ ਦਾ ਜਾਣੂ ਏ। ਮੌਲਵੀ ਸਾਹਿਬ ਨੇ ਆਪਣੀ ਸ਼ਾਇਰੀ ਤੋਂ ਤਬਲੀਗ਼ ਦਾ ਕੰਮ ਲਿਤਾ ਏ ਕਿਉਂ ਜੇ ਉਹ ਨਿਰੇ ਪੁਰੇ ਸ਼ਾਇਰ ਈ ਨਹੀਂ ਸਨ ਬਲਕਿ ਬੜੇ ਕਾਮਿਲ ਵਲੀ ਅੱਲਾਹ ਵੀ ਸਨ। ਮੌਲਵੀ ਸਾਹਿਬ ਨੂੰ ਆਪਣੀ ਵਲਾਇਤ ਜ਼ਾਹਿਰ ਕਰਨ ਦਾ ਸ਼ੌਕ ਨਈਂ ਸੀ। ਇਸ ਲਈ ਉਹ ਚੁੱਪ ਚੁਪੀਤੇ ਬਾਤਨੀ ਤੌਰ ਤੇ ਈ ਆਪਣੀਆਂ ਜ਼ਿੰਮੇਂਦਾਰੀਆਂ ਨਿਭਾ ਰਹੇ ਸਨ।

(ਡੂੰਘੇ, ਰਾਜ਼, ਸਫ਼ਾ 235, 236, ਸਤੰਬਰ 1999, ਸਾਹਿਬਜ਼ਾਦਾ ਮਸਊਦ ਅਹਿਮਦ)

(8) ਮੌਲਾ ਬਖ਼ਸ਼ ਕੁਸ਼ਤਾ ਆਪਣੇ ਮਜ਼ਮੂਨ 'ਮੌਲਵੀ ਗ਼ੁਲਾਮ ਰਸੂਲ' ਵਿਚ ਇਸ ਤਰ੍ਹਾਂ ਲਿਖਦੇ ਹਨ :-

ਯੂਸਫ਼ ਜ਼ੁਲੈਖ਼ਾ ਦਾ ਕਿੱਸਾ ਮੌਲਵੀ ਸਾਹਿਬ ਦਾ ਇਕ ਸ਼ਾਹਕਾਰ ਏ। ਅਰਬੀ, ਫ਼ਾਰਸੀ ਦੇ ਲਫ਼ਜ਼ ਬੜੀ ਰਵਾਨੀ ਤੇ ਅਜ਼ਾਦੀ ਨਾਲ ਵਰਤੇ ਹਨ। ਕਲਮ ਵਿਚ ਬੜਾ ਜ਼ੋਰ ਤੇ ਰਵਾਨੀ ਏ!

(ਪੰਜਾਬੀ ਸ਼ਾਇਰੀ ਦਾ ਤਜ਼ਕਰਾ, ਸ. 241)

(9) ਡਾ. ਸ਼ੌਕਤ ਅਲੀ ਕਮਰ ਆਪਣੇ ਲੇਖ 'ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਏਕ ਅਜ਼ੀਮ ਪੰਜਾਬੀ ਕਲਾਸੀਕਲ ਸ਼ਾਇਰ' ਵਿਚ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ :-

ਪੰਜਾਬ ਦੇ ਅਜ਼ੀਮ ਕਲਾਸੀਕਲ ਸ਼ੁਅਰਾ ਮੇਂ ਕਮ ਉਮਰ ਰੱਖਣੇ ਕੇ ਬਾਵਜੂਦ ਮੌਲਵੀ ਗ਼ੁਲਾਮ ਰਸੂਲ ਆਲਮਪੂਰੀ (ਰਹਿ.) ਨੇ ਇਤਨਾ ਆਲਾ ਪਾਏ ਕਾ ਫ਼ਿਕਰੀ-ਓ-ਫ਼ਨੀ ਵਿਰਸਾ ਛੋੜਾ ਹੈ ਜਿਸ ਪਰ ਲਿਖਣੇ ਕੇ ਲੀਏ ਕਈ ਕਿਤਾਬੇਂ ਦਰਕਾਰ ਹੈਂ। ਆਪ ਸਾਹਿਬ-ਏ-ਕਸ਼ਫ਼ ਬਜ਼ੁਰਗ ਥੇ। ਮੌਲਵੀ ਸਾਹਿਬ ਕੋ ਖ਼ੁਦਾ ਤਾਅਲਾ ਸੇ ਤਬਅ ਨਿਹਾਇਤ ਮੌਜ਼ੂੰ ਔਰ ਇਰਫ਼ਾਨ-ਓ-ਵਜਦਾਨ ਸੇ ਭਰਪੂਰ ਅਤਾ ਹੂਈ। ਆਪ ਜ਼ੂਦ ਗੋ ਔਰ ਬਾ ਕਮਾਲ ਕਾਦਰ ਉਲ ਕਲਾਮ ਸ਼ਾਇਰ ਥੇ ਕਿ ਮੁਖ਼ਤਸਰ ਉਮਰ ਸੇਂ ਹਜ਼ਾਰੋਂ ਅਦਬੀ ਸ਼ਿਅਰ ਕਹਿ ਕਰ ਜ਼ਮਾਨੇ ਕੋ ਦੰਗ ਕਰ ਦੀਆ। ਮੌਲਵੀ ਸਾਹਿਬ ਕੀ ਅਵਾਮੀ ਪੰਜਾਬੀ ਕਲਾਸੀਕਲ ਸ਼ਾਇਰੀ ਪੰਜਾਬ ਭਰ ਮੇਂ ਮਕਬੂਲ-ਓ-ਮਸ਼ਹੂਰ ਹੈ। 'ਅਹਸਨੁਲ ਕਸਸ' ਇਰਫ਼ਾਨੀ ਅਸਰਾਰ-ਓ-



ਰਮੂਜ਼ ਸੇ ਮਅਮੂਰ ਪੁਰ ਨੂਰ ਇਸ ਆਫ਼ਾਕੀ ਤਖ਼ਲੀਕ ਮੇਂ ਮੌਲਵੀ ਸਾਹਿਬ ਨੇ ਬਾ ਕਮਾਲ ਕਿੱਸਾ ਨਿਗਾਰੀ, ਵਾਕਿਆ ਨਿਗਾਰੀ, ਮਨਜ਼ਿਰ ਨਿਗਾਰੀ, ਕਿਰਦਾਰ ਨਿਗਾਰੀ, ਸਰਾਪਾ ਨਿਗਾਰੀ, ਮੁਕਾਲਮਾ ਨਿਗਾਰੀ ਔਰ ਦਰਦ ਨਿਗਾਰੀ ਕੇ ਸਾਥ ਜ਼ੁਬਾਨ-ਓ-ਬਿਆਨ ਕੇ ਅਨਮੋਲ ਦਰਿਆ ਬਹਾ ਦੀਏ ਹੈਂ। ਆਪ ਸ਼ਿਅਰੀ ਸਨਅਤ ਨਿਗਾਰੀ ਕੇ ਬਾਦਸ਼ਾਹ ਔਰ ਹਕਾਇਕ-ਓ-ਮੁਆਰਫ਼ ਕੇ ਪੁਰ ਬਲੀਗ਼ ਮੁਫ਼ੱਸਿਰ ਹੈਂ। ਅਰਬੀ ਫ਼ਾਰਸੀ ਜ਼ੁਬਾਨ ਕੇ ਰਚਾਓ ਸੇ ਮਅਮੂਰ ਆਪ ਕੀ ਪੁਰ ਬਲੀਗ਼ ਮਸਨਵੀ, ਫ਼ਿਕਰੀ ਔਰ ਫ਼ਨੀ ਰੰਗਾ ਰੰਗੀ ਕਾ ਵੋਹ ਅਨਮੋਲ ਬਾਗ਼ ਹੈ, ਜਿਸ ਮੇਂ ਹਰਰੰਗ ਕਾ ਫੂਲ ਔਰ ਹਰ ਕਿਸਮ ਕੀ ਖ਼ੁਸ਼ਬੂ ਮੌਜੂਦ ਹੈ। ਮੌਲਵੀ ਸਾਹਿਬ ਕੀ ਸ਼ਾਇਰੀ ਮੇਂ ਇਸਲਾਮ ਤਸੱਵੁਫ਼ ਕੇ ਸਾਰੇ ਮਜ਼ਾਮੀਨ, ਹੁੱਬ-ਏ-ਰਸੂਲ, ਫ਼ਕਰ, ਇਸ਼ਕ ਕੀ ਅਹਿਮੀਅਤ-ਓ-ਸਰਮਸਤੀ, ਫ਼ਨਾ, ਫਿੱਲਾਹ, ਜ਼ਿਕਰ, ਫ਼ਿਕਰ, ਨਫ਼ਸ ਕੀ ਪਾਕੀਜ਼ਗੀ, ਖ਼ੁਦੀ, ਸਬਰ, ਸ਼ੁਕਰ, ਤਵੱਕਲ ਰਵਾਦਾਰੀ, ਫਿਕਰ-ਏ-ਆਖ਼ਰਤ, ਅਮਲ, ਬੇਦਾਰੀ, ਫ਼ਲਸਫ਼ਾ, ਵਾਹਦਾ ਤੁਲ ਵਜੂਦ, ਦੁਨੀਆ ਦੀ ਬੇਸਬਾਤੀ, ਬੰਦਗੀ ਔਰ ਫ਼ਲਸਫ਼ਾ ਜਬਰ-ਓ-ਕਦਰ ਕੇ ਮਜ਼ਾਮੀਨ, ਮੁਨਫ਼ਰਿਦ ਇਰਫ਼ਾਨੀ ਲਹਿਜੇ ਮੇਂ ਸ਼ਊਰ-ਓ-ਵਜਦਾਨ ਸੇ ਮੁਕਾਲਮੇ ਕਰਤੇ ਹੂਏ ਮਹਿਸੂਸ ਹੋਤੇ ਹੈਂ। ਮੌਲਵੀ ਸਾਹਿਬ ਕੀ ਗ਼ਿਨਾਈਅਤ ਤਗ਼ੱਜ਼ਲ ਔਰ ਰਵਾਨੀ, ਜਾਦੂ ਬਿਆਨੀ ਏਕ ਬੜੇ ਸ਼ਾਇਰ ਸੇ ਕਮ ਨਹੀਂ। ਚੂੰਕਿ ਮੌਲਵੀ ਸਾਹਿਬ ਬੜੇ ਦਰਵੇਸ਼ ਸ਼ਾਇਰ ਸਨ, ਇਸ ਲਈ ਆਪਣੀਆਂ ਦਰਵੇਸ਼ੀ ਕਰਾਮਾਤਾਂ ਆਪ ਕੇ ਅਜ਼ੀਮ ਕਲਾਸਿਕ ਕਲਾਮ ਮੇਂ ਭੀ ਜਾ ਬਜਾ ਮਿਲਤੀ ਹੈਂ। ਬਿਲਾ ਸ਼ੁਬਹ ਮੌਲਵੀ ਸਾਹਿਬ ਪੰਜਾਬੀ ਜ਼ੁਬਾਨ ਕੇ ਕਲਾਸੀਕਲ ਸ਼ਾਇਰ ਹੈਂ ਜਿਨ ਕੀ ਸ਼ਾਇਰੀ ਫ਼ਿਕਰ-ਓ-ਨਜ਼ਰ ਮੇਂ ਇਰਫ਼ਾਨੀ ਚਿਰਾਗਾਂ ਕੀਏ ਹੂਏ ਹੈ।

(ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਏਕ ਅਜ਼ੀਮ ਪੰਜਾਬੀ ਕਲਾਸੀਕਲ ਸ਼ਾਇਰ, ਸਾਹਿਬਜ਼ਾਦਾ ਮਸਊਦ ਅਹਿਮਦ)

(10) ਡਾ. ਅਸਲਮ ਰਾਣਾ ਆਪਣੇ ਲੇਖ ਵਿਚ ਵਿਚਾਰ ਇਸ ਤਰ੍ਹਾਂ ਪ੍ਰਗਟਾਉਂਦੇ ਹਨ-ਜੇ ਇਹ ਆਖਿਆ ਜਾਵੇ ਕਿ ਯੂਸਫ਼ ਜੁਲੈਖ਼ਾ ਵਿਚ ਜਿਹੜੀ ਹਮਦ ਮੌਲਵੀ ਹੋਰਾਂ ਨੇ ਪੇਸ਼ ਕੀਤੀ ਏ, ਉਹਦਾ ਜਵਾਬ ਪੰਜਾਬੀ ਸ਼ਾਇਰੀ ਵਿਚ ਕਦੇ ਨਹੀਂ ਮਿਲਦਾ ਤੇ ਇਹ ਗੱਲ ਗ਼ਲਤ ਨਾ ਹੋਸੀ। ਇਸ ਹਮਦ ਦੀ ਜ਼ੁਬਾਨ ਤੇ ਜਿਹੜੇ ਮਸਾਇਲ ਇਹਦੇ ਵਿਚ ਪੇਸ਼ ਕੀਤੇ ਗਏ ਨੇ, ਉਹ ਬਹੁਤ ਮੁਸ਼ਕਿਲ ਨੇ। ਜੇ ਉਹਨਾਂ ਨੂੰ ਨਸਰ (ਵਾਰਤਕ) ਵਿਚ ਬਿਆਨ ਕਰਨ ਲੱਗੀਏ ਤੇ ਕਲਮ ਨੂੰ ਆਪਣੀ ਰਵਾਨੀ ਨਸੀਬ ਨਾ ਹੋਵੇ ਜਿੰਨੀ ਮੌਲਵੀ ਸਾਹਿਬ ਨੂੰ ਇਹਨਾਂ ਨਾਜ਼ੁਕ ਤੇ ਗੰਭੀਰ ਮਸਲਿਆਂ ਨੂੰ ਸ਼ਿਅਰਾਂ ਵਿਚ ਬਿਆਨ ਕਰਨ ਲੱਗਿਆਂ ਹਾਸਲ ਹੋਈ ਹੋਵੇ। ਇੰਜ ਜਾਪਦਾ ਏ ਜਿਵੇਂ ਇਲਮ ਤੇ ਜਜ਼ਬੇ ਦੇ ਜੋਸ਼ ਨਾਲ ਭਰਿਆ ਹੋਇਆ ਇਕ ਸਮੁੰਦਰ ਏ ਜਿਹੜਾ ਠਾਠਾਂ ਮਾਰ ਰਿਹਾ ਏ। ਇਕ ਲਹਿਰ ਉਠਦੀ ਏ ਤੇ ਉਹ ਅਜੇ ਪੂਰੀ ਤਰ੍ਹਾਂ ਬੈਠਦੀ ਵੀ ਨਈਂ ਤੇ ਉਹਦੇ ਤੋਂ ਉਚੇਰੀ ਇਕ ਹੋਰ ਲਹਿਰ ਉਹਦੇ ਪਿੱਛੇ ਲਪਕਦੀ ਹੋਈ ਨਜ਼ਰੀਂ ਆਉਂਦੀ ਏ। ਇਹੋ ਸਥਿਤੀ ਨਾਅਤ ਦੇ ਮਜ਼ਮੂਨ ਦੀ ਵੀ ਏ। ਇਸ ਤੋਂ ਵੱਖ ਬਿਆਨ ਦਾ ਜ਼ੋਰ ਜੋਸ਼ ਜਿੰਨਾ ਮੌਲਵੀ ਹੋਰਾਂ ਦੇ ਮਿਲਦਾ ਏ, ਉਹ ਵੀ ਆਪਣੀ ਮਿਸਾਲ ਆਪ ਏ। ਇਸ ਰਵਾਨੀ ਦਾ ਨਮੂਨਾ ਪੀਰ ਵਾਰਿਸ਼ ਸ਼ਾਹ ਹੋਰਾਂ ਦੇ ਕਲਾਮ ਵਿਚ ਵੀ ਨਜ਼ਰੀਂ ਆਉਂਦਾ ਏ। ਪਰ ਇਹ

ਮੰਨਣਾ ਪਵੇਗਾ ਕਿ ਜਿੱਥੇ ਇਲਮ-ਓ-ਫ਼ਜ਼ਲ ਦੇ ਇਜ਼ਹਾਰ ਦਾ ਮੌਕਾ ਆਂਵਦਾ ਏ, ਉੱਥੇ ਮੌਲਵੀ ਹੋਰੀਂ ਵਾਰਿਸ ਕੋਲੋਂ ਵੀ ਅਗਾਂਹ ਲੰਘ ਜਾਂਦੇ ਨੇ। ਇਹ ਸਿਰਫ਼ ਵੱਖੋ ਵੱਖ ਮਜ਼ਮੂਨਾਂ ਦੇ ਬਿਆਨ ਤੀਕਰ ਈ ਮਹਿਦੂਦ ਨਈਂ, ਸਗੋਂ ਜ਼ੁਬਾਨ ਤੇ ਲਫ਼ਜ਼ਾਂ ਦਾ ਜਿਹੜਾ ਉਸਤਾਦਾਨਾ ਇਸਤੇਮਾਲ ਮੌਲਵੀ ਹੋਰਾਂ ਨੇ ਪੇਸ਼ ਕੀਤਾ ਏ ਉਹ ਪੰਜਾਬੀ ਅਦਬ ਦੇ ਤਾਲਿਬ ਇਲਮ ਲਈ ਹੈਰਤ ਅਫ਼ਜ਼ਾ ਵੀ ਏ ਤੇ ਮਸ਼ਲ-ਏ-ਰਾਹ ਵੀ।

(ਰਮਜ਼ ਰਵਾਇਤ, ਹਿਜਰ ਤੇ ਵਿਸਾਲ ਦਾ ਸ਼ਾਇਰ)

(11) ਡਾ. ਹਫ਼ੀਜ਼ ਅਹਿਮਦ ਆਪਣੇ ਮਕਾਲੇ ਵਿਚ ਮੌਲਵੀ ਸਾਹਿਬ ਦੇ ਬਾਰੇ ਲਿਖਦੇ ਹਨ :-

ਮੌਲਵੀ ਗ਼ੁਲਾਮ ਰਸੂਲ ਹੋਰਾਂ, ਪੰਜਾਬੀ ਜ਼ੁਬਾਨ ਵਿਚ ਸ਼ਾਇਰੀ ਕੀਤੀ ਏ। ਇਸ ਜ਼ੁਬਾਨ ਦੀ ਝੋਲੀ ਵਿਚ ਕਈ ਅਣਮੁੱਲੇ ਸ਼ਾਹਕਾਰ ਪਾਏ। ਮੌਲਵੀ ਸਾਹਿਬ ਤੋਂ ਪਹਿਲਾਂ ਤੇ ਬਾਅਦ ਵਿਚ ਬਹੁਤ ਸਾਰਿਆਂ ਸ਼ਾਇਰਾਂ ਨੇ ਇਸ ਕਿੱਸੇ ਨੂੰ ਲਿਖਿਆ ਪਰ ਕੋਈ ਸ਼ਾਇਰ ਵੀ ਮੌਲਵੀ ਹੋਰਾਂ ਦੇ ਮੁਕਾਬਲੇ ਤੇ ਨਈਂ ਅਪੜ ਸਕਿਆ। ਯੂਸਫ਼ ਜ਼ੁਲੈਖ਼ਾ ਦੇ ਸਾਰੇ ਪੰਜਾਬੀ ਕਿੱਸਿਆਂ ਵਿਚੋਂ ਮੌਲਵੀ ਸਾਹਿਬ ਦਾ ਕਿੱਸਾ ਬਹੁਤਾ ਸ਼ਾਨਦਾਰ ਤੇ ਹਰ ਲਿਹਾਜ਼ ਨਾਲ ਕਾਮਯਾਬ ਏ। ਕਾਦਰ ਉਲ ਕਲਾਮੀ ਤੇ ਤਬਅ ਦੀ ਰਵਾਨੀ ਦੇ ਲਿਹਾਜ਼ ਨਾਲ ਦੂਜਿਆਂ ਸ਼ਾਇਰਾਂ ਵਿਚੋਂ ਕੋਈ ਵੀ ਮੌਲਵੀ ਗ਼ੁਲਾਮ ਰਸੂਲ ਹੋਰਾਂ ਦਾ ਮੁਕਾਬਲਾ ਨਈਂ ਕਰ ਸਕਦਾ ਤੇ ਇਹਦੇ ਵਿਚ ਜ਼ਰਾ ਵੀ ਝੂਠ ਨਹੀਂ, ਕਿਉਂ ਜੇ ਮੌਲਵੀ ਗ਼ੁਲਾਮ ਰਸੂਲ ਹੋਰੀਂ ਚੰਗੇ ਪੜ੍ਹੇ ਲਿਖੇ, ਆਲਮ ਬਾ ਅਮਲ ਸ਼ਾਇਰ ਸਨ। 'ਅਹਸਨੁਲ ਕਸਸ' ਵਿਚ ਇਸ਼ਕ ਦੀ ਗੱਲਬਾਤ ਕਿਰਦਾਰ ਨਿਗਾਰੀ, ਜਜ਼ਬਾਤ ਨਿਗਾਰੀ, ਮਨਜ਼ਿਰ ਨਿਗਾਰੀ, ਫ਼ਿਕਰੀ ਤੇ ਫ਼ੱਨੀ ਖ਼ੂਬੀਆਂ ਦੀ ਹੱਦ ਮੁੱਕੀ ਹੋਈ ਦਿਸਦੀ ਏ।

(ਪੰਜਾਬੀ ਕਿੱਸਾ ਯੂਸਫ਼ ਜ਼ੁਲੈਖ਼ਾ ਤਹਿਕੀਕੀ ਤੇ ਤਕਾਬਲੀ ਜਾਇਜ਼ਾ, ਮਕਾਲਾ ਪੀਐਚ. ਡੀ.)

(12) ਡਾ. ਮੁਹੰਮਦ ਅਸਲਮ ਰਾਣਾ ਆਪਣੇ ਇਕ ਲੇਖ ਹਿਜਰ ਤੇ ਵਿਸਾਲ ਦਾ ਸ਼ਾਇਰ ਵਿਚ ਲਿਖਦੇ ਹਨ :-

'ਅਹਸਨੁਲ ਕਸਸ' ਦੇ ਇਸ ਮੁਤਾਅਲੇ ਤੋਂ ਬਾਅਦ ਇਹ ਗੱਲ ਵਾਜ਼ਿਹ ਹੋ ਜਾਂਦੀ ਏ ਕਿ ਪੰਜਾਬੀ ਸ਼ਾਇਰੀ ਵਿਚ ਮੌਲਵੀ ਹੋਰਾਂ ਦਾ ਇਹ ਕਾਰਨਾਮਾ ਆਪਣੇ ਰੰਗ ਢੰਗ ਤੇ ਅੰਦਾਜ਼ ਦੀ ਇਕ ਵੱਖਰੀ ਤੇ ਨਿਵੇਕਲੀ ਮਿਸਾਲ ਏ। ਇਹਦੇ ਵਿਚ ਇਲਮ-ਓ-ਫ਼ਜ਼ਲ ਫ਼ਨਕਾਰੀ, ਕਿਰਦਾਰਾਂ ਦੇ ਮਨਸਬ ਤੇ ਮਕਾਮ ਦੇ ਮੁਤਾਬਿਕ ਉਨ੍ਹਾਂ ਦੀ ਤਸਵੀਰ ਕਸ਼ੀ ਤੇ ਸਭ ਤੋਂ ਵਧ ਕਿੱਸੇ ਨੂੰ ਅਸਲ ਇਲਹਾਮੀ ਕਿੱਸੇ ਦੇ ਨੇੜੇ ਰੱਖਣ ਦੀ ਜਿਹੜੀ ਕਾਮਯਾਬ ਕੋਸ਼ਿਸ਼ ਉਹਨਾਂ ਨੇ ਕੀਤੀ ਏ ਉਹਦੀ ਮਿਸਾਲ ਪੰਜਾਬੀ ਸ਼ਾਇਰੀ ਵਿਚ ਘੱਟ ਲੱਭੇਗੀ।

(ਰਮਜ਼ ਰਵਾਇਤ, ਹਿਜਰ ਤੇ ਵਿਸਾਲ ਦਾ ਸ਼ਾਇਰ)

(13) ਡਾ. ਮੁਹੰਮਦ ਅਸਲਮ ਰਾਣਾ ਆਪਣੇ ਇਕ ਹੋਰ ਮਜ਼ਮੂਨ 'ਅਹਸਨੁਲ ਕਸਸ ਵਿਚ ਸਨਅਤਾਂ' ਵਿਚ ਵੀ ਅਜਿਹੇ ਹੀ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ :-

'ਅਹਸਨੁਲ ਕਸਸ' ਯਾਨੀ ਯੂਸਫ਼ ਜ਼ੁਲੈਖ਼ਾ ਗ਼ੁਲਾਮ ਰਸੂਲ ਹੋਰਾਂ ਦੀ ਉਹ ਸ਼ੁਹਰਤ ਯਾਫ਼ਤਾ ਕਿਤਾਬ ਏ ਜਿੱਥੇ ਉਹਨਾਂ ਨੂੰ ਆਮ ਤੇ ਖ਼ਾਸ ਦਾ ਅਜ਼ੀਮ ਸ਼ਾਇਰ ਬਣਾ ਦਿੱਤਾ ਏ।



ਪੰਜਾਬ ਦੀ ਪੇਂਡੂ ਵਸੋਂ ਵਿਚ ਇਹ ਕਿਤਾਬ ਇੰਨੀ ਪੜ੍ਹੀ ਜਾਂਦੀ ਏ ਕਿ ਘੱਟ ਈ ਕੋਈ ਹੋਰ ਕਿਤਾਬ ਪੜ੍ਹੀ ਜਾਂਦੀ ਹੋਵੇਗੀ।

(ਮੌਲਵੀ, ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਅਹਸਨੁਲ ਕਸਸ ਦੀ ਮਕਬੂਲੀਅਤ ਦੀ ਵਜਾ)

(14) ਡਾ. ਸ਼ਹਿਬਾਜ਼ ਮਲਿਕ ਆਪਣੇ ਮਕਾਲਾ ਵਿਚ ਮੌਲਵੀ ਸਾਹਿਬ ਦੀ ਵਡਿਆਈ ਇਸ ਤਰ੍ਹਾਂ ਬਿਆਨ ਕਰਦੇ ਹਨ :-

ਮੌਲਵੀ ਗ਼ੁਲਾਮ ਰਸੂਲ ਹੋਰੀਂ ਆਪਣੀ ਲਿਖਤ 'ਅਹਸਨੁਲ ਕਸਸ' ਪਾਰੋਂ ਪੰਜਾਬੀ ਅਦਬ ਵਿਚ ਇਕ ਨਾ ਭੁੱਲਣ ਵਾਲੀ ਹਸਤੀ ਮਿੱਥੇ ਜਾ ਚੁੱਕੇ ਨੇ। ਉਹਨਾਂ ਦੀ ਲਿਖਤ ਵਿਚ ਉਹਨਾਂ ਆਪਣੇ ਫ਼ਿਕਰ ਤੇ ਫ਼ਨ ਨੂੰ ਪੂਰੀ ਤਰ੍ਹਾਂ ਸਮੋ ਛੱਡਣਾ ਏ। ਪੰਜਾਬੀ ਜ਼ੁਬਾਨ ਵਿਚ ਮੌਲਵੀ ਗੁਲਾਮ ਰਸੂਲ ਹੋਰਾਂ ਦੇ ਇਸ ਕਿੱਸੇ ਸਾਹਮਣੇ ਕੋਈ ਨਈਂ ਖਲੋ ਸਕਦਾ। ਮੌਲਵੀ ਹੋਰਾਂ ਇਸ ਕਿੱਸੇ ਵਿਚ ਇਸ਼ਕ ਨੂੰ ਇਕ ਖ਼ਾਸ ਮਕਾਮ ਦਿੱਤਾ ਏ। ਉਹ ਤਸ਼ਬੀਹਾਂ ਵਰਤਣ ਵੇਲੇ ਨਵੀਆਂ ਨਵੀਆਂ ਤਸ਼ਬੀਹਾਂ ਇਸਤੇਮਾਲ ਕਰਦੇ ਨੇ। ਵਾਕਾ ਨਿਗਾਰੀ, ਮਕਾਲਮਾ ਨਿਗਾਰੀ ਤੇ ਜਜ਼ਬਾਤ ਨਿਗਾਰੀ ਵਿਚ ਆਪਣੇ ਫ਼ਨ ਦਾ ਕਮਾਲ ਦਿਖਾਂਦੇ ਨੇ।

(ਪੰਜਾਬੀ ਕਿੱਸਾ ਯੂਸਫ਼ ਜ਼ੁਲੈਖ਼ਾ ਦਾ ਤਹਿਕੀਕੀ ਤੇ ਤਕਾਬਲੀ ਜਾਇਜ਼ਾ)

(15) ਡਾ. ਸੱਯਦ ਅਖ਼ਤਰ ਜਾਫ਼ਰੀ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੇ ਬਾਰੇ ਇਕ ਲੇਖ 'ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਤੇ ਉਨ੍ਹਾਂ ਦੇ ਕਲਾਮ ਦੀਆਂ ਫ਼ੱਨੀ ਖ਼ੂਬੀਆਂ, ਵਿਚ ਮੌਲਵੀ ਸਾਹਿਬ ਨੂੰ ਸ਼ਰਧਾ ਭੇਂਟ ਕਰਦੇ ਹਨ :-

ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੇ ਇਸ ਕਿੱਸੇ 'ਅਹਸਨੁਲ ਕਸਸ' ਵਿਚ ਸ਼ਾਇਰੀ ਦੀਆਂ ਸਭੇ ਖ਼ੂਬੀਆਂ ਮੌਜੂਦ ਨੇ। ਫ਼ੱਨੀ ਤੇ ਤਕਨੀਕੀ ਇਅਤਬਾਰ ਨਾਲ ਇਹ ਕਿੱਸਾ ਪੰਜਾਬੀ ਅਦਬ ਦੇ ਉੱਚੇ ਤੇ ਸਿਰ ਕੱਢਵੇਂ ਕਿੱਸਿਆਂ ਵਿਚ ਗਿਣਿਆ ਜਾਂਦਾ ਏ।

(ਪੰਜਾਬੀ ਕਿੱਸਾ ਯੂਸਫ਼ ਜ਼ੁਲੈਖ਼ਾ ਦਾ ਤਹਿਕੀਕੀ ਤੇ ਤਕਾਬਲੀ ਜਾਇਜ਼ਾ)

(16) ਡਾ. ਵਹੀਦ ਕੁਰੈਸ਼ੀ ਆਪਣੇ ਲੇਖ ਮੌਲਵੀ ਗ਼ੁਲਾਮ ਰਸੂਲ ਤੇ ਉਹਨਾਂ ਦੀ ਯੂਸਫ਼ ਜ਼ੁਲੈਖ਼ਾ ਵਿਚ ਲਿਖਦੇ ਹਨ :-

ਮੁਕਦੀ ਗੱਲ ਇਹ ਵੇ ਪਈ ਮੌਲਵੀ ਗ਼ੁਲਾਮ ਰਸੂਲ ਹੋਰਾਂ ਦਾ ਨਾਂ ਪੰਜਾਬੀ ਵਿਚ ਯਾਦਗਾਰ ਰਹੇਗਾ। ਉਹਨਾਂ ਦਾ ਸ਼ੁਮਾਰ ਪੰਜਾਬੀ ਸ਼ਾਇਰੀ ਦੇ ਚੋਣਵਿਆਂ ਸ਼ਾਇਰਾਂ ਵਿਚ ਹੋਣਾ ਚਾਹੀਦਾ ਏ।

(ਪੰਜਾਬੀ ਕਿੱਸਾ ਯੂਸਫ਼ ਜ਼ੁਲੈਖ਼ਾ ਦਾ ਤਹਿਕੀਕੀ ਤੇ ਤਕਾਬਲੀ ਜਾਇਜ਼ਾ)

(17) ਮੁਹੰਮਦ ਬਸ਼ੀਰ ਚੌਧਰੀ, ਮੌਲਵੀ ਸਾਹਿਬ ਦੀ ਕਿਤਾਬ 'ਅਹਸਨੁਲ ਕਸਸ' (ਯੂਸਫ਼ ਜ਼ੁਲੈਖ਼ਾ) ਬਾਰੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਲਿਖਦੇ ਹਨ ਕਿ ਇਹ ਕਿਤਾਬ ਮੌਲਵੀ ਗ਼ੁਲਾਮ ਰਸੂਲ ਦਾ ਸ਼ਾਹਕਾਰ ਏ। ਏਸ ਮੌਜੂਦ ਅਤੇ ਹੋਰ ਵੀ ਬੇਸ਼ੁਮਾਰ ਸ਼ਾਇਰਾਂ ਨੇ ਕਲਮ ਉਠਾਇਆ ਏ। ਪੰਜਾਬੀ ਜ਼ੁਬਾਨ ਵਿਚ ਜਿਹੜੀ ਜ਼ਿੰਦਗੀ ਕਿੱਸਾ ਯੂਸਫ਼ ਜ਼ੁਲੈਖ਼ਾ ਨੂੰ ਮੌਲਵੀ ਗ਼ੁਲਾਮ ਰਸੂਲ ਨੇ ਬਖ਼ਸ਼ੀ ਏ ਦੁਨੀਆ ਦੇ ਕਿਸੇ ਅਦਬ ਵਿਚ ਉਹਦੀ ਮਿਸਾਲ ਨਹੀਂ ਮਿਲਦੀ। ਕਿੱਸਾ ਗੋਈ ਤੇ ਫ਼ਨ ਦੇ ਨੁਕਤਾ-ਏ-ਨਜ਼ਰ ਨਾਲ ਇਹ ਕਿਤਾਬ ਬੜੀ ਲਾ ਜਵਾਬ ਏ।

(ਪੰਜਾਬੀ ਕਿੱਸਾ ਯੂਸਫ਼ ਜ਼ੁਲੈਖ਼ਾ ਦਾ ਤਹਿਕੀਕੀ ਤੇ ਤਕਾਬਲੀ ਜਾਇਜ਼ਾ)

(18) ਚੌਧਰੀ ਮੁਹੰਮਦ ਆਲਮ ਕਪੂਰਥਲਵੀ ਸਾਹਿਬ, ਮੌਲਵੀ ਸਾਹਿਬ ਦੇ 'ਅਹਸਨੁਲ ਕਸਸ' ਦੀਆਂ ਖ਼ੂਬੀਆਂ ਇਸ ਤਰ੍ਹਾਂ ਬਿਆਨ ਕਰਦੇ ਹਨ :-

ਪੰਜਾਬੀ ਦੇ ਜਿਸ ਸ਼ਾਇਰ ਨੇ ਵੀ ਯੂਸਫ਼ ਜ਼ੁਲੈਖ਼ਾ ਲਿਖੀ ਤੇ ਉਸ ਨੇ ਆਪਣੀ ਕਿਤਾਬ ਮੌਲਵੀ ਸਾਹਿਬ ਦੇ ਮੁਕਾਬਲੇ ਵਿਚ ਰੱਖ ਕੇ ਦੇਖੀ ਤੇ ਉਹ ਨੂੰ ਮੌਲਵੀ ਸਾਹਿਬ ਦੇ ਅੱਗੇ ਗੋਡੇ ਟੇਕਣੇ ਪਏ।

(ਪੰਜਾਬੀ ਕਿੱਸਾ ਯੂਸਫ਼ ਜ਼ੁਲੈਖ਼ਾ ਦਾ ਤਹਿਕੀਕੀ ਤੇ ਤਕਾਬਲੀ ਜਾਇਜ਼ਾ)

(19) ਹਕੀਮ ਸੱਯਦ ਮਹਿਮੂਦ ਗਿਲਾਨੀ ਸਾਹਿਬ ਆਪਣੇ ਲੇਖ 'ਇਸ਼ਕ ਭਨਾ ਇਖ਼ਲਾਸ ਨਹਿਲਾਇਆ' ਵਿਚ 'ਅਹਸਨੁਲ ਕਸਸ' ਦੇ ਹਵਾਲੇ ਨਾਲ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੀ ਕਲਾ ਬਾਰੇ ਲਿਖਦੇ ਹਨ :-

ਸੱਚ ਪੁੱਛੋ ਮੌਲਵੀ ਸਾਹਿਬ ਦੀ 'ਅਹਸਨੁਲ ਕਸਸ' ਕੋਈ ਅਜਿਹੀ ਕਿਤਾਬ ਨਈਂ ਜੇ ਉਹਨੂੰ ਪੜ੍ਹ ਕੇ ਛੱਡਿਆ ਜਾਵੇ ਬਲਕਿ ਉਹ ਵਾਰ ਵਾਰ ਪੜਣ ਦੇ ਲਾਇਕ ਏ। ਜਦੋਂ ਪੜ੍ਹੀਏ ਨਵਾਂ ਸਵਾਦ ਆਉਂਦਾ ਏ ਤੇ ਸੱਜਰਾ ਨਸ਼ਾ ਚੜ੍ਹਦਾ ਏ।

(ਪੰਜਾਬੀ ਕਿੱਸਾ ਯੂਸਫ਼ ਜ਼ੁਲੈਖ਼ਾ ਦਾ ਤਹਿਕੀਕੀ ਤੇ ਤਕਾਬਲੀ ਜਾਇਜ਼ਾ)

(20) ਹਮੀਦ ਉੱਲਾ ਸ਼ਾਹ ਹਾਸ਼ਮੀ ਸਾਹਿਬ 'ਅਹਸਨੁਲ ਕਸਸ' ਦੇ ਸਬੰਧ ਵਿਚ ਮੌਲਵੀ ਗ਼ੁਲਾਮ ਰਸੂਲ ਦੇ ਫ਼ਨ ਦੀ ਗੱਲ ਇਸ ਤਰ੍ਹਾਂ ਕਰਦੇ ਹਨ :-

ਮੌਲਵੀ ਸਾਹਿਬ ਨੂੰ ਜ਼ਬਾਨ ਤੇ ਬੇਪਨਾਹ ਕੁਦਰਤ ਤੇ ਅਬੂਰ ਹਾਸਲ ਏ। ਸ਼ਿਅਰਾਂ ਵਿਚ ਰਵਾਨੀ, ਦਿਲਕਸ਼ੀ, ਅਸਰ, ਜਾਜ਼ਬੀਅਤ, ਸੋਜ਼, ਤੜਪ ਬੇਪਨਾਹ ਏ। ਸ਼ਿਅਰ ਇੰਜ ਕਹਿੰਦੇ ਸਨ ਜਿਵੇਂ ਠਾਠਾਂ ਮਾਰਦਾ ਦਰਿਆ ਜ਼ੋਰ ਸ਼ੋਰ ਨਾਲ ਵਗਦਾ ਜਾ ਰਿਹਾ ਹੋਵੇ। ਜ਼ੁਬਾਨ ਵਿਚ ਜ਼ੋਰ ਤੇ ਕਿੱਸੇ ਖ਼ਲੂਸ ਜਜ਼ਬਾਤ ਤੇ ਅਸਲੂਬ-ਏ-ਬਿਆਨ ਦੀ ਕਸ਼ਿਸ਼ ਏ।

(ਪੰਜਾਬੀ ਕਿੱਸਾ ਯੂਸਫ਼ ਜ਼ੁਲੈਖ਼ਾ ਦਾ ਤਹਿਕੀਕੀ ਤੇ ਤਕਾਬਲੀ ਜਾਇਜ਼ਾ)

(21) ਕਦਰ ਆਫ਼ਾਕੀ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ :-

ਮੌਲਵੀ ਗ਼ੁਲਾਮ ਰਸੂਲ ਹੋਰਾਂ ਦੀ ਸ਼ਾਇਰੀ ਵਿਚ ਇਕ ਮਕਸਦੀਅਤ ਲੁਕੀ ਹੋਈ ਏ। ਉਹ ਮਕਸਦੀਅਤ ਏ ਇਖ਼ਲਾਕੀ ਬੁਲੰਦੀ ਹਾਸਿਲ ਕਰਕੇ ਰੱਬ ਨਾਲ ਪੱਕੀ ਪੀਡੀ ਯਾਰੀ ਦੇ ਅਮਲ ਨੂੰ ਮੁਕੰਮਲ ਕਰਨਾ।

(ਅਹਸਨੁਲ ਕਸਸ ਏਕ ਅਹਸਨ ਕਿੱਸਾ, ਅਦਬ ਫਵਾਰ, ਸਫਾ 229)

(22) ਸੱਯਦ ਸਿਬਤ ਉਲ ਹਸਨ ਜ਼ੈਗ਼ਮ ਲਿਖਦੇ ਹਨ:-

ਦਾਸਤਾਨ ਅਮੀਰ ਹਮਜ਼ਾ ਵਿਚ ਲਗ ਭਗ 50 ਔਰਤਾਂ ਦੇ ਸਰਾਪੇ ਬਿਆਨ ਕੀਤੇ ਗਏ ਹਨ ਅਤੇ ਸਿਰਾਪਾ ਪੰਜਾਹ ਸੱਠ ਸ਼ਿਅਰਾਂ ਵਿਚ ਬਿਆਨ ਕੀਤਾ ਗਿਆ ਹੈ ਲੇਕਿਨ ਕੀ ਮਜਾਲ ਕਿ ਕਿਤੇ ਅੱਧੀ ਤੁਕ ਵੀ ਦੁਹਰਾਈ ਗਈ ਹੋਵੇ। ਇਸੇ ਤਰ੍ਹਾਂ ਯੁੱਧ ਦਾ ਬਿਆਨ ਹੈ ਜਿਸ ਨਾਲ ਇਹ ਕਿਤਾਬ ਭਰੀ ਹੋਈ ਲੇਕਿਨ ਇਸ ਦੇ ਬਿਆਨ ਵਿਚ ਕਿਧਰੇ ਵੀ ਗ਼ਰਾਬਤ (ਅਨੋਖਾਪਣ) ਵਿਖਾਈ ਨਹੀਂ ਦਿੰਦੀ। ਇਸ ਮਹਾਨ ਰਚਨਾ ਦੇ ਚਾਰ ਸਾਲ ਬਾਅਦ ਮੌਲਵੀ ਸਾਹਿਬ ਨੇ ਅਹਸਨੁਲ ਕਸਸ (1290 ਹਿਜਰੀ-1873 ਈ.) ਰਚਿਆ



ਜਿਸ ਵਿਚ ਮੌਲਾਨਾ (ਮਰਹੂਮ) ਖਾਤਿਮਾਤੁੱਸ਼ੁਅਰਾ ਮੌਲਾਨਾ ਅਬਦੁਰਹਿਮਾਨ ਜਾਮੀ (ਰਹਿ.) ਤੋਂ ਅੱਗੇ ਨਿਕਲਦੇ ਹੋਏ ਜਾਪਦੇ ਹਨ। 'ਅਹਸਨੁਲ ਕਸਸ' ਵਿਚ ਤਸੱਵੁਫ਼ ਦੇ ਮਸਲੇ ਬੜੀ ਹੀ ਸੁੰਦਰਤਾ ਅਤੇ ਪੁਰਕਾਰੀ ਨਾਲ ਬਿਆਨ ਕੀਤੇ ਗਏ ਹਨ। ਮੌਲਵੀ ਸਾਹਿਬ ਨੇ ਜਿਸ ਅੰਦਾਜ਼ ਵਿਚ 'ਅਹਸਨੁਲ ਕਸਸ' ਨੂੰ ਚਾਰ ਚੰਦ ਲਗਾਏ ਹਨ, ਉਹਨਾਂ ਦੀ ਵਡਿਆਈ ਅਤੇ ਮਹਾਨਤਾ ਦੀ ਦਲੀਲ ਹੈ, ਜਿਸ ਤੇ ਜਿੰਨਾ ਵੀ ਮਾਣ ਕੀਤਾ ਜਾਵੇ ਥੋੜ੍ਹਾ ਹੈ। ਕਿਤਾਬ ਆਮ ਫ਼ਹਿਮ (ਹਰੇਕ ਦੇ ਸਮਝ ਆ ਜਾਣ ਵਾਲੀ) ਹੋਣ ਦੇ ਬਾਵਜੂਦ ਇੰਨੇ ਡੂੰਘੇ ਅਧਿਐਨ ਦੀ ਮੰਗ ਕਰਦੀ ਹੈ।

(ਮੌਲਾਨਾ ਗ਼ੁਲਾਮ ਰਸੂਲ ਆਲਮਪੁਰੀ, ਨਵਾ-ਏ-ਵਕਤ, ਸਫ਼ਾ 18 ਜਨਵਰੀ 2003)

(23) ਮੌਲਵੀ ਅਬਦੁਲ ਗ਼ਫ਼ੂਰ ਅਸਲਮ ਨੇ ਆਪਣੀ ਕਾਵਿਕ ਪੰਜਾਬੀ ਤਫ਼ਸੀਰ ਯਸੀਰ ਜਿਲਦ ਦੋ ਵਿਚ ਸੂਰਤ ਯੂਸਫ਼ ਦੀ ਤਫ਼ਸੀਰ ਵਿਚ ਮੌਲਵੀ ਗ਼ੁਲਾਮ ਰਸੂਲ ਦੇ ਸ਼ਿਅਰਾਂ ਦੀ ਨਕਲ ਕੀਤੀ ਹੈ ਜਿਵੇਂ ਉਹਨਾਂ ਨੇ 'ਅਹਿਵਾਲ-ਏ-ਗੁਜ਼ਾਰਿਸ਼' ਪਹਿਲੀ ਜਿਲਦ ਦੇ ਆਰੰਭ ਵਿਚ ਲਿਖਿਆ ਹੈ :-

ਇਹ ਤਫ਼ਸੀਰ ਮੌਲਵੀ ਗ਼ੁਲਾਮ ਰਸੂਲ ਸਾਹਿਬ ਲੇਖਕ 'ਅਹਸਨੁਲ ਕਸਸ' (ਯੂਸਫ਼ ਜ਼ੁਲੈਖ਼ਾ) ਦੀ ਤਰਜ਼ ਤੇ ਲਿਖੀ ਗਈ ਹੈ। ਮੇਰੀ ਨਿੱਜੀ ਰਾਏ ਹੈ ਕਿ ਪੰਜਾਬੀ ਭਾਸ਼ਾ ਦਾ ਉਹਨਾਂ ਤੋਂ ਵਧੀਆ ਕੋਈ ਸ਼ਾਇਰ ਨਹੀਂ ਹੋਇਆ। ਤਫ਼ਸੀਰ ਸੂਰਤ ਯੂਸਫ਼ ਲਿਖਦੇ ਸਮੇਂ ਉਹਨਾਂ ਦੇ ਹੀ ਸ਼ਿਅਰ ਨੂੰ ਉਹਨਾਂ ਦੀ ਕਿਤਾਬ 'ਚੋਂ ਮੁਲੱਖ਼ਸ (ਸ਼ੁੱਧ) ਕਰਕੇ ਲਿਖ ਦਿੱਤਾ ਗਿਆ। ਭਾਵੇਂ ਕਿ ਮੌਲਵੀ ਸਾਹਿਬ ਮੇਰੇ ਸਮਕਾਲੀ ਨਹੀਂ ਤਾਂ ਨਾ ਮੈਂ ਉਨ੍ਹਾਂ ਨੂੰ ਦੇਖਿਆ ਹੈ ਲੇਕਿਨ ਉਨ੍ਹਾਂ ਦੀ ਕਿਤਾਬ ਤੋਂ ਰੂਹਾਨੀ ਫ਼ੈਜ਼ ਜ਼ਰੂਰ ਹਾਸਲ ਹੋਇਆ ਕਿਉਂਕਿ ਉਹਨਾਂ ਦੀ ਕਿਤਾਬ ਬਚਪਨ ਤੋਂ ਅਧਿਐਨ ਵਿਚ ਰਹੀ ਹੈ।

(ਮੌਲਵੀ ਅਬਦੁਲ ਗ਼ਫ਼ੂਰ ਅਸਲਮ, ਤਫ਼ਸੀਰ ਯਸੀਰ ਜਿਲਦ ਅੱਵਲ ਸਫ਼ਾ 4)

(24) ਸੱਯਦ ਸਿਬਤ ਉਲ ਹਸਨ ਜ਼ੈਗ਼ਮ ਇਕ ਹੋਰ ਥਾਂ ਤੇ ਲਿਖਦੇ ਹਨ :-

ਅਸ਼ਕੇ ਜਾਈਏ ਮੌਲਾਨਾ ਗ਼ੁਲਾਮ ਰਸੂਲ ਹੋਰਾਂ ਦੇ ਏਸ ਨਿੱਕੜੀ ਉਮਰ ਵਿਚ ਉਹਨਾਂ ਅਜਿਹੇ ਸ਼ਾਹਕਾਰ ਰਚੇ ਕਿ ਉਹਨਾਂ ਦੀਆਂ ਉੱਚ ਕੋਟੀ ਦੀਆਂ ਰਚਨਾਵਾਂ ਦੀ ਸਾਰ ਲੈਣ ਲਈ ਵੀ ਬੰਦੇ ਨੂੰ ਚੌਦਾਂ ਇਲਮਾਂ ਦਾ ਗਿਆਨ ਹਾਸਲ ਕਰਨਾ ਪੈਂਦਾ ਏ।

(ਉੱਠ ਦਰਦ ਮੰਦਾਂ ਦਿਆ ਦਰਦੀਆ ਤੱਕ ਆਪਣਾ ਪੰਜਾਬ, ਨਵਾਏ ਵਕਤ, ਸਫ਼ਾ 30, ਜੁਲਾਈ 1999)

(25) ਡਾ. ਮੁਹੰਮਦ ਸਾਦਿਕ ਜੰਜੂਆ ਆਪਣੇ ਮਕਾਲੇ 'ਮੌਲਵੀ ਗ਼ੁਲਾਮ ਰਸੂਲ ਦੀ ਹਯਾਤੀ ਤੇ ਕਿਤਾਬਾਂ' ਵਿਚ ਲਿਖਦੇ ਹਨ :-

ਪੰਜਾਬੀ ਭਾਸ਼ਾ ਦਾ ਇਹ ਦਰਦਮੰਦ ਅਤੇ ਆਤਿਸ਼ ਬਿਆਨ ਕਵੀ ਮੂੰਹ ਤੋਂ ਜੋ ਗੱਲ ਕਰਦਾ ਹੈ ਉਹ ਉਸ ਦੀ ਦਿਲੀ ਤਪਸ਼ ਦੀ ਅਜਿਹੀ ਜਲਦੀ ਹੋਈ ਰੌਸ਼ਨੀ ਹੁੰਦੀ ਹੈ ਜਿਸ ਦੀਆਂ ਚੰਗਿਆੜੀਆਂ ਲੋਹੇ ਦੇ ਬਣੇ ਹੋਏ ਸਖ਼ਤ ਬੇਦਰਦ ਅਤੇ ਪੱਥਰ ਦਿਲਾਂ ਨੂੰ ਵੀ ਤਪਸ਼ ਨਾਲ ਪਿਘਲਾ ਦਿੰਦੀਆਂ ਹਨ। ਤਸੱਵੁਫ਼ ਦੀਆਂ ਜਿਹੜੀਆਂ ਹਾਲਤਾਂ ਜਦੋਂ ਪੈਦਾ ਹੁੰਦੀਆਂ ਰਹੀਆਂ ਤਾਂ ਮੌਲਵੀ ਸਾਹਿਬ ਦੀ ਰਗ ਰਗ ਵਿਚ ਵਸ ਗਈਆਂ ਅਤੇ ਜਦੋਂ ਇਜ਼ਹਾਰ

(ਪ੍ਰਗਟਾਉਣ) ਦੀ ਜ਼ਰੂਰਤ ਪਈ ਤਾਂ 'ਅਹਸਨੁਲ ਕਸਸ' ਅਤੇ ਚਿੱਠੀਆਂ ਦੇ ਰੂਪ ਵਿਚ ਪ੍ਰਗਟਾ ਦਿੱਤੇ। ਸੰਖੇਪ ਵਿਚ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਪੂਰਨ ਤੌਰ ਤੇ ਸੂਫ਼ੀ ਸਨ। ਉਹਨਾਂ ਦੇ ਸੂਫ਼ੀਆਨਾ ਜੀਵਨ ਨੂੰ ਜੇਕਰ ਕੁੱਝ ਸ਼ਬਦਾਂ ਵਿਚ ਦੱਸਣਾ ਹੋਵੇ ਤਾਂ ਉਹਨਾਂ ਦੇ ਸਮਕਾਲੀਆਂ ਦਾ ਇਕ ਹੀ ਵਾਕ ਕਹਿ ਦੇਣਾ ਕਾਫ਼ੀ ਹੈ ਕਿ ਆਮਾਲ-ਏ-ਨੇਕ ਆਪ ਤੇ ਆਸ਼ਿਕ ਹਨ।

(ਡਾ. ਮੁਹੰਮਦ ਸਾਦਿਕ ਜੰਜੂਆ, ਮੌਲਵੀ ਗ਼ੁਲਾਮ ਰਸੂਲ ਦੀ ਹਯਾਤੀ ਤੇ ਕਿਤਾਬਾਂ)

(26) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਆਪਣੇ ਮਜ਼ਮੂਨ ਪੰਜਾਬੀ ਕਾ ਸ਼ਾਇਰ ਏ ਆਜ਼ਮ ਵਿਚ ਲਿਖਦੇ ਹਨ :-

ਜੇਕਰ ਮੈਨੂੰ ਕੋਈ ਪੁੱਛੇ ਕਿ ਪੂਰਬ ਅਤੇ ਪੱਛਮ ਦੇ ਕਵੀਆਂ ਦੀ ਪਹਿਲੀ ਕਤਾਰ ਵਿਚ ਖੜਾ ਕਰਨ ਲਈ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਵਿਚ ਕਿਹੜਾ ਵਿਅਕਤੀ ਹੈ ਤਾਂ ਮੈਂ ਨਿਰ ਸੰਕੋਚ ਕਹਿ ਦੇਵਾਂਗਾ ਕਿ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)। ਸਮਾਂ ਆਏਗਾ ਕਿ ਸਾਹਿਤ ਪ੍ਰੇਮੀ ਮੌਲਵੀ ਸਾਹਿਬ ਦੀ ਹਰੇਕ ਗੱਲ ਦੀ ਖੋਜ ਕਰਨਗੇ ਅਤੇ ਉਸ ਦੀ ਪ੍ਰਕਾਸ਼ਨਾ ਵਿਚ ਮਾਣ ਮਹਿਸੂਸ ਕਰਨਗੇ। ਉਹਨਾਂ ਦੀਆ ਉੱਚ ਪੱਧਰ ਦੀਆਂ ਰਚਨਾਵਾਂ ਨੂੰ ਬੇਰਹਿਮ ਵਿਉਪਾਰੀਆਂ ਦੇ ਜ਼ੁਲਮਾਂ ਤੋਂ ਨਿਜਾਤ ਦਿਵਾਉਣਗੇ। ਉਨ੍ਹਾਂ ਦੇ ਸੁੰਦਰ ਅਤੇ ਖੋਜ ਭਰਪੂਰ ਐਡੀਸ਼ਨ ਛਾਪੇ ਜਾਣਗੇ ਅਤੇ ਉਹਨਾਂ ਦੇ ਬਹੁਮੁੱਲੇ ਹਵਾਲੇ ਲਿਖੇ ਜਾਣਗੇ। ਮੌਲਵੀ ਸਾਹਿਬ ਗੁੱਜਰ ਖ਼ਾਨਦਾਨ ਵਿਚ ਪਰਵਰਿਸ਼ ਪਾਉਂਦੇ ਹਨ ਅਤੇ ਸ਼ਿਅਰ ਵਿਚ ਨੂਰਉੱਦੀਨ ਜਾਮੀ (ਰਹਿ.) ਤੋਂ ਵੀ ਅੱਗੇ ਨਿਕਲ ਜਾਂਦੇ ਹਨ। ਜੇਕਰ ਕਿਸੇ ਆਲੋਚਕ ਜਾਂ ਲੇਖਕ ਨੇ ਉਨ੍ਹਾਂ ਦੇ ਸੰਬੰਧੀ ਕੋਈ ਪ੍ਰਸ਼ੰਸਾ ਨਹੀਂ ਕੀਤੀ ਤਾਂ ਸੱਚ ਇਹ ਹੈ ਕਿ ਉਹ ਇਸ ਦੇ ਬਿਨਾਂ ਵੀ ਕਵਿਤਾ ਦੇ ਸੂਰਜ ਹਨ। ਉਹਨਾਂ ਦੇ ਆਪਣੇ ਸ਼ਬਦਾਂ ਵਿਚ ਉਹਨਾਂ ਦੀ ਜਾਣ ਪਛਾਣ ਲਈ ਹਰੇਕ ਜਾਣ ਤੋਂ ਵਧ ਕੇ ਹਨ।

(ਨਵਾਦਰਾਤ-ਏ-ਅਰਸ਼ੀ, 1991, ਪੰਜਾਬੀ ਦਾ ਸ਼ਾਇਰ-ਏ-ਆਜ਼ਮ)

(27) ਮੁਹੰਮਦ ਆਲਮ ਕਪੂਰਥਲਵੀ ਲਿਖਦੇ ਹਨ :-

ਇਸ ਤਰ੍ਹਾਂ ਦੇ ਉਸਤਾਦ ਤਾਂ ਕਈ ਗੁਜ਼ਰੇ ਹਨ ਜਿਹਨਾਂ ਨੇ ਛੋਟੀ ਉਮਰ ਵਿਚ ਸ਼ਿਅਰ ਕਹਿਣੇ ਸ਼ੁਰੂ ਕਰ ਦਿੱਤੇ। ਲੇਕਿਨ ਇਸ ਤਰ੍ਹਾਂ ਦਾ ਮਹਾਨ ਵਿਅਕਤੀ ਮੇਰੀ ਨਜ਼ਰ 'ਚ ਨਹੀਂ ਗੁਜ਼ਰਿਆ ਜਿਸ ਨੇ ਵਿਸ਼ੇਸ਼ ਰਚਨਾ ਕੀਤੀ ਹੋਵੇ ਅਤੇ ਫੇਰ ਉਹ ਕਿਤਾਬ ਪ੍ਰਸਿੱਧ ਹੋ ਕੇ ਦੇਸ਼ ਦੇ ਕੋਨੇ ਕੋਨੇ ਵਿਚ ਪਹੁੰਚੀ ਅਤੇ ਪੜ੍ਹੀ ਗਈ ਹੋਵੇ।

(ਡੂੰਘੇ ਵਹਿਣਾਂ ਦਾ ਸ਼ਾਇਰ, ਸਫ਼ਾ 41)

(28) ਡਾ. ਸ਼ਹਿਬਾਜ਼ ਮਲਿਕ ਮੌਲਵੀ ਸਾਹਿਬ ਨੂੰ ਸ਼ਰਧਾ ਭੇਂਟ ਕਰਦੇ ਹੋਏ ਲਿਖਦੇ ਹਨ :-

ਮੁਕਦੀ ਗੱਲ ਇਹ ਹੈ ਕਿ ਸੱਯਦ ਰੋਸ਼ਨ ਅਲੀ ਵੱਲ ਲਿਖੀਆਂ ਮੌਲਵੀ ਸਾਹਿਬ ਦੀਆਂ ਚਿੱਠੀਆਂ ਦਰਦ, ਫ਼ਿਰਾਕ, ਫ਼ਿਕਰ, ਖ਼ਿਆਲ, ਜ਼ੁਬਾਨ ਤੇ ਬਿਆਨ ਦੇ ਨਾਲ ਨਾਲ ਮਜਾਜ਼ੀ ਤੇ ਹਕੀਕੀ ਇਸ਼ਕ ਦਾ ਇਕ ਅਣਮੁੱਲਾ ਖ਼ਜ਼ਾਨਾ ਨੇ ਜਿਹਨਾਂ 'ਤੇ ਪੰਜਾਬੀ ਅਦਬ ਨੂੰ ਸਦਾ ਈ ਮਾਣ ਰਹੇਗਾ।

(ਡੂੰਘੇ ਰਾਜ਼, ਮੌਲਵੀ ਗ਼ੁਲਾਮ ਰਸੂਲ ਦੀਆਂ ਚਿੱਠੀਆਂ ਦਰਦ ਅਲੰਬੇ)



(29) ਪੰਜਾਬ ਯੂਨੀਵਰਸਿਟੀ ਲਾਹੌਰ ਦੇ ਬਾਨੀ ਪ੍ਰੋਫੈਸਰ G.W. Leitner ਆਪਣੀ ਪੁਸਤਕ 'History of Indigineous Education in the Punjab' ਦੇ ਭਾਗ ਦੂਜਾ ਦੇ ਪੰਨਾ 49 ਤੇ ਲਿਖਦੇ ਹਨ :-

'At Alampur, under the direction of the excellent Maulvi Ghulam Rasool is a large Maktab with 40 pupils, where Persian and Urdu are very well taught by him gratuitously.'

(30) ਮੁਹੰਮਦ ਅਜ਼ੀਜ਼ਉੱਦੀਨ ਆਪਣੇ ਲੇਖ ਵਿਚ ਲਿਖਦੇ ਹਨ :-

ਆਪ ਦੀ ਤਬੀਅਤ ਕੁਦਰਤੀ ਤੌਰ ਤੇ ਤਸੱਵੁਫ਼ ਵੱਲ ਝੁਕੀ ਹੋਈ ਸੀ। ਆਪ ਇਸ ਕਲਾ ਵਿਚ ਗਿਆਨੀ ਸਨ ਅਤੇ ਦੂਜੇ ਗਿਆਨੀਆਂ ਦੀ ਤਰ੍ਹਾਂ ਮੁਸ਼ਰਕ ਨਹੀਂ ਸਨ। ਭਾਵ ਉਨ੍ਹਾਂ ਦੀ ਪੀਰ ਨੂੰ ਪੂਜਣ ਦੀ ਹੱਦ ਨਹੀਂ ਟੱਪੇ ਸਨ ਅਤੇ ਸੂਫ਼ੀ ਸਾਹਿਬਾਨ ਦੀ ਇਜ਼ੱਤ ਕਰਦੇ ਸਨ। ਆਪ ਜੀ ਦੀ ਹਸਤੀ ਤੋਂ ਬਹੁਤਿਆਂ ਨੂੰ ਲਾਭ ਪਹੁੰਚਿਆ। ਆਪ ਆਪਣੀ ਜ਼ਿੰਦਗੀ ਵਿਚ ਚਸ਼ਮਾ-ਏ-ਫ਼ੈਜ਼ ਸਨ। ਖ਼ਿਆਲਾਤ ਪਵਿੱਤਰ ਸਨ, ਸ਼ਰੀਅਤ ਦੀ ਪਾਬੰਦੀ ਜ਼ਰੂਰੀ ਸਮਝਦੇ ਸਨ।

(ਡਾ. ਮੁਹੰਮਦ ਸਾਦਿਕ ਜੰਜੂਆ, ਮੌਲਵੀ ਗ਼ੁਲਾਮ ਰਸੂਲ ਦੀ ਹਯਾਤੀ ਤੇ ਕਿਤਾਬਾਂ)

(31) ਡਾ. ਉੱਤਮ ਸਿੰਘ ਭਾਟੀਆ ਆਪਣੇ ਪੀਐਚ.ਡੀ. ਥੀਸਿਜ਼ ਵਿਚ ਲਿਖਦੇ ਹਨ ਮੌਲਵੀ ਗ਼ੁਲਾਮ ਰਸੂਲ ਇਕ ਦਰਵੇਸ਼ ਸ਼ਾਇਰ ਸਨ। ਇਸ ਲਈ ਜਦੋਂ ਉਹ ਦੁਨਿਆਵੀ ਗੱਲਾਂ ਕਰਦੇ ਸਨ ਤਾਂ ਵੀ ਉਹਨਾਂ ਦੀਆਂ ਗੱਲਾਂ ਦੀ ਤਹਿ ਵਿਚ ਰੂਹਾਨੀਅਤ ਝਲਕਦੀ ਵਿਖਾਈ ਦਿੰਦੀ ਹੈ। ਇੰਜ ਲਗਦਾ ਹੈ ਕਿ ਉਹ ਦੁਨਿਆਵੀ ਰਿਸ਼ਤਿਆਂ ਦਾ ਬਹਾਨਾ ਬਣਾ ਕੇ ਅਲੌਕਿਕ ਰਮਜ਼ਾਂ ਖੋਲ ਰਹੇ ਹਨ।

(32) ਇਹ ਸਦੀਵੀ ਦਾਤ ਉਸ ਕਵੀ ਨੂੰ ਪ੍ਰਾਪਤ ਹੁੰਦੀ ਹੈ ਜੋ ਸਿੱਧੇ ਤੌਰ ਤੇ ਆਰੰਭ ਤੋਂ ਹੀ ਫੈਜ਼ ਹਾਸਲ ਕਰਦੇ ਹਨ। ਦੁਨੀਆ-ਏ-ਸ਼ਿਅਰ ਦੇ ਲੱਖਾਂ ਸ਼ਾਇਰਾਂ ਵਿਚ ਗਿਣਤੀ ਦੇ ਕੁਝ ਸ਼ਾਇਰ ਇਸ ਸਥਾਨ ਤੇ ਪਹੁੰਚੇ ਹੋਣਗੇ। ਉਹਨਾਂ ਵਿਚੋਂ ਹੀ ਇਕ ਮੌਲਵੀ, ਸੂਫ਼ੀ, ਹਕੀਮ, ਵਿਆਖਿਆਕਾਰ, ਅੱਲਾਮਾ ਗ਼ੁਲਾਮ ਰਸੂਲ ਲੇਖਕ ਅਹਸਨੁਲ ਕਸਸ, ਦਾਸਤਾਨ ਅਮੀਰ ਹਮਜ਼ਾ ਹਨ।

(ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅਮ੍ਰਿਤਸਰੀ- ਡੂੰਘੇ ਵਹਿਣਾ ਦਾ ਸ਼ਾਇਰ)

*****

# ਮੌਲਵੀ ਸਾਹਿਬ ਬਾਰੇ ਯੂਸਫ਼ ਜ਼ੁਲੈਖ਼ਾ ਦੇ ਰਚਨਹਾਰਾਂ ਅਤੇ ਦੂਜੇ ਕਵੀਆਂ ਦੀਆਂ ਰਾਵਾਂ

ਇੱਥੇ ਉਹਨਾਂ ਕਵੀਆਂ ਦਾ ਜ਼ਿਕਰ ਕਰਨਾ ਬੇ ਵਜਾ ਨਹੀਂ ਹੋਵੇਗਾ ਜਿਹਨਾਂ ਨੇ ਮੌਲਵੀ ਗ਼ੁਲਾਮ ਰਸੂਲ ਸਾਹਿਬ ਦੇ ਕਿੱਸੇ 'ਅਹਸਨੁਲ ਕਸਸ' ਬਾਰੇ ਲਿਖਿਆ ਹੈ। ਇਸ ਤਰ੍ਹਾਂ ਉਹਨਾਂ ਨੇ ਮੌਲਵੀ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਹਨ। ਇਨ੍ਹਾਂ ਕਵੀਆਂ ਨੇ ਖ਼ੁਦ ਵੀ ਯੂਸਫ਼ ਜ਼ੁਲੈਖ਼ਾ ਦੇ ਕਿੱਸੇ ਲਿਖੇ ਹਨ। ਉਹਨਾਂ ਵਿਚ ਮੌਲਵੀ ਦਿਲ ਪਜ਼ੀਰ, ਦਾਇਮ ਇਕਬਾਲ ਦਾਇਮ, ਅਬਦੁਰਹਿਮਾਨ ਦਰਦ ਦੇ ਇਲਾਵਾ ਹੋਰ ਕਵੀਆਂ ਦੇ ਨਾਂ ਵੀ ਆਉਂਦੇ ਹਨ।

(1) ਮੌਲਵੀ ਦਿਲ ਪਜ਼ੀਰ ਸਾਹਿਬ ਆਪਣੇ ਕਿੱਸੇ ਯੂਸਫ਼ ਜ਼ੁਲੈਖ਼ਾ ਵਿਚ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਸਾਹਿਬ ਦੇ ਬਾਰੇ ਇਸ ਤਰ੍ਹਾਂ ਲਿਖਦੇ ਹਨ :-

*ਫੇਰ ਗ਼ੁਲਾਮ ਰਸੂਲ ਰਸੀਲੇ ਸਭ ਦੀ ਕਸਰ ਨਿਕਾਲੀ*
*ਕਰ ਗਿਆ ਖ਼ਤਮ ਕਹਾਣੀ ਪਿੱਛੇ ਸ਼ਿਅਰ ਪੰਜਾਬੀ ਵਾਲੀ*
*ਅਹਸਨੁਲ ਕਸਸ ਕਿਤਾਬ ਜੋ ਉਸ ਦੀ ਸਭ ਥੀਂ ਅਹਸਨ ਹੋਈ*
*ਇਸ ਦੇ ਜਿਹਾ ਪੰਜਾਬੀ ਯੂਸਫ਼ ਹੋਰ ਨਾ ਬਣਿਆ ਕੋਈ*

(2) ਮੁਨਸ਼ੀ ਮੁਹੰਮਦ ਸ਼ਾਹ ਸਵਾਰ ਸਕਨਾ ਕਬੀਲਿਆਂ ਵਾਲਾ ਨੇ ਮੌਲਵੀ ਦਿਲ ਪਜ਼ੀਰ ਦੀ ਕਿਤਾਬ ਯੂਸਫ਼ ਜ਼ੁਲੈਖ਼ਾ ਤੇ ਆਪਣੀ ਰਾਏ ਲਿਖਦੇ ਹੋਏ ਕਹਿੰਦੇ ਹਨ :-

*ਆਲਮਪੁਰੀ ਗ਼ੁਲਾਮ ਰਸੂਲ ਇਕ ਸ਼ਾਇਰ ਗੁਜ਼ਰਿਆ ਭਾਈ*
*ਜੋੜ ਗਿਆ ਜਿਉਂ ਯੂਸਫ਼ ਕਿੱਸਾ ਹੋਰ ਨਾ ਜੋੜੇ ਕਾਈਂ*
*ਨਾ ਹੋਇਆ ਨਾ ਹੋਵੇ ਐਸਾ ਸ਼ਾਇਰ ਕਦੀ ਕਦਾਈਂ*
*ਵਿਚ ਪੰਜਾਬੀ ਅਫ਼ਜ਼ਲ ਸਭ ਥੀਂ ਬਖ਼ਸ਼ ਅੱਲ੍ਹਾ ਸਾਈਂ*

(3) ਦਾਇਮ ਇਕਬਾਲ ਦਾਇਮ ਨੇ ਵੀ ਯੂਸਫ਼ ਜ਼ੁਲੈਖ਼ਾ ਦਾ ਕਿੱਸਾ ਲਿਖਿਆ ਹੈ :-

*ਆਲਮਪੁਰੀ ਗ਼ੁਲਾਮ ਰਸੂਲ ਆਲਮ ਏਸ ਕਿੱਸੇ ਦੀ ਹੱਦ ਮੁਕਾ ਗਏ ਨੇ*
*ਸ਼ੱਮਾ ਬਾਲ ਕੇ ਇਸ਼ਕ ਇਰਫ਼ਾਨ ਵਾਲੀ ਰਾਹ ਏਸ ਦੇ ਬਣ ਰਾਹਨੁਮਾ ਗਏ ਨੇ*

(4) ਮੌਲਵੀ ਅਬਦੁਰਹਿਮਾਨ ਦਰਦ ਨੇ ਵੀ ਯੂਸਫ਼ ਜ਼ੁਲੈਖ਼ਾ ਦਾ ਕਿੱਸਾ ਲਿਖਿਆ ਹੈ। ਉਹਨਾਂ ਨੇ ਆਪਣੀ ਕਿਤਾਬ ਦੇ ਆਖ਼ਰ ਵਿਚ ਵਿਭਿੰਨ ਕਵੀਆਂ ਬਾਰੇ ਵਿਚਾਰ ਪੇਸ਼ ਕੀਤੇ ਹਨ। ਮੌਲਵੀ ਗ਼ੁਲਾਮ ਰਸੂਲ ਬਾਰੇ ਲਿਖਦੇ ਹਨ :-

*ਹੋਏ ਗ਼ੁਲਾਮ ਰਸੂਲ ਮੁਸੱਨਿਫ਼ ਵਾਹ ਗੁਲਜ਼ਾਰ ਬਣਾਈ*
*ਅਸਲ ਹਕੀਕਤ ਬਹਿਰ ਤੌਹੀਦੋਂ ਭਰ ਕੇ ਨਦੀ ਵਗਾਈ*



(5) ਮੁਹੰਮਦ ਅਲੀ ਏਮਨਾਬਾਦੀ 'ਅਸਹਨੁਲ ਕਸਸ' ਬਾਰੇ ਆਪਣੇ ਵਿਚਾਰ ਕਵਿਤਾ ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ :-

*ਵਾਹ ਇਹ ਕਿੱਸਾ ਦਰਦੀਂ ਭਰਿਆ ਹਜ਼ਰਤ ਯੂਸਫ਼ ਵਾਲਾ*
*ਖ਼ੂਬ ਮੁਸੱਨਿਫ਼ ਲਾਇਕ ਇਸਦਾ ਬਖ਼ਸ਼ਿਸ਼ ਪਾਕ ਤਆਲਾ*
*ਆਲਮਪੁਰੀ ਗ਼ੁਲਾਮ ਰਸੂਲ ਇਕ ਮਰਦ ਖ਼ੁਦਾ ਦਾ ਹੋਇਆ*
*ਇਸ ਕਿੱਸੇ ਦਾ ਦਰਦਾਂ ਵਾਲਾ ਇਹ ਜਿਸ ਹਾਰ ਪਰੋਇਆ*
*ਬੋਲੀ ਵਿਚ ਪੰਜਾਬੀ ਐਸਾ ਦਰਦੀਂ ਭਰਿਆ ਕਿੱਸਾ*
*ਲਿਖਣਾ ਸੀ ਸੱਜ ਦੁਨੀਆ ਉੱਤੇ ਇਹ ਉਸੇ ਦਾ ਹਿੱਸਾ*
*ਕਿਤਨਿਆਂ ਹੋਰ ਮੁਸੱਨਿਫ਼ਾਂ ਵੀ ਇਸ ਕਿੱਸੇ ਨੂੰ ਲਿਖਿਆ*
*ਸੱਚ ਇਹਾ ਪਰ ਉਹਦੇ ਜਿਹਾ ਨਾ ਕੋਈ ਲਿਖ ਸਕਿਆ*
*ਗੁੱਝੀਆਂ ਰਮਜ਼ਾਂ ਇਸ਼ਕੇ ਵਾਲੀਆਂ ਇਸ ਵਿਚ ਹੈਣ ਹਜ਼ਾਰਾਂ*
*ਪੜ੍ਹਿਆਂ ਦਰਦ ਦਿਲੇ ਵਿਚ ਆਵਣ ਗਿਣਤੀ ਬਾਝ ਸ਼ੁਮਾਰਾਂ*
(ਮਾਹਨਾਮਾ ਲਹਿਰਾਂ, ਮਾਰਚ 2008, ਪੰਨਾ 44)

(6) ਮੁਹੰਮਦ ਐਸ ਆਬਿਦ ਕਪੂਰਥਲਵੀ ਆਪਣੇ ਵਿਚਾਰ ਇਸ ਤਰ੍ਹਾਂ ਪੇਸ਼ ਕਰਦੇ ਹਨ :-

*ਮੌਲਵੀ ਸਾਹਿਬ ਜੋ ਸੀਨਾ ਸਾਫ਼ ਜਿਹਨਾਂ ਦਾ*
*ਦੁੱਰੇ ਯਤੀਮ ਪਰੋਤੇ ਲੜੀਆ ਕਾਮਲ ਸ਼ਿਅਰ ਉਹਨਾਂ ਦਾ*

(7) ਡਾਕਟਰ ਸਾਬਿਰ ਆਫ਼ਾਕੀ ਲਿਖਦੇ ਹਨ :-

*ਰੁਤਬਾ ਉਹਦਾ ਲਾ ਸਾਨੀ ਹੈ ਉੱਚਾ ਉਹਦਾ ਪਾਯਾ*
*ਆਲਮਪੁਰ ਦਾ ਸ਼ਾਇਰ ਸਾਰੇ ਆਲਮ ਉੱਤੇ ਛਾਇਆ*
*ਸਲਕ ਗਹਿਰ ਦਾ ਮਿਸਰਾ ਉਹਦਾ ਸ਼ਿਅਰ ਫੁੱਲਾਂ ਦਾ ਗਜਰਾ*
*ਉਹਨੇ ਜਿਹੜਾ ਅੱਖਰ ਲਿਖਿਆ ਅੱਜ ਵੀ ਲਗਦਾ ਸਜਰਾ*
*ਉਹਦਾ ਨੁਕਤਾ ਇਸ਼ਕ ਦਾ ਨੁਕਤਾ ਗੁੱਝੀਆਂ ਰਮਜ਼ਾਂ ਵਾਲਾ*
*ਐਡਾ ਸ਼ਾਇਰ ਫਿਰ ਕਦ ਜੰਮਣਾ ਵਾਹ ਸੁਬਹਾਨ ਤਆਲਾ*
(ਮਾਹਨਾਮਾ ਲਹਿਰਾਂ, ਮਾਰਚ 2008, ਪੰਨਾ 52)

(8) ਅੱਲਾਮਾ ਨਾਦਰ ਜਾਜਵੀ ਆਪਣੇ ਸ਼ਿਅਰਾਂ ਵਿਚ ਮੌਲਵੀ ਸਾਹਿਬ ਦੀ ਗੱਲ ਕਰਦੇ ਹੋਏ ਕਹਿੰਦੇ ਹਨ :-

*ਆਲਮਪੁਰ ਨੂੰ ਸਭ ਆਲਮ ਦੇ ਆਲਮ ਕਰਨ ਸਲਾਮਾਂ*
*ਆਲਮਪੁਰੀ ਗ਼ੁਲਾਮ ਰਸੂਲ ਨੂੰ ਪੜ੍ਹਿਆ ਖ਼ਾਸਾਂ ਆਮਾਂ*
*ਜਿੱਥੇ ਕੀਤਾ ਜੋ ਵੀ ਕੀਤਾ ਲਫ਼ਜ਼ਾਂ ਦਾ ਵਰਤਾਰਾ*
*ਇਕ ਇਕ ਲਫ਼ਜ਼ ਨਗੀਨੇ ਜੜਿਆ ਸ਼ਹਿਪਾਰਾ ਸ਼ਹਿਪਾਰਾ*
*ਉੱਚ ਕੋਟੀ ਦੇ ਸ਼ਾਇਰ ਗ਼ੁਲਾਮ ਰਸੂਲ ਨੂੰ ਦੁਨੀਆ ਜਾਣੇ*
*ਪੰਜਾਬੀ ਦਾ ਮਾਣ ਏ ਸ਼ਾਲਾ ਜੁਗ ਜੁਗ ਇੱਜ਼ਤ ਮਾਣੇ*

*ਉਹਦੀਆਂ ਸਭ ਤਸਨੀਫ਼ਾਂ ਰੋਸ਼ਨ ਨੂਰਾਨੀ ਨੂਰਾਨੀ*
*ਆਪੇ ਯਾਦ ਉਹ ਹੁੰਦੀਆਂ ਜਾਵਣ ਐਸੀ ਸ਼ਿਅਰ ਰਵਾਨੀ*
*ਜਿਹਦਾ ਕੰਮ ਕੁਰਆਨ ਦੇ ਸਦਕੇ ਘਾਟੇ ਵਿਚ ਨਹੀਂ ਆਣਾ*
*ਜੋ ਕਲਾਮ ਜਿਵੇਂ ਪੜ੍ਹ ਹੁੰਦਾ ਏਦਾਂ ਈ ਪੜ੍ਹਿਆ ਜਾਣਾ*
*ਸ਼ਿਅਰਾਂ ਦੇ ਫ਼ੈਜ਼ਾਨ ਦੀ ਉਸ ਦਰਗਾਹ ਦਾ ਉੱਚਾ ਨਾਵਾਂ*
*ਸੋਚ ਰਹਿਆਂ ਇਸ ਨਜ਼ਮ ਦਾ ਨਾਦਰ ਕੀ ਰੱਖਾਂ ਸਰਨਾਵਾਂ*
(ਮਾਹਨਾਮਾ ਲਹਿਰਾਂ, ਮਾਰਚ 2008, ਪੰਨਾ 50)

(9) ਡਾ. ਮੁਹੰਮਦ ਰਿਆਜ਼ ਸ਼ਾਹਿਦ ਲਿਖਦੇ ਹਨ :-
*ਇਲਮ ਅਦਬ ਦਾ ਮਾਣ ਗ਼ੁਲਾਮ ਰਸੂਲ*
*ਅੱਖਰਾਂ ਦਾ ਸੁਲਤਾਨ ਗ਼ੁਲਾਮ ਰਸੂਲ*
*ਸ਼ਾਇਰਾਂ ਵਿਚ ਪਰਧਾਨ ਗ਼ੁਲਾਮ ਰਸੂਲ*
*ਵਿਰਸੇ ਦੀ ਪਹਿਚਾਣ ਗ਼ੁਲਾਮ ਰਸੂਲ*
*ਲਿਖ ਲਿਖ ਚਿੱਠੀਆਂ ਕਿੱਸੇ ਸੀਹਰਫ਼ੀ*
*ਮਿਲਿਆ ਅਦਬ ਮੈਦਾਨ ਗ਼ੁਲਾਮ ਰਸੂਲ*
*ਉਹਨਾਂ ਗੱਲਾਂ ਨੂੰ ਕੀਤਾ ਮਨਜ਼ੂਮ*
*ਜੋ ਜੋ ਵਿਚ ਕੁਰਆਨ ਗ਼ੁਲਾਮ ਰਸੂਲ*
*ਸ਼ਿਅਰਾਂ ਅੰਦਰ ਦੇ ਕੇ ਦਰਸ ਇਖ਼ਲਾਕੀ*
*ਇੰਜ ਕੀਤਾ ਅਹਿਸਾਨ ਗ਼ੁਲਾਮ ਰਸੂਲ*
*ਰੱਬੀ ਇਸ਼ਕ ਨੂੰ ਜਾਣਾ ਜਿਸ ਬੁਨਿਆਦ*
*ਉਹ ਕਾਮਿਲ ਇਨਸਾਨ ਗ਼ੁਲਾਮ ਰਸੂਲ*
*ਸ਼ਿਅਰਾਂ ਦੇ ਵਿਚ ਫ਼ਨ ਦੀ ਜੋਤ ਜਗਾ*
*ਕਰ ਦਿੱਤਾ ਹੈਰਾਨ ਗ਼ੁਲਾਮ ਰਸੂਲ*
(ਮਾਹਨਾਮਾ ਲਹਿਰਾਂ, ਮਾਰਚ 2008, ਪੰਨਾ 52)

(10) ਫ਼ਾਰੂਕ ਅਹਿਮਦ ਖਾਂ ਮੌਲਵੀ ਸਾਹਿਬ ਬਾਰੇ ਲਿਖਦੇ ਹਨ :-
*ਪੰਜਾਬ ਕੀ ਪਹਿਚਾਣ ਥਾ ਵੋਹ ਲਾ ਜਵਾਬ ਥਾ*
*ਇਲਮ-ਓ-ਅਦਬ ਕੀ ਸਲਤਨਤ ਕਾ ਆਫ਼ਤਾਬ ਥਾ*
*ਫੈਲੇ ਹੁਏ ਮਾਯੂਸੀਉਂ ਕੇ ਮਾਹ-ਓ-ਸਾਲ ਮੇਂ*
*ਵੋਹ ਰੌਸ਼ਨੀ ਕੀ ਕਿਰਨ ਥਾ ਤਾਜ਼ਾ ਗੁਲਾਬ ਥਾ*
*ਕੁਰਆਨ ਕੀ ਤਫ਼ਸੀਰ ਥੀ ਸਭ ਅਹਸਨੁਲ ਕਸਸ*
*ਪੰਜਾਬੀ ਸ਼ਾਇਰੀ ਕਾ ਇਕ ਅਹਿਦ-ਏ-ਸ਼ਬਾਬ ਥਾ*
*ਫ਼ਾਰੂਕ ਥਾ ਵੋਹ ਸ਼ਾਇਰੀ ਕਾ ਸੈਲ-ਏ-ਬੇਕਰਾਂ*
*ਵੋਹ ਚਸ਼ਮਾ ਖ਼ਤਮੁਰੁਸਲ ਸੇ ਫ਼ੈਜ਼ਯਾਬ ਥਾ*
(ਮਾਹਨਾਮਾ ਲਹਿਰਾਂ, ਮਾਰਚ 2008, ਪੰਨਾ 52)



(11) ਡਾ. ਸ਼ੌਕਤ ਅਲੀ ਕਮਰ ਮੌਲਵੀ ਸਾਹਿਬ ਲਈ ਲਿਖਦੇ ਹਨ :-
*ਉਹ ਸ਼ਾਇਰ ਦੁਖ ਦਰਦਾਂ ਵਾਲਾ ਜਿਸ ਦੀ ਮਿਸਾਲ ਨਾ ਕਾਈ*
*ਉਹਦੇ ਸ਼ਿਅਰਾਂ ਅੰਦਰ ਹੈ ਸੀ ਅਜਬ ਤਾਸੀਰ ਸਮਾਈ*
*ਡੂੰਘ ਸਮੁੰਦਰਾਂ ਵਾਲਾ ਤਾਰੂ ਜਗਦੇ ਅੱਖਰਾਂ ਵਾਲਾ*
*ਉਹਦੀ ਕਿਲਕ ਦੀ ਨੋਕ ਤੇ ਚਮਕੇ ਸੂਰਜ ਫ਼ਿਕਰਾਂ ਵਾਲਾ*
*ਰੱਬ ਦਾ ਸੱਚਾ ਆਸ਼ਿਕ ਉਹਦੇ ਅੰਦਰ ਨਿੱਘ ਔਲੀਆਈ*
*ਉਸ ਇਰਫ਼ਾਨ ਦੀ ਸੁੱਚੀ ਖ਼ੁਸ਼ਬੂ ਜਗ ਦੇ ਵਿਚ ਮਹਿਕਾਈ*
*ਮਸਤ ਮਦਾਮੀ ਮਰਦ ਕਲੰਦਰ ਮਹਿਰਮ ਸੀ ਅਸਰਾਰਾਂ*
*ਸੁੱਚੀ ਸਿਪ ਦਾ ਸੁੱਚਾ ਮੋਤੀ, ਚਮਕਾਂ ਪੈਣ ਹਜ਼ਾਰਾਂ*
(ਮਾਹਨਾਮਾ ਲਹਿਰਾਂ, ਮਾਰਚ 2008, ਪੰਨਾ 52)

(12) ਹਕੀਮ ਮੁਹੰਮਦ ਰਮਜ਼ਾਨ ਮੌਲਵੀ ਸਾਹਿਬ ਬਾਰੇ ਲਿਖਦੇ ਹਨ :-
*ਸਦਾ ਗ਼ੁਲਾਮ ਰਸੂਲ ਸਾਹਿਬ ਦਾ ਨਾਮ ਰਹੇਗਾ ਜ਼ਿੰਦਾ*
*ਸੂਰਜ ਚੰਦ ਸਿਤਾਰਿਆਂ ਵਾਂਗੂੰ ਸੁਖ਼ਨ ਰਹਿਣ ਤਾਬਿੰਦਾ*
*ਵਿਚ ਪੰਜਾਬ ਉਹਨਾਂ ਦਾ ਸਾਨੀ ਸ਼ਾਇਰ ਹੋਰ ਨਹੀਂ ਜੀ*
*ਵਾਂਗ ਸ਼ਹਿਬਾਜ਼ ਕੋਈ ਉੱਡ ਸਕਦਾ ਤਿੱਤਰ ਮੋਰ ਨਹੀਂ ਜੀ*
*ਅੱਜ ਵੀ ਸ਼ਾਇਰ ਸ਼ਿਅਰ ਉਹਨਾਂ ਦੇ ਹੈਰਾਂ ਹੁੰਦੇ ਪੜ੍ਹ ਕੇ*
*ਇਕਨਾ ਸਬਕ ਸਿੱਖਣ ਆਦਾਬੋਂ ਤੇ ਇਕਨਾਂ ਰਸ਼ਕੋਂ ਸੜਦੇ*
*ਸ਼ਾਨ ਉਹਨਾਂ ਦੀ ਆਪ ਵਧਾਈ ਅੱਲ੍ਹਾ ਸ਼ਾਨਾਂ ਵਾਲੇ*
*ਸ਼ਾਲਾ ਹਿੱਸਾ ਪਾਣ ਕਰਮ ਥੀਂ ਪੜ੍ਹਣੇ ਸੁਨਣੇ ਵਾਲੇ*
*ਇਹ ਵੀ ਲੱਖ ਅਹਿਸਾਨ ਖ਼ੁਦਾ ਦਾ ਵਰਨਾ ਉਹ ਗੱਲ ਕਿੱਥੇ*
*ਉੱਥੇ ਮੇਰਾ ਫ਼ਹਿਮ ਨਾ ਪਹੁੰਚੇ ਕਦਮ ਉਹਨਾਂ ਦਾ ਜਿੱਥੇ*
*ਰੱਖੇ ਰੱਬ ਹਮੇਸ਼ਾ ਸ਼ੁਹਰਾ ਵਿਚ ਅਵਾਮ ਉਹਨਾਂ ਦਾ*
*ਰਹਿਣ ਸਦਾ ਉਹ ਸ਼ਾਦਾਂ ਫਰਹਾਂ ਪੜ੍ਹਣ ਕਲਾਮ ਉਹਨਾਂ ਦਾ*
*ਯਾਰਨ ਨਾਲ ਕਲਾਮ ਉਹਨਾਂ ਦੇ ਉਹ ਉਸਤਾਦ ਰੂਹਾਨੀ*
*ਯਾਦ ਗ਼ੁਲਾਮ ਰਸੂਲ ਸਾਹਿਬ ਦੀ ਲਿਖੀਏ ਦਿਲ ਵਿਚ ਠਾਨੀ*
(ਮਾਹਨਾਮਾ ਲਹਿਰਾਂ, ਮਾਰਚ 2008, ਪੰਨਾ 50)

*****

# ਹਵਾਲੇ ਤੇ ਟਿਪਣੀਆਂ

(1) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅਮ੍ਰਿਤਸਰੀ - ਡੂੰਘੇ ਵਹਿਣਾਂ ਦਾ ਸ਼ਾਇਰ ਪੰਨਾ-7

(2) ਇਹ ਸਾਰੀ ਜਾਣਕਾਰੀ ਮੈਨੂੰ ਆਪਣੀ ਮਾਤਾ ਰਜ਼ੀਆ ਬੇਗ਼ਮ, ਆਪਣੀ ਖ਼ਾਲਾ (ਮਾਸੀ) ਮਸਊਦਾ ਬੇਗ਼ਮ, ਆਪਣੇ ਮਾਮੇ ਚੌਧਰੀ ਅਬਦੁਰ ਰਸ਼ੀਦ, ਖ਼ਲਾਫ਼ਾ ਫ਼ਜ਼ਲਉੱਦੀਨ ਪਟਵਾਰੀ ਅਤੇ ਕੁਝ ਜਾਣਕਾਰੀ ਮੁਹੰਮਦ ਆਲਮ ਕਪੂਰਥਲਵੀ ਦੀ ਕਿਤਾਬ 'ਡੂੰਘੇ ਵਹਿਣਾਂ ਦਾ ਸ਼ਾਇਰ' ਅਤੇ ਮੌਲਵੀ ਸਾਹਿਬ ਦੇ ਆਪਣੇ ਸ਼ਿਅਰਾਂ ਤੋਂ ਪ੍ਰਾਪਤ ਹੋਈ। ਜਦੋਂ ਮੈਂ ਗ਼ੁਲਾਮ ਰਸੂਲ ਆਲਮਪੁਰੀ ਦੇ ਪਵਿੱਤਰ ਮਜ਼ਾਰ ਤੇ ਹਾਜ਼ਰੀ ਦੇਣ ਲਈ ਖ਼ੁਦ ਆਲਮਪੁਰ (ਇੰਡੀਆ) ਗਿਆ ਤਾਂ ਆਪ ਦੇ ਪਵਿੱਤਰ ਮਜ਼ਾਰ ਤੇ ਲੱਗੇ ਕਤਬੇ ਤੇ ਵੀ ਆਪ ਦੀ ਜਨਮ ਮਿਤੀ 29 ਜਨਵਰੀ 1849 ਈ. ਅਤੇ ਵਫ਼ਾਤ ਮਿਤੀ 7 ਮਾਰਚ, 1892 ਈ. ਸੀ ਅਤੇ ਇਹੀ ਮਿਤੀਆਂ ਮੇਰੇ ਲਿਖਣ ਦੇ ਅਨੁਸਾਰ ਠੀਕ ਹਨ ਅਤੇ ਉਥੋਂ ਦੇ ਲੋਕਾਂ ਤੋਂ ਵੀ ਇਸ ਜਾਣਕਾਰੀ ਦੀ ਤਸਦੀਕ ਹੋਈ ਹੈ।

(3) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾਸਤਾਨ ਅਮੀਰ ਹਮਜ਼ਾ

(4) ਮੌਜੂਦਾ ਫ਼ੈਸਲਾਬਾਦ ਉਸ ਸਮੇਂ ਲਾਇਲਪੁਰ ਸੀ।

(5) ਇਹ ਸਾਰੀ ਜਾਣਕਾਰੀ ਮੈਨੂੰ ਆਪਣੀ ਮਾਤਾ ਰਜ਼ੀਆ ਬੇਗ਼ਮ (ਉਪਰੋਕਤ ਨੰ 2 ਵਾਲਾ ਸਾਰਾ..........)

(6) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਹਸਨੁਲ ਕਸਸ, ਪੰਨਾ-136, 477

(7) ,, ,, ,, ,, ,, ,, ,, ਪੰਨਾ-133, 134

(8) ,, ,, ,, ,, ਦਾਸਤਾਨ ਅਮੀਰ ਹਮਜ਼ਾ

(9) ,, ,, ,, ,, ਮਆਰੀਬੁਲ ਖ਼ਾਸ਼ੀਈਨ, ਪੰਨਾ-1

(10) ,, ,, ,, ,, ਰੂਹਤੱਰਤੀਲ-ਅਣਪ੍ਰਕਾਸ਼ਿਤ

(11) ,, ,, ,, ,, ਅਹਸਨੁਲ ਕਸਸ

(12) ,, ,, ,, ,, ਦਾਸਤਾਨ ਅਮੀਰ ਹਮਜ਼ਾ, ਪੰਨਾ 258

(13) ,, ,, ,, ,, ,, ,, ,, ਪੰਨਾ 259

(14) ,, ,, ,, ,, ਰੂਹਤੱਰਤੀਲ ਅਣ ਪ੍ਰਕਾਸ਼ਿਤ

(15) ਮੌਲਵੀ ਗ਼ੁਲਾਮ ਰਸੂਲ ਅਹਸਨੁਲ ਕਸਸ, ਪੰਨਾ 486

(16) ,, ,, ,, ਚਿੱਠੀ ਬਨਾਮ ਸੱਯਦ ਰੌਸ਼ਨ ਅਲੀ, ਪੰਨਾ 36

(17) ,, ,, ,, ਰੂਹੱਤਰਤੀਲ-ਅਣਪ੍ਰਕਾਸ਼ਿਤ



(18) ,, ,, ,, ,, ,, ,,

(19) ,, ,, ,, ,, ,, ,,

(20) ,, ,, ,, ,, ,, ,,

(21) ,, ,, ,, ,, ,, ,,

(22) ,, ,, ,, ,, ,, ,,

(23) ,, ,, ,, ,, ,, ,,

(24) ,, ,, ,, ,, ,, ,,

(25) ,, ,, ,, ਹੁਲੀਆ ਸ਼ਰੀਫ਼ ਹਜ਼ੂਰ (ਸ.)

(26) ,, ,, ,, ,, ,, ,, ,,

(27) ,, ,, ,, ,, ,, ,, ,,

(28) ,, ,, ,, ,, ,, ,, ,,

(29) ,, ,, ,, ,, ,, ,, ,,

(30) ,, ,, ,, ,, ,, ,, ,,

(31) ,, ,, ,, ਚਿੱਠੀ ਬਨਾਮ ਸੱਯਦ ਰੋਸ਼ਨ ਅਲੀ, ਪੰਨਾ-21

(32) ,, ,, ,, ,, ,, ,, ,, ,, ,, -20

(33) ,, ,, ,, ,, ਸੀਹਰਫ਼ੀ ਸੱਸੀ ਪੁਨੂੰ, ਪੰਨਾ-60

(34) ,, ,, ,, ,, ,, ,, ,, ,, -62

(35) ,, ,, ,, ,, ,, ,, ,, ,, -63

(36) ,, ,, ,, ਚੌਂਪਟਨਾਮਾ

(37) ,, ,, ,, ,, ,,

(38) ,, ,, ,, ,, ,,

(39) ,, ,, ,, ,, ,,

(40) ਡਾ. ਮੁਹੰਮਦ ਸਾਦਿਕ ਜੰਜੂਆ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੀ ਹਯਾਤੀ ਤੇ ਕਿਤਾਬਾਂ 382-85

(41) ਡਾ. ਮੁਹੰਮਦ ਸਾਦਿਕ ਜੰਜੂਆ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੀ ਹਯਾਤੀ ਤੇ ਕਿਤਾਬਾਂ 385-86

(42) ਡਾ. ਮੁਹੰਮਦ ਸਾਦਿਕ ਜੰਜੂਆ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੀ ਹਯਾਤੀ ਤੇ ਕਿਤਾਬਾਂ-146

(43) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਅਹਸਨੁਲ ਕਸਸ, ਪੰਨਾ-125

(44) ,, ,, ,, ,, ,, ,, ,, -126

(45) ,, ,, ,, ,, ,, ,, ,, -127-128

(46) ,, ,, ,, ,, ,, ,, ,, -127

(47) ,, ,, ,, ,, ,, ,, ,, -127
(48) ,, ,, ,, ,, ,, ,, ,, -127
(49) ,, ,, ,, ,, ,, ,, ,, -128-129
(50) ,, ,, ,, ,, ,, ,, ,, -130
(51) ,, ,, ,, ,, ,, ,, ,, -130
(52) ,, ,, ,, ,, ,, ,, ,, -134-135
(53) ,, ,, ,, ,, ,, ,, ,, -136-137
(54) ,, ,, ,, ,, ,, ,, ,, -137, 486
(55) ,, ,, ,, ,, ,, ,, ,, -136
(56) ਮੌਲਵੀ ਸਾਹਿਬ ਨੇ ਅਹਸਨੁਲ ਕਸਸ ਵਿਚ ਜਿਨ੍ਹਾਂ ਕਿਤਾਬਾਂ ਦਾ ਜ਼ਿਕਰ ਕੀਤਾ ਹੈ ਉਹਨਾਂ ਵਿਚ ਕੁਰਆਨ, ਹਦੀਸ, ਤਫ਼ਸੀਰ-ਏ-ਗ਼ਜ਼ਾਲੀ, ਜਾਮੀ ਦੀ ਯੂਸਫ਼ ਜ਼ੁਲੈਖ਼ਾ ਅਤੇ ਤੌਰੇਤ।
(57) ਮੁਹੰਮਦ ਕਪੂਰਥਲਵੀ ਡੂੰਘੇ ਵਹਿਣਾ ਦਾ ਸ਼ਾਇਰ ਪੰਨਾ 146
(58) ਡਾ. ਉੱਤਮ ਸਿੰਘ ਭਾਟੀਆ, ਮਕਾਲਾ ਪੀਐਚ.ਡੀ.
(59) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਅਹਸਨੁਲ ਕਸਸ
(60) ,, ,, ,, ,, ,, ,,
(61) ,, ,, ,, ,, ,, ,,
(62) ,, ,, ,, ,, ਚਿੱਠੀ ਬਨਾਮ ਹੀਰੇ ਸ਼ਾਹ, ਪੰਨਾ-38-39
(63) ,, ,, ,, ,, ਦਾਸਤਾਨ ਅਮੀਰ ਹਮਜ਼ਾ
(64) ਡਾ. ਮੁਹੰਮਦ ਸਾਦਿਕ ਜੰਜੂਆ ਮੌਲਵੀ ਗ਼ੁਲਾਮ ਦੀ ਹਯਾਤੀ ਤੇ ਕਿਤਾਬਾਂ, ਪੰਨਾ-90
(65) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਚਿੱਠੀ ਬਨਾਮ ਗ਼ੁਲਾਮ ਯਾਸੀਨ, ਪੰਨਾ-51
(66) ,, ,, ,, ,, ,, ਦਾਸਤਾਨ ਅਮੀਰ ਹਮਜ਼ਾ
(67) ,, ,, ,, ,, ,, ,, ,, ,,
(68) ,, ,, ,, ,, ,, ,, ,, ,,
(69) ਡਾ. ਮੁਹੰਮਦ ਸਾਦਿਕ ਜੰਜੂਆ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੀ ਹਯਾਤੀ ਤੇ ਕਿਤਾਬਾਂ, ਪੰਨਾ-93
(70) ਮੌਲਵੀ ਗੁਲਾਮ ਰਸੂਲ ਆਲਮਪੁਰੀ ਦਾਸਤਾਨ ਅਮੀਰ ਹਮਜ਼ਾ
(71) ,, ,, ,, ,, ,, ,, ,,
(72) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਚਿੱਠੀ ਬਨਾਮ ਰੌਸ਼ਨ ਅਲੀ, ਪੰਨਾ-24
(73) ,, ,, ,, ,, ਦਾਸਤਾਨ ਅਮੀਰ ਹਮਜ਼ਾ
(74) ਡਾ. ਮੁਹੰਮਦ ਸਾਦਿਕ ਜੰਜੂਆ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦੀ ਹਯਾਤੀ ਤੇ ਕਿਤਾਬਾਂ, ਪੰਨਾ-9108



(75) ਮੁਹੰਮਦ ਆਲਮ-ਕਪੂਰਥਲਵੀ-ਡੂੰਘੇ ਵਹਿਣਾ ਦਾ ਸ਼ਾਇਰ, ਪੰਨਾ-30-31
(76) ,, ,, ,, ,, ,, ,, ,, ,, -32
(77) ,, ,, ,, ,, ,, ,, ,, ,, -32
(78) ਸੱਯਦ ਸਿਬਤੁਲ ਹਸਨ ਜ਼ੈਗ਼ਮ, ਨਵਾਏ ਵਕਤ, 30 ਜੁਲਾਈ 1999
(79) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-33
(80) ਮੌਲਵੀ ਗੁਲਾਮ ਰਸੂਲ-ਦਾਸਤਾਨ ਅਮੀਰ ਹਮਜ਼ਾ ਜਿਲਦ ਅੱਵਲ, ਪੰਨਾ-2
(81) ਸੱਯਦ ਸਿਬਤੁਲ ਹਸਨ ਜ਼ੈਗ਼ਮ, ਨਵਾਏ ਵਕਤ, 18 ਜਨਵਰੀ 2003
(82) ,, ,, ,, ,, ,, ,, ,, ,, ,,
(83) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਦਾਸਤਾਨ ਅਮੀਰ ਹਮਜ਼ਾ ਜਿਲਦ ਅੱਵਲ
(84) ,, ,, ,, ,, ,, ,, ,, ,, ,, ,,
(85) ,, ,, ,, ,, ,, ,, ,, ,, ,, ,,
(86) ,, ,, ,, ,, ,, ,, ,, ,, ,, ,,
(87) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-35-36
(88) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਦਾਸਤਾਨ ਅਮੀਰ ਹਮਜ਼ਾ
(89) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾ ਦਾ ਸ਼ਾਇਰ, ਪੰਨਾ-36-37
(90) ,, ,, ,, ,, ,, ,, ,, ,, -37-38
(91) ,, ,, ,, ,, ,, ,, ,, ,, -38-39
(92) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਦਾਸਤਾਨ ਅਮੀਰ ਹਮਜ਼ਾ
(93) ,, ,, ,, ,, ,, ,, ,,
(94) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-39
(95) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਦਾਸਤਾਨ ਅਮੀਰ ਹਮਜ਼ਾ
(96) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾ ਦਾ ਸ਼ਾਇਰ, ਪੰਨਾ-43-44
(97) ,, ,, ,, ,, ,, ,, ,, ,, -44-46
(98) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਦਾਸਤਾਨ ਅਮੀਰ ਹਮਜ਼ਾ
(99) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-47
(100) ,, ,, ,, ,, ,, ,, ,, ,, -47
(101) ,, ,, ,, ,, ,, ,, ,, ,, -55
(102) ,, ,, ,, ,, ,, ,, ,, ,, -56
(103) ਫ਼ਿਰਦੌਸੀ ਸ਼ਾਹਨਾਮਾ
(104) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਦਾਸਤਾਨ ਅਮੀਰ ਹਮਜ਼ਾ
(105) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-56-62
(106) ਫ਼ਿਰਦੌਸੀ ਸ਼ਾਹਨਾਮਾ
(107) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ ਦਾਸਤਾਨ ਅਮੀਰ ਹਮਜ਼ਾ

(108) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾ ਦਾ ਸ਼ਾਇਰ, ਪੰਨਾ-66-68

(109) ,, ,, ,, ,, ,, ,, ,, ,, -66-68

(110) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ ਨਵਾਦਰਾਤ-ਏ-ਅਰਸ਼ੀ, ਪੰਨਾ-490-91

(111) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-152-155

(112) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਅਹਸਨੁਲ ਕਸਸ, ਪੰਨਾ-125

(113) ,, ,, ,, ,, ,, ,, ,, -126

(114) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ ਨਵਾਦਰਾਤ-ਏ-ਅਰਸ਼ੀ, ਪੰਨਾ-492-93

(115) ਮੌਲਵੀ ਗ਼ੁਲਾਮ ਰੁਸਲ ਆਲਮਪੁਰੀ-ਚਿੱਠੀ ਬਨਾਮ ਰੋਸ਼ਨ ਅਲੀ

(116) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਅਹਸਨੁਲ ਕਸਸ, ਪੰਨਾ-136

(117) ,, ,, ,, ,, ,, ,, ,, -135

(118) ,, ,, ,, ,, ,, ,, ,, -486

(119) ,, ,, ,, ,, ,, ,, ,, -129-130

(120) ,, ,, ,, ,, ,, ,, ,,

(121) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-500

(122) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-501

(123) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਅਹਸਨੁਲ ਕਸਸ, ਪੰਨਾ-130

(124) ,, ,, ,, ,, ,, ,, ,, -131-132

(125) ,, ,, ,, ,, ,, ,, ,, -133

(126) ,, ,, ,, ,, ,, ,, ,, -133

(127) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-503-504

(128) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਅਹਸਨੁਲ ਕਸਸ, ਪੰਨਾ-134-135

(129) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-507

(130) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-508

(131) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਅਹਸਨੁਲ ਕਸਸ

(132) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-511



(133) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-516

(134) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-518

(135) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਅਹਸਨੁਲ ਕਸਸ

(136) ,, ,, ,, ,, ,, ,,

(137) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-523-24

(138) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-528

(139) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਅਹਸਨੁਲ ਕਸਸ

(140) ,, ,, ,, ,, ,, ,,

(141) ,, ,, ,, ,, ,, ,,

(142) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-530

(143) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਅਹਸਨੁਲ ਕਸਸ

(144) ,, ,, ,, ,, ,, ,, ,,

(145) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-531

(146) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਅਹਸਨੁਲ ਕਸਸ

(147) ,, ,, ,, ,, ,, ,, ,,

(148) ,, ,, ,, ,, ,, ,, ,,

(149) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ ਨਵਾਦਰਾਤ-ਏ-ਅਰਸ਼ੀ, ਪੰਨਾ-557

(150) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ-ਅਹਸਨੁਲ ਕਸਸ

(151) ,, ,, ,, ,, ,, ,,

(152) ,, ,, ,, ,, ,, ,,

(153) ,, ,, ,, ,, ,, ,,

(154) ,, ,, ,, ,, ,, ,,

(155) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ ਨਵਾਦਰਾਤ-ਏ-ਅਰਸ਼ੀ, ਪੰਨਾ-558

(156) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਅਹਸਨੁਲ ਕਸਸ

(157) ,, ,, ,, ,, ,, ,, ,,

(158) ,, ,, ,, ,, ,, ,, ,,
(159) ,, ,, ,, ,, ,, ,, ,,
(160) ,, ,, ,, ,, ,, ,, ,,
(161) ,, ,, ,, ,, ,, ,, ,,
(162) ,, ,, ,, ,, ,, ,, ,,
(163) ,, ,, ,, ,, ,, ,, ,,
(164) ,, ,, ,, ,, ,, ,, ,,
(165) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ ਅੰਮ੍ਰਿਤਸਰੀ-ਨਵਾਦਰਾਤ-ਏ-ਅਰਸ਼ੀ, ਪੰਨਾ-546
(166) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਅਹਸਨੁਲ ਕਸਸ
(167) ,, ,, ,, ,, ,, ,, ,,
(168) ,, ,, ,, ,, ,, ,, ,,
(169) ,, ,, ,, ,, ,, ,, ,,
(170) ,, ,, ,, ,, ,, ,, ,,
(171) ,, ,, ,, ,, ,, ,, ,,
(172) ,, ,, ,, ,, ,, ,, ,,
(173) ,, ,, ,, ,, ,, ,, ,,
(174) ,, ,, ,, ,, ,, ,, ,,
(175) ,, ,, ,, ,, ,, ,, ,,
(176) ,, ,, ,, ,, ,, ,, ,,
(177) ,, ,, ,, ,, ,, ,, ,,
(178) ,, ,, ,, ,, ,, ,, ,,
(179) ,, ,, ,, ,, ,, ,, ,,
(180) ,, ,, ,, ,, ,, ,, ,,
(181) ,, ,, ,, ,, ,, ,, ,,
(182) ,, ,, ,, ,, ,, ,, ,,
(183) ,, ,, ,, ,, ,, ,, ,,
(184) ,, ,, ,, ,, ,, ,, ,,
(185) ,, ,, ,, ,, ,, ,, ,,
(186) ,, ,, ,, ,, ,, ,, ,,
(187) ,, ,, ,, ,, ,, ,, ,,
(188) ,, ,, ,, ,, ,, ,, ,,
(189) ,, ,, ,, ,, ,, ,, ,,



(190) ,, ,, ,, ,, ,, ,, ,,
(191) ,, ,, ,, ,, ,, ,, ,,
(192) ,, ,, ,, ,, ,, ,, ,,
(193) ,, ,, ,, ,, ,, ,, ,,
(194) ,, ,, ,, ,, ,, ,, ,,
(195) ,, ,, ,, ,, ,, ,, ,,
(196) ,, ,, ,, ,, ,, ,, ,,
(197) ,, ,, ,, ,, ,, ,, ,,
(198) ,, ,, ,, ,, ,, ,, ,,
(199) ,, ,, ,, ,, ,, ,, ,,
(200) ,, ,, ,, ,, ,, ,, ,,
(201) ,, ,, ,, ,, ,, ,, ,,
(202) ,, ,, ,, ,, ,, ,, ,,
(203) ,, ,, ,, ,, ,, ,, ,,
(204) ,, ,, ,, ,, ,, ,, ,,
(205) ,, ,, ,, ,, ,, ,, ,,
(206) ,, ,, ,, ,, ,, ,, ,,
(207) ,, ,, ,, ,, ,, ,, ,,
(208) ,, ,, ,, ,, ,, ,, ,,
(209) ਡਾ. ਮੁਹੰਮਦ ਸਾਦਿਕ ਜੰਜੂਆ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਹਯਾਤੀ ਤੇ ਕਿਤਾਬਾਂ, ਪੰਨਾ-213
(210) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਦਾਸਤਾਨ ਅਮੀਰ ਹਮਜ਼ਾ
(211) ਡਾ. ਮੁਹੰਮਦ ਸਾਦਿਕ ਜੰਜੂਆ-ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਹਯਾਤੀ ਤੇ ਕਿਤਾਬਾਂ, ਪੰਨਾ-213
(212) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਦਾਸਤਾਨ ਅਮੀਰ ਹਮਜ਼ਾ
(213) ,, ,, ,, ,, ,, ,, ,, ,,
(214) ,, ,, ,, ,, ,, ,, ,, ,,
(215) ਡਾ. ਮੁਹੰਮਦ ਸਾਦਿਕ ਜੰਜੂਆ-ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਹਯਾਤੀ ਤੇ ਕਿਤਾਬਾਂ, ਪੰਨਾ-234
(216) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਦਾਸਤਾਨ ਅਮੀਰ ਹਮਜ਼ਾ
(217) ,, ,, ,, ,, ,, ,, ,, ,,
(218) ,, ,, ,, ,, ,, ,, ,, ,,
(219) ,, ,, ,, ,, ,, ,, ,, ,,

(220) ,, ,, ,, ,, ,, ,, ,, ,,
(221) ,, ,, ,, ,, ,, ,, ,, ,,
(222) ਡਾ. ਮੁਹੰਮਦ ਸਾਦਿਕ ਜੰਜੂਆ-ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਹਯਾਤੀ ਤੇ ਕਿਤਾਬਾਂ, ਪੰਨਾ-241-242
(223) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਦਾਸਤਾਨ ਅਮੀਰ ਹਮਜ਼ਾ
(224) ,, ,, ,, ,, ,, ,, ,, ,,
(225) ,, ,, ,, ,, ,, ,, ,, ,,
(226) ਡਾ. ਮੁਹੰਮਦ ਸਾਦਿਕ ਜੰਜੂਆ-ਮੌਲਵੀ ਗੁਲਾਮ ਰਸੂਲ ਆਲਮਪੁਰੀ (ਰਹਿ.)ਦੀ ਹਯਾਤੀ ਤੇ ਕਿਤਾਬਾਂ, ਪੰਨਾ-243
(227) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾਸਤਾਨ ਅਮੀਰ ਹਮਜ਼ਾ
(228) ਡਾ. ਮੁਹੰਮਦ ਸਾਦਿਕ ਜੰਜੂਆ-ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਹਯਾਤੀ ਤੇ ਕਿਤਾਬਾਂ, ਪੰਨਾ-240, 50, 51, 54, 60
(229) ਡਾ. ਮੁਹੰਮਦ ਸਾਦਿਕ ਜੰਜੂਆ-ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਹਯਾਤੀ ਤੇ ਕਿਤਾਬਾਂ, ਪੰਨਾ-281
(230) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਅਹਸਨੁਲ ਕਸਸ
(231) ,, ,, ,, ,, ,, ,, ,,
(232) ,, ,, ,, ,, ,, ,, ,,
(233) ,, ,, ,, ,, ,, ,, ,,
(234) ,, ,, ,, ,, ,, ,, ,,
(235) ,, ,, ,, ,, ,, ,, ,,
(236) ,, ,, ,, ,, ,, ,, ,,
(237) ,, ,, ,, ,, ,, ,, ,,
(238) ਡਾ. ਮੁਹੰਮਦ ਸਾਦਿਕ ਜੰਜੂਆ-ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਹਯਾਤੀ ਤੇ ਕਿਤਾਬਾਂ, ਪੰਨਾ-300, 302, 03
(239) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਅਹਸਨੁਲ ਕਸਸ
(240) ,, ,, ,, ,, ,, ,, ,,
(241) ,, ,, ,, ,, ,, ,, ,,
(242) ,, ,, ,, ,, ,, ,, ,,
(243) ,, ,, ,, ,, ,, ,, ,,
(244) ,, ,, ,, ,, ,, ,, ,,
(245) ,, ,, ,, ,, ,, ,, ,,
(246) ,, ,, ,, ,, ,, ,, ,,
(247) ,, ,, ,, ,, ,, ,, ,,



(248) ,, ,, ,, ,, ,, ,, ,,
(249) ,, ,, ,, ,, ,, ,, ,,
(250) ,, ,, ,, ,, ,, ,, ,,
(251) ,, ,, ,, ,, ,, ,, ,,
(252) ,, ,, ,, ,, ,, ,, ,,
(253) ,, ,, ,, ,, ,, ,, ,,
(254) ,, ,, ,, ,, ,, ,, ,,
(255) ,, ,, ,, ,, ,, ,, ,,
(256) ,, ,, ,, ,, ,, ,, ,,
(257) ,, ,, ,, ,, ,, ,, ,,
(258) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ-ਅੰਮ੍ਰਿਤਸਰੀ ਨਵਾਦਰਾਤ-ਏ-ਅਰਸ਼ੀ, ਪੰਨਾ-540-42
(259) ਅੱਲਾਮਾ ਮੁਹੰਮਦ ਹੁਸੈਨ ਅਰਸ਼ੀ-ਅੰਮ੍ਰਿਤਸਰੀ ਨਵਾਦਰਾਤ-ਏ-ਅਰਸ਼ੀ, ਪੰਨਾ-542-43
(260) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਅਹਸਨੁਲ ਕਸਸ
(261) ,, ,, ,, ,, ,, ,, ,,
(262) ,, ,, ,, ,, ,, ,, ,,
(263) ,, ,, ,, ,, ,, ,, ,,
(264) ,, ,, ,, ,, ,, ,, ,,
(265) ,, ,, ,, ,, ,, ,, ,,
(266) ,, ,, ,, ,, ,, ,, ,,
(267) ,, ,, ,, ,, ,, ,, ,,
(268) ਡਾ. ਮੁਹੰਮਦ ਸਾਦਿਕ ਜੰਜੂਆ ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦੀ ਹਯਾਤੀ ਤੇ ਕਿਤਾਬਾਂ, ਪੰਨਾ-332
(269) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਅਹਸਨੁਲ ਕਸਸ
(270) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾ ਦਾ ਸ਼ਾਇਰ, ਪੰਨਾ-50
(271) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਦਾਸਤਾਨ ਅਮੀਰ ਹਮਜ਼ਾ
(272) ,, ,, ,, ,, ,, ,, ,, ,,
(273) ,, ,, ,, ,, ,, ,, ,, ,,
(274) ,, ,, ,, ,, ,, ,, ,, ,,
(275) ,, ,, ,, ,, ,, ,, ,, ,,
(276) ,, ,, ,, ,, ,, ,, ,, ,,

(277) ,, ,, ,, ,, ,, ,, ,, ,,
(278) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-52
(279) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਦਾਸਤਾਨ ਅਮੀਰ ਹਮਜ਼ਾ
(280) ,, ,, ,, ,, ,, ,, ,, ,,
(281) ,, ,, ,, ,, ,, ,, ,, ,,
(282) ,, ,, ,, ,, ,, ,, ,, ,,
(283) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-53
(284) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)-ਚਿੱਠੀ ਬਨਾਮ ਰੌਸ਼ਨ ਅਲੀ
(285) ,, ,, ,, ,, ,, ,, ,, ,, ,, ,,
(286) ,, ,, ,, ,, ,, ,, ,, ,, ,, ,,
(287) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਣਪ੍ਰਕਾਸ਼ਿਤ ਮਮਲੂਕਾ ਰਾਕਿਮ ਸਾਹਿਬਜ਼ਾਦਾ ਮਸਊਦ ਅਹਿਮਦ
(288) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਣਪ੍ਰਕਾਸ਼ਿਤ ਮਮਲੂਕਾ ਰਾਕਿਮ ਸਾਹਿਬਜ਼ਾਦਾ ਮਸਊਦ ਅਹਿਮਦ
(289) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਹਸਨੁਲ ਕਸਸ
(290) ,, ,, ,, ,, ,, ,, ,,
(291) ,, ,, ,, ,, ,, ,, ,,
(292) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਦਾਸਤਾਨ ਅਮੀਰ ਹਮਜ਼ਾ
(293) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਣਪ੍ਰਕਾਸ਼ਿਤ ਮਮਲੂਕਾ ਰਾਕਿਮ ਸਾਹਿਬਜ਼ਾਦਾ ਮਸਊਦ ਅਹਿਮਦ
(294) ਮੌਲਵੀ ਗ਼ੁਲਾਮ ਆਲਮਪੁਰੀ (ਰਹਿ.) ਅਣਪ੍ਰਕਾਸ਼ਿਤ ਮਲੂਕਾ ਰਾਕਿਮ ਸਾਹਿਬਜ਼ਾਦਾ ਮਸਊਦ ਅਹਿਮਦ
(295) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਅਹਸਨੁਲ ਕਸਸ
(296) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਚਿੱਠੀ ਬਨਾਮ ਰੋਸ਼ਨ ਅਲੀ
(297) ,, ,, ,, ,, ,, ,, ,, ,, ,, ,,
(298) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-11
(299) ਡਾ. ਮੁਹੰਮਦ ਸਾਦਿਕ ਜੰਜੂਆ-ਮੌਲਵੀ ਗੁਲਾਮ ਰਸੂਲ ਆਲਮਪੁਰੀ (ਰਹਿ.)ਦੀ ਹਯਾਤੀ ਤੇ ਕਿਤਾਬਾਂ, ਮਕਾਲਾ ਪੀ.ਐਚ.ਡੀ. 75-76
(300) ਮੁਹੰਮਦ ਆਲਮ ਕਪੂਰਥਲਵੀ-ਡੂੰਘੇ ਵਹਿਣਾਂ ਦਾ ਸ਼ਾਇਰ, ਪੰਨਾ-19
(301) ,, ,, ,, ,, ,, ,, ,, ,, -139-140

## ਪੁਸਤਕ ਸੂਚੀ


**ਦਾਸਤਾਨ ਅਮੀਰ ਹਮਜ਼ਾ** (ਜਿਲਦ ਪਹਿਲੀ) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.), ਸ਼ੇਖ਼ ਗ਼ੁਲਾਮ ਅਲੀ ਐਂਡ ਸੰਨਜ਼, ਲਾਹੌਰ

**ਦਾਸਤਾਨ ਅਮੀਰ ਹਮਜ਼ਾ** (ਜਿਲਦ ਦੂਜੀ) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.), ਸ਼ੇਖ਼ ਗ਼ੁਲਾਮ ਅਲੀ ਐਂਡ ਸੰਨਜ਼, ਲਾਹੌਰ

**ਦਾਸਤਾਨ ਅਮੀਰ ਹਮਜ਼ਾ** (ਜਿਲਦ ਤੀਜੀ) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.), ਸ਼ੇਖ਼ ਗ਼ੁਲਾਮ ਅਲੀ ਐਂਡ ਸੰਨਜ਼, ਲਾਹੌਰ

**ਚਿੱਠੀਆਂ, ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.),** ਕੁਤਬ ਖ਼ਾਨਾ ਸ਼ਰਫ਼ ਉਰਸ਼ੀਦ, 1962, ਸ਼ਾਹਕੋਟ

**ਸੀ ਹਰਫ਼ੀ ਸੱਸੀ ਪੁੰਨੂ,** ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਕੁਤਬਖ਼ਾਨਾ

**ਪੰਧਨਾਮਾ,** ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਕੁਤਬਖ਼ਾਨਾ

**ਚੌਂਪਟ ਨਾਮਾ** ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਕੁਤਬਖਾਨਾ

**ਹੁਲੀਆ ਸ਼ਰੀਫ਼ ਹਜ਼ੂਰ** (ਸ.) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਕੁਤਬਖਾਨਾ

**ਰੂਹੱਤਰਤੀਲ,** ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) (ਕਲਮੀ) ਮਮਲੂਕਾ ਸਾਹਿਬਜ਼ਾਦਾ ਮਸਊਦ ਅਹਿਮਦ ਫ਼ੈਸਲਾਬਾਦ

**ਅਹਸਨੁਲ ਕਸਸ,** ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.), ਅਜ਼ੀਜ਼ ਪਬਲੀਸ਼ਰਜ਼, 1989, ਲਾਹੌਰ

**ਮਾਆਰੀਬੁਲ ਖ਼ਾਸ਼ੀਈਨ** (ਅਕਸੀ) ਮੌਲਵੀ ਗੁਲਾਮ ਰਸੂਲ ਆਲਮਪੁਰੀ (ਰਹਿ.) ਪੰਜਾਬੀ ਅਦਬੀ ਅਕੈਡਮੀ, 1977, ਲਾਹੌਰ

**ਮਸਲਾ-ਏ-ਤੌਹੀਦ** (ਕਲਮੀ), ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.) ਮਮਲੂਕਾ ਸਾਹਿਬਜ਼ਾਦਾ ਮਸਊਦ ਅਹਿਮਦ, ਫ਼ੈਸਲਾਬਾਦ

**ਸ਼ਜਰਾ-ਏ-ਤਰੀਕਤ** (ਕਲਮੀ) ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)

**ਰੋਜ਼ਨਾਮਾ ਨਵਾਏ ਵਕਤ,** ਸੱਯਦ ਸਿਬਤੁਲ ਹਸਨ ਜ਼ੈਗ਼ਮ, ਹਫਤਾ 18, 2003 ਹਫ਼ਤਾ ਜੁਲਾਈ 1999

**ਡੂੰਘੇ ਵਹਿਣਾਂ ਦਾ ਸ਼ਾਇਰ,** ਮੁਹੰਮਦ ਆਲਮ ਕਪੂਰਥਲਵੀ, ਤਾਜ ਬੁੱਕ ਡੀਪੂ

**ਡੂੰਘੇ ਰਾਜ਼,** ਸਾਹਿਬਜ਼ਾਦਾ, ਮਸਊਦ ਅਹਿਮਦ, ਮੌਲਵੀ ਗ਼ੁਲਾਮ ਰਸੂਲ ਆਲਮਪੁਰੀ (ਰਹਿ.)ਅਕੈਡਮੀ (ਰਜਿ.) ਸਤੰਬਰ 1999

**ਨਵਾਦਰਾਤ–ਏ–ਅਰਸ਼ੀ,** ਡਾ. ਤਸੱਦੁਕ ਹੁਸੈਨ ਰਾਜਾ, ਫ਼ਿਰੋਜ਼ ਸਨਜ਼ ਪ੍ਰਾ.ਲਿ. 1991

**ਮੌਲਵੀ ਗ਼ੁਲਾਮ ਰਸੂਲ ਆਲਮਪੁਰੀ** (ਰਹਿ.) ਦੀ ਹਯਾਤੀ ਤੇ ਕਿਤਾਬਾਂ ਮਕਾਲਾ ਪੀ.ਐਚ.ਡੀ. ਡਾ. ਸਾਦਿਕ ਜੰਜੂਆ 1983

**ਡਾ. ਉੱਤਮ ਸਿੰਘ ਭਾਟੀਆ,** ਮਕਾਲਾ ਪੀ.ਐਚ.ਡੀ.

ਖ਼ਤ, ਡਾ. ਕਰਨੈਲ ਸਿੰਘ ਥਿੰਦ ਮਮਲੂਕਾ ਸਾਹਿਬਜ਼ਾਦਾ ਮਸਊਦ ਅਹਿਮਦ

ਖ਼ਤ ਡਾ. ਜਗਤਾਰ ਸਿੰਘ ਮਮਲੂਕਾ ਸਾਹਿਬਜ਼ਾਦਾ ਮਸਊਦ ਅਹਿਮਦ

ਪੈਗ਼ਾਮ, ਮਿਸਟਰ ਆਈ. ਕੇ. ਗੁਜਰਾਲ, ਮਮਲੂਕਾ ਸਾਹਿਬਜ਼ਾਦਾ ਮਸਊਦ ਅਹਿਮਦ

ਪੈਗ਼ਾਮ ਫ਼ਖ਼ਰ ਜ਼ਮਾਨ, ਮਮਲੂਕਾ ਸਾਹਿਬਜ਼ਾਦਾ ਮਸਊਦ ਅਹਿਮਦ

ਮਜ਼ਮੂਨ ਮੁਹੰਮਦ ਐਸ ਆਬਿਦ (ਜਾਤੀ) ਨਿੱਜੀ

ਮਜ਼ਮੂਨ ਸਾਬਿਰ ਆਫ਼ਾਕੀ (ਜਾਤੀ) ਨਿੱਜੀ

ਮਜ਼ਮੂਨ ਅਬਦੁਲ ਗ਼ਫ਼ੂਰ ਕੁਰੈਸ਼ੀ (ਜਾਤੀ) ਨਿੱਜੀ